

# ਗੁਰਮਤਿ ਲੇਖ



ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ


www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ੴ ਵਾਹਿਗੁਰੂ ਜੀ ਕੀ ਫ਼ਤਹ ॥

# ਗੁਰਮਤਿ ਲੇਖ

**ਭਾਈ ਸਾਹਿਬ ਰਣਧੀਰ ਸਿੰਘ**

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

੨੩-ਜੀ, ਸਰਾਭਾ ਨਗਰ, ਲੁਧਿਆਣਾ



www.sikhbookclub.com

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਤੀਜੀ ਵਾਰ ਜਨਵਰੀ ੧੯੯੪
ਚੌਥੀ ਵਾਰ ਮਾਰਚ ੨੦੦੪
੨੦੦੦ ਕਾਪੀ
**ਮੁੱਲ : ੫੦-੦੦**

ਪ੍ਰਕਾਸ਼ਕ :

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
੨੩-ਜੀ, ਸਰਾਭਾ ਨਗਰ, ਲੁਧਿਆਣਾ

ਪ੍ਰਿੰਟਰ : ਬ੍ਰਾਈਟ ਪ੍ਰਿੰਟਰਜ਼, ਜਲੰਧਰ

# ਤ ਤ ਕ ਰਾ


੧. ਇੱਕ ਦੀ ਉਪਾਸ਼ਨਾ ੯
੨. ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ ੧੬
੩. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ੧੮
੪. ਗੁਰੂ ਅਕਾਲ ਪੁਰਖ ਦਾਂ ਭੇਦ ਤੇ ਅਭੇਦਤਾ ੪੦
੫. ਗੁਰਮੰਤ੍ਰ ਅਤੇ ਗੁਰਬਾਣੀ ੪੪
੬. ਭਗਤ ਬਾਣੀ ਕਿਵੇਂ ਉਚਾਰਨ ਹੋਈ ੫੨
੭. ਭਗਤ ਬਾਣੀ ਤੇ ਭੱਟ ਬਾਣੀ ੫੫
੮. ਭੱਟਾਂ ਦੇ ਸਵੱਈਆਂ ਪਰ ਵਿਚਾਰ ੫੭
੯. ਗੁਰਬਾਣੀ ਸਬੰਧੀ ਸ਼ੰਕਿਆਂ ਦੇ ਉਤਰ ੬੯
੧੦. ਗੁਰਬਾਣੀ ਦਾ ਆਸ਼ਾ ਇਕ ਹੈ ੭੨
੧੧. ਗੁਰਮਤਿ-ਰਮਜ਼ਾਂ ੭੫
੧੨. ਹਰਿ-ਕੀਰਤਨ ੧੧੨
੧੩. ਸੰਗੀਤ-ਰਸ ਅਤੇ ਕੀਰਤਨ-ਰਸ ੧੨੩
੧੪. ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੧) ੧੨੫
੧੫. ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੨) ੧੩੧
੧੬. ਕੌਮੀਅਤ ਅਤੇ ਰੂਹਾਨੀਅਤ ੧੪੩
੧੭. ਦਸਮੇਸ਼ ਪਿਤਾ ਦ੍ਰਿੜ੍ਹਾਈ ਸੱਚੀ ਅਤੇ ਸੁੱਚੀ ਸਾਂਝੀਵਾਲਤਾ ੧੪੭
੧੮. ਇਸ਼ਕ-ਮਜਾਜ਼ੀ ਤੇ ਇਸ਼ਕ-ਹਕੀਕੀ ੧੫੦
੧੯. ਆਪੋ ਆਪਣੀ ਦੁਨੀਆ ੧੫੮
੨੦. ਮਨ ਦੇ ਤ੍ਰੰਗ ੧੬੦
੨੧. ਪ੍ਰੇਮ ਸੁਨੇਹੜਾ ੧੬੧
੨੨. ਹੁਕਮ ਦੀ ਖੇਡ ੧੬੫
੨੩. ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ ੧੮੧
੨੪. ਨੌਂ-ਖੰਡੀ ਝੰਡਾ ਝੂਲੇ ! ੧੮੩
੨੫. ਭਗਉਤੀ ਸਬੰਧੀ ਮਹਾਂ ਅਗਿਆਨ ਭਰਿਆ ਭੁਲੇਖਾ ੧੮੬
੨੬. ਭਗਉਤੀ ਪਦ ਦਾ ਤੱਤ ਗੁਰਮਤਿ ਅਨੁਸਾਰ ਯਥਾਰਥ ਨਿਰਣਾ ੧੯੦

# ਦੋ ਸ਼ਬਦ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲੇਖਣੀ ਦੀ ਵਿਲੱਖਣਤਾ ਇਹੋ ਹੈ ਕਿ ਇਹ ਗੁਰਮਤੀ ਲੇਖਣੀ ਹੈ। ਭਾਈ ਸਾਹਿਬ ਦਾ ਜੀਵਨ, ਗੁਰਮੰਤੀ ਜੀਵਨ ਸੀ। ਆਪ ਜੀ ਨੇ ਆਯੂ ਪਰਯੰਤ ਗੁਰਮਤਿ ਅਸੂਲਾਂ ਤੇ ਪਹਿਰਾ ਦਿਤਾ ਤੇ ਦ੍ਰਿੜ੍ਹ ਰਹੇ। ਆਪ ਜੀ ਦੀ ਲੇਖਣੀ ਦਾ ਮੰਤਵ ਕੋਈ ਵਿਦਵਤਾ ਦਾ ਪ੍ਰਗਟਾਵਾ ਕਰਨਾ ਜਾਂ ਲਿਖਤਾਂ ਦੁਆਰਾ ਮੁਨਾਫ਼ਾ-ਖ਼ੋਰੀ ਨਹੀਂ ਸੀ; ਸਗੋਂ ਨਿਰੋਲ ਗੁਰਮਤਿ ਦਾ ਪ੍ਰਸਾਰ ਕਰਨਾ ਅਤੇ ਆਪਣੇ ਗੁਰ-ਭਾਈਆਂ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਕਰਨੀ ਹੀ ਰਹੀ। ਆਪ ਜੀ ਨੇ ਆਪਣੀਆਂ ਲੇਖਣੀਆਂ ਵਿਚ ਫੋਕੀਆਂ ਫ਼ਿਲਾਸਫ਼ੀਆਂ ਨਹੀਂ ਘੋਟੀਆਂ, ਸਗੋਂ ਗੁਰਬਾਣੀ ਦੀ ਅਤੁਟ ਕਮਾਈ ਦਾ ਸਦਕਾ ਨਿਜੀ ਅਨੁਭਵ ਉਤੇ ਅਧਾਰਤ ਗੁਰਮਤੀ ਵਿਚਾਰਾਂ ਨੂੰ ਬੜੀ ਦ੍ਰਿੜ੍ਹਤਾ ਨਾਲ ਨਿਰੂਪਨ ਕੀਤਾ ਹੈ। ਬੜੇ ਗੰਭੀਰ ਅਤੇ ਅਣਛੋਹੇ ਵਿਸ਼ਿਆਂ ਤੇ ਕਲਮ ਚਲਾਈ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਜਗਿਆਸੂਆਂ ਦਾ ਪੰਥ-ਪ੍ਰਦਰਸ਼ਨ ਕੀਤਾ।

ਆਪ ਜੀ ਦੀ ਸਾਧਨਾ ਅਤੇ ਗੁਰੂ-ਭਗਤੀ ਕਮਾਲ ਤੇ ਹੈ।

ਜੈਸੇ ਪਤਿਬ੍ਰਤਾ ਪਰ-ਪੁਰਖੈ ਨ ਦੇਖਿਓ ਚਾਹੈ,
ਪੂਰਨ ਪਤਿਬ੍ਰਤਾ ਕੈ ਪਤਿ ਹੀ ਕੈ ਧਿਆਨ ਹੈ ॥੪੬੬॥

ਕਬਿਤ ਭਾਈ ਗੁਰਦਾਸ ਜੀ

ਦੇ ਕਥਨ ਅਨੁਸਾਰ ਆਪ ਆਪਣੇ ਇਸ਼ਟ ਸਤਿਗੁਰੂ ਦੇ ਤੁਲ ਹੋਰ ਕਿਸੇ ਨੂੰ ਨਹੀਂ ਸਮਝਦੇ।

ਸਿਖ ਪੰਥ ਦੇ ਸੰਚਾਲਕ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ-ਆਤਮੇ ਅਕਾਲ ਪੁਰਖ ਨਾਲ ਅਭੇਦ ਹਨ ਅਤੇ ਇਸ ਲਈ 'ਗੁਰ-ਪਰਮੇਸ਼ਰ' ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਸਾਰੀ ਪ੍ਰਿਥਵੀ ਉਤੇ "ਸਤਿ ਨਾਮ" ਦਾ ਚਕਰ ਫਿਰਾਇਆ, ਆਪਾ ਨਿਵਾਰ ਕੇ ਅਕਾਲ ਦੀ ਪੂਜਾ ਦ੍ਰਿੜ੍ਹਾਈ। ਗੁਰੂ ਨਾਨਕ ਦੇਵ ਜੀ ਦੇ ਉਤਰ-ਅਧਿਕਾਰੀ ਨੌਵਾਂ ਹੀ ਜੋਤਿ-ਜਾਮਿਆਂ ਨੇ ਇਹ "ਸਤਿ ਨਾਮ" ਦਾ ਚਕਰ ਹੀ ਫਿਰਾਇਆ ਅਤੇ ਹੁਣ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹੋ "ਸਤਿ ਨਾਮ" ਦਾ ਚਕਰ ਫਿਰਾ ਰਹੇ ਹਨ।

ਭਾਈ ਸਾਹਿਬ ਜੀ ਦੀ ਲੇਖਣੀ ਵਿਚੋਂ ਉਹਨਾਂ ਦਾ ਦ੍ਰਿੜ੍ਹ ਨਿਸਚਾ ਫੁਟ ਫੁਟ ਪੈਂਦਾ ਹੈ ਕਿ ਸਾਰੇ ਸੰਸਾਰ ਦਾ ਪਾਰ-ਉਤਾਰਾ ਸਤਿਗੁਰੂ ਦੇ ਦੁਆਰਿਓਂ ਹੀ ਹੋਣਾ ਹੈ

 www.sikhbookclub.com

ਤੇ ''ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ''* ਵਾਲੀ ਗੁਹਜ-ਕਲਾ ਪਰਤੱਖ ਹੋ ਕੇ ਅਵੱਸ਼ ਵਰਤਣੀ ਹੈ।

ਭਾਈ ਸਾਹਿਬ ਜੀ ਦੀਆਂ ਹੇਠ ਲਿਖੀਆਂ ਪੁਸਤਕਾਂ ਵਿਚ ਛਪੇ ਲੇਖਾਂ ਨੂੰ ਉਹਨਾਂ ਦੇ ਵਿਸ਼ੇ ਵਸਤੂ ਦੇ ਅਧਾਰ ਤੇ ਨਵੀਂ ਤਰਤੀਬ ਦਿਤੀ ਗਈ ਹੈ ਅਤੇ ਪੁਸਤਕ ਦੇ ਨਾਮ ਨਾਲ ਮਿਲਦੇ ਜੁਲਦੇ ਲੇਖ ਇਸ ਵਿਚ ਸ਼ਾਮਲ ਕੀਤੇ ਗਏ ਹਨ –

੧. ਗੁਰਮਤਿ ਲੇਖ
੨. ਗੁਰਮਤਿ ਪ੍ਰਕਾਸ਼
੩. ਗੁਰਮਤਿ ਵਿਚਾਰ
੪. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

ਪਹਿਲੀ ਤਰਤੀਬ ਵਿਚ ਜੋ ਤਬਦੀਲੀ ਕੀਤੀ ਗਈ ਹੈ, ਉਹ ਇਸ ਪ੍ਰਕਾਰ ਹੈ :–

'ਗੁਰਮਤਿ ਲੇਖ' ਦੀ ਪਿਛਲੀ ਐਡੀਸ਼ਨ ਵਿਚੋਂ ਅਗੇ ਲਿਖੇ ੭ ਲੇਖ ''ਗੁਰਮਤਿ ਪ੍ਰਕਾਸ਼'' ਪੁਸਤਕ ਵਿਚ ਪਾ ਦਿਤੇ ਗਏ ਹਨ –

੧. ਸ੍ਰੀ ਗੁਰੂ ਨਾਨਕ ਸੰਸਾਰ-ਸੁਧਾਰ
੨. ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ ਕਿਵੇਂ ਹੋਇਆ
੩. ਪਿਛਲੇ ਭਗਤਾਂ ਦਾ ਉਧਾਰ ਤੇ ਸਤਿਨਾਮ
੪. ਸਭ ਤੇ ਵਡਾ ਸਤਿਗੁਰੁ ਨਾਨਕ
੫. ਗੁਰੂ ਅਰਜਨ ਦੇਵ ਜੀ ਦੇ ਉਪਕਾਰ ਕੁਰਬਾਨੀਆਂ ਸਦਕਾ
੬. ਸਰਬੱਗ ਪੁਰਖ ਦਾ ਸ਼ਹੀਦੀ ਸਾਕਾ
੭. ਗੁਰੂ ਤੇ ਅਵਤਾਰਾਂ ਦਾ ਭੇਦ।

ਇਸੇ ਤਰ੍ਹਾਂ 'ਨਾਮ' ਸਬੰਧੀ ਹੇਠ ਲਿਖੇ ੬ ਲੇਖ ''ਨਾਮ ਤੇ ਨਾਮ ਦਾ ਦਾਤਾ ਸਤਿਗੁਰੂ'' ਪੁਸਤਕ ਵਿਚ ਸ਼ਾਮਲ ਕਰ ਦਿਤੇ ਗਏ ਹਨ –

੧. ਨਾਮ
੨. ਨਾਮ ਸਬੰਧੀ ਵਿਆਖਿਆ
੩. ਨਾਮ ਦੀ ਦਾਤਿ ਤੇ ਕਮਾਈ
੪. ਅਕਾਲ ਪੁਰਖ ਦੀ ਹਜ਼ੂਰੀ ਨਾਮ ਦੀ ਕਮਾਈ ਵਿਚ
੫. ਨਾਮ ਦੇ ਵਪਾਰੀ
੬. ਗੁਰਮਤਿ ਨਾਮ ਤੇ ਕ੍ਰਿਤਮ ਨਾਮ ਜਪਣਹਾਰਿਆਂ ਦੀ ਰਸਾਈ।

---

* ਆਸਾ ਮ: ੫, ॥੨॥(੪॥੫॥੧੪੦) ਪੰਨਾ ੪੦੬


www.sikhbookclub.com

ਅਤੇ ਇਕ ਲੇਖ "ਖਾਲਸਾ" ਤੀਜੀ ਪੁਸਤਕ 'ਗੁਰਮਤਿ ਵਿਚਾਰ' ਵਿਚ ਲਿਜਾਇਆ ਗਿਆ ਹੈ।

ਇਸ ਨਵੀਂ ਐਡੀਸ਼ਨ ਵਿਚ ੧੬ ਲੇਖ ਪਿਛਲੀ ਐਡੀਸ਼ਨ ਦੇ ਹਨ ਅਤੇ ਹੇਠ ਲਿਖੇ ੧੧ ਲੇਖ 'ਗੁਰਮਤਿ ਪ੍ਰਕਾਸ਼' ਤੇ 'ਗੁਰਮਤਿ ਵਿਚਾਰ' ਦੋਹਾਂ ਪੁਸਤਕਾਂ ਵਿਚੋਂ ਤੇ ਟ੍ਰੈਕਟਾਂ ਵਿਚੋਂ ਇਸ ਪੁਸਤਕ ਵਿਚ ਲਿਆਂਦੇ ਗਏ ਹਨ—

੧. ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ
੨. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩. ਗੁਰਮਤਿ ਰਮਜ਼ਾਂ
੪. ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ
੫. ਦਸਮੇਸ਼ ਪਿਤਾ ਦ੍ਰਿੜ੍ਹਾਈ ਸੱਚੀ ਤੇ ਸੁੱਚੀ ਸਾਂਝੀਵਾਲਤਾ
੬. ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ
੭. ਹੁਕਮ ਦੀ ਖੇਡ
੮. ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ
੯. ਨੌਖੰਡੀ ਝੰਡਾ ਝੂਲੇ
੧੦. ਭਗਉਤੀ ਸਬੰਧੀ ਮਹਾਂ ਅਗਿਆਨ ਭਰਿਆ ਭੁਲੇਖਾ
੧੧. ਭਗਉਤੀ ਪਦ ਦਾ ਤੱਤ ਗੁਰਮਤਿ ਅਨੁਸਾਰ ਯਥਾਰਥ ਨਿਰਣਾ।

ਭਾਈ ਸਾਹਿਬ ਜੀ ਦੀ ਪਹਿਲੀ ਜਨਮ-ਸ਼ਤਾਬਦੀ ਦੇ ਸੰਬੰਧ ਵਿਚ ਆਪ ਜੀ ਦੀਆਂ ਸਾਰੀਆਂ ਪੁਸਤਕਾਂ ਦੀਆਂ ਛਾਪੇ ਦੀਆਂ ਗ਼ਲਤੀਆਂ ਆਦਿ ਦੀ ਸੁਧਾਈ ਕਰ ਕੇ ਵਧੀਆ ਛਪਾਈ ਕਰਾਉਣ ਦਾ ਉਪਰਾਲਾ ਕੀਤਾ ਗਿਆ ਹੈ। ਛੋਟੇ ਛੋਟੇ ਟ੍ਰੈਕਟਾਂ ਵਿਚ ਛਪੇ ਲੇਖਾਂ ਨੂੰ ਸੁਰੱਖਿਅਤ ਕਰਨ ਲਈ ਉਹਨਾਂ ਨੂੰ ਸੰਬੰਧਤ ਪੁਸਤਕਾਂ ਵਿਚ ਸ਼ਾਮਲ ਕਰ ਲਿਆ ਗਿਆ ਹੈ।

ਭਾਈ ਸਾਹਿਬ ਜੀ ਦੀ ਅਨੂਠੀ ਲੇਖਣੀ ਦੁਆਰਾ ਰਚਿਤ ਸਾਹਿੱਤ ਗੁਰਮਤਿ-ਹਿਤੈਸ਼ੀਆਂ ਨੂੰ ਵਧੀਆ ਛਪਾਈ ਕਰਵਾ ਕੇ ਲਾਗਤ ਮਾਤਰ ਮੁਲ ਤੇ ਭੇਟਾ ਕਰਨ ਦਾ ਸੇਵਕਾਂ ਦਾ ਇਹ ਨਿਮਾਣਾ ਜਿਹਾ ਯਤਨ ਹੈ। ਸੰਗਤ ਪ੍ਰਵਾਨ ਕਰ ਕੇ ਅਸੀਸ ਬਖ਼ਸ਼ੇ !

੧੩-੬-੭੮ ਬਲਬੀਰ ਸਿੰਘ

## ਗੁਰਸਿਖੀ

ਗੁਰਸਿਖੀ ਦਾ ਸਿਖਣਾ ਸਬਦਿ ਸੁਰਤਿ ਸਤਿਸੰਗਤਿ ਸਿਖੈ ॥
ਗੁਰਸਿਖੀ ਦਾ ਲਿਖਣਾ ਗੁਰਬਾਣੀ ਸੁਣਿ · ਸਮਝੈ ਲਿਖੈ ॥
ਗੁਰਸਿਖੀ ਦਾ ਸਿਮਰਣੋ ਸਤਿਗੁਰੁ ਮੰਤ੍ਰ ਕੌਲੂ ਰਸੁ ਇਖੈ ॥
ਗੁਰਸਿਖੀ ਦਾ ਵਰਤਮਾਨੁ ਚੰਦਨ ਵਾਸੁ ਨਿਵਾਸੁ ਬਿਰਿਖੈ ॥
ਗੁਰਸਿਖੀ ਦਾ ਬੁਝਣਾ ਬੁਝਿ ਅਬੁਝਿ ਹੋਵੈ ਲੈ ਭਿਖੈ ॥
ਸਾਧ ਸੰਗਤਿ ਗੁਰ ਸਬਦੁ ਸੁਣਿ ਨਾਮੁ ਦਾਨੁ ਇਸਨਾਨ ਸਰਿਖੈ ॥
ਵਰਤਮਾਨੁ ਲੰਘਿ ਭੂਤ ਭਵਿਖੈ ॥੫॥

ਭਾਈ ਗੁਰਦਾਸ ਜੀ, ਵਾਰ ੨੮

## ੧

# ਇੱਕ ਦੀ ਉਪਾਸ਼ਨਾ

ਸੰਸਾਰ ਭਰ ਵਿੱਚ ਜਿਤਨੇ ਭੀ ਮੱਤ-ਮਤਾਂਤਰ ਹੋਏ ਅਥਵਾ ਹੋ ਹੋ ਕੇ ਮੁਕ ਖਲੋਏ, ਅਤੇ ਹੁਣ ਅੱਜ ਦੀ ਘੜੀ ਹੋਣ ਦਾ ਦਾਅਵਾ ਰਖਦੇ ਹਨ, ਸਭ ਦੇ ਸਭ ਆਪੋ ਆਪਣੇ ਥਾਈਂ 'ਇੱਕ ਦੇ ਉਪਾਸ਼ਕ' ਹੋਣ ਦੇ ਦਾਅਵੇਦਾਰ ਬਣੇ ਬੈਠੇ ਹਨ । ਇਸ 'ਇੱਕ ਦੀ ਉਪਾਸ਼ਨਾ' ਵਲੋਂ ਕੋਈ ਭੀ ਇਕ ਦੂਜੇ ਨਾਲੋਂ ਘਟ ਨਹੀਂ ਸਦਾਉਂਦਾ। ਪਰ ਜਦ ਇਸ ਇਕ ਦੀ ਉਪਾਸ਼ਨਾ ਵਾਲੇ ਅਸਲ ਭਾਵ ਨੂੰ ਦੀਰਘ-ਦ੍ਰਿਸ਼ਟੀ ਦੁਆਰਾ ਵਿਚਾਰ ਕੇ ਦੇਖੀਦਾ ਹੈ, ਤਦ ਕੇਵਲ ਗਲੀਂ ਬਾਤੀਂ ਹੀ ਘਰ ਪੂਰੇ ਹੁੰਦੇ ਦਿਸਦੇ ਹਨ; ਅਮਲੋਂ ਊਰੇ ਅਤੇ ਫੋਕੇ ਦਾਅਵੇ ਹੀ ਦਾਅਵੇ ਨਿਕਲਦੇ ਹਨ । ਜਿਨ੍ਹਾਂ ਮਤਾਂ ਦੇ ਅਸੂਲ ਅੰਦਰ ਹੀ 'ਇੱਕ ਦੀ ਉਪਾਸ਼ਨਾ' ਅਸਲੋਂ ਹੈ ਨਹੀਂ, ਉਹ ਤਾਂ ਉੱਕੇ ਹੀ 'ਇੱਕ ਦੇ ਉਪਾਸ਼ਕ' ਨਹੀਂ ਬਣ ਸਕਦੇ । 'ਇੱਕ ਦੇ ਉਪਾਸ਼ਕ' ਬਣ ਸਕਣਾ ਤਾਂ ਕਿਤੇ ਰਿਹਾ, ਉਥੇ ਤਾਂ 'ਇੱਕ' ਅਤੇ 'ਇੱਕ ਦੀ ਉਪਾਸ਼ਨਾ' ਦੀ ਸੂਝ ਬੂਝ ਹੀ ਨਹੀਂ ਹੋ ਸਕਦੀ, ਪਰ ਜਿਸ ਮੱਤ ਦੇ ਅੰਦਰ 'ਇੱਕ ਦੀ ਉਪਾਸ਼ਨਾ' ਵਾਲਾ ਅਸੂਲ ਕੁੱਟ ਕੁੱਟ ਕੇ ਭਰਿਆ ਹੋਵੇ, ਓਸ ਮੱਤ ਅੰਦਰ ਭੀ ਜੇ ਓਸ ਮੱਤ ਦੇ ਪੈਰੋਕਾਰ, ਅਰਥਾਤ ਓਸ ਮੱਤ ਉਤੇ ਚਲਣ ਦੇ ਦਾਅਵੇਦਾਰ ਇਸ 'ਇੱਕ ਦੀ ਉਪਾਸ਼ਨਾ' ਵਾਲੇ ਅਸੂਲ ਤੋਂ ਘੁੱਥੇ ਚਲੇ ਜਾਂਦੇ ਹੋਣ ਅਤੇ 'ਇੱਕ ਦੇ ਉਪਾਸ਼ਕ' ਬਣਨੋਂ ਰਹਿ ਖੜੋਤੇ ਹੋਣ ਤਦ ਦੂਜੇ ਮੱਤ-ਮਤਾਂਤਰ ਦਾ ਕੀ ਵੱਟੀਦਾ ਹੈ; ਉਨ੍ਹਾਂ ਦੇ ਘੁੱਥ ਜਾਣ ਦਾ ਤਾਂ ਠਿਕਾਣਾ ਹੀ ਕੁਛ ਨਹੀਂ ।

ਇਸ ਵਰਤਮਾਨ ਸਮੇਂ ਵਿਚ ਜਿੰਨੇ ਭੀ ਮੱਤ-ਮਤਾਂਤਰ ਹਨ, ਤਿਨ੍ਹਾਂ ਵਿਚੋਂ 'ਇੱਕ ਦੀ ਉਪਾਸ਼ਨਾ' ਵਿੱਚ ਮੰਨਿਆ ਪਰਮੰਨਿਆ ਮੱਤ ਹੈ ਤਾਂ ਕੇਵਲ 'ਗੁਰਮਤਿ' ਹੈ । ਐਥੋਂ ਤੀਕ ਕਿ 'ਇੱਕ' ਦੀ ਨਿਰੋਲ ਉਪਾਸ਼ਨਾ ਜੇ ਹੈ ਤਾਂ ਕੇਵਲ 'ਗੁਰਮਤਿ' ਅੰਦਰ ਹੀ ਹੈ ।

ਏਸ ਨਿਰੋਲਤਾ ਦੇ ਕਾਰਨ ਹੀ ਗੁਰਮਤਿ, ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ । ਏਸ ਗੱਲ ਨੂੰ ਅਨਮਤੀਆਂ ਅਤੇ ਗੁਰਮਤਿ ਦੇ ਸ਼ੁਸ਼ਕ ਵਿਸ਼ਵਾਸੀਆਂ ਪ੍ਰਤਿ ਭਲੀ ਪ੍ਰਕਾਰ ਸਿੱਧ ਅਤੇ ਨਿਸਚਤ ਕਰਨ ਲਈ ਕਿ 'ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ' "ਗੁਰਮਤਿ ਵਿਹੂਣ ਹੋਰ ਕੋਈ ਮੱਤ ਭੀ ਮੱਤ ਅਰਥਾਤ ਧਰਮ ਨਹੀਂ" ਨਾਮੇ ਵਖਰੇ ਲੇਖ ਦੁਆਰਾ ਨਿਰਣਾ ਕੀਤਾ ਜਾ ਸਕਦਾ ਹੈ । ਪਰ ਏਸ ਲੇਖ

ਅੰਦਰ ਕੇਵਲ ਇਸ ਗੱਲ ਦਾ ਨਿਰਣਾ ਹੀ ਕਰਨਾ ਹੈ ਕਿ ਜਿਸ ਗੁਰਮਤਿ ਅੰਦਰ 'ਇੱਕ ਦੀ ਉਪਾਸ਼ਨਾ' ਵਾਲਾ ਅਸੂਲ ਹੋਰ ਸਭਨਾਂ ਅਸੂਲਾਂ ਤੋਂ ਮੁਖ ਅਤੇ ਮੰਨਿਆ ਦੰਨਿਆ ਅਸੂਲ ਹੈ, ਉਸ ਗੁਰਮਤਿ ਉਤੇ ਚਲਣ ਦੇ ਦਾਅਵੇਦਾਰ ਕਿਥੇ ਕੁ ਤਾਈਂ ਇਸ 'ਇੱਕ ਦੀ ਉਪਾਸ਼ਨਾ' ਵਾਲੇ ਅਸੂਲ ਦੇ ਅਨੁਸਾਰੀ ਹਨ। ਅਸਾਡੇ ਸਿੱਖ ਮੱਤ ਦੇ ਅਨੇਕਾਂ ਉਪਦੇਸ਼ਕ ਲੋਕਾਂ ਪ੍ਰਤੀ 'ਇੱਕ ਦੀ ਉਪਾਸ਼ਨਾ' ਦ੍ਰਿੜ੍ਹਾਉਣ ਹਿਤ 'ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ॥ ਏਕੋ ਸਿਮਰੋ ਨਾਨਕਾ ਜਲਿ ਥਲਿ ਰਹਿਆ ਸਮਾਇ॥'† ਵਾਲੀ ਗੁਰਦੀਖਿਆ ਨੂੰ ਉਚੀ ਉਚੀ ਪੁਕਾਰਦੇ ਸੁਣੀਂਦੇ ਹਨ, ਪਰ ਅਜ ਤਾਈਂ 'ਇੱਕ ਦੀ ਉਪਾਸ਼ਨਾ' ਦੇ ਅਸੂਲ ਤੇ ਚਲਣਾ ਤਾਂ ਕਿਤੇ ਰਿਹਾ, ਆਮ ਤੋਰ ਤੇ 'ਇੱਕ ਦੀ ਉਪਾਸ਼ਨਾ' ਵਾਲੀ ਸੂਝ ਬੂਝ ਹੀ ਨਹੀਂ ਆਈ ਦਿਸਦੀ। ਉਪਦੇਸ਼ ਦੇ ਅੱਜ ਕਲ੍ਹ ਦੇ ਰਿਵਾਜੀ ਮੰਡਲਾਂ ਅੰਦਰ ਇਸ 'ਇੱਕ ਦੀ ਉਪਾਸ਼ਨਾ' ਦੇ ਅਰਥ ਕੇਵਲ ਇਹੋ ਹੀ ਲਾਏ ਤੇ ਦ੍ਰਿੜ੍ਹਾਏ ਜਾਂਦੇ ਹਨ ਕਿ 'ਇਕ ਅਕਾਲ ਪੁਰਖ' ਤੋਂ ਛੁਟ ਹੋਰ ਦੇਵੀ ਦੇਵਤਿਆਂ ਆਦਿ ਦੀ ਉਪਾਸ਼ਨਾ ਨਾ ਕਰਨਾ, ਬਸ ਇਹ 'ਇੱਕ ਦੀ ਉਪਾਸ਼ਨਾ' ਹੈ।

'ਇੱਕ ਦੀ ਉਪਾਸ਼ਨਾ' ਦੀ ਏਸੇ ਵਿਆਖਿਆ ਨੂੰ ਮੁਖ ਰਖ ਕੇ ਜਦੋਂ ਦਾ ਸਿੰਘ ਸਭਾ ਦਾ ਪਰਚਾਰ ਹੋਣ ਲਗਾ ਹੈ, ਦੇਵੀ ਦੇਵਤਿਆਂ ਦਾ ਖੰਡਨ ਦਬਾ ਦਬ ਦੀਵਾਨਾਂ ਵਿਚ ਹੁੰਦਾ ਚਲਾ ਆਇਆ ਹੈ। ਐਥੇ ਤਾਈਂ ਕਿ ਦੇਵੀ ਦੇਵਤਿਆਂ ਦਾ ਖੰਡਨ ਕਰਨਾ ਅਤੇ ਹੁੰਦੇ ਸੁਣਨਾ ਹੀ 'ਇੱਕ ਦੀ ਉਪਾਸ਼ਨਾ' ਵਿਚ ਤਤਪਰ ਹੋਣਾ ਸਮਝਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ 'ਇੱਕ ਦੀ ਉਪਾਸ਼ਨਾ' ਦਾ ਜੋ ਪਰਚਾਰ ਹੋਇਆ, ਉਹ ਕੇਵਲ ਏਥੇ ਤਕ ਹੀ ਹੋਇਆ ਕਿ ਦੇਵੀ ਦੇਵਤਿਆਂ ਦੀ ਮਨੌਤੀ ਹਟ ਗਈ।

ਸਿੰਘ ਸਭਾ ਦੇ ਪਰਚਾਰ ਦੀ ਇਹ ਕਾਮਯਾਬੀ ਭੀ ਧੰਨਤਾ ਯੋਗ ਹੈ, ਪਰ ਖਿਮਾ ਕਰਨਾ, 'ਇੱਕ ਦੀ ਉਪਾਸ਼ਨਾ' ਦੇ ਅਸੂਲ ਦੇ ਅਸਲ ਸਰੂਪ ਦੇ ਸਾਹਮਣੇ ਇਹ ਕਾਮਯਾਬੀ ਐਵੇਂ ਚਿਤ ਪਰਚਾਵਨਾ ਹੀ ਹੈ। ਦੁਹਾਈ ਦੇ ਕੇ ਕਹਿਣਾ ਪੈਂਦਾ ਹੈ ਕਿ 'ਇੱਕ ਦੀ ਉਪਾਸ਼ਨਾ' ਅਜੇ ਤੀਕ ਦ੍ਰਿੜ੍ਹ ਨਹੀਂ ਹੋਈ। ਦ੍ਰਿੜ੍ਹ ਹੋਣਾ ਤਾਂ ਦੂਰ ਰਿਹਾ, ਅਜੇ ਤਾਈਂ ਇਹ 'ਇੱਕ ਦੀ ਉਪਾਸ਼ਨਾ' ਦੇ ਅਸਲ ਸਰੂਪ ਦਾ ਅਨੁਮਾਨ ਮਾਤ੍ਰ ਭੀ ਨਹੀਂ ਹੋਇਆ। ਬਸ! "ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ"* ਵਾਲੇ ਗੁਰਵਾਕ ਦੇ ਆਗਿਆਕਾਰ ਅਸੀਂ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਬਣ ਬੈਠੇ ਅਤੇ ਏਸ ਮਨ-ਮੰਨੀ ਆਗਿਆਕਾਰੀ ਦੇ ਤਾਣ ਖਰੇ ਖਾਸੇ 'ਇੱਕ ਦੀ ਉਪਾਸ਼ਨਾ' ਦੇ ਅਨੁਸਾਰੀ ਆਪਣੇ ਆਪ ਨੂੰ ਸਦਾਉਣ ਲਗ ਪਏ। ਪਰ ਇਹ ਬੜੀ ਹੀ ਅਧੋਗਤੀ ਵਾਲੀ ਗੱਲ ਹੈ ਕਿ ਜਦ 'ਇਕ' ਦੇ ਸਰੂਪ ਤੋਂ ਹੀ ਅਸੀਂ ਘੁੱਥੇ ਹੋਏ ਹਾਂ ਤਾਂ 'ਇਕ' ਦੀ ਉਪਾਸ਼ਨਾ ਕਿਥੇ? ਮੰਨਿਆ ਕਿ 'ਇੱਕ ਦੀ ਉਪਾਸ਼ਨਾ' ਤੋਂ ਖੁੰਝਾਉਣ ਤੇ ਭੁਲਾਉਣ ਵਾਲੀ

†ਗੁਰਬਾਣੀ ਅੰਦਰ ਅਸਲ ਤੁਕ ਹੇਠਲੇ ਨਿਸਾਨ * ਅਨੁਸਾਰ ਹੈ।
*ਗੂਜਰੀ ਕੀ ਵਾਰ, ਸਲੋਕ ਮ: ੩, ॥੧॥ (੨), ਪੰਨਾ ੫੦੯


www.sikhbookclub.com

ਉਪਾਸ਼ਨਾ 'ਦੂਜੇ ਭਾਵ ਦੀ ਉਪਾਸ਼ਨਾ' ਹੈ, ਪਰ ਕੀ ਇਹ ਦੂਜੇ ਭਾਵ ਦੀ ਉਪਾਸ਼ਨਾ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਮੁੱਕ ਖੜੋਤੀ ? ਕਦਾਚਿੱਤ ਨਹੀਂ; ਸਗੋਂ ਦੂਣੀ ਚਉਣੀ ਚਿੰਬੜੀ ਹੋਈ ਹੈ। ਦੇਵੀ ਦੇਵਤਿਆਂ ਦੇ ਨਾ ਮੰਨਣ ਵਾਲੇ ਹੋਣ ਤੇ ਅਸੀਂ ਦੂਜੇ ਭਾਵ ਦੀ ਉਪਾਸ਼ਨਾ ਦੇ ਖ਼ਤਰੇ ਤੋਂ ਅਵੇਸਲੇ ਹੋ ਗਏ ਅਤੇ ਏਸ ਅਵੇਸਲੇਪਣ ਵਿਚ ਅਸਲ ਉਪਾਸ਼ਨਾ 'ਇੱਕ ਦੀ ਉਪਾਸ਼ਨਾ' ਤੋਂ ਕੋਰੇ ਰਖਣ ਵਾਲੀਆਂ ਹੋਰ ਬਲਾਵਾਂ ਸਾਨੂੰ ਅਚਿੰਤੇ ਹੀ ਆ ਚਿੰਬੜੀਆਂ, ਜਿਨ੍ਹਾਂ ਦੀ ਚਮੋੜ ਸਾਨੂੰ ਕੇਵਲ ਏਸ ਕਮ-ਅਕਲੀ ਦੇ ਕਾਰਨ—ਕਿ ਦੂਜੇ ਭਾਵ ਦੀ ਉਪਾਸ਼ਨਾ ਅਸੀਂ ਦੇਵੀ ਦੇਵਤਿਆਂ ਦੇ ਮੰਨਣ ਵਿਚ ਹੀ ਸਮਝ ਬੈਠੇ ਸੀ—ਪ੍ਰਤੀਤ ਮਾਤਰ ਭੀ ਨਹੀਂ ਹੋ ਰਹੀ।

'ਇਕ ਅਕਾਲ ਪੁਰਖ' ਦੀ ਉਪਾਸ਼ਨਾ ਤੋਂ ਛੁਟ ਹੋਰ ਜਿਤਨੀ ਭੀ ਉਪਾਸ਼ਨਾ ਹੈ, ਸਭ ਦੂਜੇ ਭਾਵ ਦੀ ਉਪਾਸ਼ਨਾ ਹੈ। ਉਪਾਸ਼ਨਾ ਦਾ ਅਰਥ ਆਮ ਤੌਰ ਤੇ ਪੂਜਣਾ ਸਮਝਿਆ ਗਿਆ ਹੈ, ਗੁਰਮਤਿ ਅੰਦਰ 'ਇੱਕੋ ਅਕਾਲ ਪੁਰਖ' ਦੇ ਪਰਾਇਣ ਹੀ ਹਰ ਦਮ ਚਿੱਤ ਬ੍ਰਿਤੀ ਦਾ ਹੋਣਾ 'ਇੱਕ' ਦੀ ਉਪਾਸ਼ਨਾ ਹੈ। ਇਸ ਬ੍ਰਿਤੀ ਤੋਂ ਉਪਰਾਮ ਹੋਣਾ ਅਰਥਾਤ ਇਕ 'ਅਕਾਲ ਪੁਰਖ' ਨੂੰ ਛੱਡ ਕੇ ਚਿੱਤ ਬ੍ਰਿਤੀ ਦਾ ਦੂਜੇ ਪਾਸੇ ਲਗਣਾ ਇਹ ਗੁਰਮਤਿ ਅਨੁਸਾਰ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਪੂਜਾ ਹੈ। ਦੇਵੀ ਦੇਵਤਿਆਂ ਦੀ ਪੂਜਾ ਤੋਂ ਹਟਾਉਣ ਦਾ ਭਾਵ ਕੇਵਲ ਇਹੋ ਸੀ ਕਿ ਬ੍ਰਿਤੀ ਚੱਤੋ ਪਹਿਰ ਏਧਰ ਖੱਚਤ ਰਹਿਣ ਕਰਕੇ 'ਅਕਾਲ ਪੁਰਖ' ਵਲ ਆਉਣੋਂ ਹੀ ਰਹਿ ਖੜੋਤੀ ਸੀ ਅਤੇ 'ਇਕ ਅਕਾਲ ਪੁਰਖ' ਤੋਂ ਛੁਟ ਦੁਤੀ ਵਸਤ ਵਲ ਲਗ ਰਹੀ ਸੀ। ਪਰ ਜੇਕਰ ਬ੍ਰਿਤੀਆਂ ਦੇਵੀ ਦੇਵਤਿਆਂ ਵਲੋਂ ਤਾਂ ਛੁੜਕ ਖਲੋਤੀਆਂ ਹਨ ਤੇ ਅਕਾਲ ਪੁਰਖ ਵਲ ਅਜੇ ਭੀ ਨਹੀਂ ਲਗੀਆਂ ਤਾਂ ਇਉਂ ਜਾਣੋ ਕਿ ਇਕ ਬਲਾ ਦੇ ਹੱਥੋਂ ਛੁਟ ਕੇ ਦੂਜੀ ਡਾਇਣ ਦੇ ਫੰਧੇ ਵਿਚ ਫਸ ਗਈਆਂ ਹਨ। ਜਦ ਤਕ ਬ੍ਰਿਤੀ ਕਿਸੇ ਨਾ ਕਿਸੇ ਫਾਹੀ ਵਿਚ ਫਸੀ ਹੋਈ ਹੈ ਅਤੇ ਇਕ ਅਕਾਲ ਪੁਰਖ ਵਲ ਨਹੀਂ ਲਗੀ ਤਦ ਤਕ ਦੂਜੇ ਭਾਵ ਦੀ ਉਪਾਸ਼ਨਾ ਨਹੀਂ ਮੁਕੀ ਅਤੇ 'ਇੱਕ ਦੀ ਉਪਾਸ਼ਨਾ' ਵਾਲੀ ਦਸ਼ਾ ਪ੍ਰਾਪਤ ਨਹੀਂ ਹੋਈ। ਇੱਕ ਦੀ ਉਪਾਸ਼ਨਾ ਦਾ ਤਤ ਸਰੂਪ ਗੁਰਮਤਿ ਇਸ ਬਿਧ ਸੂਚਨਾ ਕਰਾਉਂਦੀ ਹੈ :—

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨਿ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥

ਗਉੜੀ ਸੁਖਮਨੀ, ਪੰਨਾ ੨੮੯

ਇਹ 'ਇਕ' ਦੀ ਉਪਾਸ਼ਨਾ ਦਾ ਸੱਚਾ ਸਰੂਪ ਹੈ । 'ਇੱਕ ਦੀ ਉਪਾਸ਼ਨਾ' ਦੇ ਸਰੂਪ ਤੋਂ ਬ੍ਰਿਤੀ ਦਾ ਉਰੇ ਤੇ ਊਣੇ ਹੋਣਾ ਹੀ ਦੂਜੇ ਭਾਵ ਦੀ ਉਪਾਸ਼ਨਾ ਵਿਚ ਪਰਵਿਰਤ ਹੋਣਾ ਹੈ, ਜੋ ਨਿਰੀ ਬੁੱਤ-ਪ੍ਰਸਤੀ (ਮੂਰਤੀ ਪੂਜਾ) ਹੈ । ਜੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਅਵੇਸਲੇ ਹੋ ਗਏ ਤਾਂ ਕੀ ਹੋਇਆ ? ਜਦ ਕਿ ਮਾਇਆ ਰੂਪੀ ਡਾਇਣ ਅਤੇ ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਅਤੇ ਪੰਜ ਵਿਕਰਮਾਂ ਰੂਪੀ ਦੈਂਤਾਂ ਅਗੇ ਮੁਜ਼ੂ ਬਣੇ ਖੜੇ ਰਹੇ । ਜਿਸ ਦੇਵੀ ਦੇਵਤੇ ਦਾ ਵਜੂਦ ਹੀ ਕਿਸੇ ਨਹੀਂ ਦੇਖਿਆ, ਜੇ ਉਸ ਫ਼ਰਜ਼ੀ ਹਊਏ ਤੋਂ ਮਨ ਹੁਟਕ ਖੜੋਤਾ ਹੈ ਤਾਂ ਕੋਈ ਦੁਤੀਏ ਭਾਵ ਦੀ ਉਪਾਸ਼ਨਾ ਮੁਕ ਠੁਕ ਨਹੀਂ ਗਈ, ਐਵੇਂ ਫ਼ਰਜ਼ਾ ਫ਼ਰਜ਼ੀ ਹੀ ਹੈ, ਪਰ ਜਿਹੜੀਆਂ ਅਫਾਤਾਂ ਪਰਤੱਖ ਤੌਰ ਪਰ ਮਨ ਨੂੰ ਫਾਹੀ ਬੈਠੀਆਂ ਹਨ ਤਿਨ੍ਹਾਂ ਤੋਂ ਛੁੱਟਣ ਦਾ ਕੋਈ ਹੀਲਾ ਨਹੀਂ, ਮਾਨੋ ਕਿ 'ਇੱਕ ਦੀ ਉਪਾਸ਼ਨਾ' ਵਿਚ ਉਹ ਬਿਘਨਕਾਰੀ ਹੀ ਪਰਤੀਤ ਨਹੀਂ ਹੁੰਦੀਆਂ । ਜਿਸ ਨਾਗਨੀ ਤੋਂ ਗੁਰੂ ਮਹਾਰਾਜ ਸਰਬ ਸੰਸਾਰੀਆਂ ਦਾ ਛੁਟਕਾਰਾ ਕਰਾਇਆ ਲੋੜਦੇ ਹਨ, ਓਸੇ ਬਲਾ ਦੇ ਸ਼ਿਕਾਰ ਅਜੇ ਉਹ ਸਜਣ ਇਕ-ਦੂੰ-ਵਾਦਿਓਂ ਹੋ ਰਹੇ ਹਨ, ਜਿਨ੍ਹਾਂ ਨੂੰ ਕਿ ਗੁਰਸਿੱਖ ਦੀ ਹੈਸੀਅਤ ਵਿਚ 'ਇੱਕ ਦੇ ਉਪਾਸ਼ਕ' ਸਦਾਵਣ ਦਾ ਦਾਅਵਾ ਹੈ । ਗੁਰੂ ਮਹਾਰਾਜ ਤਾਂ ਦਸ ਰਹੇ ਹਨ:—

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥੨॥(੫)
ਗੂਜਰੀ ਕੀ ਵਾਰ ਮ: ੩, ਪੰਨਾ ੫੧੦

ਪਰ ਸ਼ੋਕ ਕਿ 'ਇਕ ਦੀ ਸੇਵਾ' ਦੇ ਦਾਅਵੇਦਾਰ ਉਲਟੇ ਮਾਇਆ ਦੀ ਸੇਵਾ ਵਿਚ ਲਥ ਪਥ ਹੋਣ ! ਕੀ ਮਾਇਆ ਦੇ ਸੇਵਣਹਾਰਿਆਂ ਉਤੇ 'ਇੱਕ ਦੇ ਉਪਾਸ਼ਕ ਹੋਣ' ਵਾਲਾ ਪਦ ਘਟ ਸਕਦਾ ਹੈ ? ਕਦੇ ਨਹੀਂ । ਸਗੋਂ ਮਾਇਆ-ਪ੍ਰਸਤ ਪੱਕੇ ਬੁੱਤ-ਪ੍ਰਸਤ ਹਨ, ਵਾਹਿਦ-ਪ੍ਰਸਤ ਨਹੀਂ ।

ਇਸ ਬੁੱਤ-ਪ੍ਰਸਤੀ ਦਾ ਸਰੂਪ ਇਕ ਨਹੀਂ, ਅਨੇਕ ਹਨ, ਪਰ ਸਮੁੱਚੀ ਬੁੱਤ-ਪ੍ਰਸਤੀ ਦਾ ਨਿਰਣਾ ਗੁਰੂ ਮਹਾਰਾਜ ਇਸ ਬਿਧ ਉਘੇੜ ਕੇ ਦਸਦੇ ਹਨ:—

ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ
ਜਿਤੁ ਰਾਮ ਨਾਮੁ ਨਹੀ ਵਸਿਆ ॥...੨॥(੮॥੧॥੯)
ਬਸੰਤੁ ਮ: ੪, ਪੰਨਾ ੧੧੯੧

ਜਿਥੇ 'ਏਕੋ ਜਪਿ' ਵਾਲੀ ਉਪਾਸ਼ਨਾ ਸੱਚੀ ਵਾਹਿਦ-ਪ੍ਰਸਤੀ ਹੈ ਓਥੇ ਇਸ 'ਏਕੋ ਜਪਿ' ਵਾਲੇ ਭਾਵ ਦੇ ਵਿਰਦ ਤੋਂ ਕੋਰਾਪਣ ।

ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨਾ ਪਾਇਆ ॥
ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਮੰਨਿ ਵਸਾਇਆ ॥੧॥(੫)
ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੫੦

ਵਾਲੇ ਗੁਰਵਾਕ ਅਨੁਸਾਰ ਵਿਚਾਰ ਲਵੋ ਕਿ ਕਿਤਨੀ ਕੁ ਧ੍ਰਿਗਾਕਾਰ ਕਰਾਉਣ ਵਾਲਾ ਕਸੌਦਾ ਹੈ, ਰਸਨਾ ਕਰਕੇ 'ਇਕ' ਨੂੰ ਵਿਚਾਰਨਾ ਅਤੇ ਰਸਨਾ ਕਰਕੇ 'ਇਕ' ਨੂੰ ਚਿਤਾਰਨਾ ਹੀ ਜਦ ਗੁਰਮਤਿ ਅੰਦਰ ਪ੍ਰਗ ਖਲੋਣਾ ਤੇ ਵਾਹਿਦ-ਪ੍ਰਸਤੀ ਵਿਚ ਤਤਪਰ ਹੋਣਾ ਹੈ। ਯਥਾ ਗੁਰਵਾਕ:—

ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥
ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥੫॥

ਬਿਹਾਗੜੇ ਕੀ ਵਾਰ, ਪੰਨਾ ੫੫੦

ਤਦ ਅਨੁਮਾਨ ਕਰ ਲੈਣਾ ਲੋੜੀਦਾ ਹੈ ਕਿ ਨਾਮ ਤੋਂ ਘੁਥ ਕੇ ਅਹਿਨਿਸ ਧੰਧੇ-ਧਾਵਨੀਆਂ ਵਿਚ ਲਥ ਪਥ ਹੋਣਾ ਇੱਕ ਦੀ ਉਪਾਸ਼ਨਾ ਵਾਲੀ ਵਾਟ ਤੋਂ ਕਿਤਨੀ ਕੁ ਵਿਥ ਪਰੇਡੇ ਡਿੱਗਣਾ ਹੈ। ਨਾਮ ਨੂੰ ਵਿਸਾਰਨਹਾਰੇ ਜਿਤਨੇ ਮਾਇਆ ਦੇ ਧੰਧ-ਬੰਧ ਹਨ, ਸਭ ਦੂਜੇ ਭਾਵ ਦੀ ਉਪਾਸ਼ਨਾ ਅਤੇ ਮੜ੍ਹਾ-ਪ੍ਰਸਤੀ ਹੈ। ਜੈਸੇ ਕਿ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ:—

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥੧॥(੧੮)

ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੩

ਨਾਲ ਲਗਦੇ ਹੀ ਏਨ੍ਹਾਂ ਧੰਧ-ਬੰਧ ਦੇ ਦੁਖਦਾਈ ਦੁਹਿਕਰਮਾਂ ਤੋਂ ਹਟਾਵਣ ਹਿਤ "ਇੱਕ" ਦੀ ਉਪਾਸ਼ਨਾ ਗੁਰੂ ਮਹਾਰਾਜ ਇਸ ਤਰ੍ਹਾਂ ਦ੍ਰਿੜ੍ਹਾਉਂਦੇ ਹਨ:—

ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਸਬਦੁ ਕਮਾਇ ॥
ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥੧॥(੧੮)

ਬਿਹਾਗੜੇ ਕੀ ਵਾਰ, ਪੰਨਾ ੫੯੩

ਜਦ ਤਾਈਂ ਕਿ ਮਨ ਮਾਇਆ ਦੀਆਂ ਅਨੇਕ ਪ੍ਰਕਾਰ ਦੀਆਂ ਲਹਿਰਾਂ ਵਿਚ ਗੋਤੇ ਖਾ ਰਿਹਾ ਹੈ ਅਤੇ 'ਇਕ' ਵਲ ਨਹੀਂ ਆਉਂਦਾ, ਓਦੋਂ ਤਕ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਬੁੱਤ-ਪ੍ਰਸਤੀ ਦੇ ਹੜ੍ਹ ਵਿਚ ਹੀ ਰੁੜ੍ਹਿਆ ਜਾਂਦਾ ਸਮਝਿਆ ਜਾਣਾ ਚਾਹੀਦਾ ਹੈ।

ਅਸੀਂ ਗੁਰੂ ਦੇ ਸਿਖ ਦੀ ਹੈਸੀਅਤ ਵਿਚ 'ਇਕ' ਦੇ ਉਪਾਸ਼ਕ ਸਦਾਵਣਹਾਰੇ ਕਦਾਚਿਤ ਬੁੱਤ-ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ, ਜਦ ਤਾਈਂ ਕਿ ਅਸੀਂ ਮਾਇਆ ਦੇ ਅਡੰਬਰਾਂ ਵਿਚ ਰਚੇ ਪਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ। ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁੱਤ-ਪ੍ਰਸਤ। ਜੇ ਸੁਤ ਮੀਤ ਕੁਟੰਬ ਦੇ ਫੇੜਿਆਂ ਵਿਚ ਫਾਥੇ ਹੋਏ ਹਾਂ, ਤਦ ਭੀ ਬੁੱਤ-ਪ੍ਰਸਤ। ਸੋਭਾ ਅਤੇ ਵਡਿਆਈ ਦੇ ਪਾਤਰ ਬਣਨ ਹਿਤ ਧਰਮ ਦੀ ਆੜ ਲੈਂਦੇ ਹੋਇ ਪਰਪੰਚ-ਅਖਾੜੇ ਰਚਦੇ ਹਾਂ, ਤਦ ਭੀ ਬੁੱਤ-ਪ੍ਰਸਤ। ਗੱਲ ਕੀ, ਮਾਇਆ ਨਾਲ ਮਨੂਰ ਹੋਏ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ। ਉਥੇ 'ਇਕ' ਦੀ ਆਸ ਕਿਥੇ ?

ਉਥੇ ਤਾਂ ਬਸ ਮਾਇਆ ਹੀ ਮਾਇਆ ਹੈ। ਅੱਠੋ ਪਹਿਰ ਮਾਇਆ ਦੀਆਂ ਹੀ ਚਿਤਵਣੀਆਂ, ਮਾਇਆ ਦੀਆਂ ਸੋਚਾਂ, ਮਾਇਆ ਦੀਆਂ ਹੀ ਗੱਲਾਂ ਅਤੇ ਮਾਇਆ ਦੀਆਂ ਹੀ ਧਾਵਨੀਆਂ ਰਹਿੰਦੀਆਂ ਹਨ। ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਨੂੰ ਗੁਰੂ ਸਾਹਿਬ ਇਸ ਬਿਧ ਤ੍ਰਿਸਕਾਰ ਕੇ, ਮਾਇਆ-ਗ੍ਰਸਤ ਜੀਵਾਂ ਦੀ ਮਾਇਆ ਵਲੋਂ ਉਪਰਾਮਤਾ ਕਰਾਇਆ ਚਾਹੁੰਦੇ ਹਨ; ਯਥਾ ਗੁਰਵਾਕ:—

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥
ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥
ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥
ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ ॥
ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥
ਨਾਨਕ ਦੀਨ ਸਰਣਿ ਕਿਰਪਾਨਿਧਿ ਰਾਖੁ ਲਾਜ ਭਗਤਾਨਾ ॥੧॥

ਸੂਹੀ ਛੰਤ ਮ: ੫, ਪੰਨਾ ੭੭੭

ਇੱਕ ਦੀ ਉਪਾਸ਼ਨਾ ਦਾ ਅਟੱਲ ਹੁਕਮ ਦਿੰਦੇ ਹੋਏ ਗੁਰੂ ਸਾਹਿਬ ਦੂਤੀ ਉਪਾਸ਼ਨਾ ਦਾ ਅਭਾਵ ਨਾਲ ਹੀ ਨਾਲ ਫੇਰ ਇਸ ਬਿਧ ਕਰਾਉਂਦੇ ਹਨ:—

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ ॥
ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ ॥
ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤ ਸੰਗਿ ਮਿਲਿ ਰਹੀਐ ॥
ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ ॥
ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ ॥
ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ ॥੨॥

ਸੂਹੀ ਛੰਤ ਮ: ੫, ਪੰਨਾ ੭੭੭

ਇਸ ਦੇ ਅਗਲੇਰੇ ਨਾਲ ਲਗਦੇ ਗੁਰ-ਪਰਮਾਣ ਅੰਦਰ ਮਾਯਾਵੀ ਮਾਨ ਵਾਲੀ ਦੂਤੀ ਉਪਾਸ਼ਨਾ ਦਾ ਅਭਾਵ ਹੀ 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹ ਕਰਾਉਣ ਹਿਤ ਕਰਾਉਂਦੇ ਹਨ। ਯਥਾ:—

ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ ॥
ਸੁਣਿ ਬਾਵਰੇ ਸਭ ਵੈਸੀ ਗਰਬੁ ਗੁਮਾਨੋ ॥
ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ ॥
ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ ॥
ਗੁਰ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ ॥
ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ ॥੩॥

ਸੂਹੀ ਛੰਤ ਮ: ੫, ਪੰਨਾ ੭੭੭

ਅਸਲ ਗੱਲ ਇਹ ਹੈ ਕਿ ਕੂੜਾਵੀ ਮਾਨ-ਮਹੱਤਤਾ ਵਾਲੀ ਚਾਰ ਦਿਹਾੜੇ ਦੀ ਸੋਭਾ ਉਨ੍ਹਾਂ ਦੇ ਚਿੱਤਾਂ ਤੇ ਹੀ ਪ੍ਰਬਲ ਹੈ ਜਿਨ੍ਹਾਂ ਦੇ ਰਿਦੰਤਰ 'ਇੱਕ' ਦੀ ਉਪਾਸ਼ਨਾ ਦੀ ਸੱਚੀ ਸਿੱਕ ਨਹੀਂ ਉਪਜਦੀ। ਇਸ ਸੱਚੀ ਸਿੱਕ ਤੋਂ ਊਣੇ ਥੂਣੇ ਲੋਕ ਦੂਜੇ ਭਾਵ ਦੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ, ਅਤੇ ਠਲ੍ਹ ਕਿਤੇ ਭੀ ਨਹੀਂ ਪੈਂਦੀ । ਆਮ ਲੋਕ ਰੁੜ੍ਹਨ ਤਾਂ ਪਏ ਰੁੜ੍ਹਨ, ਕਿਉਂਕਿ "ਕਬੀਰ ਨਿਗੁਸਾਂਏਂ ਬਹਿ ਗਏ ਥਾਘੀ ਨਾਹੀ ਕੋਇ"* ਗੁਰਵਾਕ ਅਨੁਸਾਰ ਨਿਖਸਮਿਆਂ ਨੂੰ ਤਾਂ ਥਾਂਘੀ ਨਹੀਂ ਮਿਲਿਆ, ਪਰ ਜਿਨ੍ਹਾਂ ਦਾ "ਇਸ਼ਟ ਦੇਵ" 'ਇਕ' ਦੇ ਸਾਂਗੋ ਪਾਂਗ ਦਿਖਾਵਣਹਾਰਾ, 'ਇੱਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹਾਵਣਹਾਰਾ, ਦੂਤੀ ਉਪਾਸ਼ਨਾ ਦਾ ਖੁਰਾ ਖੋਜ ਮਿਟਾਵਣਹਾਰਾ ਸੱਚਾ ਗੁਰੂ 'ਗੁਰ ਨਾਨਕ ਦੇਵ' ਹੋਵੇ, ਜੇ ਉਹ ਭੀ ਕਿਸੇ ਵਹਿਣ ਵਿਚ ਰੁੜ੍ਹੇ ਚਲੇ ਜਾਣ ਤਦ ਸਮਝ ਲਉ ਕਿ ਉਹ ਗੁਰਮਤਿ ਦੇ 'ਇੱਕ' ਦੀ ਉਪਾਸ਼ਨਾ ਵਾਲੇ ਅਸੂਲ ਦੀ ਹਾਨੀ ਕਰਾਵਣਹਾਰੇ ਹਨ। ਅਤੇ ਗੁਰਮਤਿ ਨੂੰ ਮਨਮਤਿ ਵਿਚ ਖਿੱਚੀ ਲਈ ਜਾਂਦੇ ਹਨ।

ਅਸੀਂ ਗੁਰੂ ਦੇ ਸਿਖ ਸਦਾਵਣਹਾਰਿਆਂ ਦੀ ਵਰਤਮਾਨ ਨਿਘਰਦੀ ਕਲਾ ਦੀ ਦਸ਼ਾ ਨੂੰ ਉਘੇੜਨ ਦੇ ਖਲਜਗਣ ਵਿਚ ਪੈਣਾ ਮੁਨਾਸਿਬ ਨਹੀਂ ਸਮਝਦੇ। ਏਥੇ ਕੇਵਲ ਏਤਨਾ ਹਲੂਣਾ ਦੇਣਾ ਹੀ ਯੋਗ ਹੈ ਕਿ ਆਪੋ ਆਪਣੀਆਂ ਬੁਕਲਾਂ ਵਿਚ ਮੂੰਹ ਪਾ ਕੇ ਅਸਾਡੇ ਅਜ ਦੇ ਪੰਥ-ਭੂਸ਼ਨਾਂ ਨੂੰ ਅਤੇ ਪੰਥ-ਆਗੂਆਂ ਤੇ ਸਿੱਖ ਸਜਣਾਂ ਨੂੰ ਭਲੀ ਪਰਕਾਰ ਦੇਖ ਲੈਣਾ ਚਾਹੀਦਾ ਹੈ ਕਿ ਅਸੀਂ 'ਇੱਕ' ਦੀ ਉਪਾਸ਼ਨਾ ਵਾਲੇ ਅਸੂਲ ਉਤੇ ਕਿਥੇ ਤਾਈਂ ਚਲ ਰਹੇ ਹਾਂ, ਅਤੇ ਕਿੰਨੇ ਕੁ ਇਸ ਅਸੂਲ ਤੋਂ ਔਝੜੇ ਪਏ ਫਿਰ ਰਹੇ ਹਾਂ।

---

*ਸਲੋਕ ਕਬੀਰ ਜੀ ਨੰਬਰ ੫੧, ਪੰਨਾ ੧੩੬੭

 www.sikhbookclub.com

## ੨

# ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ

ਵਾਹਿਗੁਰੂ ਆਪ ਅਚਰਜ ਹੈ । ਉਸ ਦੀ ਰਚਨਾ ਅਚਰਜ ਹੈ। ਦਸੋਂ ਗੁਰੂ ਸਾਹਿਬਾਨ ਤੇ ਗੁਰਬਾਣੀ ਅਚਰਜ ਹੈ। ਇਸੇ ਲਈ ਸਿੱਖ ਧਰਮ ਕਲਾਵਾਦ ਤੇ ਅਚਰਜ-ਵਾਦ ਹੈ। ਅਰਥਾਤ ਸਿੱਖ ਧਰਮ ਵਾਹਿਗੁਰੂ ਦੀ ਅੰਸਚਰਜਤਾ ਤੇ ਉਸ ਦੀ ਸਰਬ ਕਲਾ-ਸਮਰੱਥਾ ਨੂੰ ਮੰਨਦਾ ਹੋਇਆ ਵਾਹਿਗੁਰੂ ਦੀ ਭਗਤੀ ਦ੍ਰਿੜ੍ਹ ਕਰਾਉਂਦਾ ਹੈ। ਸੰਸਾਰ ਵਿਚ ਉਸ ਦੀ ਅਚਰਜ ਲੀਲ੍ਹਾ ਦੇ ਚਮਤਕਾਰ ਸਦਾ ਹੀ ਪ੍ਰਗਟ ਹੁੰਦੇ ਰਹਿੰਦੇ ਹਨ। ਸੂਖਮ ਬੁਧੀ ਵਾਲੇ ਪੁਰਸ਼ ਇਨ੍ਹਾਂ ਚਮਤਕਾਰਾਂ ਨੂੰ ਅਕਾਲ ਪੁਰਖ ਦੀ ਅਚਰਜ ਕਲਾ ਦਾ ਲਖਾਇਕ ਸਮਝਦੇ ਹਨ। ਪਰ ਜੋ ਲੋਕ ਸੰਸਾਰਕ ਪਦਾਰਥਾਂ ਦੀ ਜਾਣਕਾਰੀ ਵਾਲੀ ਬੁੱਧੀ ਤੋਂ ਉਪਰ ਨਹੀਂ ਉਠ ਸਕਦੇ, ਉਹ ਇਨ੍ਹਾਂ ਗੱਲਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ; ਪਰ ਹੈਰਾਨ ਜ਼ਰੂਰ ਹੁੰਦੇ ਹਨ। ਸਾਇੰਸ ਨੇ ਇਸ ਜ਼ਮਾਨੇ ਵਿਚ ਬੜੀ ਤਰੱਕੀ ਕੀਤੀ ਹੈ, ਪਰ ਇਹ ਤਰੱਕੀ ਵਾਹਿਗੁਰੂ ਦੇ ਬਣਾਏ ਹੋਏ ਪੰਜਾਂ ਤੱਤਾਂ ਦੇ ਆਸਰੇ ਹੀ ਹੈ। ਸਾਇੰਸ ਵਾਲਿਆਂ ਕੋਈ ਛੇਵਾਂ ਤੱਤ ਨਹੀਂ ਬਣਾਇਆ। ਸਾਇੰਸ ਵਾਲਿਆਂ ਨੇ ਪੰਜਾਂ ਤੱਤਾਂ ਦੇ ਉਹ ਗੁਣ ਪ੍ਰਗਟ ਕੀਤੇ ਹਨ ਜੋ ਆਮ ਲੋਕਾਂ ਦੀ ਜਾਣ ਪਛਾਣ ਤੋਂ ਪਰੇ ਸਨ; ਉਹ ਵੀ ਕੁਦਰਤੀ ਸਾਧਨਾਂ ਦੇ ਸਹਾਰੇ। ਕਈ ਚਮਤਕਾਰ ਐਸੇ ਵਰਤਦੇ ਹਨ, ਜਿਨ੍ਹਾਂ ਨੂੰ ਸਾਇੰਸਦਾਨ ਸਮਝਣ ਤੋਂ ਅਸਮਰੱਥ ਰਹਿੰਦੇ ਹਨ; ਜਿਹਾ ਕਿ ਮਨੁਖ ਤੋਂ ਇਸਤ੍ਰੀ ਬਣ ਜਾਣਾ ਤੇ ਇਸਤ੍ਰੀ ਤੋਂ ਮਨੁਖ ਹੋ ਜਾਣਾ । ਪਿਛਲੇ ੩੦ ਸਾਲ ਦੀ ਗੱਲ ਹੈ ਕਿ ਜਗਰਾਉਂ ਦੇ ਕੋਲ ਪਿੰਡ ਡੱਲੇ ਦੇ ਲਾਗੇ ਦੇ ਪਿੰਡ ਵਿਚ ਇਕ ਨੌਜਵਾਨ ੨੦ ਸਾਲ ਦਾ, ਲੜਕੀ ਬਣ ਗਿਆ ਸੀ, ਪਰ ਉਸ ਦੇ ਦਾੜ੍ਹਾ ਜ਼ਰੂਰ ਕਾਇਮ ਰਿਹਾ। ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਇੰਗਲੈਂਡ ਵਿਚ ਇਕ ਅੰਗਰੇਜ਼ ਸਾਇੰਸਦਾਨ ੩੯ ਬਰਸ ਦੀ ਉਮਰ ਵਿਚ ਔਰਤ ਬਣ ਗਿਆ; ਹਾਲਾਂਕਿ ਉਸ ਦੇ ਘਰ ਔਰਤ ਵੀ ਸੀ ਤੇ ਤਿੰਨ ਬੱਚੇ ਵੀ ਸਨ। ਇਸ ਤਰ੍ਹਾਂ ਸਰੀਰ ਦੇ ਬਦਲ ਜਾਣ ਦੀਆਂ ਕਈ ਵਾਰ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਹੀ ਰਹਿੰਦੀਆਂ ਹਨ । ਗੁਰਬਾਣੀ ਵਿਚ ਜ਼ਿੰਦਗੀ ਦੇ ਸਭ ਪਹਿਲੂਆਂ 'ਤੇ ਲੋਕ ਪਰਲੋਕ ਦੀ ਗੁਪਤ ਪ੍ਰਗਟ ਰਚਨਾ ਦਾ ਨਿਰਣਾ ਕੀਤਾ ਹੋਇਆ ਮਿਲਦਾ ਹੈ। ਇਸ ਤਰ੍ਹਾਂ ਦੇ ਅਚਰਜ ਖੇਡਾਂ ਦੇ ਨਿਰਣੇ ਸੰਬੰਧੀ ਅਸੀਂ ਸਾਰੰਗ ਰਾਗ ਵਿਚੋਂ ਕਬੀਰ ਜੀ ਦਾ ਸ਼ਬਦ ਹੇਠਾਂ ਦਰਜ ਕਰਦੇ ਹਾਂ । ਜਿਸ ਤੋਂ ਪਤਾ ਲਗਦਾ ਹੈ

 www.sikhbookclub.com

ਕਿ ਵਾਹਿਗੁਰੂ ਦੀ ਸਮਰਥਾ ਕੇਸੀ ਅਚਰਜ ਹੈ:—

ਰਾਜਾਸ੍ਰਮ ਮਿਤ ਨਹੀ ਜਾਨੀ ਤੇਰੀ ॥
ਤੇਰੇ ਸੰਤਨ ਕੀ ਹਉ ਚੇਰੀ ॥੧॥ਰਹਾਉ॥
ਹਸਤੋ ਜਾਇ ਸੁ ਰੋਵਤ ਆਵੈ ਰੋਵਤੁ ਜਾਇ ਸੁ ਹਸੈ ॥
ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ ॥੧॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥(੧੨੫੨)

ਅਰਥ:—ਹੇ ! ਰਾਜ ਆਸ਼੍ਰਮ ਵਾਲੇ, ਤੇਰੀ ਗਤਿ ਮਿਤ, ਤੇਰੀ ਅਵਸਥਾ ਤੇ ਹੱਦ ਦਾ ਬਿਆਨ ਨਹੀਂ ਹੋ ਸਕਦਾ । ਰਾਜ ਆਸ਼੍ਰਮ ਵਾਲਾ ਇਸ ਲਈ ਕਿਹਾ ਹੈ ਕਿ ਵਾਹਿਗੁਰੂ ਦੇ ਦਰਬਾਰ ਤੇ ਬਾਦਸ਼ਾਹੀ ਜਿੱਡਾ ਨਾ ਕਿਸੇ ਦਾ ਦਰਬਾਰ ਤੇ ਨਾ ਬਾਦ-ਸ਼ਾਹੀ ਹੈ। "ਕੋਊ ਹਰਿ ਸਮਾਨਿ ਨਹੀ ਰਾਜਾ"(੮੫੬) ਦਾ ਭਾਵ ਹੈ। ਅਸੀਂ ਤੇਰੇ ਸੰਤਾਂ ਦੇ ਦਾਸ ਹਾਂ। ਵਾਹਿਗੁਰੂ ਦੀ ਗਤੀ ਅਤੇ ਖੇਡ ਐਸੀ ਅਚਰਜ ਹੈ, ਹਸਦੇ ਜਾਣ ਸੋ ਰੋਂਦੇ ਆਉਣ, ਤੇ ਰੋਂਦੇ ਜਾਣ ਤਾਂ ਹੱਸਦੇ ਆਉਣ। ਵਸਦੇ ਥਾਂ ਉਜੜ ਜਾਣ ਤੇ ਉਜਾੜ ਵਿੱਚ ਵਸੋਂ ਹੋ ਜਾਇ । ਜਿਥੇ ਪਾਣੀ ਹੈ ਉਥੇ ਖ਼ੁਸ਼ਕੀ ਹੋ ਜਾਏ ਅਤੇ ਖ਼ੁਸ਼ਕੀ ਵਾਲੇ ਥਾਂ ਪਾਣੀ ਫਿਰ ਜਾਏ । ਜਿਥੇ ਥਲ ਹਨ ਉਥੇ ਖੂਹ ਬਣ ਜਾਣ ਅਤੇ ਖੂਹਾਂ ਵਾਲੇ ਥਾਂ ਪਹਾੜ ਬਣ ਜਾਣ । ਜੋ ਧਰਤੀ ਤੇ ਨੀਵੇਂ ਹਨ ਉਨ੍ਹਾਂ ਨੂੰ ਉਚਾ ਕਰ ਦੇਵੇਂ, ਤੇ ਜਿਨ੍ਹਾਂ ਦੀ ਗੁੱਡੀ ਅਸਮਾਨ ਚੜ੍ਹੀ ਹੋਈ ਹੈ, ਉਹ ਥਲੇ ਡਿੱਗ ਪੈਣ। ਉਹ ਚਾਹੇ ਤਾਂ ਮੰਗਤੇ ਨੂੰ ਰਾਜ ਬਖ਼ਸ਼ ਦੇਵੇ ਤੇ ਰਾਜਿਆਂ ਨੂੰ ਭੀਖ ਮੰਗਾ ਦੇਵੇ। ਮਹਾਂ ਮੂਰਖਾਂ ਨੂੰ ਪੰਡਤ ਬਣਾ ਦੇਵੇ ਤੇ ਪੰਡਤ ਨੂੰ ਮੂਰਖ । ਉਹ ਇਸਤ੍ਰੀ ਤੋਂ ਪੁਰਖ ਬਣਾ ਦਿੰਦਾ ਹੈ ਤੇ ਮਨੁਖ ਤੋਂ ਇਸਤ੍ਰੀ। ਕਬੀਰ ਜੀ ਕਹਿੰਦੇ ਹਨ ਕਿ ਉਹ ਸੰਤਾਂ ਭਗਤਾਂ ਦਾ ਪਿਆਰਾ ਹੈ, ਅਸੀਂ ਉਸ ਵਾਹਿਗੁਰੂ ਦੇ ਸਰੂਪ ਉਪਰੋਂ ਕੁਰਬਾਨ ਜਾਂਦੇ ਹਾਂ ।

ਜੋ ਕੌਤਕ ਵਾਹਿਗੁਰੂ ਦੀ ਅਚਰਜਤਾ ਦੇ ਇਸ ਸ਼ਬਦ ਵਿਚ ਦਸੇ ਹਨ, ਉਹ ਸੰਸਾਰ ਵਿਚ ਸਦਾ ਵਰਤਦੇ ਹੀ ਰਹਿੰਦੇ ਹਨ। ਸੰਸਾਰ ਵਿਚ ਕੋਈ ਚੀਜ਼, ਕੋਈ ਜੀਵ ਸਦਾ ਇਕੋ ਹਾਲਤ ਵਿਚ ਸਥਿਰ ਨਹੀਂ ਰਹਿੰਦਾ। ਕੰਗਾਲਾਂ ਤੋਂ ਰਾਜੇ ਤੇ ਰਾਜਿਆਂ ਤੋਂ ਕੰਗਾਲ ਹੁੰਦੇ ਨਿਤ ਦੇਖਣ ਵਿਚ ਆਉਂਦੇ ਹਨ। ਇਸੇ ਤਰ੍ਹਾਂ ਹਰ ਇੱਕ ਦੀ ਹਾਲਤ ਬਦਲਦੀ ਰਹਿੰਦੀ ਹੈ। ਇਸ ਕਰਕੇ ਵਾਹਿਗੁਰੂ ਨਾਲ ਪ੍ਰੇਮ ਕਰਨ ਤੇ ਉਸ ਦਾ ਸਿਮਰਨ ਭਜਨ ਹੀ ਸਭ ਤੋਂ ਮੁਖ ਚੀਜ਼ ਹੈ। ਉਸ ਦੇ ਕੀਤੇ ਕੰਮਾਂ ਪੁਰ ਉਟੰਕਣ ਕਰਨ ਦੀ ਲੋੜ ਨਹੀਂ ।

# ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ

ਤੱਤ ਗੁਰਮਤਿ ਤੋਂ ਘੁੱਥੀ ਸਭ ਦੁਨੀਆ ਦ੍ਰਿਸ਼ਟਮਾਨ ਪਦਾਰਥਾਂ ਦੇ ਪਿਛੇ ਹੀ ਧਾਂਵਦੀ ਫਿਰਦੀ ਹੈ । ਇਹ ਕੇਵਲ ਗੁਰੂ ਨਾਨਕ ਸਾਹਿਬ ਦੇ ਦਰਸਾਏ ਅਤੇ ਦ੍ਰਿੜ੍ਹਾਏ ਤੱਤ ਗੁਰਮਤਿ ਨਾਮ ਦੀ ਅਭਿਆਸ ਕਮਾਈ ਨੂੰ ਹੀ ਸਮਰਥਾ ਹੈ ਕਿ ਅਦ੍ਰਿਸ਼ਟ ਵਾਹਿਗੁਰੂ ਦਾ ਪਰਤੱਖ ਦਰਸ਼ਨ ਕਰਾ ਸਕੇ । ਤੱਤ ਪਰਮਾਰਥ ਦੇ ਪਾਂਧੀਆਂ ਨੂੰ ਕੇਵਲ ਗੁਰੂ ਨਾਨਕ ਸਾਹਿਬ ਦੇ ਦਰੇ-ਦੌਲਤ ਦੇ ਉਤੇ ਹੀ ਟੇਕ ਹੈ । ਵਾਹਿਗੁਰੂ ਨਾਲ ਇਕ-ਮਿਕ ਹੋਏ ਗੁਰੂ ਨਾਨਕ ਸਾਹਿਬ ਧੁਰੋਂ, ਵਾਹਿਗੁਰੂ ਦੀ ਦਰਗਾਹੋਂ ਗੁਰਮਤਿ ਨਾਮ-ਮਈ ਸੱਚਾ ਪਦਾਰਥ ਅਸਾਂ ਸੰਸਾਰੀਆਂ ਲਈ ਲੈ ਕੇ ਆਏ, ਜਿਸ ਦੇ ਤੁਫ਼ੈਲ ਪਰਮਾਰਥ ਦੇ ਸੱਚੇ ਪਾਂਧੀਆਂ, ਗੁਰਮਤਿ ਦੇ ਸੱਚੇ ਗਾਹਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਸਦਕੇ ਅਦ੍ਰਿਸ਼ਟ ਵਾਹਿਗੁਰੂ ਦੇ ਤਤ-ਦਰਸ਼ਨ ਨਸੀਬ ਹੋ ਸਕਦੇ ਹਨ । ਵਾਹਿਗੁਰੂ ਆਪ ਅਦ੍ਰਿਸ਼ਟ ਹੈ । ਗੁਰਮਤਿ ਤੋਂ ਭੁਲੀ ਹੋਈ ਲੁਕਾਈ ਦਿਸਣ ਵਾਲੇ ਪਦਾਰਥ ਤੇ ਲੱਟੂ ਹੋਈ ਫਿਰਦੀ ਹੈ । ਸੁਣਿਆ ਸੁਣਾਇਆ ਨਾਮ ਕਦਾਚਿਤ ਫਲੀਭੂਤ ਨਹੀਂ ਹੋ ਸਕਦਾ, ਜਦ ਤਾਈਂ ਕਿ ਗੁਰੂ ਨਾਨਕ ਸਾਹਿਬ ਦੀ ਖ਼ਾਸ ਨਜ਼ਰ ਮਿਹਰ ਨਾ ਹੋ ਜਾਵੇ ।

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
(੪॥੪॥੬) ਗੂਜਰੀ ਮ: ੩, ਪੰਨਾ ੪੯੧

ਦੇ ਮਹਾਂਵਾਕ ਅਨੁਸਾਰ ਕੇਵਲ ਗੁਰੂ ਦਾ ਦਰਸਾਇਆ ਦ੍ਰਿੜ੍ਹਾਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ । "ਸੱਚਾ ਗੁਰੂ" ਵਾਹਿਗੁਰੂ ਦੀ ਦਰਗਾਹੋਂ ਵਰੋਸਾਇਆ ਕੇਵਲ ਗੁਰੂ ਨਾਨਕ ਹੀ ਹੈ । ਵਾਹਿਗੁਰੂ ਅਕਾਲ ਪੁਰਖ ਨੇ ਅਪਾਰ ਕਿਰਪਾ ਕੀਤੀ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਪਹਿਲਾਂ ਆਪਣੇ ਸਰੂਪ ਨਾਲ ਇਕ-ਮਿਕ ਕੀਤਾ । ਫੇਰ ਵਾਹਿਗੁਰੂ ਨਾਲ ਇਕ-ਮਿਕ ਹੋਏ ਗੁਰੂ ਨਾਨਕ ਸਾਹਿਬ ਨੂੰ ਆਪਣੀ ਧੁਰ ਦਰਗਾਹੋਂ ਐਸਾ ਨਾਮ ਬਖ਼ਸ਼ਿਆ, ਜਿਸ ਦੇ ਉਪਰ ਭੀ ਗੁਰੂ ਨਾਨਕ ਸਾਹਿਬ ਜੀ ਦੀ ਨਜ਼ਰ ਮਿਹਰ ਹੋਈ ਓਸੇ ਨੂੰ ਐਸੇ ਗੁਰਮਤਿ ਨਾਮ ਨਾਲ ਸਰਸ਼ਾਰ ਕਰ ਕੇ ਐਸੀ ਕਲਾ ਵਰਤਾਈ ਕਿ ਨਾ-ਦਿਸਣਹਾਰੇ ਅਦ੍ਰਿਸ਼ਟ ਵਾਹਿਗੁਰੂ ਨੂੰ ਗੁਰਮਤਿ ਨਾਮ ਦੇ ਸਿਮਰਨਹਾਰਿਆਂ ਪ੍ਰਤੀ ਪਰਤੱਖ ਕਰ ਦਿੱਤਾ । ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਪ੍ਰਿਥਮ ਤਾਂ ਅਦ੍ਰਿਸ਼ਟ ਵਾਹਿਗੁਰੂ ਨਾਲ ਅਭੇਦ

ਅਤੇ ਇਕ-ਮਿਕ ਹੋਣ ਦੀ ਨਦਰਿ ਮਿਹਰ ਹੋਈ । ਦੂਜੀ ਚੁੰਬਕ-ਕਲਾ ਇਹ ਵਰਤਾਈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਅਤੇ ਦ੍ਰਿੜ੍ਹਾਏ ਗੁਰਮਤਿ ਨਾਮ ਨੂੰ ਹੀ ਅਦ੍ਰਿਸ਼ਟ ਤੋਂ ਪਰਤੱਖ ਦ੍ਰਿਸ਼ਟਮਾਨ ਕਰਨ ਕਰਾਵਨ ਦੀ ਸੱਚੀ ਕੁੰਜੀ ਸੌਂਪਾਈ। ਵਾਹਿ-ਗੁਰੂ ਦੀ ਦਰਗਾਹ ਤੋਂ ਗੁਰੂ ਨਾਨਕ ਸਾਹਿਬ ਐਸੇ ਵਰੋਸਾਏ ਹੋਏ ਆਏ ਕਿ ਜਿਸ ਉਪਰ ਭੀ ਗੁਰੂ ਨਾਨਕ ਸਾਹਿਬ ਦੀ ਮਿਹਰ-ਦ੍ਰਿਸ਼ਟੀ ਹੋਈ ਓਸੇ ਵਡਭਾਗੀ ਗੁਰਮੁਖ ਜਨ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਕਰਨ ਦੀ ਸੱਚੀ ਨਦਰਿ ਹੋਈ । ਗੁਰੂ ਨਾਨਕ ਸਾਹਿਬ ਦੇ ਦਰਸਾਏ ਦ੍ਰਿੜ੍ਹਾਏ ਬਿਹੂਨ ਕਿਸੇ ਭੀ ਪ੍ਰਾਣੀ ਉਤੇ ਇਹ ਨਦਰਿ ਮਿਹਰਾਵੀ ਕਿਰਪਾ ਨਹੀਂ ਹੋ ਸਕਦੀ। ਸੱਚੇ ਗੁਰਮੁਖਿ, ਮੁਖੀ ਗੁਰੂ ਗੁਰੂ ਨਾਨਕ ਸਾਹਿਬ ਆਪ ਖ਼ੁਦ ਹੋਏ। ਵਾਹਿਗੁਰੂ ਨੂੰ ਖ਼ੁਦ ਗੁਰੂ ਧਾਰਨ ਕੀਤਾ। ਫਿਰ ਓਸੇ ਗੁਰੂ ਵਾਹਿਗੁਰੂ ਦੀ ਖ਼ਾਸ ਬਖ਼ਸ਼ਸ਼ ਗੁਰੂ ਨਾਨਕ ਸਾਹਿਬ ਜੀ ਉਪਰ ਇਹ ਹੋਈ ਕਿ ਏਸੇ ਕਲਾ-ਕ੍ਰਿਸ਼ਮੀ ਵਾਹਿਗੁਰੂ ਨਾਮ ਦੀ ਬਖ਼ਸ਼ਸ਼ ਦਵਾਰਾ ਹੀ ਗੁਰਮੁਖਿ ਪਾਤ੍ਰੀ ਜਨਾਂ ਦਾ, ਏਸੇ ਗੁਰਮੁਖਿ ਦੇ ਪਰਤਾਪ ਕਰਕੇ ਭਵ-ਸਾਗਰੋਂ ਪਾਰ ਹੋਣ ਦਾ ਧੁਰਵਾ ਬੱਝਾ। ਜੋ ਗੁਰਮੁਖ ਪ੍ਰਾਣੀ ਗੁਰੂ ਨਾਨਕ ਸਾਹਿਬ ਦਾ ਸੇਵਾ-ਸਰਧਾ-ਭਾਵਨੀ ਕਰਕੇ ਸੱਚਾ ਸਿਖ ਬਣਿਆ, ਕੇਵਲ ਓਸੇ ਵਡਭਾਗੀ ਗੁਰਮੁਖਿ ਜਨ ਉਪਰ ਇਹ ਨਦੱਰਿ ਮਿਹਰ ਹੋਈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਦ੍ਰਿੜ੍ਹਾਏ ਸਿਮਰਨ ਦੇ ਜ਼ਹੂਰ ਪਜ਼ੀਰ ਹੋਣ ਦੇ ਪਰਤਾਪ ਕਰਕੇ ਹੀ ਅਦ੍ਰਿਸ਼ਟ (ਨਾ-ਦ੍ਰਿਸਣਹਾਰੇ ਵਾਹਿਗੁਰੂ ਦੇ ਪਰਤੱਖ ਦਰਸ਼ਨ ਦੀਦਾਰ ਹੋਏ ਅਤੇ ਹੋ ਕੇ ਹੀ ਰਹੇ । ਗੁਰੂ ਨਾਨਕ ਸਾਹਿਬ ਦਵਾਰਾ ਵਾਹਿਗੁਰੂ ਕਿਰਪਾਲ, ਨਦਰੀ ਨਦਰਿ ਨਿਹਾਲ ਨੇ ਐਸੀ ਚਮਤਕਾਰੀ ਖੇਲ਼ ਵਰਤਾਈ ਕਿ 'ਬਿਨੁ ਸਤਿਗੁਰ ਨਾਮੁ ਨ ਜਾਪੈ' ਵਾਲਾ ਮਨਜ਼ੂਰ-ਏ-ਨਜ਼ਰ ਜ਼ਹੂਰ ਐਸਾ ਹੋਇ ਆਇਆ ਕਿ ਜਿਸ ਜਿਸ ਵਡਭਾਗੇ ਗੁਰਮੁਖਿ ਜਨ ਨੇ ਗੁਰੂ ਨਾਨਕ ਸਾਹਿਬ ਜੀ ਦਾ ਦ੍ਰਿੜ੍ਹਾਇਆ ਦਰਸਾਇਆ ਸਿਮਰਨ ਸਿਮਰਿਆ, ਕੇਵਲ ਓਸੇ ਉਪਰ ਹੀ ਕ੍ਰਿਸ਼ਮ-ਕੌਤਕੀ-ਕਲਾ ਵਰਤੀ ਕਿ ਗੁਰੂ ਨਾਨਕ-ਦ੍ਰਿੜ੍ਹਾਇਆ ਨਾਮ ਜਪ ਜਪ ਕੇ ਉਸ ਵਡਭਾਗੇ ਜਨ ਨੇ ਵਾਹਿਗੁਰੂ ਨੂੰ ਪਰਤੱਖ ਕਰ ਲਿਆ । ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਕਿਸੇ ਨੂੰ ਭੀ, ਬੜੇ ਤੋਂ ਬੜੇ ਔਲੀਆ ਅੰਬੀਆ ਨੂੰ ਭੀ ਇਹ ਨਦਰਿ ਮਿਹਰ ਨਹੀਂ ਹੋਈ ਕਿ ਅਦ੍ਰਿਸ਼ਟੋਂ ਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਕਰਾ ਸਕਣ। ਗੁਰੂ ਨਾਨਕ ਸਾਹਿਬ ਦੇ ਦਰਸਾਏ ਦ੍ਰਿੜ੍ਹਾਏ ਗੁਰਮਤਿ ਨਾਮ ਅੰਦਰ ਹੀ ਇਹ ਕ੍ਰਿਸ਼ਮ ਕੌਤਕੀ ਕਲਾ ਹੈ ਕਿ :—

"ਹਰਿ ਜਪਿ ਜਪਿ ਅਉਖਧੁ ਖਾਧਿਆ
ਸਭਿ ਰੋਗ ਗਵਾਤੇ ਦੁਖਾ ਘਾਣਿ ॥੨੨॥

ਸੋਰਠ ਦੀ ਵਾਰ ਮ: ੪, ਪੰਨਾ ੬੫੧

ਵਾਲਾ ਕਉਤਕੀ ਜ਼ਹੂਰ ਪਜ਼ੀਰ ਹੀ ਨਹੀਂ ਹੋਇਆ, ਬਲਕਿ ਉਸ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਪ੍ਰਾਪਤ ਹੋਏ। ਗੁਰੂ ਨਾਨਕ ਸਾਹਿਬ ਵਾਹਿਗੁਰੂ ਦੀ

ਦਰਗਾਹੋਂ ਇਹ ਦੂਹਰਾ ਨਦਰਿ-ਮਿਹਰੰਮਤੀ ਪਰਤਾਪ ਲੈ ਕੇ ਆਏ ਕਿ ਇਕ ਤਾਂ ਗੁਰੂ ਨਾਨਕ ਸਾਹਿਬ ਖ਼ੁਦ ਵਾਹਿਗੁਰੂ ਸੇਤੀ ਸਾਖਸ਼ਾਤ ਅਭੇਦ ਹੋਏ, ਦੂਜੇ ਵਾਹਿਗੁਰੂ ਨੂੰ ਹੀ ਗੁਰੂ ਧਾਰਨ ਕਰ ਕੇ ਵਾਹਿਗੁਰੂ ਪਾਸੋਂ ਹੀ ਇਹ ਗੁਰ-ਮੰਤਰਾਵੀ ਸੱਚੀ ਦਾਤਿ ਇਲਾਹੀ ਪਾਈ। ਦਾਤਿ ਇਲਾਹੀ ਦੁਆਰਾ ਹਰ ਇਕ ਗੁਰ-ਨਦਰਿ-ਪਾਤਰੀ ਗੁਰਮੁਖਿ ਜਨ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਾਏ। ਇਸ ਗੱਲ ਵਿਚ ਰੰਚਕ ਵੀ ਸੰਦੇਹ ਨਹੀਂ ਕਿ ਗੁਰੂ ਨਾਨਕ ਸਾਹਿਬ ਜੀ ਦੇ ਗੁਰ-ਮੰਤਰਾਏ ਸੱਚੇ ਵੇਦਾਂਤੀ ਹਕੀਕਤ ਦਾ ਜੋ ਗੁਰਮੁਖਿ ਜਨ ਨਦਰਿ ਪਾਤਰੀ ਬਣਿਆ, ਤਿਸੇ ਨੂੰ ਜ਼ਰੂਰ-ਬਰ-ਜ਼ਰੂਰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨਾਂ ਦਾ ਜ਼ਹੂਰ ਪ੍ਰਾਪਤ ਹੋਇਆ। ਗੁਰੂ ਨਾਨਕ ਸਾਹਿਬ ਦੀ ਬਾਰਗਾਹਿ-ਇਲਾਹੀ ਤੋਂ ਜਿਸ ਜਨ ਨੇ ਸੱਚ ਗੁਰਮੰਤਰ ਦੀ ਦਾਤਿ ਪਾਈ, ਓਹ ਤਤਕਾਲ ਹੀ ਨਾਮ ਜਪਣ ਲੱਗ ਪਿਆ ਅਤੇ ਨਾਮ ਜਪ ਕੇ ਉਸ ਦੇ ਅੰਦਰੋਂ ਹੀ ਐਸੀ ਤੱਤ ਜੋਤਿ ਜ਼ਹੂਰ ਪਜ਼ੀਰ ਹੋਈ, ਜਿਸ ਜੋਤਿ ਦੇ ਅੰਤਰਗਤੀ ਪਰਗਟ ਹੋਣ ਸਾਰ ਹੀ ਉਸ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਨਿਕਟੀ ਦਰਸ਼ਨ ਹੋਣ ਲਗ ਪਏ ਅਤੇ ਐਸੇ ਹੋਏ ਕਿ ਕਦੇ ਭੀ ਦੂਰ ਹੋਣੇ ਨਾ ਪਾਏ। ਸਦ ਹਜ਼ੂਰੀ, ਜ਼ਾਹਿਰ ਜ਼ਹੂਰੀ ਦਰਸ਼ਨਾਂ ਦੀ ਨਿਕਟੀ ਦਾਤਿ ਗੁਰੂ ਨਾਨਕ ਸਾਹਿਬ ਦੇ ਨਦਰਿ ਪਾਤਰਾਂ ਨੂੰ ਹੀ ਨਸੀਬ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਇਹ ਨਦਰਿ-ਪਾਤਰੀ ਧਰੁਵਾ ਆਪਣੇ ਦਸੋਂ ਗੁਰੂ ਜਾਮਿਆਂ ਅੰਦਰ ਐਸਾ ਵਰਤਾਇਆ ਕਿ :—

ਕਹੁ ਨਾਨਕ ਗੁਰ ਬਿਨੁ ਨਹੀ ਸੂਝੈ
ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥

ਰਾਮਕਲੀ ਮ: ੫ ਛੰਤ, ਪੰਨਾ ੬੨੪

ਵਾਲੀ ਸੱਚੀ ਕਲਾ ਦ੍ਰਿੜ੍ਹਾਏ ਗੁਰ-ਮੰਤਰ ਅੰਦਰ ਹੀ ਇਹ ਚੋਜ-ਵਡਾਣੀ ਕੌਤਕ ਵਰ-ਤਿਆ ਕਿ ਗੁਰੂ ਨਾਨਕ ਸਾਹਿਬ ਦੀ ਨਦਰਿ ਮਿਹਰ ਦੇ ਤੁਫ਼ੈਲ ਨਾਮ ਜਪਣ ਵਿਚ ਐਸੀ ਕਲਾ ਜ਼ਹੂਰ ਪਜ਼ੀਰ ਹੋਈ ਕਿ ਨਾ-ਦਿਸਣਹਾਰ ਅਦ੍ਰਿਸ਼ਟ ਵਾਹਿਗੁਰੂ ਅੰਦਰੋਂ ਗੁਪਤੋਂ ਹੀ ਜ਼ਹੂਰ ਪਜ਼ੀਰ ਹੋ ਗਏ ਅਤੇ ਪਰਗਟ ਪਹਾਰੇ ਜਾਪਣ ਲਗੇ। ਇਹ ਕਲਾ-ਕੌਤਕ ਕੇਵਲ ਗੁਰੂ ਨਾਨਕ ਸਾਹਿਬ ਦੇ ਗੁਰੂ ਜੋਤਿ ਜਾਮਿਆਂ ਅੰਦਰ ਹੀ ਪਰਗਟ ਹੋ ਕੇ ਵਰਤਿਆ। ਗੁਰੂ ਨਾਨਕ ਸਾਹਿਬ ਦਾ ਦਰਸਾਇਆ ਦ੍ਰਿੜ੍ਹਾਇਆ ਨਾਮ ਹੀ ਅਦ੍ਰਿਸ਼ਟ ਵਾਹਿਗੁਰੂ ਜੀ ਦੇ ਦ੍ਰਿਸ਼ਟਮਾਨ ਕਰਨ ਲਈ ਫਲੀਭੂਤ ਹੋਇਆ। ਐਸਾ ਹੋਇਆ ਕਿ ਗੁਰੂ ਵਾਹਿਗੁਰੂ ਦੀ ਜੋਤਿ ਅੰਦਰੋਂ ਹੀ ਪ੍ਰਜਵਲਤ ਹੋ ਗਈ ਅਤੇ ਨਾ ਦੀਸਣਹਾਰਾ ਵਾਹਿਗੁਰੂ ਪਰਤੱਖ ਨਦਰੀ ਆਵਣ ਲੱਗਾ। ਇਸੇ ਪਰਤੱਖਤਾ ਦੇ ਪਰਤਾਪ ਕਰਕੇ ਗੁਰੂ ਨਾਨਕ ਸਾਹਿਬ ਸੱਚਾ ਨਦਰਿ ਪ੍ਰਤਾਪੀ ਗੁਰੂ ਅਵਤਾਰ ਸਦਾਵੰਦਾ ਹੈ।

ਗੁਰੂ ਨਾਨਕ ਸਾਹਿਬ ਦੀ ਅਸਾਂ ਕਲਜੁਗੀ ਜੀਵਾਂ ਉਤੇ ਅਪਾਰ ਨਦਰ ਮਿਹਰ ਹੋਈ ਕਿ ਧੁਰ ਵਾਹਿਗੁਰੂ ਦੀ ਦਰਗਾਹੋਂ 'ਵਾਹਿਗੁਰੂ' ਸਰੂਪ ਗੁਰਮੰਤਰ ਲਿਆਂਦਾ,

ਜਿਸ ਦੇ ਬਿਹੂਣ ਸਾਰਾ ਜਗਤ ਸੰਸਾਰ ਬਉਰਾਨਾ (ਕਮਲਾ) ਹੋਇਆ ਪਇਆ ਸੀ, ਹੁਣ ਭੀ ਬਉਰਾਨਾ ਹੀ ਹੈ, ਜੈਸੇ ਕਿ ਗੁਰਵਾਕ ਦਾ ਭਾਵ ਹੈ "ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥"* ਧੰਨ ਗੁਰੂ ਨਾਨਕ ਸਾਹਿਬ, ਜਿਨ੍ਹਾਂ ਦੇ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਵਾਹਿਗੁਰੂ ਸਰੂਪ ਗੁਰਮੰਤਰ ਗੁਰ-ਸ਼ਬਦ ਲਿਆਉਣ ਕਰਕੇ, ਇਸੇ ਗੁਰ-ਸ਼ਬਦ ਦੇ ਪਰਤਾਪ ਕਰਕੇ ਅਤੇ ਗੁਰੂ ਨਾਨਕ ਸਾਹਿਬ ਦੀਆਂ ਨਦਰਿ ਮਿਹਰਾਂ ਦੇ ਸਦਕੇ, ਸ਼ਬਦ ਅਭਿਆਸ ਕਮਾਈਆਂ ਦੀ ਬਰਕਤ ਨਾਲ, "ਅਦ੍ਰਿਸ਼ਟ ਵਾਹਿਗੁਰੂ" ਕਮਾਈਆਂ ਕਰਨਹਾਰੇ ਗੁਰਸਿੱਖਾਂ ਦੇ ਘਟਿ ਅੰਤਰ ਹੀ ਜੋਤਿ ਪਰਜੁਲਤੀ ਹੋ ਕੇ ਪਰਤੱਖ ਪਰਕਾਸ਼ਮਾਨ ਹੋ ਜਾਂਦਾ ਹੈ, ਜੈਸੇ ਕਿ ਇਸ ਅਗਲੇਰੇ ਗੁਰਵਾਕ ਦੀ ਪੰਗਤੀ ਦਾ ਭਾਵ ਹੈ—

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥

ਰਾਮਕਲੀ ਮ: ੩, ਪੰਨਾ ੯੧੦

ਭਾਵ ਗੁਰੂ ਨਾਨਕ ਸਾਹਿਬ ਦੇ ਬਖਸ਼ੇ ਹੋਏ ਗੁਰਮੰਤਰ ਦੇ ਤੁਫ਼ੈਲ ਵਾਹਿਗੁਰੂ-ਦਰਸ਼ਨਾਂ ਦੇ ਖੋਜੀ ਗੁਰਮੁਖ ਜਗਿਆਸੂ ਨੇ ਇਸ ਦੇਹ ਰੂਪੀ ਨਗਰੀ (ਘਟਿ) ਅੰਦਰ ਹੀ ਜੋਤਿ ਸਰੂਪੀ ਵਾਹਿਗੁਰੂ ਨੂੰ ਅਭਿਆਸ ਸ਼ਕਤੀ ਨਾਲ ਖੋਜ ਕੇ ਲਭ ਲੈਣਾ ਹੈ, ਗੁਰ ਸ਼ਬਦ ਦੀਆਂ ਅਭਿਆਸ ਕਮਾਈਆਂ ਕਰਦੇ ਕਰਦੇ ਘਟਿ ਅੰਦਰੋਂ ਹੀ ਜੋਤਿ-ਪਰਕਾਸ਼ੀ-ਨਾਮ-ਨਵਨਿਧੀ ਪਰਕਾਸ਼ ਕਰ ਲੈਣੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਬਖਸ਼ੇ ਹੋਏ ਸ਼ਬਦ ਗੁਰ-ਮੰਤਰ ਦੇ ਪਰਤਾਪ ਨਾਲ ਨਦਰਿ-ਕਮਾਈਆਂ ਕਰਦੇ ਕਰਦੇ ਜੋ ਘਟਿ ਅੰਦਰ ਹੀ ਜੋਤਿ ਪਰਕਾਸ਼ ਹੋ ਜਾਣੀ ਹੈ ਉਹ ਨਾਮ ਰੂਪੀ ਅਜਿਹਾ ਜੋਤਿ-ਪ੍ਰਜੁਲਤੀ ਦੀਪਕ ਪਰਕਾਸ਼ਤ ਹੋ ਜਾਣਾ ਹੈ ਜਿਸ ਦੇ ਤੁਲ ਸੰਸਾਰਕ ਨਵਿ ਨਿਧੀਆਂ ਸਿਧੀਆਂ ਸਭ ਮਾਤ ਹਨ। ਗੁਰਸਿਖੀ ਗੁਰਮੁਖੀ ਲਈ ਇਹੋ ਜੋਤਿ ਪ੍ਰਜੁਲਤੀ ਪਰਕਾਸ਼ਤ ਹੋਇਆ ਨਾਮ ਹੀ ਸੱਚੀ ਨਵ-ਨਿਧੀ ਹੈ। ਇਸ ਸਦ ਨਵ-ਨਿਧਾਨ ਰੂਪੀ ਨਿਧੀ ਨੇ ਅਦ੍ਰਿਸ਼ਟ-ਵਾਹਿਗੁਰੂ-ਦਰਸ਼ਨ-ਖੋਜੀਆਂ ਨੂੰ ਲੱਟੂ ਕਰੀ ਰਖਣਾ ਹੈ। ਇਸੀ ਨਵ-ਨਵੇਲੜੀ ਅਤੇ ਸਹਿਜ ਸੁਹੇਲੜੀ ਸਦ ਸ਼ਗੁਫ਼ਤਣੀ ਨਾਮ-ਨਿਰਬਾਣ ਮਈ ਸੱਚੀ ਨਿਧੀ ਦੇ ਪਰਤਾਪ ਨਾਲ, ਜੋ ਖੋਜੀ ਗੁਰਮੁਖ ਜਨਾਂ ਨੇ ਘਟਿ ਅਤਰ ਹੀ ਪਾਇ ਰਖੀ ਹੈ, ਹੋਰ ਦ੍ਰਿਸ਼ਟਮਾਨ ਦੁਬਿਧਾ ਮਈ ਕੂੜਾਵੀ ਆਸਾ ਮਨਸਾ ਰੂਪੀ ਦੁਰਮਤਿ ਨੂੰ ਉੱਕਾ ਹੀ ਮਿਟਾਇ ਦੇਣਾ ਹੈ ਅਤੇ ਇਸ ਨੂੰ ਮਿਟਾਇ ਕੇ ਗੁਰਮੁਖ ਖੋਜੀਆਂ ਦਾ ਮਨ ਸਦਾ ਸਹਿਜ ਲਿਵਤਾਰ ਵਿਖੇ ਹੀ ਜੁੜੇ ਰਹਿਣਾ ਹੈ। ਇਸ ਸਹਿਜ ਲਿਵਤਾਰੀ ਗੁਰਮਤਿ ਅਭਿਆਸ ਵਿਖੇ ਮਜਜ਼ੂਬ (ਲੀਨ) ਹੋ ਕੇ ਰਸਨਾ ਦੁਆਰਾ ਸ਼ਬਦ ਗੁਰਮੰਤਰ ਉਚਾਰਨ ਦੀ ਲੋੜ ਨਹੀਂ ਰਹਿਣੀ। ਸੱਚੀ ਸਿਫ਼ਤ ਸਲਾਹ ਅੰਤਰਗਤੀ ਸੁਤੇ ਸੁਭਾਵ ਹੀ ਵਾਹਿਗੁਰੂ-ਮਿਲਾਪ ਵਿਚ ਹੀ ਹੁੰਦੀ ਰਹਿਣੀ ਹੈ। ਯਥਾ ਗੁਰਵਾਕ ਦੀ

*ਸੋਰਠਿ ਮ: ੧ ਅਸਟ, ਅੰਕ ੮, ਪੰਨਾ ੬੩੫

ਅਗਲੀ ਪੰਗਤੀ—

ਮਨਸਾ ਮਾਰਿ ਮਨੁ ਸਹਜਿ ਸਮਾਨਾ ਬਿਨੁ ਰਸਨਾ ਉਸਤਤਿ ਕਰਾਈ ।੨੩।

ਇਸ ਲਿਵਤਾਰੀ ਵਾਹਿਗੁਰੂ-ਮਿਲਾਪ-ਸਹਿਜ-ਬਿਵਸਥਾ ਵਿਖੇ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਿਆਂ ਦੇ ਲੋਇਣ ਇਕ-ਟਕ ਬਿਸਮਾਦੀ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਨਹਾਰੇ ਹੀ ਹੋ ਜਾਂਦੇ ਹਨ । ਇਥੇ ਪੁਜ ਕੇ ਉਨ੍ਹਾਂ ਦੀ ਚਿਤ ਬਿਰਤੀ ਸਹਿਜ ਸੁਰਤੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਵਿਚ ਹੀ ਲੱਗੀ ਰਹਿੰਦੀ ਹੈ, ਇਕ ਖਿਨ ਭੀ ਲਾਂਭੇ ਨਹੀਂ ਹੁੰਦੀ, ਯਥਾ ਅਗਲੇਰੀ ਪੰਗਤੀ—

ਲੋਇਣ ਦੇਖ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥

ਇਹ ਅਦ੍ਰਿਸ਼ਟ ਵਾਹਿਗੁਰੂ ਆਪਣੀ ਹਮਾ ਮਉਸੂਫ (ਅਨੂਪਮ) ਸਿਫਤਾਂ ਦੁਆਰਾ ਸਦਾ ਨਿਰਾਲਮ ਹੀ ਰਹਿੰਦਾ ਹੈ । ਜੋਤਿ-ਸ਼ਗੁਫਤੀਏ (ਵਿਗਾਸੀ) ਗੁਰਮੁਖ ਖੋਜੀ ਜਨ ਦੀ ਬਿਰਤੀ ਜੋਤਿ ਸਰੂਪੀ ਵਾਹਿਗੁਰੂ ਵਿਚ ਹੀ ਸਮਾਈ ਰਹਿੰਦੀ ਹੈ। ਯਥਾ :—

ਅਦਿਸਟ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥

ਇਹ ਸਾਰਾ ਪਰਤਾਪ ਗੁਰੂ ਨਾਨਕ ਸਾਹਿਬ ਦੀ ਬਖਸ਼ੀ ਹੋਈ ਗੁਰਮਤਿ ਸਿਫਤ-ਸਲਾਹ ਦਾ ਹੀ ਸਦਕਾ ਹੈ । ਐਸੇ ਵਾਹਿਗੁਰੂ ਸਰੂਪ ਗੁਰ-ਸ਼ਬਦ ਦੀ ਸਿਫ਼ਤ ਸਲਾਹ, ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਾ ਖੋਜੀ ਜਨ ਸਦਾ ਹੀ ਕਰਦਾ ਰਹਿੰਦਾ ਹੈ। ਕਰੇ ਭੀ ਕਿਉਂ ਨਾ, ਉਸ ਨੂੰ ਸਰਦਾ ਹੀ ਨਹੀਂ ਇਸ ਸਿਫਤ ਸਲਾਹੀ ਲਿਵਤਾਰ ਬਿਹੂਣ । ਯਥਾ—

ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥

ਇਹ ਸਾਚੀ ਬੂਝ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਗੁਰੂ ਨਾਨਕ ਸਾਹਿਬ ਦੇ ਦ੍ਰਿੜ੍ਹਾਏ ਦਰਸਾਏ ਗੁਰ-ਸ਼ਬਦ ਮੰਤ੍ਰ ਦੁਆਰਾ ਹੀ ਬੁਝੀ ਜਾਂਦੀ ਹੈ । ਇਹ ਸਾਰੀ ਗਤਿ ਕਲਿਆਣ-ਮਈ ਸਚੀ ਵਾਹਿਗੁਰੂ-ਦਰਸ਼ਨਾਂ ਦੀ ਪ੍ਰਾਪਤੀ ਵਾਲੀ ਪਤਿ-ਪ੍ਰਤਿਸ਼ਟਾ ਗੁਰ ਨਾਨਕ ਸਾਹਿਬ ਦੇ ਦਰਸਾਏ ਗੁਰਸ਼ਬਦ ਮੰਤਰ ਦੁਆਰਾ ਹੀ ਪ੍ਰਾਪਤਿ ਹੁੰਦੀ ਹੈ, ਜਿਸ ਕਰਕੇ ਇਸ ਸਿਫ਼ਤ ਸਲਾਹ ਰੂਪੀ ਸੱਚੀ ਅਰਦਾਸ ਬੇਨਤੀ ਨੂੰ ਵਾਹਿਗੁਰੂ ਦਰਸ਼ਨਾਂ ਨੂੰ ਪ੍ਰਾਪਤ ਹੋਇਆ ਹੋਇਆ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖ ਜਨ ਛਡ ਹੀ ਨਹੀਂ ਸਕਦਾ । ਜੈਸਾ ਕਿ ਅਗਲੀ ਗੁਰ-ਪੰਗਤੀ ਦਾ ਭਾਵ ਹੈ। ਯਥਾ :—

ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥

ਰਾਮਕਲੀ ਮਹਲਾ ੩, ਪੰਨਾ ੯੧੦

ਏਸੇ ਇਕੋ ਸਿਫ਼ਤ ਸਲਾਹ ਮਈ ਅਰਦਾਸ ਬੇਨਤੀ ਰਟੀ ਜਾਣ ਵਿਚ ਹੀ ਗੁਰ ਨਾਨਕ ਸਾਹਿਬ ਦੇ ਦਰੋਂ ਘਰੋਂ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖ, ਸਿਫ਼ਤ-ਸਲਾਹੀ-ਜਨ ਜੁਟਿਆ ਹੀ ਰਹਿੰਦਾ ਹੈ ।

ਇਸ ਉਪਰ ਲਿਖੇ ਗੁਰਮਤਿ ਭਾਵ ਤੋਂ ਇਹ ਸਿਧ ਹੋਇਆ ਕਿ ਕੇਵਲ ਗੁਰ ਨਾਨਕ ਸਾਹਿਬ ਜੀ ਦੁਆਰਾ ਦ੍ਰਿੜ੍ਹਾਈ ਦਰਸਾਈ ਗੁਰ-ਸ਼ਬਦ ਦੀ ਅਭਿਆਸ ਕਮਾਈ ਹੀ ਫਲੀਭੂਤ ਹੁੰਦੀ ਹੈ। ਅਜਿਹੇ ਗੁਰੂ ਨਾਨਕ ਸਾਹਿਬ ਜੀ ਦੇ ਦਰੋਂ ਘਰੋਂ ਵਰਸਾਏ ਹੋਏ ਗੁਰਮੁਖ ਜਨ ਕਦੇ ਭੀ ਹੋਰਸ ਦ੍ਰਿਸ਼ਟਮਾਨ ਪਦਾਰਥਾਂ ਵਿਚ ਲਿਪਾਏਮਾਨ ਨਹੀਂ ਹੁੰਦੇ, ਬਲਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦੀ ਲਿਪਾਏਮਾਨ ਤੋਂ ਸਦਾ ਅਪਰੰਪਰ ਰਹਿੰਦੇ ਹਨ ।

ਗੁਰੂ ਨਾਨਕ ਸਾਹਿਬ ਦੀ ਨਦਰ ਦ੍ਰਿਸ਼ਟੀ ਤੋਂ ਘੁਥੇ ਸਾਰੇ ਸੰਸਾਰੀ ਜੀਵ ਦ੍ਰਿਸ਼ਟਮਾਨ ਦੀ ਪੂਜਾ ਵਿਚ ਲਗੇ ਰਹਿੰਦੇ ਹਨ, ਜਿਸ ਤੋਂ ਕਖ ਵੀ ਪ੍ਰਾਪਤ ਨਹੀਂ ਹੁੰਦਾ। ਜਿਤਨੇ ਭੀ ਆਨਮਤੀ ਸਿਧ ਸਾਧਕ ਤਪਸੀ ਮੁਨੀ ਜੋਗੀ ਹੋਏ ਹਨ, ਸਾਰੇ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਵਿਚ ਹੀ ਭਰਮਦੇ ਰਹੇ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਜੀ ਦੇ ਦਰ ਘਰ ਤੋਂ ਵਰੋਸਾਏ ਹੋਏ ਗੁਰਮੁਖ ਜਨ ਹੀ ਹਨ ਜੋ ਇਸ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਮਈ ਰਹਿਤ ਰਹਿਣੀ ਤੋਂ ਨਿਰਾਲੇ ਅਤੇ ਨਿਰਾਲਮ ਹੀ ਰਹਿੰਦੇ ਹਨ, ਜੈਸੇ ਕਿ ਅਗਲੇ ਗੁਰਵਾਕ ਪੰਗਤੀ ਦਾ ਭਾਵ ਹੈ—

ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ...॥੧॥

ਰਾਮਕਲੀ ਮ: ੫, ਪੰਨਾ ੯੮੩

ਇਹ ਕੇਵਲ ਗੁਰ ਨਾਨਕ ਰੂਪੀ ਸੱਚੇ ਸਤਿਗੁਰੂ ਦੇ ਅੰਮ੍ਰਿਤ-ਭਰਪੂਰ-ਲੀਨੇ ਖ਼ਜ਼ਾਨੇ (ਭੰਡਾਰ) ਨੂੰ ਹੀ ਤੌਫ਼ੀਕ ਹੈ ਕਿ ਇਸ ਦੇ ਜ਼ਰੀਏ ਜਗਿਆਸੂ ਜਨ ਅਦ੍ਰਿਸ਼ਟ ਵਾਹਿਗੁਰੂ ਦੇ ਸੱਚੇ ਦਰਸ਼ਨਾਂ ਦਾ ਅਧਿਕਾਰੀ ਅਤੇ ਪੁਜਾਰੀ ਬਣਦਾ ਹੈ। ਗੁਰ ਨਾਨਕ ਸੱਚੇ ਪਾਤਸ਼ਾਹ ਦੇ ਅੰਮ੍ਰਿਤ-ਭਰਪੂਰੀ ਖ਼ਜ਼ਾਨੇ ਦੀ ਹੀ ਸਚੀ ਵਡਿਆਈ ਹੈ ਕਿ ਦ੍ਰਿਸ਼ਟਮਾਨ ਤ੍ਰੈਗੁਣੀ ਪਦਾਰਥਾਂ ਦੀ ਪੂਜਾ ਨੂੰ ਛਡ ਕੇ ਗੁਰਮੁਖਿ ਖੋਜੀ ਜਨ ਉਸ ਅੰਮ੍ਰਿਤ ਮਈ ਸੰਪੂਰਨ ਖ਼ਜ਼ਾਨੇ ਦਾ ਮਾਲਕ ਬਣ ਜਾਂਦਾ ਹੈ, ਜੋ ਉਸ ਨੂੰ ਸੱਚੇ ਅਦ੍ਰਿਸ਼ਟ ਪ੍ਰਮਾਰਥੀ ਪਦਾਰਥ ਦਾ ਸੱਚਾ ਉਪਾਸ਼ਕ ਅਤੇ ਆਸ਼ਕ ਬਣਾ ਦੇਂਦਾ ਹੈ। ਜੈਸਾ ਕਿ ਅਗਲੀ ਗੁਰਪੰਗਤੀ ਦਾ ਭਾਵ ਹੈ, ਯਥਾ:—

ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥

ਰਾਮਕਲੀ ਮਹਲਾ ੫, ਪੰਨਾ ੯੮੩

ਇਸ ਗੱਲ ਵਿਚ ਰੰਚਕ ਭੀ ਸੰਦੇਹ ਨਹੀਂ ਕਿ ਜੁਗੋ ਜੁਗ ਅਟੱਲ ਗੁਰੂ ਨਾਨਕ ਸਾਹਿਬ ਹੀ ਹਨ ਤੇ ਇਹੋ ਸੱਚੇ ਸਤਿਗੁਰੂ, ਗੁਰੂ ਨਾਨਕ ਦੇਵ ਹੀ ਸੱਚੇ ਅੰਮ੍ਰਿਤ-ਭਰਪੂਰ-ਲੀਣੇ ਜੋਤਿ ਜੜੰਨੀ ਖ਼ਜ਼ਾਨੇ ਦੇ ਮਾਲਕ ਹਨ। ਨਿਰੰਕਾਰ ਦੇ ਰਾਹੀਂ ਹੀ ਸੱਚੇ ਅਦ੍ਰਿਸ਼ਟ ਖ਼ਜ਼ਾਨੇ ਦੇ ਖੋਜੀ ਗੁਰਮੁਖਿ ਜਨ ਨੂੰ ਇਸ ਦੀ ਪ੍ਰਾਪਤੀ ਦਾ ਸੁਭਾਗ ਮਿਲਦਾ ਹੈ। ਗੁਰ ਨਾਨਕ ਸਾਹਿਬ ਜੀ ਦੇ ਪਾਏ ਪੂਰਨਿਆਂ ਉਤੇ ਚਲ ਕੇ ਜਿਸ ਗੁਰਮੁਖ ਜਨ ਨੂੰ ਇਸ ਸੱਚੇ ਨੌਨਿਧੀ ਖ਼ਜ਼ਾਨੇ ਦੀ ਸੱਚੀ ਮਿਲਖ ਲਭੀ ਹੈ, ਉਹ ਵਡਭਾਗਾ ਜਨ ਇਸ ਅਦ੍ਰਿਸ਼ਟ

ਪਦਾਰਥ ਨੂੰ ਲਭਣ ਸਾਰ ਹੀ ਅਚਰਜ ਬਿਸਮਾਦ ਦਸ਼ਾ ਵਿਚ ਲੀਨ ਹੋ ਗਿਆ ਹੈ। ਇਸ ਅਚਰਜਤਾ ਅਤੇ ਜੋਤਿ-ਰੰਗੀ-ਬਿਸਮਾਦਤਾ ਦੀ ਮਹਿਮਾ ਕੁਝ ਵਰਨੀ ਨਹੀਂ ਜਾ ਸਕਦੀ, ਕਿਉਂਕਿ ਇਹ ਅਤਿ ਅਗੋਚਰ ਵਸਤੂ ਦੀ ਮਹਿਮਾ ਹੈ, ਜੈਸਾ ਕਿ ਹੇਠ ਲਿਖੇ ਇਸ ਗੁਰਵਾਕ ਅਗਲੇਰੇ ਪੰਗਤੇ ਦਾ ਭਾਵ ਹੈ, ਯਥਾ :—

ਅਚਰਜੁ ਕਿਛੁ ਕਹਣੁ ਨ ਜਾਈ ॥
ਬਸਤੁ ਅਗੋਚਰ ਭਾਈ ॥੧॥ਰਹਾਉ॥(੪॥੪)

ਰਾਮਕਲੀ ਮ: ੫, ਪੰਨਾ ੮੮੩

ਇਸ ਸੱਚੇ ਪਰਮਾਰਥੀ ਅਦ੍ਰਿਸ਼ਟ ਪਦਾਰਥ ਦੇ ਪਾਵਣ ਦੀ ਕੁੰਜੀ ਧੁਰ ਦਰਗਾਹੋਂ ਕੇਵਲ ਗੁਰ ਨਾਨਕ ਸਾਹਿਬ ਨੂੰ ਬਖ਼ਸ਼ੀ ਹੋਈ ਹੈ।

ਇਹ ਗੁਰਮਤਿ ਦਾ ਅਟੱਲ ਨਿਯਮ ਹੈ ਕਿ ਸਤਿਗੁਰੂ, ਸੱਚਾ ਸਤਿਗੁਰੂ, ਕੇਵਲ ਗੁਰੂ ਨਾਨਕ ਸਾਹਿਬ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਯਥਾ—

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

ਆਸਾ ਮ: ੩ ਪਟੀ, ਪੰਨਾ ੪੩੫

ਸਤਿਗੁਰ ਨਾਨਕ ਸਾਹਿਬ ਦੇ ਦਰ ਘਰ ਤੋਂ ਹੀ ਕੇਵਲ ਗੁਰਦੀਖਿਆ ਮਈ ਗੁਰਮੰਤਰ ਮਿਲਦਾ ਹੈ। ਜਿਸ ਨੂੰ ਇਹ ਗੁਰ-ਮੰਤਰ ਪ੍ਰਾਪਤ ਨਹੀਂ, ਉਹ ਨਿਗੁਰਾ ਹੈ। ਤਾਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਇਕੋ ਗੁਰੂ ਗ੍ਰੰਥ ਸਾਹਿਬ ਹੀ ਸੱਚੇ ਗੁਰੂ ਹਨ। ਹੋਰ ਸਭ ਕੂੜਾਵੇ ਗੁਰੂ ਬਣੇ ਫਿਰਦੇ ਹਨ ਤੇ ਨਾਮਹੀਣ ਨਕਟ-ਪੰਥੀਏ ਗੁਰੂ ਹਨ। ਇਕੋ ਸੱਚਾ ਗੁਰੂ ਹੈ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਹੈ, ਜਿਨ੍ਹਾਂ ਨੂੰ ਧੁਰ ਦਰਗਾਹੋਂ ਗੁਰਿਆਈ ਦਾ ਸੱਚਾ ਪਦ ਪ੍ਰਾਪਤ ਹੋਇਆ ਅਤੇ ਇਸ ਗੁਰ ਪ੍ਰਮਾਣ ਅਨੁਸਾਰ :—

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥੨॥੧੦॥

ਵਾਰ ਸੋਰਠ ਮ: ੪, ਸਲੋਕ ਮ: ੩, ਪੰਨਾ ੬੪੬

ਇਕ ਸਮੇਂ ਪ੍ਰਯੰਤ ਇਕ ਗੁਰੂ ਹੀ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਪਿਛੋਂ ਗੁਰੂ ਅੰਗਦ ਸਾਹਿਬ ਤੇ ਪਿਛੋਂ ਸ੍ਰੀ ਗੁਰੂ ਅਮਰਦਾਸ ਸਾਹਿਬ ਹੋਇ ਤੇ ਧੁਰ ਨਦਰਿ ਕਰੰਮੀ ਬਖ਼ਸ਼ਸ਼ ਅਨੁਸਾਰ ਸੱਚੇ ਸਤਿਗੁਰੂ ਸਥਾਪਤ ਹੋਇ। ਏਸੇ ਪਰਕਾਰ ਜੋਤਿ ਨਦਰਾਵੀ ਦਿਬਿ ਦੇਹੀ ਅੰਦਰ ਗੁਰੂ ਦਸਮੇ ਜਾਮੇ ਪ੍ਰਯੰਤ ਇਕੋ ਸੱਚੇ ਸਤਿਗੁਰੂ ਹੀ ਅਸਥਾਪਤ ਹੋਂਦੇ ਰਹੇ। ਗੁਰੂ ਦਸਵੇਂ ਪਾਤਸ਼ਾਹ ਨੇ ਇਹ ਵੀਚਾਰ ਕੇ ਕਿ ਅਗਾਂਹ ਨੂੰ ਘਰ ਘਰ ਵਿਖੇ ਹਰੇਕ ਪੰਥ ਅੰਦਰ ਕੂੜਾਵੇ ਗੁਰੂ ਡਿੰਭੀ ਉਤਪਤ ਹੁੰਦੇ ਰਹਿਣਗੇ, ਦੇਹਧਾਰੀ ਗੁਰੂ ਦਾ ਸਿਲਸਿਲਾ ਹੀ ਮੁਕਾ ਦਿਤਾ। ਪਰੰਤੂ ਇਕਾ ਸ਼ਬਦ-ਗੁਰੂ ਗੁਰਮਤਿ

ਨਾਮ ਗੁਰਮੰਤਰ ਨੂੰ, ਵਾਹਿਦ ਸਤਿਗੁਰੂ ਦਾ ਸਰੂਪ ਜਣਾਇ ਕੇ, ਗੁਰਬਾਣੀ ਦੇ ਸਮੂਹ ਅਤੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰਮੰਤਰ-ਸ਼ਬਦ-ਗੁਰੂ ਦੇ ਅਭਿਆਸੀ ਜਨ ਪੰਜ ਪਿਆਰਿਆਂ ਨੂੰ ਜੁਗੋ ਜੁਗੋ ਅਟੱਲਤਾ ਬਖ਼ਸ਼ੀ। ਦੇਹਧਾਰੀ ਗੁਰੂ-ਡਮ ਦਾ ਸਿਲਸਿਲਾ ਉਕਾ ਹੀ ਖ਼ਤਮ ਕਰ ਦਿਤਾ। ਦਸਾਂ ਗੁਰੂ ਜਾਮਿਆਂ ਤੋਂ ਉਪਰੰਤ ਹੁਣ ਤੀਕ ਜੋ ਜੋ ਭੀ ਡਿੰਭੀ ਗੁਰੂ ਹੁੰਦੇ ਰਹੇ, ਉਹ ਕੂੜਾਵੇ ਹੀ ਗੁਰੂ ਹਨ, ਸੱਚੇ ਸਤਿਗੁਰੂ ਨਹੀਂ ਕਹਾ ਸਕਦੇ। ਉਨ੍ਹਾਂ ਵਿਚੋਂ ਤਾਂ ਬਹੁਤ ਸਾਰੇ ਐਸੇ ਹਨ ਜੋ ਉੱਕੇ ਹੀ ਗੁਰਮੰਤਰ ਹੀਣਸ ਹਨ। ਗੁਰਮਤਿ ਨਾਮ ਗੁਰਮੰਤਰ ਰੂਪੀ ਸੱਚਾ ਸਉਦਾ ਕੇਵਲ ਸੱਚੇ ਸਤਿਗੁਰੂ ਰੂਪੀ ਹੱਟ ਤੋਂ ਹੀ ਮਿਲ ਸਕਦਾ ਹੈ। ਗੁਰੂ ਨਾਨਕ ਸਾਹਿਬ ਸੱਚੇ ਦੀ ਗੁਰਮੰਤਰਾਵੀ ਹੱਟ ਉਪਰ ਇਸ ਸੱਚੇ ਸਉਦੇ ਦੇ ਰਤਨ-ਭੰਡਾਰ ਭਰੇ ਪਏ ਹਨ। ਸਤਿਗੁਰੂ ਭੰਡਾਰੀ ਸੱਚੀ-ਸਤਿਗੁਰ-ਹੱਟ ਤੋਂ ਵਾਂਜੇ ਹੋਏ ਅਨੇਕਾਂ ਗੁਰਮਤਿ-ਹੀਣੇ ਮੀਣੇ ਗੁਰੂ ਬਥੇਰੇ ਭਟਕਦੇ ਰਹੇ ਹਨ ਅਤੇ ਭਟਕਣਗੇ, ਪਰ ਉਨ੍ਹਾਂ ਤੋਂ ਕਾਜ ਕੁਛ ਨਹੀਂ ਸਰੇਗਾ।

ਸੱਚੇ ਸਤਿਗੁਰੂ ਨੂੰ ਹੀ ਧੁਰ ਵਾਹਿਗੁਰੂ ਦੀ ਦਰਗਾਹ ਤੋਂ ਸੱਚੀ ਗੁਰਮੰਤਰਾਵੀ ਦਾਤਿ ਮਿਲੀ ਹੈ। ਸੱਚੇ ਸਤਿਗੁਰੂ ਦੇ ਦ੍ਰਿੜ੍ਹਾਏ ਗੁਰਮੰਤਰ ਗੁਰਮਤਿ ਨਾਮ ਹੀ ਅਦ੍ਰਿਸ਼ਟ ਵਾਹਿਗੁਰੂ ਨੂੰ ਗੁਪਤੋਂ ਪ੍ਰਗਟ ਕਰਨ ਲਈ ਸਮਰਥ ਹੋਣਗੇ। ਸੱਚੇ ਸਤਿਗੁਰੂ ਦਾ ਦ੍ਰਿੜ੍ਹਾਇਆ ਹੋਇਆ ਗੁਰਮਤਿ ਨਾਮ ਰੂਪੀ ਅਧਿਆਤਮੀ ਕਰਮ, ਅਰਥਾਤ ਗੁਰਮਤਿ ਨਾਮ ਅਭਿਆਸ ਕਰਕੇ ਜੋ ਜਨ ਦਿਨ ਰਾਤ ਦੀਆਂ ਅਭਿਆਸ ਕਮਾਈਆਂ ਕਰਿ ਕਰਿ ਸੰਤੁਸ਼ਟ ਹੋਇਗਾ, ਸੋਈ ਵਡਭਾਗਾ ਜਨ ਇਸ ਦ੍ਰਿਸ਼ਟਮਾਨ ਸਾਰੇ ਪਸਾਰੇ ਵਿਚ ਹੀ ਵਿਚਰਦਾ ਹੋਇਆ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦਾ ਪਾਤਰ ਬਣ ਸਕੇਗਾ। ਯਥਾ ਗੁਰਵਾਕ :—

> ਅਧਿਆਤਮ ਕਰਮ ਕਰੇ ਦਿਨੁ ਰਾਤੀ॥
> ਨਿਰਮਲ ਜੋਤਿ ਨਿਰੰਤਰਿ ਜਾਤੀ ॥...੯ ॥

ਮਾਰੂ ਸੋਲਹੇ ਮ: ੧, ਪੰਨਾ ੧੦੩੯

ਇਸ ਵਡਭਾਗੇ ਜਨ ਦੇ ਅੰਤਰ-ਆਤਮੇ ਹੀ ਅਦ੍ਰਿਸ਼ਟ ਵਾਹਿਗੁਰੂ ਦੀ ਨਿਰਮਲ ਜੋਤਿ ਪ੍ਰਜਵਲਤ ਹੋ ਜਾਵੇਗੀ। ਇਸ ਤੋਂ ਵਧ ਕੇ ਅਦ੍ਰਿਸ਼ਟ ਅਗੋਚਰ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਨ ਦੀ ਹੋਰ ਕੋਈ ਭੀ ਸਬੀਲ ਨਹੀਂ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਬਲਿਹਾਰੇ ਜਾਈਏ, ਜਿਸ ਦਵਾਰਾ ਨਾ ਦਿਸਣਹਾਰਾ ਅਗਮ ਅਗੋਚਰ ਵਾਹਿਗੁਰੂ ਕੇਵਲ ਗੁਰ-ਸ਼ਬਦ ਮੰਤਰ ਦੇ ਆਸਰੇ ਪਰਤੱਖ ਹੋ ਸਕਦਾ ਹੈ। ਯਥਾ ਗੁਰਵਾਕ:—

> ਅਦਿਸਟੁ ਅਗੋਚਰੁ ਪਕੜਿਆ ਗੁਰ ਸਬਦੀ
> ਹਉ ਸਤਿਗੁਰ ਕੈ ਬਲਿਹਾਰੀਐ ॥ . ੪॥੧॥

ਤੁਖਾਰੀ ਛੰਦ ਮ: ੪, ਪੰਨਾ ੧੧੧੪

ਗੁਰੂ ਘਰ ਅੰਦਰ, ਗੁਰ ਸੱਚੇ ਸਤਿਗੁਰੂ ਦੇ ਘਰ ਅੰਦਰਿ ਹੀ ਇਹ ਵਾਧਾ ਹੈ

 www.sikhbookclub.com

ਕਿ ਅਦ੍ਰਿਸ਼ਟ ਵਾਹਿਗੁਰੂ ਨੂੰ ਹਿਰਦੇ ਅੰਦਰ ਹੀ ਪਰਤੱਖ ਲਖ ਲਈਦਾ ਹੈ । ਸੋਈ ਵਡਭਾਗੀ ਜਨ ਜਾਣਦੇ ਹਨ ਜਿਨ੍ਹਾਂ ਨੇ ਗੁਰਮਤਿ ਨਾਮ ਗੁਰਮੰਤਰ ਦੀਆਂ ਅਭਿਆਸ ਕਮਾਈਆਂ ਅਤੁਟ ਕੀਤੀਆਂ ਹਨ । ਤਿਨ੍ਹਾਂ ਨੇ ਨਿਕਟੀ ਤੋਂ ਨਿਕਟੀ ਦਰਸ਼ਨ, ਨਾ ਦੀਸਣਹਾਰੇ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰ ਲੀਤੇ ਹਨ । ਕੇਵਲ ਓਹੀ ਵਡਭਾਗੀ ਜਨ ਹੀ ਇਸ ਬਿਧਿ ਇਸ ਅਗਲੇਰੇ ਗੁਰਵਾਕ ਨੂੰ ਅਤਿਅੰਤ ਨਿਹਾਲਤਾ ਅਤੇ ਪ੍ਰਸੰਨਤਾ ਭਰੇ ਫ਼ਖ਼ਰ ਨਾਲ ਉਚਾਰਨ ਕਰ ਸਕਦੇ ਹਨ—ਆਪਣੇ ਉਤੇ ਘਟਾ ਕੇ ਉਚਾਰਨ ਕਰ ਸਕਦੇ ਹਨ :—

ਅਦਿਸਟੁ ਦਿਸੈ ਤਾ ਕਹਿਆ ਜਾਇ ॥
ਬਿਨੁ ਦੇਖੇ ਕਹਣਾ ਬਿਰਥਾ ਜਾਇ ॥
ਗੁਰਮੁਖਿ ਦੀਸੈ ਸਹਜਿ ਸੁਭਾਇ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥(੮॥੪)

ਗਉੜੀ ਗੁਆ: ਮ: ੧, ਪੰਨਾ ੨੨੨

ਸਚ ਮੁਚ ਜਿਨ੍ਹਾਂ ਵਡਭਾਗੀ ਗੁਰਮੁਖਿ ਜਨਾਂ ਨੂੰ ਹੀ ਦੀਸਣਹਾਰੇ ਅਦ੍ਰਿਸ਼ਟ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨ ਪਰਤੱਖ ਦਿਸੇ ਹਨ, ਉਨ੍ਹਾਂ ਦਾ ਹੀ ਇਸ ਬਿਧਿ ਕਹਿਣਾ ਹੱਕ ਬਜਾਨਬ ਹੈ ਕਿ ਪਰਤੱਖ ਦਰਸ਼ਨ ਸਚ ਮੁਚ ਕਰ ਲਏ ਹਨ । ਬਿਨ ਪਰਤੱਖ ਦਰਸ਼ਨ ਦੇਖੇ ਦੇ ਐਵੇਂ ਕਹਿਣਾ ਬਿਰਥਾ ਜਾਂਦਾ ਹੈ । ਪਰੰਤੂ ਗੁਰਮੁਖ ਜਨਾਂ ਨੂੰ ਸਹਿਜ ਸੁਭਾਇ ਹੀ ਗੁਰਮਤਿ ਮਤਿ ਤੇ ਚਲ ਕੇ ਇਹ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ । ਤਿਨ੍ਹਾਂ ਨੂੰ ਇਸ ਦਰਸ਼ਨ-ਪ੍ਰਾਪਤੀ ਦਾ ਮਾਨ ਗੁਮਾਨ ਮਈ ਫੁਰਨਾ ਹੀ ਨਹੀਂ ਫੁਰਦਾ । ਉਹ ਤਾਂ ਸਹਿਜ ਬਿਵਸਥਾ ਵਿਚ ਲੀਨ ਹੋ ਕੇ ਇਨ੍ਹਾਂ ਦਰਸ਼ਨਾਂ ਦਾ ਲਿਵਤਾਰੀ ਅਨੰਦ ਹੀ ਮਾਣਦੇ ਹਨ । ਉਹਨਾਂ ਦੀ ਸੁਰਤੀ ਬਿਰਤੀ ਏਕੇ ਸਹਿਜ ਲਿਵਤਾਰੀ ਸ਼ਬਦ ਅਭਿਆਸੀ ਸੇਵਾ ਵਿਚ ਹੀ ਲਗੀ ਰਹਿੰਦੀ ਹੈ । ਇਸ ਗੱਲ ਵਿਚ ਕੁਝ ਵੀ ਸੰਸਾ (ਸੰਦੇਹ) ਨਹੀਂ ਕਿ ਗੁਰੂ ਸਤਿਗੁਰੂ ਸੱਚੇ ਪਾਤਸ਼ਾਹ ਦੇ ਤਾਰੇ ਹੋਏ ਗੁਰਸਿਖ ਹੀ ਇਸ ਦ੍ਰਿਸ਼ ਅਦ੍ਰਿਸ਼ਟੀ ਦੇ ਸਹਿਜ ਲਿਵਤਾਰੀ ਅਨੰਦ ਨੂੰ ਮਾਣ ਸਕਦੇ ਹਨ । ਅਦ੍ਰਿਸ਼ਟ ਦਰਸ਼ਨਾਂ ਦੇ ਪਰਤੱਖ ਵਾਹਿਗੁਰੂ ਦਰਸ਼ਨ ਕਰਨਹਾਰੀ ਖੇਡ ਬੜੀ ਸਹਿਜ ਅਤੇ ਸੁਖਕਾਰੀ ਹੈ । ਨਹੀਂ ਤਾਂ ਸਾਰੀ ਦੁਨੀਆ ਇਸ ਦਾਤਿ ਤੋਂ ਹੀਣੀ, ਹੋਛੇ ਦ੍ਰਿਸ਼ਟਮਾਨ ਸੁਖਾਂ ਵਿਚ ਹੀ ਆਡੀਣੀ ਹੋਈ ਫਿਰਦੀ ਹੈ । ਸੱਚੇ ਸਤਿਗੁਰੂ ਦੇ ਦਰਸਾਏ ਬਾਝੋਂ ਇਹ ਨਦਰਿ ਕਰੰਮਾ ਸੱਚੜਾ ਕਰਮ ਕਿਸੇ ਵਿਰਲੇ ਗੁਰਮੁਖਿ ਜਨ ਦਾ ਹੀ ਜਾਗਦਾ ਹੈ । ਜਿਨ੍ਹਾਂ ਦਾ ਜਾਗਿਆ ਹੈ ਸੋ ਨਿਹਾਲ ਨਿਹਾਲ ਹੋ ਗਏ ਤੇ ਅੰਤਰ-ਆਤਮੇ ਹੀ ਇਹ ਜੋਤਿ ਵਿਗਾਸੀ ਦਰਸ਼ਨ ਕਰ ਕਰ ਕੇ ਹੀ ਪ੍ਰਫੁਲਤ ਹੋ ਰਹੇ ਹਨ । ਜੋ ਜੋ ਗੁਰੂ ਸਤਿਗੁਰੂ-ਨਦਰਾ ਗੁਰਮੁਖ ਜਨ ਗੁਰਮੰਤ੍ਰ ਗੁਰਮਤਿ ਨਾਮ ਦੀਆਂ ਅੰਤਰਗਤੀ ਹੀ ਇਹ ਅਦ੍ਰਿਸ਼ਟ ਨਦਰਾਵੀ ਅਭਿਆਸ ਕਮਾਈਆਂ ਕਰਦੇ ਰਹਿਣਗੇ ਸੋ ਭੀ ਗੁਰੂ ਸਤਿਗੁਰੂ ਸੱਚੇ ਪਾਤਸ਼ਾਹ ਦੀ

ਦਰਗਾਹੋਂ ਸੱਚਾਵੀ ਦਾਤਿ ਨਾਲ ਵਰੋਸਾਉਂਦੇ ਰਹਿਣਗੇ । ਗੁਰਮਤਿ ਮਾਰਗ ਤੇ ਚਲਣਹਾਰੇ ਸੱਚੇ ਭੈ-ਭਾਵਨੀ ਵਾਲੇ ਗੁਰੂ ਨਿਸਤਾਰੇ ਗੁਰਮੁਖਿ ਜਨਾਂ ਉਤੇ ਹੀ ਇਹ ਗੁਰਮੰਤ੍ਰਾਵੀ ਸੱਚੀ ਵਰਖਾ ਅਗੰਮ ਤੋਂ ਹੀ ਵਰਸੇਗੀ । ਐਸੇ ਵਡਭਾਗੀ ਜਨ ਬਿਸਮਾਦ ਰਤੰਨੀ ਸਹਿਜ ਸੁਭਾਇ ਹੀ ਪੁਕਾਰ ਉਠਣਗੇ ਕਿ ਜੋਤਿ ਸਰੂਪੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਜੋਤਿ-ਜਗੰਨੀ ਅੰਤ੍ਰੀਵੀ ਗਹਿਣ-ਗਤਿ ਵਿਚ ਹੀ ਪਰਤੱਖ ਪਾ ਰਹੇ ਹਨ । ਇਹ ਅਦ੍ਰਿਸ਼ਟ ਦਰਸ਼ਨਾਂ ਦੇ ਨਜ਼ਾਰੇ ਕੋਈ ਨਿਰੀ ਅਨਭਵੀ ਦਲੀਲ ਵਾਲੇ ਨਹੀਂ ਹਨ, ਬਲਕਿ ਪਰਤੱਖ ਪੇਖਣਹਾਰੀ ਆਤਮ ਉਡਾਰੀ ਵਿਚ ਪਰਤੱਖ ਦਰਸ਼ਨ ਕਰ ਲੈਣੇ ਹਨ । ਦ੍ਰਿਸ਼ਟਮਾਨ ਪਸਾਰੇ ਵਿਚ ਪੈ ਕੇ ਉਲਝੇ ਸੁਲਝੇ ਹੋਏ ਸੁਰਤਿ-ਬਿਰਤੀਆਂ ਨੂੰ ਇਹੋ ਹੀ ਪਰਤੀਤ ਹੁੰਦਾ ਹੈ ਕਿ ਇਸ ਦ੍ਰਿਸ਼ਟਮਾਨ ਪਸਾਰੇ ਬਾਝੋਂ ਅਦ੍ਰਿਸ਼ਟ ਵਾਹਿਗੁਰੂ ਦੇ ਹੋਰ ਦਰਸ਼ਨ ਕੋਈ ਨਹੀਂ, ਇਹ ਉਨ੍ਹਾਂ ਦੀ ਬੜੀ ਹੀ ਭੁਲ ਹੈ, ਨਿਰੀ ਦਲੀਲੋਂ ਉਪਜੀ ਭਾਰੀ ਭੁਲ ਹੈ। ਅਦ੍ਰਿਸ਼ਟ ਵਾਹਿਗੁਰੂ ਦੇ ਇਹ ਚੋਜ ਵਿਡਾਣੇ ਹਨ ਕਿ ਉਹ ਫੋਕੀਆਂ ਦਲੀਲਾਂ ਦਵਾਰਾ ਆਪਣੇ ਰਚੇ ਹੋਏ ਜੀਵਾਂ ਨੂੰ ਕਦੇ ਸਾਖਸ਼ਾਤ ਹੋ ਕੇ ਦ੍ਰਿਸ਼ਟਮਾਨ ਨਹੀਂ ਹੁੰਦਾ :—

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥੩੦॥

ਜਪੁਜੀ, ਪੰਨਾ ੧੮

ਅਦ੍ਰਿਸ਼ਟ ਵਾਹਿਗੁਰੂ ਤਿਨ੍ਹਾਂ ਨੂੰ ਹੀ ਪਰਤੱਖ ਨਜ਼ਰੀ ਆਂਵਦਾ ਹੈ ਜਿਨ੍ਹਾਂ ਗੁਰਮੁਖਿ ਜਨਾਂ ਉਤੇ ਵਾਹਿਗੁਰੂ ਗੁਰੂ ਕਰਤਾਰ ਦੀ ਖ਼ਾਸ ਮਿਹਰ ਦ੍ਰਿਸ਼ਟਾਵੀ ਨਜ਼ਰ ਹੁੰਦੀ ਹੈ । ਇਹ ਇਕ ਗੁਰਮਤਿ ਦਾ ਮੰਨਿਆ-ਪ੍ਰਮੰਨਿਆ ਦ੍ਰਿੜ੍ਹ ਅਸੂਲ ਹੈ ਕਿ ਵਾਹਿਗੁਰੂ ਸਰੂਪ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਵਾਹਿਗੁਰੂ ਦੀ ਦਰਗਾਹੋਂ ਜੋ ਗੁਰਮੰਤਰ ਪ੍ਰਾਪਤ ਹੋਇਆ ਹੈ, ਉਸ ਗੁਰਮੰਤਰ ਅੰਦਰਿ ਇਕ ਆਕਰਖਣ-ਕਲਾ ਹੈ ਕਿ ਜੋ ਜੋ ਗੁਰਮੁਖਿ ਜਨ, ਇਸ ਗੁਰਮੰਤਰ ਨੂੰ ਸੱਚੀ ਗੁਰ-ਦਰਸਾਈ ਗੁਰ-ਅਭਿਆਸਾਈ ਬਰਕਤ ਨਾਲ ਜਪੇਗਾ, ਉਸ ਦੇ, ਕੇਵਲ ਉਸੇ ਦੇ ਹੀ ਅੰਦਰੋਂ ਕਪਾਟ ਖੁਲ੍ਹ ਜਾਣਗੇ । ਖੁਲ੍ਹਣ ਸਾਰ ਹੀ ਇਹ ਅਦ੍ਰਿਸ਼ਟ ਅਗੋਦ ਵਾਹਿਗੁਰੂ-ਦਰਸ਼ਨ ਤਿਨ੍ਹਾਂ ਨੂੰ ਨੇਰ ਹੂੰ ਤੇ ਨੇਰੇ ਪਰਤੱਖ ਸਾਖਸ਼ਾਤਕਾਰ ਵਿਚ ਨਦਰ ਆਵੇਗਾ । ਜੈਸਾ ਕਿ ਹੁਣ ਭੀ ਗੁਰ-ਨਦਰਾਏ ਗੁਰਮੁਖਿ ਜਨਾਂ ਨੂੰ ਸਪੱਸ਼ਟ ਦਿਸਦਾ ਹੈ ।

ਪਰੀਪੂਰਨ ਅਦ੍ਰਿਸ਼ਟ ਵਾਹਿਗੁਰੂ ਸਾਰੇ ਹੀ, ਸਮੱਗਰ ਖੰਡਾਂ ਬ੍ਰਹਿਮੰਡਾਂ ਵਿਖੇ, ਸਾਰੇ ਘਟਾਂ ਘਟਾਂ ਵਿਖੇ ਗੁਪਤ ਵਰਤਦਾ ਹੈ, ਪਰ ਉਸ ਨੂੰ ਪਰਤੱਖ ਤੇ ਸਾਂਗੋ ਪਾਂਗ ਦੇਖਣ ਦਿਖਾਉਣਹਾਰਾ ਕੋਈ ਭੀ ਅਜ ਤਾਈਂ ਨਹੀਂ ਜਨਮਿਆ । ਇਸੇ ਕਰਕੇ ਉਸ ਦੇ ਵਿਛੋੜੇ ਨੂੰ ਮਹਿਸੂਸ ਕਰਦਿਆਂ ਹੋਇਆਂ ਅਨੇਕਾਂ ਜਨਮਾਂ ਵਿਖੇ ਵਿਛੜ ਵਿਛੜ ਕੇ ਮਨਮੁਖ ਕਰਮਹੀਣ ਲੋਗ ਕੇਵਲ ਆਪਣੇ ਅਹੰਕਾਰ ਦੇ ਅਧੀਨ ਹੋ ਕੇ ਦੁਖ ਪਾਉਂਦੇ ਰਹੇ । ਇਹ ਗੱਲ ਤਾਂ ਬੜੇ ਬੜੇ ਔਲੀਆਵਾਂ ਤੇ ਅੰਬੀਆਵਾਂ, ਜੋਗੀ, ਜਤੀ ਤਪੀਆਂ ਮੁਨੀਸ਼ਰਾਂ ਨੂੰ ਅਨੁਮਾਨ ਤੇ ਅਨੁਭਾਵ ਕਰਕੇ ਮਹਿਸੂਸ ਹੋ ਗਈ ਸੀ ਤੇ ਹੁੰਦੀ ਰਹੀ ਹੈ

ਕਿ ਇਸਨਹਾਰੇ ਕਾਇਨਾਤ ਖੰਡਾਂ ਬ੍ਰਹਿਮੰਡਾਂ ਦਾ ਰਚਨਹਾਰ, ਸਿਰਜਨਹਾਰ, ਗੁਪਤ ਕਰਤਾ ਹਰਤਾ ਪਾਰਬ੍ਰਹਮ ਜ਼ਰੂਰ ਹੈ। ਪਰ ਉਹਨਾਂ ਨੂੰ ਵਾਸਤਵ ਵਿਚ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ ਤੇ ਨਾ ਹੀ ਅਜ ਤਕ ਕਿਸੇ ਨੂੰ ਹੋਇਆ ਹੈ। ਜਦ ਉਨ੍ਹਾਂ ਨੂੰ ਖ਼ੁਦ ਹੀ ਦ੍ਰਿਸ਼ਟੀ ਗੋਚਰ ਨਹੀਂ ਹੋਇਆ ਤਾਂ ਉਹ ਹੋਰਨਾਂ ਨੂੰ ਕੀ ਦ੍ਰਿਸ਼ਟੀ ਗੋਚਰ ਕਰਾ ਸਕਦੇ ਹਨ। ਤਾਂ ਤੇ ਤਿਨ੍ਹਾਂ ਦੇ ਉਪਾਸ਼ਕ ਵੀ ਉਹਨਾਂ ਦੀ ਨਿਆਈਂ ਹੀ ਐਵੇਂ ਭੰਬਲ ਭੂਸੇ ਖਾਂਦੇ ਫਿਰਦੇ ਰਹੇ। ਸਭ ਤੋਂ ਪਹਿਲਾਂ ਅਕਾਲ ਪੁਰਖ ਅਦ੍ਰਿਸ਼ਟ ਅਗੋਚਰ ਨੇ ਆਪਣਾ ਨਾ-ਦਿਸਣਹਾਰਾ ਸਰੂਪ ਕੇਵਲ ਸਤਿਗੁਰੂ ਨਾਨਕ ਰੂਪੀ ਸੱਚੇ ਗੁਰੂ ਸਾਧ ਨੂੰ ਹੀ ਇਸ ਜਗਤ ਉੱਤੇ ਪ੍ਰਗਟਾਇਆ ਕਿ ਭਰਮ ਭੁਲੇ ਸ੍ਰਿਸ਼ਟੀ ਦੇ ਜੀਵਾਂ ਨੂੰ ਸੱਚਾ ਮਾਰਗ ਦਿਖਾ ਸਕਣ। ਸੱਚ ਮੁੱਚ ਇਸ ਤੋਂ ਵਧ ਕੇ ਸੱਚਾ ਮਾਰਗ ਕੋਈ ਨਹੀਂ ਹੋ ਸਕਦਾ ਕਿ ਨਾ-ਦਿਸਣਹਾਰੇ ਵਾਹਿਗੁਰੂ ਨੂੰ ਪਰਤੱਖ ਦਰਸਾਇਆ ਤੇ ਦ੍ਰਿਸ਼ਟੀ ਗੋਚਰ ਕਰਾਇਆ ਜਾਵੇ। ਸਤਿਗੁਰੂ ਨਾਨਕ ਤੋਂ ਬਿਨਾਂ ਸਾਰੇ ਅਸਾਰ ਸੰਸਾਰ ਵਿਖੇ ਹੋਰ ਕੋਈ ਭੀ ਸੱਚਾ ਗੁਰੂ ਸਰੂਪ ਸਾਧ ਨਹੀਂ ਹੋਇਆ, ਜੋ ਇਸ ਬਿਧਿ ਭਰਮ-ਭੁਲੀ-ਲੁਕਾਈ ਨੂੰ ਭਰਮ-ਜਾਲ ਦੇ ਵਹਿਣ ਤੋਂ ਥੰਮ ਸਕੇ। ਜੈਸਾ ਕਿ ਭਾਈ ਗੁਰਦਾਸ ਜੀ ਦਾ ਵਾਕ ਹੈ—

ਥੰਮੇ ਕੋਇ ਨਾ ਸਾਧ ਬਿਨੁ ਸਾਧ ਨ ਦਿਸੈ ਜਗ ਵਿਚਿ ਕੋਆ ॥੨੨॥

ਭਾ: ਗੁਰਦਾਸ ਜੀ, ਵਾਰ ੧

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਤਿਗੁਰੂ ਸਰੂਪ ਤੇ ਸੱਚੇ ਸਾਧ ਰੂਪੀ ਗੁਰੂ ਹੋਣ ਵਿਚ ਤੱਤ ਵਡਿਆਈ ਇਹ ਹੈ ਕਿ ਓਹ ਨਾ-ਦਿਸਣਹਾਰੇ ਵਾਹਿਗੁਰੂ ਦੇ ਪਰਤੱਖ ਦੀਦਾਰੇ ਕਰਾਣ ਨੂੰ ਸਮਰਥ ਹਨ। ਇਨ੍ਹਾਂ ਤੋਂ ਬਿਨਾਂ ਜਿੰਨੇ ਵੀ ਅਨਮਤੀ ਪੇਸ਼ਵਾ, ਪੀਰ, ਪੈਗੰਬਰ ਹੋਏ ਹਨ, ਸਭ ਆਪਣੇ ਆਪਣੇ ਹੰਕਾਰ ਦੇ ਲਦੇ ਹੀ ਗਏ ਹਨ। ਉਨ੍ਹਾਂ ਨੂੰ ਸੱਚਾ ਆਤਮ ਪਰਮਾਤਮ ਸੁਖ ਮਿਲਿਆ ਹੀ ਨਹੀਂ। ਇਸੇ ਕਰਕੇ ਹੀ ਇਸ ਪਰਕਾਰ ਗੁਰਵਾਕ ਆਉਂਦਾ ਹੈ—

ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥
ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥੧॥(੪॥੭)

ਸੋਰਠਿ ਮਹਲਾ ੪, ਪੰਨਾ ੬੦੭

ਤਿਨ੍ਹਾਂ ਜੇਹੇ ਅਨੇਕ ਅਣਗਿਣਤ ਭਰਮ-ਭੁਲੇ ਜੀਵਾਂ ਨੂੰ ਪ੍ਰਭੂ ਵਾਹਿਗੁਰੂ ਦੇ ਦਰਸ਼ਨਾਂ ਦੀ ਪਰਤੱਖ ਪ੍ਰਾਪਤੀ ਜੇ ਹੋ ਸਕਦੀ ਹੈ ਤਾਂ ਕੇਵਲ ਸੱਚੇ ਸਾਧ ਰੂਪ ਗੁਰੂ ਨਾਨਕ ਸਾਹਿਬ ਦੇ ਪਰਸਣ ਕਰਕੇ ਹੀ ਹੋ ਸਕਦੀ ਹੈ। 'ਗੋਬਿੰਦ ਵਾਹਿਗੁਰੂ' ਗੁਰੂ ਰੂਪੀ ਸਾਧ ਸੱਚੇ ਸਤਿਗੁਰੂ, ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿਚ ਹਰ ਸਮੇਂ ਮੌਜੂਦ ਰਹਿੰਦਾ ਹੈ, ਗੁਰੂ ਸਾਹਿਬ ਦੇ ਭੇਟਿਆਂ ਹੀ ਪਰਤੱਖ ਦਿਸਦਾ ਹੈ। ਜਿਨ੍ਹਾਂ ਨੂੰ ਦਿਸਦਾ ਹੈ ਯਾ ਦਿਸਿਆ ਹੈ, ਤਿਨ੍ਹਾਂ ਨੂੰ ਹੀ ਵਾਹਿਗੁਰੂ ਗੋਬਿੰਦ ਦੀ ਪ੍ਰੀਤ ਅਤੀ ਪਿਆਰੀ ਲਗੀ ਹੈ, ਕਿਉਂਕਿ ਜਦ ਤਾਈਂ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਨਾ ਹੋਣ ਉਦੋਂ ਤਾਈਂ

ਵਾਹਿਗੁਰੂ ਦੀ ਭਾਉ-ਭਗਤੀ ਤੇ ਸਿਫ਼ਤ ਸਾਲਾਹ ਦਾ ਸੱਚਾ ਸਵਾਦ ਆ ਹੀ ਨਹੀਂ ਸਕਦਾ। ਸੱਚੇ ਸਾਧ ਗੁਰੂ ਨਾਨਕ ਸਾਹਿਬ ਦੇ ਸਤਿਸੰਗ ਦੇ ਪਰਸਣ ਦਾ ਹੀ ਸਦਕਾ ਹੁੰਦਾ ਹੈ ਕਿ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ। ਐਥੋਂ ਤਾਈਂ ਕਿ 'ਅਦ੍ਰਿਸ਼ਟ ਵਾਹਿਗੁਰੂ' ਸੱਚੇ ਸ਼ਰਧਾਵਾਨ ਸਿਦਕੀਆਂ ਦੇ ਹਿਰਦੇ ਅੰਦਰ ਹੀ ਜੋਤਿ ਸਰੂਪੀ ਸੱਚੇ ਦਰਸ਼ਨ ਦਿਖਾ ਕੇ ਆਣ ਮਿਲਦਾ ਹੈ। ਇਸ ਸੱਚੋਂ ਜੋਤਿ ਪ੍ਰਜੁਲਤੀ ਦਰਸ਼ਨਾਂ ਤੋਂ ਵਧੇਰੇ ਹੋਰ ਦਰਸ਼ਨ-ਮਿਲਾਪ ਕਿਹੜੇ ਹੋ ਸਕਦੇ ਹਨ! ਇਨ੍ਹਾਂ ਗੁਪਤੋਂ ਪਰਗਟ ਹੋਏ ਵਾਹਿਗੁਰੂ ਦੇ ਦਰਸ਼ਨਾਂ ਵਿਚ ਹੀ ਸੱਚੀ ਅਨੰਦ ਮਈ ਸ਼ਾਂਤੀ ਆਉਂਦੀ ਹੈ। ਸ਼ਾਂਤੀ ਦੇ ਪੁੰਜ, ਸ਼ਾਂਤੀ ਦੀ ਪਰਤੱਖ ਮੂਰਤ (ਵਜੂਦ) ਵਾਲੇ ਸੱਚੇ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੋ ਜਾਣ ਜਹੀ ਕੋਈ ਮਨੋ-ਮਈ ਸ਼ਾਂਤੀ ਨਹੀਂ। ਤਾਂ ਹੀ ਤੇ ਅਗਲੇਰੀ ਦੋ-ਤੁਕੀ, ਗੁਰਵਾਕ ਦੀ ਇਸ ਬਿਧਿ ਆਉਂਦੀ ਹੈ—

ਗੋਬਿੰਦ ਪ੍ਰੀਤਿ ਲਗੀ ਅਤਿ ਪਿਆਰੀ॥
ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ॥ਰਹਾਉ॥

ਸੋਰਠਿ ਮ: ੪, ਪੰਨਾ ੬੦੭

ਉਂਜ ਤਾਂ ਵਾਹਿਗੁਰੂ ਪ੍ਰਮਾਤਮਾ ਹਰ ਵਕਤ ਤੇ ਹਰ ਛਿਨ ਸਾਰੇ ਘਟਾਂ ਅੰਦਰ ਦਿਨ ਰਾਤ ਗੁਪਤ ਵਰਤਦਾ ਹੈ, ਪਰੰਤੂ ਜੋ ਗਵਾਰ ਲੋਗ ਨਿਗੁਰੇ ਨਿਗੁਸਾਏਂ ਹਨ ਉਹ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਨਹੀਂ ਬੁਝ ਸਕਦੇ। ਸੱਚਾ ਸਤਿਗੁਰੂ, ਅਕਾਲ ਪੁਰਖ ਦਾ ਸਰੂਪ ਪੁਰਖ-ਪੁਰਖੋਤਮ ਗੁਰੂ ਨਾਨਕ ਸਾਹਿਬ ਜਿਸ ਨੂੰ ਮਿਲਿਆ ਹੈ ਤਿਸੇ ਨੂੰ ਹੀ ਵਾਹਿਗੁਰੂ ਅੰਦਰੋਂ, ਹਿਰਦੇ ਅੰਦਰੋਂ ਹੀ ਪਰਗਟ ਹੋ ਗਿਆ ਹੈ। ਵਾਹਿਗੁਰੂ ਦੇ ਸੱਚੇ ਗੁਣ ਗਾਉਣ ਦਾ ਵਾਸਤਵੀ ਸਵਾਦ ਉਸੇ ਵਡਭਾਗੇ ਜਨ ਨੂੰ ਹੀ ਆਇਆ, ਸੱਚੀ ਸਿਫ਼ਤਿ ਸਾਲਾਹ ਕਰਨ ਦਾ ਵਾਸਤਵ ਰਸ ਆਇਆ, ਯਥਾ :—

ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ॥
ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ॥੨॥

ਸੋਰਠਿ ਮ: ੪, ਪੰਨਾ ੬੦੭

ਇਥੋਂ ਤਕ ਕਿ ਅਦ੍ਰਿਸ਼ਟ ਵਾਹਿਗੁਰੂ ਦਾ ਹਿਰਦੇ ਅੰਦਰ ਹੀ ਪ੍ਰਕਾਸ਼ ਹੋ ਗਿਆ। ਇਸ ਬਿਧਿ ਜੋਤਿ-ਜੋਤੀਸ਼ਰੀ-ਪ੍ਰਕਾਸ਼ ਹੋਣ ਕਰਕੇ ਹੀ ਸੱਚੀ ਸ਼ਾਂਤੀ ਪ੍ਰਕਾਸ਼ ਹੁੰਦੀ ਹੈ ਅਤੇ ਹੋਰ ਦੁਰਮਤਿ ਭਰੀ ਬੁੱਧੀ ਨਿਵਾਰੀ ਜਾਂਦੀ ਹੈ। ਸੱਚੀ ਸ਼ਾਂਤ-ਮਈ, ਸੱਚਾ ਆਤਮ ਸੁਖ, ਅਦ੍ਰਿਸ਼ਟ ਪਾਰਬ੍ਰਹਮ ਸੱਚੇ ਸੁਆਮੀ ਨੂੰ ਅੰਤਰ-ਆਤਮੇ ਹੀ ਜੋਤਿ ਪਰਤੱਖਤਾ ਵਿਚ ਚੀਨਣ ਕਰਕੇ ਪ੍ਰਾਪਤ ਹੁੰਦਾ ਹੈ, ਯਥਾ :—

ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ॥
ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ॥੩॥

ਸੋਰਠਿ ਮਹਲਾ ੪, ਪੰਨਾ ੬੦੭

ਤਾਂ ਤੇ ਪਾਰਸ-ਰਸਾਇਣੀ ਸੰਗਤ ਹੈ ਤਾਂ ਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਦੇ ਭੇਟਣ ਵਿਚ ਹੀ ਹੈ। ਇਹ ਹੀ ਸੱਚੀ ਸੰਗਤ ਹੈ, ਪਰੰਤੂ ਜਿਨ੍ਹਾਂ ਉਤੇ ਗੁਰੂ ਨਾਨਕ ਸਾਹਿਬ ਦੀ ਸੱਚੀ ਕਿਰਪਾ ਨਦਰ-ਦ੍ਰਿਸ਼ਟੀ ਹੁੰਦੀ ਹੈ ਤਿਸ ਤਿਸ ਨੂੰ ਹੀ ਸੱਚੇ ਸਤਿਗੁਰੂ ਗੁਰੂ ਨਾਨਕ ਸਾਹਿਬ ਦੇ ਦਰ ਆਉਣ ਦੀ ਵਡਿਆਈ ਮਿਲਦੀ ਹੈ। ਬਸ ਗੁਰੂ ਅਕਾਲ ਪੁਰਖ ਸਰੂਪ ਸੱਚੇ ਮਹਾਂਪੁਰਖ ਗੁਰੂ ਨਾਨਕ ਸਾਹਿਬ ਦੇ ਮਿਲਣ ਕਰਕੇ ਹੀ ਅਦ੍ਰਿਸ਼ਟ ਵਾਹਿਗੁਰੂ ਅਕਾਲ ਪੁਰਖ ਦਾ ਸੱਚਾ ਮਿਲਾਪ ਹੋਇਆ ਹੈ, ਤਿਨ੍ਹਾਂ ਨੂੰ ਹੀ ਅਮਿਤਿ ਅਤੇ ਅਤੁਲ ਸਚੀ ਸਹਿਜ ਬਿਵੱਸਥਾ ਵਾਲੇ ਸੁਖ ਦੀ ਪ੍ਰਾਪਤੀ ਹੋਈ ਹੈ। ਗੁਰੂ ਨਾਨਕ ਸਾਹਿਬ ਆਪਣੇ ਚੌਥੇ ਜਾਮੇ ਵਿਚ ਉਚਾਰਨ ਕਰਦੇ ਹਨ ਕਿ ਅਜਿਹੇ ਵਡਭਾਗੇ ਜਨ ਦਿਨ ਰੈਣ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਨੂੰ ਕਰ ਕੇ ਰਜਦੇ ਹੀ ਨਹੀਂ, ਕਰਦੇ ਹੀ ਰਹਿੰਦੇ ਹਨ ਹਰਦਮ ਦਰਸ਼ਨ, ਕਰਿ ਕਰਿ ਸਾਵਧਾਨ ਹੋ ਕੇ ਜਾਗਦੇ ਹੀ ਰਹਿੰਦੇ ਹਨ, ਜੈਸੇ ਕਿ ਅਗਲੀ ਦੋ-ਤੁਕੀ ਦਾ ਭਾਵ ਹੈ :—

ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ
ਜਿਨ ਕਉ ਕਿਰਪਾ ਭਈ ਤੁਮਾਰੀ ॥
ਨਾਨਕ ਅਤੁਲੁ ਸਹਜ ਸੁਖੁ ਪਾਇਆ
ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥

ਸੋਰਠਿ ਮਹਲਾ ੪, ਪੰਨਾ ੬੦੭

ਇਸ ਸਾਰੇ ਸਿਧਾਂਤ ਤੋਂ ਇਹ ਸਿਧ ਹੋਇਆ ਕਿ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕੇਵਲ ਗੁਰੂ ਨਾਨਕ ਸਾਹਿਬ ਜੀ ਦੀ ਸ਼ਰਨ ਆਇਆਂ ਹੀ ਪ੍ਰਾਪਤ ਹੋ ਸਕਦੇ ਹਨ। ਗੁਰੂ ਨਾਨਕ ਦੀ ਸ਼ਰਨ ਆਇਆਂ ਤੋਂ ਭਾਵ ਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਨੂੰ ਭੇਟਣ (ਪਰਸਣ) ਦਾ ਹੈ। ਗੁਰੂ ਸਾਹਿਬ ਜੀ ਦੇ ਦੁਆਰਿਓਂ ਹੀ ਗੁਰਮੰਤਰ ਗੁਰਦੀਖਿਆ ਮਈ ਸੱਚੀ ਦਾਤਿ ਮਿਲਦੀ ਹੈ। ਇਸੇ ਦਾਤਿ ਦੇ ਮਿਲਿਆਂ ਹੀ ਗੁਰੂ ਨਾਨਕ ਸਾਹਿਬ ਜੀ ਦਾ ਭੇਟਣਾ (ਪਰਸਣਾ) ਸਿਧ ਹੁੰਦਾ ਹੈ ਅਤੇ ਇਸ ਬਿਧਿ ਗੁਰੂ ਨਾਨਕ ਸਾਹਿਬ ਸੱਚੇ ਗੁਰੂ ਨੂੰ ਭੇਟਣ ਕਰਕੇ ਹੀ ਗੁਰ-ਸ਼ਰਨਾਗਤੀ ਵਸਣਾ ਰਸਣਾ ਬਣਦਾ ਹੈ। ਗੁਰੂ ਦਵਾਰਿਓਂ ਸਿਫ਼ਤਿ ਸਲਾਹ ਦੀ ਸੱਚੀ ਦਾਤਿ ਮਿਲੇ ਬਾਝੋਂ ਸਭ ਲੁਕਾਈ ਨਿਗੁਰੀ ਹੀ ਹੈ, ਤੇ ਸਾਰੇ ਘੋਰ ਮੋਣੇ-ਸੰਤ-ਸਾਧ ਨਾਮ-ਹੀਣੇ ਤੇ ਨਿਗੁਰੇ ਹਨ। ਤਿਨ੍ਹਾਂ ਨੂੰ ਕਦੇ ਵੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਨ੍ਹਾਂ ਵਡਭਾਗੀ ਜਨਾਂ ਨੂੰ ਹੋਈ ਹੈ ਓਹ ਆਪਣੇ ਆਪ ਨੂੰ ਗੁਰੂ ਯਾ ਸਾਧ ਕਰਕੇ ਕਦੇ ਨਹੀਂ ਜਣਾਉਂਦੇ। ਇਹ ਅਦ੍ਰਿਸ਼ਟ ਵਾਹਿਗੁਰੂ ਦਰਸ਼ਨ ਪ੍ਰਾਪਤ-ਸ਼ੁਦਗਾਨ (ਦਰਸ਼ਨ ਪ੍ਰਾਪਤ ਹੋਇਆਂ) ਦਾ ਪੁੰਜ ਹੀ, ਅਰ਼ਥਾਤ ਪੰਜੇ ਪਿਆਰੇ ਹੀ ਗੁਰੂ ਕਹਾ ਸਕਦੇ ਹਨ। ਤਿਨ੍ਹਾਂ ਪੰਜਾਂ ਪਿਆਰਿਆਂ ਅੰਦਰ ਹੀ ਸੱਚੀ ਗੁਰੱਤਤਾ ਦੀ ਅਮਰ-ਕਲਾ ਵਰਤਦੀ ਹੈ। ਓਹ ਵੀ ਓਸੇ ਸਮੇਂ ਲਈ, ਜਦੋਂ ਤਾਈਂ ਓਹ ਗੁਰ-ਹੁਕਮਾਂ ਅਨੁਸਾਰ ਪੰਜਾਂ ਦੇ ਪੁੰਜ ਵਿਚ ਸ਼ਾਮਲ ਰਹਿੰਦੇ

ਹਨ। ਫੇਰ ਤਦ ਪਸਚਾਤ ਓਹ ਹਰਦਮ ਹਰਿ-ਰਸ ਲੀਨ ਅਤੇ ਦਿਨ ਰਾਤ ਅਦ੍ਰਿਸ਼ਟ ਵਾਹਿਗੁਰੂ ਦੇ ਧਿਆਨ ਵਿਚ ਹੀ ਮਗਨ ਰਹਿੰਦੇ ਹਨ ਅਤੇ ਹਿਰਦੇ ਅੰਦਰ ਹੀ ਜੋਤਿ-ਪ੍ਰਕਾਸ਼ੀ ਦਰਸ਼ਨਾਂ ਨੂੰ ਪੇਖਿ ਪੇਖਿ ਬਿਗਸਦੇ ਰਹਿੰਦੇ ਹਨ। ਇਸ ਗੁਰਮਤਿ ਮਤਿ ਵਿਗ੍ਹਾਸੀ ਸੱਚੇ ਆਤਮ ਸੁਖ ਦੇ ਪ੍ਰਾਪਤ ਹੋਣ ਦੇ ਪਰਤਾਪ ਕਰਕੇ ਤਿਨ੍ਹਾਂ ਦੇ ਸਭ ਦੁਖ ਨਿਵਿਰਤ ਅਤੇ ਬਿਸਰਜਿਤ ਹੋ ਜਾਂਦੇ ਹਨ ਔਰ ਆਸਾ ਮਨਸਾ ਉਨ੍ਹਾਂ ਦੀ ਕੋਈ ਰਹਿੰਦੀ ਹੀ ਨਹੀਂ, ਬਲਕਿ ਸੱਚੇ ਨਾਮ-ਵਿਗਾਸੀ ਸੁਖ ਤੋਂ ਬਿਨਾਂ ਆਨ ਆਸਾ ਮਨਸਾ ਚਿਤਵਨ ਦੇ ਸਾਰੇ ਬੰਧਨ ਕਟੇ ਜਾਂਦੇ ਹਨ। ਵਾਹਿਗੁਰੂ ਦੀ ਐਸੀ ਕਿਰਪਾ ਉਨ੍ਹਾਂ ਤੇ ਹੋ ਆਂਵਦੀ ਹੈ ਕਿ ਉਹ ਨਿਰਗੁਣ ਆਤਮ ਜੋਤੀ ਸਰੂਪ ਦੇ ਦਰਸ਼ਨ ਘਟ ਅੰਦਰਿ ਹੀ ਕਰ ਕਰ ਕੇ ਵਿਗਸਦੇ ਰਹਿੰਦੇ ਹਨ। ਇਸ ਜੋਤਿ ਸਪੰਨ ਅੰਤਰਿ-ਆਤਮੇ ਨਿਰਗੁਣ ਰੂਪ ਦਰਸ਼ਨ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਦਰਸ਼ਨ ਭਾਂਵਦਾ ਹੀ ਨਹੀਂ। ਇਹ ਨਿਕਟ-ਸਰੂਪੀ ਦਰਸ਼ਨ ਅੰਤਰ-ਆਤਮੇ ਓਹੀ ਜਨ ਕਰਦੇ ਹਨ ਜਿਨ੍ਹਾਂ ਉਪਰ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਸੱਚੀ ਮਿਹਰ ਹੁੰਦੀ ਹੈ ਤੇ ਉਨ੍ਹਾਂ ਦੇ ਨੈਣਾਂ ਅੰਦਰਿ ਵਾਹਿਗੁਰੂ-ਦਰਸ਼ਨ ਦੀ ਤਾਰ ਲਗੀ ਰਹਿੰਦੀ ਹੈ ਤੇ ਬੈਣਾਂ ਅੰਦਰਿ ਭੀ ਵਾਹਿਗੁਰੂ-ਦਰਸ਼ਨੀ-ਸਿਫ਼ਤਿ-ਸਾਲਾਹ ਬਾਝੋਂ ਹੋਰ ਕੋਈ ਬਾਤ ਨਹੀਂ ਉਪਜਦੀ। ਜਿਨ੍ਹਾਂ ਨੇ ਅਦ੍ਰਿਸ਼ਟ ਵਾਹਿਗੁਰੂ ਦਾ ਪਰਤੱਖ ਦਰਸ਼ਨ ਦੇਖਣਾ ਹੋਵੇ ਓਹ ਜਨ ਗੁਰੂ ਘਰ ਦੇ ਦੁਆਰੇ ਤੇ ਆ ਕੇ, ਪਰਤੱਖ ਗੁਰਮੰਤਰ ਗੁਰਦੀਖਿਆ ਲੈ ਕੇ ਸੱਚੀਆਂ ਅਤੁਟ ਅਭਿਆਸ ਕਮਾਈਆਂ ਕਰੇ, ਤਦ ਓਹਨਾਂ ਦੇ ਘਟ ਅੰਤਰ ਹੀ ਜੋਤਿ ਦਰਸ਼ਨੀ ਵਾਹਿਗੁਰੂ ਦੇ ਪਰਤੱਖ ਦਰਸ਼ਨਾਂ ਦਾ ਚਸ਼ਮਾ ਉਗਵ ਆਵੰਦਾ ਹੈ। ਐਸਾ ਉਗਵਦਾ ਹੈ ਕਿ ਜਿਸ ਤੋਂ ਓਹ ਕਦੀ ਵੀ ਦੂਰ ਨਹੀਂ ਹੁੰਦੇ, ਸਦਾ ਹੀ ਹਾਜ਼ਰਾ ਹਜ਼ੂਰ ਰਹਿੰਦੇ ਹਨ।

ਇਸ ਦਾਸਰੇ ਨੂੰ ਇਕ ਵਾਰ ਗੁਰ ਦਸਵੇਂ ਪਾਤਸ਼ਾਹ ਦੇ ਗੁਰਪੁਰਬ ਸਮੇਂ ਅਖੰਡ-ਪਾਠ ਦੀ ਅਟੱਲ ਸਮਾਧੀ ਜਮਾਈ ਬੈਠਿਆਂ ਸੁਤੇ ਹੀ ਇਹ ਫੁਰਨਾ ਫੁਰਿਆ ਅਤੇ ਬੜਾ ਪ੍ਰਬਲ ਹੋ ਕੇ ਫੁਰਿਆ। ਅੰਦਰੋ ਅੰਦਰਿ ਇਉਂ ਬੇਨਤੀ ਸਫੁਰਨ ਹੋਈ ਕਿ 'ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਦਸਮੇਸ਼ ਪਿਤਾ, ਆਪ ਜੀ ਦੇ ਓਹ ਪਰਤੱਖ ਦਰਸ਼ਨ ਭੀ ਹੋ ਜਾਣ ਜੋ ਦਰਸ਼ਨ-ਦੀਦਾਰੇ ਦੇ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਹੋ।' ਇਸ ਸੰਕਲਪ ਦਾ ਫੁਰਨਾ ਹੀ ਸੀ ਕਿ ਪਰਤੱਖ ਸ੍ਰੀ ਦਸਮੇਸ਼ ਦਰਸ਼ਨਾਂ ਦੇ ਅਦੁੱਤੀ ਝਾਕੇ ਜ਼ਹੂਰ ਪਜ਼ੀਰ ਹੋਣ ਲਗ ਪਏ। ਉਹੀ ਕਲਗ਼ੀ, ਓਹੀ ਜਿਗਾ, ਓਹੀ ਸੀਸ ਤੇ ਚੱਕਰ ਤੋੜੇ, ਜਿਨ੍ਹਾਂ ਦਰਸ਼ਨਾਂ ਦੀ ਝਾਲ ਝਲਣੀ ਹੀ ਬੜੀ ਅਦੁੱਤੀ ਸੀ। ਮੰਦ ਮੰਦ ਪਰਤੱਖ ਦਰਸ਼ਨ ਸੌਹਵੇਂ (ਸਨਮੁਖ) ਅਜਿਹੇ ਆਕਰਖਣ ਕਲਾ ਵਿਚ ਹੋਣ ਲਗ ਪਏ ਕਿ ਵਰਨਣ ਨਹੀਂ ਹੋ ਸਕਦੇ। ਪਰੰਤੂ ਫੇਰ ਅਨਾਚਿਤ ਹੀ ਇਹ ਕੌਤਕ ਵਰਤਣ ਲਗ ਪਿਆ ਕਿ ਚਤਰਭੁਜੀ ਦਰਸ਼ਨ ਹੋਣੇ ਅਰੰਭ ਹੋ ਗਏ; ਜਿਨ੍ਹਾਂ ਨੂੰ ਦੇਖ ਕੇ ਦਾਸ ਦੀ ਅੰਦਰੋ ਅੰਦਰਿ ਹੀ ਇਹ ਚੀਖ਼ ਪੁਕਾਰ ਹੋਣੀ ਅਰੰਭ ਹੋ ਗਈ ਕਿ ਇਹਨਾਂ ਚਤਰਭੁਜੀ ਦਰਸ਼ਨਾਂ ਦੀ ਮੈਨੂੰ ਲੋੜ ਨਹੀਂ ਹੈ,

ਕਿਰਪਾ ਕਰ ਕੇ ਦੂਰ ਕਰ ਲਵੋ। ਇਸ ਪ੍ਰਕਾਰ ਦਾ ਇਹ ਉਤਰ ਉਤਰਿਆ ਕਿ ਤੈਨੂੰ ਉਸ ਵੂਰਨੇ ਦੀ ਸਜ਼ਾ ਹੈ ਜੋ ਸਰਗੁਣ ਦਰਸ਼ਨ ਦੇਖਣ ਦਾ ਤੈਨੂੰ ਉਪਜਿਆ ਸੀ। ਜਿਸ ਨੂੰ ਅੰਤਰ-ਆਤਮੇ ਨਿਰਗੁਣੀ ਜੋਤਿ ਸਰੂਪੀ ਦੇ ਦਰਸ਼ਨ ਪ੍ਰਾਪਤ ਹੋਣ, ਉਸ ਹਰਦਮੀ ਨਿਕਟ-ਵਰਤੀ ਦਰਸ਼ਨਾਂ ਵਿਚ ਸਾਰੇ ਦਰਸ਼ਨ ਆ ਗਏ। ਚਤਰਭੁਜੀ ਦਰਸ਼ਨ ਖਿਨ ਵਿਚ ਦੂਰ ਹੋ ਗਏ। ਆਤਮ-ਦਰਸੀ ਜੋਤਿ ਸਪੰਨ ਭਰਪੂਰ ਦਰਸ਼ਨਾਂ ਦੀ ਮਗਨਤਾ ਜਿਉਂ ਦੀ ਤਿਉਂ ਹੋਣ ਲਗ ਪਈ।

ਇਸ ਉਪਰਲੇ ਸਾਰੇ ਬ੍ਰਿਤਾਂਤ ਦੇ ਕਥਨ ਦਾ ਇਹ ਤਾਤਪਰਜ ਹੈ ਕਿ ਅੰਤਰ-ਆਤਮੇ ਆਤਮ-ਪ੍ਰਮਾਤਮੀ ਅਤਿ ਹੀ ਨਿਕਟੀ ਤੋਂ ਨਿਕਟ ਦਰਸ਼ਨ ਕਰਨ-ਹਾਰਿਆਂ ਨੂੰ ਹੋਰਸ ਦਰਸ਼ਨ ਕਰਨ ਦੀ ਲੋੜ ਨਹੀਂ ਰਹਿੰਦੀ।

ਗੁਰੂ ਨਾਨਕ ਸੁਮਾਰਗ ਦਾ ਵਾਧਾ ਹੀ ਇਹੋ ਹੈ ਕਿ ਇਸ ਪਰ ਚਲਣਹਾਰੇ ਅਨਿੰਨ ਅਭਿਆਸੀ ਜਨਾਂ ਨੂੰ ਘਟ ਅੰਦਰ ਹੀ ਜੋਤਿ ਪ੍ਰਗਾਸੀ ਦਰਸ਼ਨ ਪਰਤੱਖ ਜ਼ਰੂਰ ਪਜ਼ੀਰ ਹੋ ਜਾਂਦੇ ਹਨ, ਜਿਨ੍ਹਾਂ ਨੂੰ ਪੇਖ ਕੇ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਅਕਾਂਖਯਾ ਉਕੀ ਹੀ ਮਿਟ ਜਾਂਦੀ ਹੈ। ਜਿਸ ਕਿਸੇ ਅਭਿਲਾਖੀ ਜਨ ਨੇ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨਾਂ ਦੀ ਝਾਕੀ ਮਾਣਨੀ ਹੋਵੇ, ਉਸ ਜਨ ਨੂੰ ਪ੍ਰਿਥਮ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਦਰ ਘਰ ਦਾ ਪੂਰਨ ਸ਼ਰਧਾਲੂ ਅਤੇ ਵਿਸ਼ਵਾਸ-ਪਾਤਰ ਹੋਣਾ ਲੋੜੀਦਾ ਹੈ। ਦੂਜੇ ਇਹ ਗੱਲ ਪਰਮ ਲਾਜ਼ਮੀ ਹੈ ਕਿ ਗੁਰੂ ਨਾਨਕ ਦੀ ਦਰਸਾਈ ਗੁਰਬਾਣੀ ਦੇ ਗੂੜ੍ਹ ਵਿਧ੍ਰਾਨ ਅਨੁਸਾਰ ਅਤੁਟ ਨਾਮ ਅਭਿਆਸ ਕਮਾਈ ਕੀਤੀ ਜਾਵੇ, ਤਦ ਗੁਰੂ ਨਾਨਕ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨਾਂ ਦੇ ਪਰਤੱਖ ਹੋਣ ਦਾ ਰੰਚਕ ਵੀ ਸੰਦੇਹ ਨਹੀਂ ਰਹਿੰਦਾ। ਜਿਨ੍ਹਾ ਵਡਭਾਗੇ ਜਨਾਂ ਨੂੰ ਪੂਰਬ ਜਨਮ ਦੇ ਅੰਕੂਰ ਸਫੁਟ ਹੋ ਜਾਣ ਦੇ ਕਾਰਨ ਪੰਜਾਂ ਪਿਆਰਿਆਂ ਦਵਾਰਾ ਅੰਮ੍ਰਿਤ ਗੁੜ੍ਹਤੀ ਮਿਲਣਸਾਰ ਹੀ ਅੰਤਰ-ਆਤਮੇ ਜੋਤਿ ਪ੍ਰਕਾਸ਼ ਹੋ ਜਾਂਦੀ ਹੈ ਤਿਨ੍ਹਾਂ ਦੀ ਗਹਿਣ-ਗਤਿ ਅਤੀ ਨਿਰਾਲੀ ਅਤੇ ਵਿਲੱਖਣ ਹੈ। ਅਸੀਂ ਅਜਿਹੇ ਉਤਮ ਜਗਿਆਸੂ ਆਪਣੇ ਅੱਖੀਂ ਪੇਖੇ ਪਰਖੇ ਹਨ ਜਿਨ੍ਹਾਂ ਦੀ ਆਤਮਕ ਕਮਾਈ ਉਪਰ, ਉਪਰ ਦਸੀ ਮਿਹਰ ਨਦਰਾਵੀ ਅਪਾਰ ਦ੍ਰਿਸ਼ਟੀ ਹੋਈ ਹੈ। ਇਨ੍ਹਾਂ ਵਿਚੋਂ ਕਈਆਂ ਦਾ ਜ਼ਿਕਰ 'ਰੰਗਲੇ ਸੱਜਣ' ਨਾਮੇ ਪੁਸਤਕ ਵਿਚ ਆ ਚੁਕਾ ਹੈ। ਸਾਡੀ ਹੱਡ-ਬੀਤੀ ਸ਼ਾਹਦੀ ਭੀ ਇਹੋ ਹੈ ਕਿ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨ ਅਕਸ ਮਾਤਰ ਕੇਵਲ ਉਨ੍ਹਾਂ ਨੂੰ ਹੀ ਹੁੰਦੇ ਹਨ ਅਤੇ ਜ਼ਰੂਰ ਹੀ ਹੋ ਜਾਂਦੇ ਹਨ। ਜਿਨ੍ਹਾਂ ਨੂੰ ਨਾ ਹੋਏ ਹੋਣ ਉਹ ਅਜ਼ਮਾ ਕੇ ਦੇਖ ਲੈਣ। ਪਰੰਤੂ ਉਨ੍ਹਾਂ ਨੂੰ ਗੁਰਮਤਿ ਨਾਮ ਅਭਿਆਸ ਕਮਾਈ ਦੀ ਅਤੁਟ ਦਾਤਿ ਕੇਵਲ ਗੁਰੂ ਨਾਨਕ ਸਾਹਿਬ ਦੇ ਗੁਰੂ ਘਰ (ਗੁਰਦਵਾਰੇ) ਤੋਂ ਹੀ ਮਿਲ ਸਕਦੀ ਹੈ। ਇਹ ਹੱਥਾਂ ਉਪਰ ਸਰ੍ਹੋਂ ਜਮਾਉਣ ਵਾਲੀ ਗੱਲ ਹੈ। ਪਰਤੱਖ ਦਰਸ਼ਨ ਜ਼ਰੂਰ ਹੋ ਜਾਂਦੇ ਹਨ। ਜਿਨ੍ਹਾਂ ਦਰਸ਼ਨਾਂ ਦੀ ਅਜਰ ਅਵਸਥਾ ਨੂੰ ਜਰਨ ਵਾਲੇ ਵਿਸਮਾਦ ਪਦ ਵਿਚ ਲੀਨ ਹੋਏ ਬਿਨਾਂ

ਨਹੀਂ ਰਹਿ ਸਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰੇਕ ਵਾਕ ਇਸ ਗੱਲ ਦੀ ਪੱਕੀ ਸ਼ਾਹਦੀ ਭਰਦਾ ਹੈ ਕਿ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨ ਘਟ ਅੰਦਰ ਹੀ ਨਾਮ ਅਭਿਆਸੀ ਪ੍ਰੇਮੀ ਜਨ ਨੂੰ ਹੋ ਜਾਂਦੇ ਹਨ—ਏਸ ਗੱਲ ਦੀ ਪ੍ਰੋੜ੍ਹਤਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਮਾਤਰ ਇਕੋ ਝਾਕੀ ਦਰਸਾਉਂਦਾ ਹੈ। ਅਸੀਂ ਹੁਣ ਹੀ ਇਸ ਲੇਖ ਨੂੰ ਲਿਖਦੇ ਲਿਖਦੇ ਸੁਤੇ ਸੁਭਾਵ 'ਅੰਮ੍ਰਿਤ ਕੀਰਤਨ' ਨਾਮੇ ਪੁਸਤਕ ਵਿਚ ਚੁਭਾ ਮਾਰਿਆ ਤਾਂ ਇਹ ਗੁਰਵਾਕ ਨਿਕਲੇ :—

ਮੇਰੀ ਇਛ ਪੁੰਨੀ ਜੀਉ ਹਮ ਘਰਿ ਸਾਜਨੁ ਆਇਆ ॥
ਮਿਲਿ ਵਰੁ ਨਾਰੀ ਮੰਗਲੁ ਗਾਇਆ ॥......
ਨਾਨਕ ਪਿਰੁ ਧਨ ਕਰਹਿ ਰਲੀਆ, ਇਛ ਮੇਰੀ ਪੁੰਨੀਆ ॥੪॥੧॥

ਗਉੜੀ ਪੂਰਬੀ ਛੰਤ ਮ: ੧, ਪੰਨਾ ੨੪੨

ਸਾਜਨ ਆਇ ਵੁਠੇ ਘਰ ਮਾਹੀ ॥
ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥.......
ਸਾਜਨ ਆਇ ਵੁਠੇ ਘਰ ਮਾਹੀ ॥੪॥੧॥

ਰਾਗ ਸੂਹੀ ਛੰਤ ਮ: ੩, ਪੰਨਾ ੭੬੮—੬੯

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥......
ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥(੪॥੧)

ਆਸਾ ਮਹਲਾ ੫ ਛੰਤ, ਪੰਨਾ ੪੫੨

ਆਹਾ! ਕਿਹਾ ਸੁੰਦਰ ਦ੍ਰਿਸ਼ਯ ਬੱਝਾ ਹੈ ਅਦ੍ਰਿਸ਼ਟ ਦਰਸ਼ਨਾਂ ਦੇ ਗੁਪਤੋਂ ਪਰਗਟ ਹੋਣ ਦਾ, ਅਤੇ ਦ੍ਰਿਸ਼ਟੀ ਗੋਚਰ ਹੋਣ ਦਾ। ਦਰਸ਼ਨਾਂ ਦੇ ਪਰਤੱਖ ਹੋਣ ਵਿਚ ਕੋਈ ਕਸਰ ਨਹੀਂ ਰਹਿ ਜਾਂਦੀ, ਜਦੋਂ ਦਰਸ਼ਨਾਂ ਦੀ ਗਾਹਕ, ਜਗਿਆਸਾ ਇਸਤ੍ਰੀ, ਆਪ-ਮੁਹਾਰੀ ਹੋ ਕੇ ਇਉਂ ਪੁਕਾਰ ਉਠਦੀ ਹੈ :—

ਮੇਰੀ ਇਛ ਪੁੰਨੀ ਜੀਉ ਹਮ ਘਰਿ ਸਾਜਨੁ ਆਇਆ ॥(੨੪੨)

ਪ੍ਰਮਾਰਥ ਦੀ ਜਗਿਆਸਾ-ਮਈ ਪ੍ਰਬਲ ਇੱਛਾ ਇਹੀ ਹੁੰਦੀ ਹੈ ਕਿ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੋ ਜਾਣ। "ਹਮ ਘਰਿ ਸਾਜਨੁ ਆਇਆ" ਮਈ ਪੱਕੀ ਸ਼ਾਹਦੀ ਏਸੇ ਗੁਰ-ਪੰਗਤੀ ਦੁਆਰਾ ਮਿਲਦੀ ਹੈ ਕਿ ਘਟ ਰੂਪੀ ਘਰ ਅੰਦਰ ਹੀ ਅਦ੍ਰਿਸ਼ਟ ਵਾਹਿਗੁਰੂ ਰੂਪੀ ਸਾਜਣ ਦੇ ਗੁਪਤੋਂ ਪਰਗਟ ਰੂਪ ਦਰਸ਼ਨ ਪਰਤੱਖ ਜ਼ਹੂਰ ਪਜ਼ੀਰ ਹੋ ਜਾਂਦੇ ਹਨ, ਸਗੋਂ ਆਨੰਦ ਹੁਲਾਸ ਦਾ ਇਹ ਸਚੜਾ ਅਹਿਸਾਸ ਹੈ ਜੋ ਇਸ ਪੰਗਤੀ ਦੁਆਰਾ ਸਰ-ਬਮੁਹਰ (ਉਘੜ ਕੇ) ਪ੍ਰਕਾਸ਼ ਹੋਇਆ

ਹੈ। ਸੱਚੇ ਅਦ੍ਰਿਸ਼ਟ ਅਗਮ ਅਗੋਚਰ ਵਾਹਿਗੁਰੂ ਰੂਪੀ ਵਰ ਨੂੰ ਮਿਲ ਕੇ ਮਿਲਣਹਾਰੀ ਨਾਰੀ ਬਿਰਹੋਂ ਕੁਠੜੀ ਪ੍ਰੇਮ ਵਿਗਾਸ ਅਨੰਦ ਮਈ ਲਹਿਰ ਵਿਚ ਇਸ ਬਿਧਿ ਪੁਕਾਰਨੋਂ ਨਹੀਂ ਰੁਕ ਸਕਦੀ ਕਿ ਪ੍ਰਮਾਤਮਾ ਵਾਹਿਗੁਰੂ ਰੂਪੀ ਵਰ ਨੂੰ ਮਿਲ ਕੇ ਸੱਚੜਾ ਮੰਗਲ ਮਈ ਅਨੰਦ ਤ੍ਰਾਨਾ ਗਾਇਆ ਜਾਏ । ਅੰਤਰਗਤੀ ਘਟ ਅੰਤਰਿ ਹੀ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਮਿਲਣ ਦਾ ਇਹ ਵਿਸਮਾਦ ਕੌਤਕੀ ਨਜ਼ਾਰਾ ਪੇਖ ਕੇ ਗੁਰਬਾਣੀ ਦਵਾਰਾ ਹੀ ਇਹ ਪ੍ਰਗਟਾਉ ਸ਼ੋਭਨੀਕ ਹੋ ਕੇ ਫਬਿਆ ਹੈ ਤੇ ਕਿਆ ਖ਼ੂਬ ਫਬਿਆ ਹੈ । ਫਬੇ ਭੀ ਕਿਉਂ ਨਾ, ਕਿਉਂਕਿ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੀ ਨਿਰੇ ਨਹੀਂ ਹੋਏ, ਬਲਕਿ ਮਿਲਣਹਾਰੀ ਜਗਿਆਸਾ ਇਸਤ੍ਰੀ ਵਾਹਿਗੁਰੂ ਰੂਪੀ ਵਰ ਨੂੰ ਮਿਲ ਕੇ ਰੰਗ-ਰਲੀਆਂ ਮਾਣਦੀ ਹੈ। ਏਸੇ ਕਰਕੇ ਹੀ ਇਉਂ ਉਚਾਰਣ ਹੋਇਆ ਹੈ ਕਿ ਵਾਹਿਗੁਰੂ ਰੂਪੀ ਪਿਰੀ ਪਰਮੇਸ਼ਰ ਅਤੇ ਪਰਮੇਸ਼ਰ-ਪ੍ਰੇਮ-ਪਰਾਇਣੀ ਧਨ (ਇਸਤ੍ਰੀ) ਪਰਸਪਰ ਚੋਜ ਬਿਨੋਦੀ ਆਨੰਦ ਕਰ ਕੇ ਘਟ ਅੰਤਰ ਹੀ ਖ਼ੂਬ ਰੰਗ-ਰਲੀਆਂ ਮਾਣਦੇ ਹਨ। ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨ ਦੀ ਪਰਤੱਖਤਾ-ਮਈ ਸੱਚੀ ਇੱਛਾ ਪੂਰੀ ਹੋਣ ਦੀ ਇਹ ਆਨੰਦ-ਠਰੂਰੀ ਸੱਚੀ ਵਧਾਈ ਹੈ, ਜੋ ਦਰਸ਼ਨ ਕਰਨਹਾਰੀ ਜਗਿਆਸਾ ਨਾਰੀ ਦੇ ਗਿਰਦਿਓਂ ਆਪ-ਮੁਹਾਰੀ ਸਫੁਟ ਹੋ ਹੋ ਨਿਕਲਦੀ ਹੈ।

ਦੂਸਰੀ ਸ਼ਬਦ-ਪੰਕਤੀ ਸਪੱਸ਼ਟ ਹੀ ਇਸ ਗੱਲ ਦਾ ਸੱਚ ਧੁਰਵੜਾ ਬੰਨ੍ਹਦੀ ਹੈ ਕਿ ਵਾਹਿਗੁਰੂ ਰੂਪੀ ਸਾਜਨ ਅਦ੍ਰਿਸ਼ਟੋਂ ਹੀ ਘਟ ਅੰਤਰਿ ਆਇ ਵੁਠੇ, ਆਇ ਜ਼ਹੂਰ ਪਜ਼ੀਰ ਹੋਏ, 'ਸਾਜਨ ਆਇ ਵੁਠੇ ਘਰ ਮਾਹੀ' ਗੁਪਤੋਂ ਪਰਗਟ ਹੋਏ ਅਦ੍ਰਿਸ਼ਟ ਵਾਹਿਗੁਰੂ ਦੇ ਨਜ਼ਾਰੇ ਦੀਦਾਰੇ ਪਰਤੱਖ ਪੇਖ ਕੇ ਵਾਹਿਗੁਰੂ ਦੇ ਗੁਣ ਗਾਵਣ ਦਾ ਸੱਚੜਾ ਤੇ ਅਦੁਤੀ ਆਨੰਦ ਆਂਵਦਾ ਹੈ। ਜਿਸ ਅਨੰਦ ਦੀ ਅੰਤਰ-ਗਤੀ ਭਰਪੁਰ-ਲੀਣਤਾ ਕਰਕੇ ਸੱਚੀ ਤ੍ਰਿਪਤੀ ਐਸੀ ਆਉਂਦੀ ਹੈ ਕਿ ਗੁਣ ਗਾ ਗਾ ਕੇ ਰੱਜ ਜਾਈਦਾ ਹੈ, ਜੈਸਾ ਕਿ—

ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥... ... ॥੪॥੧॥

ਸੂਹੀ ਛੰਤ ਮ: ੩, ਪੰਨਾ ੭੬੮

ਇਸ ਗੁਰ-ਪੰਗਤੀ ਤੋਂ ਇਹ ਗੱਲ ਵੀ ਭਲੀ ਬਿਧਿ ਸਿਧ ਹੋ ਗਈ ਕਿ ਗੁਰੂ ਘਰ ਵਿਖੇ, ਕੇਵਲ ਗੁਰੂ ਨਾਨਕ ਦੇ ਦਰ ਵਿਖੇ ਹੀ ਇਹ ਵਡਿਆਈ ਵਰਨਣ ਹੈ ਕਿ ਨਾਮ ਅਭਿਆਸ ਕਮਾਈ ਵਾਲੀਆਂ ਅਨੇਕਾਂ ਹੀ ਜਗਿਆਸਾ ਇਸਤ੍ਰੀਆਂ ਹਨ, ਜੋ ਵਾਹਿਗੁਰੂ ਪਤੀ ਪਰਮੇਸ਼ਰ ਨੂੰ ਜਪ ਜਪ ਕੇ, ਸਾਲਾਹ ਸਾਲਾਹ ਕੇ ਤ੍ਰਿਪਤਾਸੀਆਂ ਜਾਂਦੀਆਂ ਹਨ । ਅਜਿਹੀਆਂ ਤ੍ਰਿਪਤ-ਅਘਾਈਆਂ ਰੂਹੜੀਆਂ ਹੀ ਅਜਰ ਪਦ ਨੂੰ ਜਰ ਕੇ ਗੁਰੂ ਘਰ ਵਿਖੇ ਗੁਪਤ ਵਰਤਦੀਆਂ ਹਨ। ਅਜਰ ਪਦ ਨੂੰ ਲਖਾਉਣਾ ਪ੍ਰਗਟਾਉਣਾ ਉਨ੍ਹਾਂ ਦੀ ਸ੍ਰਿਸ਼ਤ (ਤਬੀਅਤ) ਵਿਚ ਧੁਰੋਂ ਸਿਖਿਆ ਹੀ ਨਹੀਂ ਹੁੰਦਾ।

ਤੀਜੜੀ ਸ਼ਬਦ-ਪੰਕਤੀ ਕਿਹਾ ਸੋਹਣਾ ਦ੍ਰਿਸ਼ਯ ਬੰਨ੍ਹਦੀ ਹੈ ਅਤੇ ਬਿਸਮਾਦ ਉਚਾਰਣ ਉਚਰਦੀ ਹੈ ਕਿ ਗੁਰੂ ਘਰ ਦੀ ਪ੍ਰੇਮ-ਭਿੰਨੜੀ ਸੰਗਤ ਵਿਖੇ ਅਜਿਹੇ ਗੁਝੇ ਰਤਨ ਪਰਮਾਰਥੀ ਸੰਤ ਪਰਾਹੁਣੇ ਹੋ ਕੇ ਮਾਨੋ ਇਸ ਘਟ ਦੀ ਸਚਿਆਈ ਵਡਿਆਈ ਹੀ ਪਰਗਟ ਕਰਦੇ ਹਨ ਕਿ ਓਹੀ ਹਿਰਦੇ ਰੂਪੀ ਦੁਆਰੜੇ ਸੋਂਹਦੇ ਤੇ ਸੁਭਾਇਮਾਨ ਅਤੇ ਬੰਕੜੇ ਹਨ ਜਿਥੇ ਅਦ੍ਰਿਸ਼ਟ ਵਾਹਿਗੁਰੂ ਬਾਂਕੜਾ ਪ੍ਰੀਤਮ ਗੁਪਤੋਂ ਪਰਗਟ ਹੋ ਕੇ ਆਏ ਵੁਠਾ ਹੈ, ਯਥਾ :—

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥...੨॥(੪॥੧)
ਆਸਾ ਮ: ੫ ਛੰਤ, ਪੰਨਾ ੪੫੨

ਅਜਿਹੇ ਹੀ ਸੁੰਦਰ ਅਤੇ ਅਮੀਕ ਭਾਵ ਵਾਲੇ ਗੁਰਵਾਕਾਂ ਨੂੰ ਐਵੇਂ ਹੀ ਐਰੇ ਗੈਰੇ ਦ੍ਰਿਸ਼ਯ ਤੇ ਘਟਾ ਲੈਣਾ ਅਜ ਕਲ੍ਹ ਦੇ ਬਾਣੀ-ਗਵੱਈਆਂ ਦੀ ਰਵਸ਼ ਮਾਤਰ ਹੀ ਮੁਹਾਰ ਹੋ ਗਈ ਹੈ। ਵਾਸਤਵੀ ਘਟਨਾ ਚਾਹੇ ਘਟੇ ਜਾਂ ਨਾ ਘਟੇ। ਅਖੀਰਲੀ ਤੁਕ ਸਾਫ਼ ਪ੍ਰਗਟਾਉਂਦੀ ਹੈ ਕਿ ਓਹੀ ਘਟ ਰੂਪੀ ਦੁਆਰੇ ਹੀ ਸੁਹਾਵਣੇ ਹਨ ਜਿਨ੍ਹਾਂ ਦੇ ਅੰਦਰ 'ਸਹੁ ਘਰ ਮਹਿ ਬੈਠਾ' ਵਾਲੀ ਪਰਤੱਖ ਘਟਨਾ ਘਟਦੀ ਹੈ। ਗੁਰੂ ਨਾਨਕ ਸਾਹਿਬ ਆਪਣੇ ਪੰਚਮ ਸਰੂਪ ਵਿਚ ਇਸ ਘਟੀ ਘਟਨਾ ਦੀ ਪਰਤੱਖ ਸ਼ਾਹਦੀ ਭਰਦੇ ਹਨ। ਯਥਾ :—

ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥ (੪॥੧)
ਆਸਾ ਮ: ੫ ਛੰਤ, ਪੰਨਾ ੪੫੨

ਗੱਲ ਕੀ, ਗੁਰਬਾਣੀ ਵਿਖੇ ਆਇਆ ਹਰੇਕ ਗੁਰਵਾਕ ਇਸ ਗੱਲ ਦੀ ਪੱਕੀ ਪ੍ਰੋੜ੍ਹਤਾ ਕਰਦਾ ਹੈ ਕਿ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੇ ਦ੍ਰਿਸ਼ਟੀ-ਗੋਚਰ ਹੋ ਜਾਣ ਵਾਲੀ ਗੱਲ ਪੱਕੀ ਹੈ ਅਤੇ ਐਸੀ ਅੰਤਰੀਵੀ ਕਲਾ ਵਾਲੀ ਹੈ ਜਿਸ ਵਿਚ ਵੁਠੜਾ ਦਰਸ਼ਨ ਫਿਰ ਕਦੇ ਮਿਟ-ਮਿਟਾ ਨਹੀਂ ਸਕਦਾ, ਟਿਮ-ਟਿਮਾਉਂਦਾ ਹੀ ਰਹਿੰਦਾ ਹੈ। ਤਾਂ ਤੇ ਇਹ ਕੇਵਲ ਗੁਰਬਾਣੀ ਹੈ ਜੋ ਇਸ ਗੱਲ ਦਾ ਪੱਕਾ ਭਰੋਸਾ ਬੰਨ੍ਹਾਉਂਦੀ ਹੈ ਕਿ ਨਾ-ਦਿਸਣਹਾਰੇ ਵਾਹਿਗੁਰੂ ਦੇ ਦਰਸ਼ਨ ਸੰਭਵ ਹਨ ਅਤੇ ਪਰਤੱਖਤਾ ਵਿਚ ਵਰਤ ਸਕਦੇ ਹਨ। ਜੋ ਜਗਿਆਸੂ ਜਨ ਸਿਮਰਨ ਰੂਪੀ ਸੇਵਾ ਤਾਂ ਥੋੜੀ ਕਰਦੇ ਹਨ ਪਰੰਤੂ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀਆਂ ਉਚੇਰੀਆਂ ਅਤੇ ਵਡੇਰੀਆਂ ਮੰਗਾਂ ਮੰਗਦੇ ਹਨ, ਤਿਨ੍ਹਾਂ ਨੂੰ ਦਰਸ਼ਨ-ਮਈ ਵਾਹਿਗੁਰੂ ਦੇ ਮਹਿਲੀਂ ਪੁਜ ਪੈਣਾ ਨਸੀਬ ਕਿਵੇਂ ਹੋ ਸਕਦਾ ਹੈ। ਯਥਾ ਗੁਰਵਾਕ :—

ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥੧॥
ਸੂਹੀ ਮਹਲਾ ੫, ਪੰਨਾ ੭੩੮

 www.sikhbookclub.com

ਬਿਨਾਂ ਸੱਚੀ ਅਭਿਆਸ ਕਮਾਈ ਕੀਤੇ ਦੇ ਵਾਹਿਗੁਰੂ ਦਰਸ਼ਨ-ਮਈ ਦਰਸ਼ਨਾਂ ਦੇ, ਮਹਿਲਾਂ ਤੇ ਪੁਜ ਚੁਕਣ ਵਾਲੀ ਹਮਾਕਤ ਕੂੜਾਵੀਆਂ ਠੀਸਾਂ ਮਾਰਨ ਵਾਲੀ ਹੀ ਗੱਲ ਹੈ, ਜੋ ਨਿਰੀ ਮੂਰਖਤਾਈ ਹੈ। ਪਰੰਤੂ ਇਸ ਤੋਂ ਵਧ ਕੇ ਸੱਚਾਈ ਭੀ ਹੋਰ ਕੋਈ ਨਹੀਂ ਹੋ ਸਕਦੀ ਕਿ ਵਾਹਿਗੁਰੂ ਦੇ ਗੁਪਤੋਂ ਪਰਗਟ ਹੋਏ ਦਰਸ਼ਨਾਂ ਦੇ ਪਰਤੱਖ ਨਜ਼ਾਰੇ ਸੰਭਵ ਹਨ ਤਾਂ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੀ ਅਤੁਟਤਾ ਵਿਚ ਹੀ ਹਨ।

ਪਿਛਲੇ ਲੇਖ ਦਾ ਸਾਰ ਸਿੱਟਾ ਇਹ ਹੈ ਕਿ ਵਾਹਿਗੁਰੂ ਦੇ ਪਰਤੱਖ ਦਰਸ਼ਨ ਪ੍ਰਥਾਇ ਹੇਠ ਲਿਖੇ ਅਨੁਸਾਰ ਵਰਤੋਂ ਕਰਨੀ ਗੁਰਮਤਿ ਜਗਿਆਸੂ ਲਈ ਪਰਮ ਲਾਜ਼ਮੀ ਹੈ :—

(੧) ਸਭ ਤੋਂ ਪਹਿਲਾਂ ਵਾਹਿਗੁਰੂ ਦਰਸ਼ਨ ਦੇ ਗੁਰਮਤਿ ਜਗਿਆਸੂ ਨੂੰ ਇਹ ਭਰੋਸਾ ਹੋਣਾ ਪਰਮ ਜ਼ਰੂਰੀ ਹੈ ਕਿ ਜਦ ਇਹ ਦਰਸ਼ਨ ਹੋਣੇ ਹਨ ਤਾਂ ਗੁਰਬਾਣੀ ਦੇ ਦ੍ਰਿੜ੍ਹਾਏ ਆਸ਼ੇ ਅਨੁਸਾਰ ਹੀ ਹੋਣੇ ਹਨ।

(੨) ਗੁਰਮਤਿ ਜਗਿਆਸੂ ਦੇ ਹਿਰਦੇ ਅੰਦਰ ਇਹ ਪੱਕਾ ਵਿਸ਼ਵਾਸ ਮਨ ਬਚਨ ਕਰਕੇ ਹੋਣਾ ਉਚਿਤ ਹੈ —

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥...੨॥(੧੪)

ਗਉੜੀ ਕੀ ਵਾਰ, ਮ: ੪, ਪੰਨਾ ੩੦੮

(੩) ਇਸ ਨਿਸਚੇ ਅਨੁਸਾਰ ਗੁਰਮਤਿ ਜਗਿਆਸੂ ਨੂੰ ਗੁਰਬਾਣੀ ਅੰਦਰ ਉਚਾਰੇ ਹੋਏ ਗੁਰਵਾਕਾਂ ਉਤੇ ਪੂਰਨ ਅਤੇ ਦ੍ਰਿੜ੍ਹ ਵਿਸ਼ਵਾਸ ਇਸ ਗੱਲ ਦਾ ਹੋਣਾ ਲੋੜੀਦਾ ਹੈ ਕਿ ਜੋ ਕੁਛ ਗੁਰਬਾਣੀ ਯਾ ਗੁਰਵਾਕ ਉਚਾਰਦੇ ਹਨ ਉਨ੍ਹਾਂ ਅਨੁਸਾਰ ਪੂਰੀ ਵਰਤੋਂ ਕਰਨ ਕਰਕੇ ਹੀ ਸੱਚਾ ਮਾਰਗ ਵਾਹਿਗੁਰੂ ਦੇ ਪਰਤੱਖ ਦਰਸ਼ਨਾਂ ਦਾ ਲਭਦਾ ਹੈ।

(੪) ਗੁਰਮਤਿ ਅਨੁਸਾਰ ਜਿਸ ਜਗਿਆਸੂ ਨੂੰ ਜਦੋਂ ਭੀ ਇਹ ਦਰਸ਼ਨ ਹੋਏ ਹਨ, ਤਦੋਂ ਹੀ ਪਹਿਲਾਂ ਗੁਰਮਤਿ ਅਤੁਟ ਨਾਮ ਅਭਿਆਸ ਕਮਾਈਆਂ ਕਰ ਕਰ ਕੇ ਅੰਤਰ-ਆਤਮੇ ਹੀ ਜੋਤੀਸ਼ ਵਾਹਿਗੁਰੂ ਦੀ ਜੋਤਿ ਪ੍ਰਜੁਲਤ ਹੋ ਜਾਂਦੀ ਹੈ। ਇਸ ਜੋਤਿ ਪ੍ਰਜੁਲਤ ਹੋਏ ਬਾਝੋਂ ਇਸ ਗੱਲ ਦਾ ਅੰਦਾਜ਼ਾ ਹੀ ਨਹੀਂ ਆ ਸਕਦਾ ਕਿ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੋਏ ਹਨ ਕਿ ਨਹੀਂ। ਗੁਰੂ ਨਾਨਕ ਸਾਹਿਬ ਦੇ ਘਰ ਦੇ ਉਹ ਵਿਰਲੇ ਜਗਿਆਸੂ ਨਿਰਾਲੇ ਹਨ, ਜਿਨ੍ਹਾਂ ਉਤੇ ਗੁਰੂ ਨਾਨਕ ਸਾਹਿਬ ਦੇ ਨਦਰੀ ਨਦਰ ਨਿਹਾਲ ਹੋ ਜਾਣ ਕਰਕੇ ਇਕ-ਦਮ ਹੀ ਦਰਸ਼ਨ-ਝਾਕੀ ਨਸੀਬ ਹੋ ਜਾਂਦੀ ਹੈ।

(੫) ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਨਹਾਰੇ ਗੁਰਮਤਿ ਜਗਿਆਸੂ ਲਈ

ਪਹਿਲੀ ਲਾਜ਼ਮੀ ਸ਼ਰਤ ਇਹ ਹੈ ਕਿ ਉਸ ਜਗਿਆਸੂ ਨੇ ਗੁਰਮਤਿ ਅਨੁਸਾਰ 'ਅੰਮ੍ਰਿਤ' ਪਾਨ ਕਰ ਕੇ ਗੁਰਦੀਖਿਆ ਗੁਰਮੰਤਰ ਦੀ ਦਾਤਿ ਪ੍ਰਾਪਤ ਕਰ ਲਈ ਹੋਵੇ । ਗੁਰਮਤਿ-ਹੀਣ ਨਿਗੁਰੇ ਪੁਰਸ਼ ਨੂੰ ਇਹ ਦਰਸ਼ਨ ਕਦੇ ਪ੍ਰਾਪਤ ਨਹੀਂ ਹੋ ਸਕਦੇ । ਇਹਨਾਂ ਦਰਸ਼ਨਾਂ ਦੇ ਪਰਮ ਉਤਾਵਲੇ ਜਿਸ ਜਿਸ ਜਗਿਆਸੂ ਨੂੰ ਦਰਸ਼ਨਾਂ ਦੀ ਉਮੰਗ ਉਠੀ ਹੋਵੇ, ਉਹ ਪਹਿਲਾਂ ਉਪਰ ਲਿਖੇ ਨਿਯਮਾਂ ਅਨੁਸਾਰ ਆਪਣਾ ਜੀਵਨ ਢਾਲ ਕੇ ਪੂਰਨ ਗੁਰਮਤਿ ਕਸੌਟੀ ਉਤੇ ਚਾੜ੍ਹੇ । ਫੇਰ ਉਹ ਨਿਜ ਆਤਮੇ ਅੰਦਰ ਵਿਚਾਰ ਕੇ ਦੇਖੇ ਤੇ ਪਰਤੱਖ ਦੇਖੇ ਕਿ ਇਹ ਦਰਸ਼ਨ ਹੁੰਦੇ ਹਨ ਕਿ ਨਹੀਂ । ਗੁਰਮਤਿ ਅਭਿਆਸੀ ਜਨ ਪਰਤੱਖ ਦਰਸ਼ਨ ਕਰਦਾ ਹੋਇਆ ਬਰਮਲਾ ਅੰਦਰੋਂ ਆਮੁਹਾਰਾ ਹੀ ਇਉਂ ਪੁਕਾਰ ਉਠੇਗਾ ਕਿ :—

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥੪॥੨॥

ਬਿਹਾਗੜਾ ਮਹਲਾ ੫, ਪੰਨਾ ੫੪੩

ਪਰਤੱਖ ਦਰਸ਼ਨ ਪੇਖ ਕੇ ਹੀ ਗੁਰਮਤਿ ਸਚੜੇ ਜਗਿਆਸੂ ਨੂੰ ਗੁਣ ਗੋਬਿੰਦ ਗਾਵਣ ਦਾ ਤੇ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨ ਦਾ ਸੱਚੜਾ ਤੇ ਅਸਲੀ ਅਨੰਦ ਆਉਂਦਾ ਹੈ । ਇਸ ਅਨੰਦ ਆਏ ਬਿਨਾਂ ਐਵੇਂ ਉਚਾਰਦੇ ਫਿਰਨਾ ਬਿਰਥਾ ਹੈ । ਯਥਾ ਗੁਰਵਾਕ—

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥...੭॥

ਰਾਮਕਲੀ ਮ: ੩ ਅਨੰਦੁ, ਪੰਨਾ ੯੧੭

ਗੁਰੂ ਬਾਝੋਂ ਨਿਗੁਰੇ ਨੂੰ ਕਦੀ ਇਹ ਅਨੰਦ ਨਹੀਂ ਆ ਸਕਦਾ । ਸਗੁਰਿਆਂ ਗੁਰਮਤਿ ਅਭਿਆਸੀਆਂ ਅਤੇ ਨਿੱਗਰ ਨਾਮ ਅਭਿਆਸੀਆਂ ਨੂੰ ਹੀ ਇਹਨਾਂ ਪਰਤੱਖ ਦਰਸ਼ਨਾਂ ਦੀ ਕਿਰਪਾ ਗੁਰੂ ਨਾਨਕ ਸਾਹਿਬ ਦੁਆਰਾ ਹੁੰਦੀ ਹੈ । ਗੁਰੂ ਨਾਨਕ ਸਾਹਿਬ ਦੇ ਦੁਆਰੇ ਉਪਰ ਪੂਰਨ ਭਰੋਸਾ ਰਖਣ ਵਾਲੇ ਗੁਰਮਤਿ ਜਗਿਆਸੂਆਂ ਨੂੰ ਪਹਿਲਾਂ ਇਸ ਗੁਰਵਾਕ ਤੇ ਪੱਕਾ ਨਿਸਚਾ ਹੋ ਜਾਂਦਾ ਹੈ । ਯਥਾ :—

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥...੨॥(੧੦)

ਵਾਰ ਗਉੜੀ, ਮ: ੩, ਪੰਨਾ ੬੪੬

ਗੁਰੂ ਨਾਨਕ ਦਸਮੇਸ਼ ਦੇ ਦੁਆਰੇ ਤੇ ਆਏ ਪੱਕੇ ਤੇ ਸੱਚੇ ਗੁਰਮਤਿ ਜਗਿਆ-ਸੂਆਂ ਨੂੰ ਇਸ ਗੁਰਵਾਕ ਪੰਗਤੀ ਉਤੇ ਪੂਰਨ ਅਮਲ ਕਰਨਾ ਅੰਤਰ-ਆਤਮੇ ਦ੍ਰਿੜ੍ਹ ਹੋ ਜਾਂਦਾ ਹੈ ਕਿ :—

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

ਆਸਾ ਮਹਲਾ ੩ ਪਟੀ, ਪੰਨਾ ੪੩੫

ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਥਾਉਂ ਥਾਈਂ ਡਿੰਭੀ ਅਤੇ ਪਾਖੰਡੀ ਦੇਹਧਾਰੀ ਗੁਰੂ ਬਣੇ ਬੈਠੇ ਹਨ । ਗੁਰੂ ਤਾਂ ਕੇਵਲ ਇਕੋ ਹੀ ਹੈ, ਬਾਕੀ ਸਭ ਪਾਖੰਡੀ

ਕੂੜਾਵਾ ਦਾਅਵਾ ਗੁਰੂ ਹੋਣ ਦਾ ਕਰਦੇ ਹਨ, ਜੋ ਸਭ ਰਸਾਤਲ ਨੂੰ ਜਾਣਗੇ। ਉਹਨਾਂ ਤੋਂ ਸਰਨਾ ਕੁਝ ਨਹੀਂ। ਕੀ ਇਹਨਾਂ ਸਾਰਿਆਂ ਡਿੰਭੀਆਂ ਤੇ ਪਾਖੰਡੀਆਂ, ਆਪੋਂ ਬਣ ਬੈਠੇ ਦੇਹਧਾਰੀਆਂ ਨੂੰ ਗੁਰੂ ਮੰਨ ਲੈਣਾ ਰਸਾਤਲ ਜਾਣ ਦਾ ਕੂੜਾ ਸੌਦਾ ਸਹੇੜਨਾ ਨਹੀਂ ਹੈ ? ਗੁਰੂ ਨਾਨਕ ਬਾਝੋਂ ਕੋਈ ਸੱਚਾ ਸਤਿਗੁਰੂ ਅਜ ਤਕ ਨਾ ਹੋਇਆ ਹੈ ਤੇ ਨਾ ਹੋਵੇਗਾ। ਗੁਰੂ ਨਾਨਕ ਸਾਹਿਬ ਦੀ ਸਿਖਸ਼ਾ ਅਨੁਸਾਰ ਕੇਵਲ ਇਕੋ ਗੁਰੂ ਕਰਤਾਰ ਉਪਰ ਪੱਕਾ ਨਿਸਚਾ ਰਖਣ ਵਾਲਿਆਂ ਨੂੰ ਹੀ ਵਾਹਿਗੁਰੂ ਕਰਤਾਰ ਦੇ ਪਰਤੱਖ ਦਰਸ਼ਨ ਹੁੰਦੇ ਹਨ। ਪਰ ਹੁੰਦੇ ਤਦੋਂ ਹਨ ਜਦੋਂ ਗੁਰਮਤਿ ਜਗਿਆਸੂ ਜਨ ਗੁਰ-ਦਰਸਾਈ ਸੱਚੀ ਦੀਖਸ਼ਾ ਦਾ ਪੂਰਨ ਧਾਰਨੀ ਬਣਦਾ ਹੈ। ਇਹ ਧਾਰਨਾ ਨਸੀਬ ਹੀ ਉਹਨਾਂ ਨੂੰ ਹੁੰਦੀ ਹੈ ਜਿਨ੍ਹਾਂ ਉਤੇ ਗੁਰੂ ਨਾਨਕ ਸਾਹਿਬ ਦੀ ਨਿਹਾਲਤਾ ਮਈ ਪੱਕੀ ਨਜ਼ਰ ਹੁੰਦੀ ਹੈ। ਐਸੇ ਵਡਭਾਗੇ ਜਗਿਆਸੂ ਜਨ ਵਾਹਿਗੁਰੂ ਗੁਰੂ ਨਾਨਕ ਦੇ ਪਰਤੱਖ ਦਰਸ਼ਨ ਕਰ ਕਰ ਕੇ ਜੋਤੀਸ਼ ਵਾਹਿਗੁਰੂ ਦੀ ਜੋਤਿ ਅੰਦਰ ਸਮਾਇ ਕੇ ਭੀ ਆਪਣੇ ਆਪ ਨੂੰ ਅਨਿੰਨ ਭਗਤ ਸਦਾਉਂਦੇ ਹੋਏ, ਜੀਉਂਦੇ ਹੋਏ ਪੂਰਨ ਗਰੀਬੀ ਵੇਸ ਧਾਰਨ ਕਰੀ ਰਖਦੇ ਹਨ। ਜਣਾਉਂਦੇ ਕਦੇਂ ਕਿਸੇ ਨੂੰ ਨਹੀਂ ਕਿ ਸਾਨੂੰ ਪਰਤੱਖ ਦਰਸ਼ਨ ਹੋ ਗਏ ਹਨ। ਪਰੰਤੂ ਖਿਨ ਖਿਨ ਪਰਤੱਖ ਦਰਸ਼ਨਾਂ ਦਾ ਅਦੁਤੀ ਅਨੰਦ ਮਾਣਦੇ ਹੋਏ ਹਰ ਛਿਨ ਬਾਗ਼ੋ ਬਾਗ਼ ਰਹਿੰਦੇ ਹਨ ਤੇ ਕਦੇ ਡੋਲਦੇ ਨਹੀਂ। ਗੁਣਨਿਧ ਪਰਮਾਤਮਾ ਵਾਹਿਗੁਰੂ ਦੇ ਗੁਣ ਗਾਉਣ ਵਿਚ ਹੀ ਮੱਤੇ ਤੱਤੇ ਰਹਿੰਦੇ ਹਨ। ਗੋਬਿੰਦ ਵਾਹਿਗੁਰੂ ਨੂੰ ਰੀਝਾਇ ਕੇ ਇਸ ਬਿਧ ਹੀ ਚਿਤਾਰਦੇ ਰਹਿੰਦੇ ਹਨ, ਜੈਸਾ ਕਿ ਗੁਰਵਾਕ ਦਰਸਾਉਂਦਾ ਹੈ :—

ਗਾਇਓ ਰੀ ਮੈ ਗੁਣਨਿਧਿ ਮੰਗਲ ਗਾਇਓ ॥
ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥੧॥(੪॥੧੪)
ਸਾਰੰਗ ਮ: ੫, ਪੰਨਾ ੧੨੦੬

ਇਸ ਪਦ ਨੂੰ ਗ੍ਰਹਿਣ ਕਰਨ ਵਾਲੇ ਜਗਿਆਸੂਆਂ ਉਤੇ ਇਹ ਪਤੀਜਤਾ ਤਦ ਹੀ ਘਟੇਗੀ ਜਦੋਂ ਉਹ ਪਰਤੱਖ ਦਰਸ਼ਨ ਕਰ ਕੇ ਖ਼ੁਦ ਦੇਖ ਲੈਣਗੇ। ਫੇਰ ਉਹ ਆਪੇ ਹੀ ਪੁਕਾਰ ਉਠਣਗੇ ਕਿ ਵਾਹਿਗੁਰੂ ਦੇ ਪਰਤੱਖ ਦੇਖਣਹਾਰੀ ਗੁਰਮਤਿ-ਪਤੀਜਤਾ ਇੰਨ ਬਿੰਨ ਸਹੀ ਹੈ, ਐਵੇਂ ਉਪਰਲੀਆਂ ਤੇ ਓਪਰੀਆਂ ਗੱਲਾਂ ਨਾਲ ਪਤੀਜ ਕਦੇ ਨਹੀਂ ਆਵੇਗੀ।

ਗੁਰਮਤਿ ਅਨੁਸਾਰ ਵਾਹਿਗੁਰੂ ਦਰਸ਼ਨਾਂ ਦੇ ਪਰਤੱਖ ਦੇਖਣਹਾਰਿਆਂ ਉਪਰ ਦਰਸ਼ਨ ਦੇਖਣਹਾਰੀ ਅਵਸਥਾ ਵਾਪਰੇਗੀ ਸਹੀ ਜ਼ਰੂਰ, ਪਰ ਉਹ ਕਦੇ ਬਫਾਉਣਗੇ ਨਹੀਂ ਕਿ ਸਾਨੂੰ ਦਰਸ਼ਨ ਹੋ ਗਏ ਹੇਨ। ਸਦਾ ਨਿਮਰਤਾ ਵਿਚ ਹੀ ਨਿਮਗਨ ਰਹਿ ਕੇ ਆਪਣੀ ਸਾਰੀ ਆਯੂ ਬਤੀਤ ਕਰ ਜਾਣਗੇ। ਇਸ ਗੱਲ ਦੀ ਡੀਂਗ ਕਦੇ ਨਹੀਂ ਮਾਰਨਗੇ ਕਿ ਸਾਨੂੰ ਪਰਤੱਖ ਦਰਸ਼ਨ ਹੋ ਗਏ ਹਨ। ਪਰਤੱਖ ਦਰਸ਼ਨਾਂ ਦਾ ਸੰਭਵ


www.sikhbookclub.com

ਹੋਣਾ ਜਣਾਉਣ ਵਿਚ ਹੀ, ਸਤਿਗੁਰੂ ਦੇ ਦਰ ਘਰ ਦੀ ਵਡਿਆਈ-ਮਈ ਸੇਵਾ ਕਰਦੇ ਹੋਏ ਪਰਮ ਨਿਮਰੀ-ਭੂਤ ਰਹਿਣਗੇ। ਪਰਤੱਖ ਦਰਸ਼ਨਾਂ ਦੇ ਸੱਚੇ ਯਾਚਕਾਂ ਨੂੰ ਡੰਕੇ ਦੀ ਚੋਟ ਨਾਲ ਇਹ ਸੱਚਾਈ ਦ੍ਰਿੜ੍ਹਾਵਨ ਲਈ ਹਰਦਮ ਤਿਆਰ-ਬਰ-ਤਿਆਰ ਰਹਿਣਗੇ ਕਿ ਆਓ ! ਜਿਸ ਨੇ ਵਾਹਿਗੁਰੂ ਦੇ ਦਰਸ਼ਨ ਕਰਨੇ ਹਨ ਕਰੋ, ਤੇ ਇਸ ਬਿਧ ਕਰੋ। ਐਵੇਂ ਦਰਸ਼ਨ ਕਦੇ ਨਹੀਂ ਹੋਣੇ । ਪਰ ਉਹਨਾਂ ਨੂੰ ਜ਼ਰੂਰ ਹੋ ਜਾਣੇ ਹਨ ਜੋ ਗੁਰੂ ਨਾਨਕ-ਦਰਸਾਈ ਪੂਰਨ ਜੁਗਤੀ ਵਾਲੀ ਗੁੜ੍ਹਤੀ ਨਾਲ ਆਪਣੇ ਜੀਵਨ ਨੂੰ ਸਰਸ਼ਾਰ ਕਰ ਦੇਣਗੇ ।

ਉਪਰ ਲਿਖੇ ਸਾਰੇ ਲੇਖ ਅਨੁਸਾਰ ਸਿਧਾਂਤ ਇਹੀ ਨਿਕਲਦਾ ਹੈ ਕਿ ਗੁਪਤੋਂ ਪਰਗਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ ਤੇ ਜ਼ਰੂਰ ਹੋ ਜਾਂਦੇ ਹਨ । ਪਰ ਸੱਚੀ ਗੁਰਮਤਿ ਅਭਿਆਸ ਕਮਾਈ ਦੇ ਅਧੀਨ ਹੋਇਆਂ ਹੀ ਹੁੰਦੇ ਹਨ । ਜਿਸ ਨੇ ਦੇਖਣੇ ਹਨ, ਉਪਰ ਦਸੇ ਲੇਖ ਅਨੁਸਾਰ ਕਮਾਈ ਕਰ ਕੇ ਦੇਖ ਲਵੇ ।

## ੪

# ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ

ਗੁਰਬਾਣੀ ਦੇ ਤੱਤ-ਭਾਵ-ਆਸ਼ੇ ਦੀ ਵਾਸਤਵੀ ਬਿਵਸਥਾ ਨੂੰ ਨਾ ਵੀਚਾਰਨ ਦਾ ਡੂੰਘਾ ਖੋਜ ਬੋਧ ਨਾ ਹੋਣ ਕਰਕੇ ਕਈ ਸਜਣਾਂ ਨੂੰ ਗੁਰਮਤਿ ਦੇ ਤੱਤ ਅਸੂਲਾਂ ਅੰਦਰ ਹੀ ਵਿਰੋਧ ਭਾਸਣ ਲਗ ਪੈਂਦਾ ਹੈ । ਵਾਸਤਵ ਵਿਚ ਇਹ ਵਿਰੋਧ ਉਨ੍ਹਾਂ ਦੀ ਨਿਜ ਵਿਚਾਰ ਬੋਧ ਅੰਦਰ ਹੀ ਹੁੰਦਾ ਹੈ । ਗੁਰਮਤਿ ਦੇ ਅਸੂਲਾਂ ਅੰਦਰ ਰਾਈ ਮਾਤਰ ਭੀ ਵਿਰੋਧ ਨਹੀਂ । ਅਨੇਕ ਵਾਰ ਇਹ ਸ਼ੰਕਾ (ਪ੍ਰਸ਼ਨ) ਅਸਾਡੇ ਸ੍ਰਵਣੀਂ ਪਿਆ ਹੈ ਕਿ ਗੁਰਬਾਣੀ ਅੰਦਰ ਅਨੇਕਾਂ ਵਾਕ ਐਸੇ ਆਉਂਦੇ ਹਨ ਜਿਨ੍ਹਾਂ ਤੋਂ 'ਗੁਰੂ' ਅਤੇ 'ਅਕਾਲ ਪੁਰਖ' ਦੀ ਏਕਤਾ ਤੇ ਅਭੇਦਤਾ ਤਾਂ ਸਿੱਧ ਹੁੰਦੀ ਹੈ, ਅਰਥਾਤ ਗੁਰੂ ਨੂੰ ਗੋਬਿੰਦ (ਅਕਾਲ ਪੁਰਖ) ਰੂਪ ਕਰਕੇ ਵਰਣਿਆ ਗਿਆ ਹੈ, ਪਰੰਤੂ ਸ੍ਰੀ ਦਸਮੇਸ਼ ਗੁਰੂ ਸਾਹਿਬ ਆਪਣੇ ਆਪ ਨੂੰ ਪਰਮੇਸ਼ਰ ਰੂਪ ਮੰਨਣੇਂ ਮਨਾਹੀ ਕਰਦੇ ਹਨ ਅਤੇ ਗੁਰਸਿਖਾਂ ਨੂੰ ਐਸਾ ਮੰਨਣੋਂ ਵਰਜਦੇ ਹੋਏ ਇਸ ਪ੍ਰਕਾਰ ਦੀ ਸਖ਼ਤ ਤਾੜਨਾ ਕਰਦੇ ਹਨ :—

ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥੩੨॥

ਬਚਿਤ੍ਰ ਨਾਟਕ, ਅਧਿਆਇ ੬

ਤੇ ਸਪੱਸ਼ਟ ਤੌਰ ਨਿਜ ਤਾਈਂ ਗੁਰ ਦਸਮੇਸ਼ ਜੀ ਪਰਮ ਪੁਰਖ ਪਰਮੇਸ਼ਰ ਦਾ ਦਾਸ ਜਣਾਉਂਦੇ ਹਨ, ਯਥਾ—

ਮੋ ਕੌ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥...੩੩

ਬਚਿਤ੍ਰ ਨਾਟਕ, ਅਧਿਆਇ ੬

ਤਾਂਤੇ ਇਸ ਪਿਛਲ ਸ੍ਰੀ ਗੁਰੂ ਦਸਮੇਸ਼ ਮੁਖਵਾਕ ਦੇ ਕਥਨ ਅਨੁਸਾਰ ਪਹਿਲੇ ਗੁਰਮਤਿ ਸਿਧਾਂਤ ਦਾ ਖੰਡਨ ਹੋ ਗਿਆ ਅਤੇ ਗੁਰੂ ਦੇ ਅਕਾਲ ਪੁਰਖ ਸਰੂਪ ਹੋਣ ਪ੍ਰਥਾਇ ਗੁਰਵਾਕਾਂ ਅੰਦਰਿ ਵਿਰੋਧ ਹੋ ਗਿਆ ।

ਸੋ ਇਸ ਗੱਲ ਨੂੰ ਨਿਖੇੜ ਕੇ ਨਿਰਣਯ ਕਰਦੇ ਹਾਂ ਕਿ ਗੁਰਵਾਕਾਂ ਅੰਦਰਿ ਰੰਚਕ ਭੀ ਵਿਰੋਧ ਨਹੀਂ; ਵਿਰੋਧ ਹੈ ਤਾਂ ਗੁਰ-ਭਾਵ-ਵਿਚਾਰਕ ਅਸਾਡੀ ਬੁਧੀ ਅੰਦਰਿ ਹੈ । ਜਾਗਤ ਜੋਤਿ ਦਾ ਨੂਰ ਪਰਜੁਅਲਤੀ ਬੁੱਕਾ ਹੋਣ ਕਰਿ ਗੁਰੂ ਅਕਾਲ ਪੁਰਖ ਨਾਲ ਐਨ ਅਭੇਦ ਹੈ । ਅਕਾਲ ਪੁਰਖ ਦੇ ਜੋਤਿ-ਜਗਮਗੀ-ਸਰਬ-ਵਿਆਪਕ ਅਤੇ ਲਾ-ਮਹਿਦੂਦ-


www.sikhbookclub.com

ਸਰੂਪ ਰੂਪੀ ਜੋਤਿ ਸਰਸ਼ਾਰ ਸਮੁੰਦਰ ਵਿਚੋਂ ਜੋਤਿ-ਪਰਜੁਅਲਤੀ-ਸੋਮਾ ਗੁਰੂ ਦੇ ਜਾਮੇ ਵਿਚ ਉਦੇ ਹੋਇ ਕੇ ਭਵ-ਭੂਮੀ ਵਿਖੇ ਪ੍ਰਗਟ ਹੋਇਆ ਅਤੇ ਗੁਰੂ-ਜੋਤਿ-ਜਾਮੇ ਅੰਦਰ ਪ੍ਰਗਟ ਹੋਇ ਕੇ ਭੀ ਲਾ-ਮੁਹੀਤ ਜੋਤਿ ਸਮੁੰਦਰ ਨਾਲ ਅਭੇਦ ਹੀ ਰਿਹਾ। ਅਥਾਹ ਜੋਤਿ-ਸਮੁੰਦਰ-ਸੋਮੇ ਤੇ ਨਿਕਸੀ ਜੋਤਿ-ਹੰਸਲੀ ਗੁਰ-ਜੋਤਿ ਜਾਮੇ ਰੂਪੀ ਤਾਲ-ਸਰੋਵਰ ਵਿਚ ਪੈ ਕੇ ਭੀ ਆਪਣੇ ਮੰਬਏ ਨਾਲ ਮਿਲੀ ਹੋਈ ਹੈ। ਮਾਨੋ ਗੁਰੂ ਜਾਮੇ ਰੂਪੀ ਮੁਹੀਤ ਜੋਤਿ, ਤਾਲ-ਸਰੋਵਰ ਅੰਦਰ ਲਾ-ਮੁਹੀਤ ਜੋਤਿ-ਸਮੁੰਦਰ, ਸੋਮੇ ਤੇ ਨਿਕਸੀ ਜੋਤਿ-ਹੰਸਲੀ ਦੁਆਰਾ ਠਾਠਾਂ ਮਾਰ ਕੇ ਆ ਵੜਿਆ ਤਾਂ ਦਸੋ ਭਿੰਨ-ਭੇਦ ਕੀ ਰਿਹਾ। ਇਸ ਬਿਧਿ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਹੈ ਅਤੇ ਅਕਾਲ ਪੁਰਖ ਦਾ ਸਰੂਪ ਹੀ ਹੈ।

ਨਿਰੰਕਾਰੀ ਜੋਤਿ ਕਰਕੇ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਅਤੇ ਇਕ ਰੂਪ ਹੈ, ਪਰੰਤੂ ਸਾਕਾਰੀ ਗੁਰੂ ਦਾ ਜਾਮਾ, ਜਿਸ ਅੰਦਰ ਕਿ ਇਹ ਜੋਤਿ, ਗੁਰੂ ਜੋਤਿ ਮਹਿਦੂਦ ਹੈ, ਨਿਰੰਕਾਰ ਅਕਾਲ ਪੁਰਖ ਤੋਂ ਭਿੰਨ ਹੈ। ਨਿਰੰਕਾਰ ਆਕਾਰ ਅੰਦਰ ਆ ਕੇ ਹੀ ਸੰਸਾਰ ਵਿਖੇ ਪ੍ਰਗਟ ਹੁੰਦੇ ਰਹੇ। ਭਰਮ-ਭੁਲੇ ਲੋਗ ਇਸ ਆਕਾਰ ਨੂੰ ਹੀ ਨਿਰੰਕਾਰ ਕਰਕੇ ਪੂਜਣ ਲਗ ਪਏ।

ਪਹਿਲੇ ਜੁਗਾਂ ਅੰਦਰਿ ਅਕਾਲ ਪੁਰਖ ਆਪਣੀ ਕਲਾ ਵਰਤਾਉਣ ਲਈ ਯਾ ਭਗਤ ਜਨਾਂ ਦੀਨਾਂ ਅਨਾਥਾਂ ਦੀ ਰੱਖਿਆ ਲਈ ਆਕਾਰ ਜਾਮਾ ਔਤਾਰਦੇ ਰਹੇ, ਪਰ ਤਿਨ੍ਹਾਂ ਅਵਤਰੇ ਅਵਤਾਰਾਂ ਨੇ ਅਕਾਲ ਪੁਰਖ ਦਾ ਨਾਮ ਨਹੀਂ ਜਪਾਇਆ, ਜਿਸ ਦੀ ਕਿ ਜੋਤਿ-ਕਲਾ ਵਰਤਣ ਕਰਿ ਦੁਸ਼ਟਾਂ ਦਾ ਦਮਨ ਹੋਇਆ ਅਤੇ ਦੀਨ ਅਨਾਥ ਭਗਤਾਂ ਦੀ ਰਖਿਆ ਹੋਈ, ਪਰ ਉਲਟਾ ਆਪਣਾ ਨਾਮ ਹੀ ਤਿਨ੍ਹਾਂ ਨੇ ਲੋਗਾਂ ਪਾਸੋਂ ਜਪਾਇਆ ਅਤੇ ਭਰਮ-ਭੁਲੇ ਲੋਕਾਂ ਨੇ ਭੀ ਤਿਨ੍ਹਾਂ ਅਵਤਾਰਾਂ ਨੂੰ ਹੀ ਅਕਾਲ ਪੁਰਖ ਕਰਕੇ ਮੰਨ ਲਿਆ ਅਤੇ ਓਹਨਾਂ ਦੇ ਭਾ ਦਾ ਇਸ ਅਵਤਾਰ-ਆਕਾਰੀ ਸਰੂਪ ਤੋਂ ਭਿੰਨ, ਅਕਾਲ ਪੁਰਖ ਦਾ ਹੋਰ ਨਿਰੰਕਾਰੀ ਰੂਪ ਹੀ ਨਾ ਕੁਛ ਰਿਹਾ।

ਏਸੇ ਇੱਲਤ ਤੋਂ ਲੋਕਾਂ ਨੂੰ ਬਚਾਉਣ ਲਈ ਸਿਰੀ ਦਸਮੇਸ਼ ਜੀ ਨੇ ਤਾੜਨਾ ਸਹਿਤ ਉਪਰਲੇ ਬਚਨ ਉਚਾਰੇ, ਮਤੇ ਲੋਗ ਅਗੇ ਵਾਂਗੂੰ ਇਸ ਸਰੀਰ ਆਕਾਰ ਨੂੰ ਹੀ ਰੱਬ ਮੰਨਣ ਦੇ ਕੁਫ਼ਰ ਵਿਚ ਪੈ ਜਾਣ। ਗੁਰੂ-ਜਾਮੇ ਵਾਲੇ ਸਰੀਰ ਆਕਾਰ ਨੂੰ, ਜੋ ਕਿ ਕਾਲ ਚੱਕਰ ਅੰਦਰ ਓੜਕ ਬਿਨਾਸਮਾਨ ਹੈ, ਏਸ ਨੂੰ ਹੀ ਪਰਮੇਸ਼ਰ ਕਰਕੇ ਜਾਣ ਬੈਠਣਾ ਨਾ ਸਿਰਫ਼ ਕੁਫ਼ਰ ਹੈ ਬਲਕਿ ਨਰਕ ਕੁੰਡ ਵਿਚਿ ਪੈਣ ਦਾ ਕੁਦਾਉ ਕੁਢੰਗ ਹੈ।

ਸਿਰੀ ਦਸਮੇਸ਼ ਜੀ ਨੇ ਪਹਿਲਾਂ ਆਪਣੇ ਆਪ ਤਾਈਂ ਪਰਮੇਸ਼ਰ ਮੰਨੇ ਜਾਣ ਦੀ ਮਨੌਤੀ ਤੇ ਲੋਕਾਂ ਨੂੰ ਵੰਗਾਰ ਕੇ ਵਰਜਿਆ ਅਤੇ ਫੇਰ ਅਵਤਾਰਾਂ ਪ੍ਰਤੀ ਭੀ ਇਹੋ ਕੁਛ ਉਚਾਰਿਆ ਕਿ ਉਹ ਸਭ ਕਾਲ ਚੱਕਰ ਅੰਦਰ ਹਨ। ਬਿਨਾਸਮਾਨ

ਸਰੀਰ ਆਕਾਰ ਨੂੰ ਅਬਿਨਾਸ਼ੀ ਪੁਰਖ ਕਰਕੇ ਮੰਨਣਾ ਮਹਾਂ ਮਨਮਤਿ ਹੈ। ਅਵਤਾਰਾਂ ਨੂੰ ਪਰਮੇਸ਼ਰ ਮੰਨਣ ਵਾਲੀ ਬੀਮਾਰੀ ਤੋਂ ਲੋਕਾਂ ਨੂੰ ਬਚਉਣ ਲਈ ਸਿਰੀ ਕਲਗੀਧਰ ਜੀ ਮਹਾਰਾਜ ਨੇ ਬੜੇ ਜ਼ੋਰ ਨਾਲ ਇਸ ਪ੍ਰਕਾਰ ਦਾ ਉਪਦੇਸ਼ ਦ੍ਰਿੜ੍ਹਾਇਆ :–

ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥
ਜਿਤੇ ਕ੍ਰਿਸਨ ਹ੍ਵੈ ਹੈਂ ॥ ਸਭੈ ਅੰਤ ਜੈ ਹੈਂ ॥੭੦॥
ਜਿਤੇ ਦੇਵ ਹੋਸੀ ॥ ਸਭੈ ਅੰਤ ਜਾਸੀ ॥
ਜਿਤੇ ਬੋਧ ਹ੍ਵੈ ਹੈਂ ॥ ਸਭੈ ਅੰਤ ਛੈ ਹੈਂ ॥੭੧॥
ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥
ਜਿਤੇ ਦਈਤੇ ਏਸੰ ॥ ਤਿਤਿਓ ਕਾਲ ਲੇਸੰ ॥੭੨॥
ਨਰਸਿੰਘਾ ਅਵਤਾਰੰ ॥ ਵਹੇ ਕਾਲ ਮਾਰੰ ॥
ਬਡੇ ਡੰਡ ਧਾਰੀ ॥ ਹਣਿਓ ਕਾਲ ਭਾਰੀ ॥੭੩॥
ਦਿਜੈ ਬਾਵਨੇਅੰ ॥ ਹਣਿਓ ਕਾਲ ਤੇਯੰ ॥
ਮਹਾਂ ਮਛ ਮੁੰਡੰ ॥ ਫਸਿਓ ਕਾਲ ਤੁੰਡੰ ॥੭੪॥
ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥
ਜਿਤੇ ਸਰਨ ਜੈ ਹੈਂ ॥ ਤਿਤਿਓ ਰਾਖ ਲੈ ਹੈਂ ॥੭੫॥

ਬਚਿਤ੍ਰ ਨਾਟਕ, ਅਧਿਆਇ ੧

ਤਥਾ ਸਵੈਯਾ:–

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸੁ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥੮੪॥

ਬਚਿਤ੍ਰ ਨਾਟਕ, ਅਧਿਆਇ ੧

ਬਿਨਾਸਮਾਨ ਸਰੀਰ ਰੂਪੀ ਅਕਾਰ ਜਾਮੇ ਅੰਦਰ ਅਵਤਰੀ ਪਰਮਾਤਮ ਜੋਤਿ ਕਲਾ ਨੇ ਕਲਾ-ਕ੍ਰਿਸ਼ਮੀ-ਕਉਤਕ ਵਰਤਾਏ । ਇਹ ਸਭ ਅਕਾਲ ਪੁਰਖ ਦੀ ਅਗਾਧ ਸ਼ਕਤੀ ਦੇ ਚਮਤਕਾਰ ਹਨ, ਪਰੰਤੂ ਆਮ ਸੰਸਾਰੀਆਂ ਪ੍ਰਤੀ ਇਹ ਸਾਕਾਰੀ ਅਵਤਾਰ-ਜਾਮਿਆਂ ਦੇ ਹੀ ਕਾਰਨਾਮੇ ਪ੍ਰਤੀਤ ਹੁੰਦੇ ਸਨ, ਇਸ ਕਰਕੇ ਉਹ ਅਵਤਾਰਾਂ ਦੀ ਪੂਜਾ ਪ੍ਰਤਿਸ਼ਟਾ ਵਿਚ ਪ੍ਰਵਿਰਤ ਹੋ ਗਏ ।

ਇਸ ਵਿਚ ਸੰਦੇਹ ਨਹੀਂ ਕਿ ਅਵਤਾਰਾਂ ਦੇ ਜੋਤਿ-ਕ੍ਰਿਸ਼ਮੀ-ਆਕਾਰ-ਜਾਮੇ ਭੀ ਨਿਰੰਕਾਰੀ ਜੋਤਿ ਪ੍ਰਤਿਬਿੰਬਤ ਹੋਣ ਕਰਿ, ਪਾਕ ਪੁਨੀਤ ਅਤੇ ਪ੍ਰਤਿਸ਼ਟਾ ਯੋਗ ਸਨ, ਪਰੰਤੂ ਓਹਨਾਂ ਨੂੰ ਨਿਰੰਕਾਰ ਦੀ ਅਕਾਲ ਮੂਰਤੀ ਸਮਝ ਕੇ ਪੂਜਣਾ ਮਹਾਂ ਅਗਿਆਨ ਸੀ, ਜੋ ਸੰਸਾਰੀ ਜੀਵਾਂ ਨੂੰ ਕਲਿਆਣ-ਕਾਰੀ ਮਾਰੰਗ ਤੋਂ ਕੁਮਾਰਗ ਪਾਉਣ ਵਾਲਾ ਸੀ ।

ਤਿਨ੍ਹਾਂ ਕੁਮਾਰਗੀ ਅਗਿਆਨ ਗ੍ਰਠੇ ਜੰਤਾਂ ਲਈ ਜਨਮ ਮਰਨ ਤੋਂ ਰਹਿਤ ਕਰਾਉਣ ਦੀ ਹੋਂਦ-ਹਸਤੀ ਦਾ ਅਨੁਮਾਨ ਹੀ ਰਹਿ ਖੜੋਤਾ ਸੀ। ਉਹਨਾਂ ਦੇ ਅਨਮਾਨ ਵਿਚ ਅਵਤਾਰ-ਜਾਮਿਆਂ ਦੇ ਸਰੀਰ ਆਕਾਰ ਜਦੋਂ ਬਿਨਾਸਮਾਨ ਹੋ ਜਾਂਦੇ ਸਨ ਤਾਂ ਨਿਰੰਕਾਰ; ਦੀ ਹਸਤੀ ਅਲੋਪ ਹੋ ਜਾਂਦੀ ਸੀ, ਅੰਧਕਾਰ ਛਾ ਜਾਂਦੀ ਸੀ। ਜਦੋਂ ਅਵਤਾਰ-ਜਾਮਾ ਜਨਮ ਲੈਂਦਾ ਸੀ ਤਾਂ ਉਹ ਇਸ ਜਾਮੇ ਰੂਪੀ ਅਕਾਰ ਅੰਦਰ ਹੀ ਨਿਰੰਕਾਰ ਅਕਾਲ ਪੁਰਖ ਦੀ ਹਸਤੀ ਨੂੰ ਮਹਿਦੂਦ ਸਮਝ ਲੈਂਦੇ ਸਨ। ਮਾਨੋ ਉਨ੍ਹਾਂ ਦੇ ਭਾ ਦਾ ਸਾਰਾ ਬ੍ਰਹਿਮੰਡ ਅਕਾਲ ਪੁਰਖ ਦੀ ਸੱਤਾ-ਸਰਬ-ਵਿਆਪਕਤਾ ਤੋਂ ਖ਼ਾਲੀ ਹੋ ਜਾਂਦਾ ਸੀ ਅਤੇ ਬਣਿਆ ਬਣਾਤਾ ਸਮੁੱਚਾ ਪਰੀਪੂਰਨ ਪਰਮੇਸ਼ਰ ਏਸੇ ਅਕਾਰ-ਜਾਮੇ ਅੰਦਰ ਆਣ ਵਰਤਦਾ ਸੀ। ਹੋਰ ਸਾਰੇ ਬ੍ਰਹਿਮੰਡ ਖੰਡ ਪਰਮੇਸ਼ਰ ਖੁਣੋਂ ਖ਼ਾਲੀ ਅਤੇ ਪਰਮਾਤਮਾ ਦੀ ਸੱਤਾ ਤੋਂ ਸੂਨ ਰਹਿ ਜਾਂਦੇ ਸੀ। ਪਰਮਾਤਮਾ ਦੀ ਜੋਤਿ-ਜਲਵ-ਸੱਤਾ ਉਨ੍ਹਾਂ ਦੇ ਭਾ ਦੀ ਸਮੁੱਚੀ ਹੀ ਇਸ ਜਾਮੇ ਅੰਦਰ ਆਣ ਹਲੂਲ ਕਰਦੀ ਸੀ। ਇਹ ਕਿਤਨਾ ਭਾਰੀ ਅਗਿਆਨ ਸੀ।

ਇਸ ਅਗਿਆਨ ਭਰਮ ਗੜ੍ਹ ਨੂੰ ਅਸਾਡੇ ਸਤਿਗੁਰੂ ਸਾਹਿਬਾਨ ਨੇ ਹੀ ਤੋੜਿਆ ਅਤੇ ਅਸਾਨੂੰ ਗੁਰਸਿਖਾਂ ਨੂੰ ਸੱਚਾ ਗਿਆਨ ਪ੍ਰਦਾਨ ਕੀਤਾ ਕਿ ਜੋਤੀ ਸਰੂਪ ਸਰਬ ਸ਼ਕਤੀਮਾਨ ਸਰਬ ਵਿਆਪਕ ਅਕਾਲ ਪੁਰਖ ਦੀ ਜੋਤਿ ਗੁਰੂ-ਜਾਮੇ ਅੰਦਰ ਆਪਣੀ ਪੂਰਨ ਜਲਵ-ਜੋਤਿਸ਼-ਕਲਾ ਅੰਦਰ ਜਲਵਾਗਰ ਹੁੰਦੀ ਹੋਈ ਭੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਬਿਰਾਜਮਾਨ ਅਤੇ ਪਰੀਪੂਰਨ ਰਹਿੰਦੀ ਹੈ। ਆਨ ਅਵਤਾਰ-ਜਾਮਿਆਂ ਅੰਦਰ ਭੀ ਜਦੋਂ ਜਲਵਾ-ਅਫ਼ਰੋਜ਼ (ਸੁਭਾਇਮਾਨ) ਹੋਈ ਤਾਂ ਕੇਵਲ ਓਥੇ ਓਹਨਾਂ ਜਾਮਿਆਂ ਅੰਦਰ ਹੀ ਮਹਿਦੂਦ ਅਤੇ ਮੁਕੀਯਦ (ਸੀਮਤ) ਨਹੀਂ ਰਹੀ ਅਤੇ ਤਿਨ੍ਹਾਂ ਅਵਤਾਰ-ਜਾਮਿਆਂ ਦੇ ਬਿਨਾਸ ਹੋਣ ਨਾਲ ਬਿਨਾਸ ਨਹੀਂ ਹੁੰਦੀ ਰਹੀ, ਸਗੋਂ ਏਹਨਾਂ ਅਵਤਾਰ-ਜਾਮਿਆਂ ਦੁਆਰਾ ਲੋੜ ਅਤੇ ਸਮੇਂ ਅਨੁਸਾਰ ਆਪਣੀ ਕਲਾ ਵਰਤਾ ਕੇ ਭਗਤ ਜਨਾਂ ਦੀ ਰਖਿਆ ਦਾ ਬਾਨ੍ਹਣੂ ਬੰਨ੍ਹਦੀ ਰਹੀ ਅਤੇ ਦੁਸ਼ਟਾਂ ਦਾ ਦਮਨ ਕਰਦੀ ਰਹੀ, ਜੈਸਾ ਕਿ—

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਆਸਾ ਮ: ੪, ਪੰਨਾ ੪੫੧

ਵਾਲੇ ਗੁਰਵਾਕ ਦੇ ਉਦਾਹਰਣੀ ਪ੍ਰਮਾਣ ਤੋਂ ਸਪੱਸ਼ਟ ਹੈ।

## ੫

# ਗੁਰਮੰਤ੍ਰ ਅਤੇ ਗੁਰਬਾਣੀ

ਸਾਰੀ ਗੁਰਬਾਣੀ ਗੁਰ-ਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰ-ਸ਼ਬਦ ਭੀ ਗੁਰ-ਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੁਚੇ ਸ਼ਬਦ ਗੁਰਬਾਣੀ ਰੂਪ ਹਨ । ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ । ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਰੂਪ ਹੈ । ਗੁਰਬਾਣੀ ਖ਼ੁਦ ਭੀ ਗੁਰ-ਸ਼ਬਦ ਰੂਪ ਹੈ। ਹਰ ਇਕ ਗੁਰ-ਸ਼ਬਦ ਭੀ ਗੁਰਬਾਣੀ ਰੂਪ ਹੈ । ਪ੍ਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤ੍ਰਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ । ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ ।

ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵਖਰਾ ਕੋਈ ਇਕ ਗੁਰ-ਸ਼ਬਦ ਨਹੀਂ । ਗੁਰਬਾਣੀ ਤੋਂ ਵਖਰਾ ਨਹੀਂ, ਗੁਰਬਾਣੀ ਦੇ ਵਿਚੇ ਹੀ ਹੈ, ਪਰ ਅੰਮ੍ਰਿਤ ਬਾਣੀ ਦਾ ਤੱਤ-ਸਾਰ, ਪਰਮ ਅੰਮ੍ਰਿਤ ਤੱਤ, ਜਿਸ ਨੂੰ ਸਾਰੀ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਤੇ ਜਿਸ ਅੰਮ੍ਰਿਤ ਤੱਤ-ਸਾਰ-ਸ਼ਬਦ ਨੂੰ ਸਾਰੀ ਬਾਣੀ ਦੇ ਸ਼ਬਦ ਵਿਲੱਖਣ ਰੂਪ ਵਿਚ ਲਖਾਉਂਦੇ ਹਨ।

### ਗੁਰਮੰਤ੍ਰ ਦਾ ਵਿਲੱਖਣ ਰੂਪ–

ਗੁਰਬਾਣੀ ਦੇ ਪਾਠ ਤੋਂ ਸਾਫ਼ ਪਤਾ ਲਗ ਜਾਂਦਾ ਹੈ ਕਿ ਗੁਰਬਾਣੀ ਦੇ ਸ਼ਬਦ, ਗੁਰਬਾਣੀ ਤੇ ਗੁਰਸ਼ਬਦ ਦੀ ਮਹਿਮਾ ਤੇ ਮਹੱਤਤਾ ਵਖੋ ਵਖ ਦਰਸਾਉਂਦੇ ਤੇ ਗੁਰਸ਼ਬਦ (ਗੁਰਮੰਤ੍ਰ) ਨੂੰ ਨਿਆਰਾ ਕਰ ਕੇ ਲਖਾਉਂਦੇ ਹਨ:–

(੧) ਜੀਵਨ ਮੁਕਤਿ ਗੁਰ ਸਬਦੁ ਕਮਾਏ...੯॥(੫॥੧੪)

ਮਾਰੂ ਮਹਲਾ ੩, ਪੰਨਾ ੧੦੫੮

 www.sikhbookclub.com

ਇਥੇ ਗੁਰ-ਸ਼ਬਦ ਦੀ ਕਮਾਈ ਵਿਲੱਖਣ ਰੂਪ ਵਤ ਹੈ । ਗੁਰ-ਸ਼ਬਦ ਤੋ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ । "ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥"* ਏਥੇ ਭੀ ਗੁਰਬਾਣੀ ਤੇ ਨਾਮ ਦੀ ਮਹੱਤਤਾ ਨਿਆਰੀ ਹੈ, ਅਰਥਾਤ ਗੁਰਬਾਣੀ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਹੈ, ਕਿਉਂਕਿ ਗੁਰਬਾਣੀ ਹੀ "ਹਰਿ ਜਪੁ ਜਾਪਿ ਸਮਾਹਾ ਹੇ" ਦੀ ਜੁਗਤੀ ਦਸਦੀ ਹੈ ।

(੨) ਮਾਇਆ ਮੋਹ ਸਬਦਿ ਜਲਾਏ ॥......
ਸਾਚੀ ਬਾਣੀ ਨਾਮ ਪਿਆਰਿ ॥੧॥(੪॥੬)
ਬਸੰਤ ਮਹਲਾ ੩, ਪੰਨਾ ੧੧੭੩-੭੪

ਇਥੇ ਸ਼ਬਦ ਤੋਂ ਭਾਵ ਨਾਮ ਗੁਰ ਮੰਤ੍ਰ ਦਾ ਹੈ ਕਿ ਨਾਮ ਦੁਆਰਾ, ਗੁਰ-ਸ਼ਬਦ ਦੁਆਰਾ ਮਾਇਆ ਮੋਹ ਜਲਾਈਦਾ ਹੈ ਅਤੇ "ਸਫਲਿਉ ਬਿਰਖੁ ਹਰਿ ਕੈ ਦੁਆਰਿ"† ਦੀ ਕਿਸ ਬਿਧਿ ਬਿਉਂਤ ਬਣ ਆਉਂਦੀ ਹੈ—"ਸਾਚੀ ਬਾਣੀ ਨਾਮ ਪਿਆਰਿ ॥"† ਅਰਥਾਤ ਸੱਚੀ ਬਾਣੀ ਅਤੇ ਨਾਮ ਦੇ ਪਿਆਰ (ਪ੍ਰੇਮ-ਕਮਾਈ) ਦੁਆਰਾ ।

(੩) ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿਰਾਮ ਜੀਉ ॥੧॥
(੪॥੧) ਸੂਹੀ ਮ: ੪ ਛੰਤ, ਪੰਨਾ ੭੭੩

ਏਸ ਗੁਰ ਪ੍ਰਮਾਣ ਅੰਦਰ ਭੀ ਨਾਮ (ਗੁਰ-ਸ਼ਬਦ) ਅਤੇ ਬਾਣੀ ਦੀ ਭਿੰਨ ਭਿੰਨ ਮਹਿਮਾ ਵਰਨਨ ਹੈ, "ਹਰਿ ਹਰਿ ਨਾਮ ਧਿਆਇ" ਅਤੇ "ਗੁਰਬਾਣੀ ਨਿਤ ਨਿਤ ਚਵਾ" ਦਾ ਵ[illegible] ਭਾਵ ਨਾਮ ਧਿਆਉਣਾ, ਅਰਥਾਤ ਗੁਰ-ਸ਼ਬਦ ਗੁਰਮੰਤ੍ਰ ਦਾ ਸੁਆਸ ਸੁਆਸ ਅਭਿਆਸ ਕਰਨਾ ਅਤੇ ਨਿਤਪ੍ਰਤਿ ਗੁਰਬਾਣੀ ਗਾਵਣਾ ਹੈ । ਗੁਰਬਾਣੀ ਸੁਆਸ ਸੁਆਸ ਨਹੀਂ ਗਾਈ ਜਾ ਸਕਦੀ, ਸਾਸ ਗ੍ਰਾਸ ਕੇਵਲ ਗੁਰਮੰਤ੍ਰ ਦਾ ਅਭਿਆਸ ਹੀ ਸੰਭਵ ਹੈ । "ਕਾਇਆ ਸੇਜ ਗੁਰ ਸਬਦਿ ਸੁਖਾਲੀ......"‡ ਅਰਥਾਤ ਕਾਇਆ ਰੂਪੀ ਸੇਜ ਨੂੰ ਸਦਾ ਸੁਖ ਗੁਰ-ਸ਼ਬਦ, ਭਾਵ ਨਾਮ ਅਭਿਆਸ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਪਾਰਸ-ਨਾਮ ਦੇ ਅਭਿਆਸ ਅੰਦਰ ਅੰਮ੍ਰਿਤ-ਕਲਾ ਹੈ । ਇਸ ਅੰਮ੍ਰਿਤ-ਕਲਾ ਦੁਆਰਾ ਘਟ ਅੰਤਰ ਅੰਮ੍ਰਿਤ ਰਸ ਵਿਗਾਸਦਾ ਹੈ, ਜਿਸ ਨੂੰ ਨਾਮ ਦੇ ਅਭਿਆਸੀ ਹੀ ਜਾਣਦੇ ਹਨ ।

### ਗੁਰਬਾਣੀ ਦੇ ਪਾਠ ਦਾ ਲਾਭ—

(੪) ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥(੮॥੧॥੪)
ਮਲਾਰ ਮ: ੧ ਅਸ਼ਟ: ਪੰਨਾ ੧੨੭੫

---

*ਮਾਰੂ ਮ: ੩,॥੧੬॥੫॥੧੪॥ ਪੰਨਾ ੧੦੫੮
†ਬਸੰਤੁ ਮ: ੩,॥੧॥(੪॥੬) ਪੰਨਾ ੧੧੭੩
‡ਸੂਹੀ ਮ: ੪,॥੪॥੧॥ ਪੰਨਾ ੭੭੩

 www.sikhbookclub.com

ਭਾਵ ਸਪੱਸ਼ਟ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥"* ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ। ਨਿਸ ਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ, ਤਿਨ੍ਹਾਂ ਨੇ ਗਟਾਕ ਰਸ, ਅੰਮ੍ਰਿਤ ਦਾ ਰਸ ਪੀਤਾ ਹੈ ਅਤੇ ਜਿਉਂ ਜਿਉਂ ਗੁਰਬਾਣੀ ਦੀ ਅਖੰਡ-ਪਾਰਸ-ਕਲਾ ਵਰਤੀ ਹੈ, ਤਿਉਂ ਤਿਉਂ ਨਾਮ ਦਾ ਖੰਡਾ ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜ਼ੋਰੋ ਜ਼ੋਰ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ—"ਗੁਰਮੁਖਿ ਬਾਣੀ ਨਾਦੁ ਵਜਾਵੈ ॥"† ਨਾਮ ਅੰਮ੍ਰਿਤ ਦੇ ਖੜਗੇਸ਼ੀਆਂ ਨੂੰ ਗੁਰਬਾਣੀ ਹੋਰ ਭੀ ਅਤਿ ਮਿਠੀ ਤੇ ਪਿਆਰੀ ਲਗਦੀ ਹੈ। ਨਾਮ ਦੇ ਰਸਿਕ-ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ-ਰਸ ਹੋਰ ਵਧੀਕ ਆਉਂਦਾ ਹੈ। ਅੱਲ੍ਹੜ ਜਗਿਆਸੂ ਭੀ ਜੇ ਗੁਰਬਾਣੀ ਦੇ ਪਾਠ ਵਿਚ ਜੁਟ ਜਾਣ ਤਦ ਭੀ ਅੰਮ੍ਰਿਤ ਬਾਣੀ ਦਾ ਅਸਰ ਆਹਲਾ ਨਹੀਂ ਜਾਂਦਾ; ਪਾਰਸ ਬਾਣੀ ਜੂ ਹੋਈ, ਉਸ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਏਥੇ ਸੋਚ ਵਿਚਾਰ ਅਥਵਾ ਬਾਣੀ ਦੀ ਅਰਥਾਬੰਦੀ ਦੀ ਲੋੜ ਨਹੀਂ, ਧੁਰ ਦੀ ਬਾਣੀ ਦੀ ਅਰਥਾਬੰਦੀ ਹੀ ਕੀ ? ਸਰਬੱਗਜ ਮਹਾਂ ਪੁਰਖਾਂ ਦੀ ਬਾਣੀ ਦਾ ਅਰਥ ਅਲਪੱਗ ਮਾਣੂਆਂ ਨੇ ਆਪਣੀ ਮਨ ਦੀ ਮਤਿ ਅਨੁਸਾਰ ਹੀ ਲਾਉਣਾ ਹੋਇਆ, ਜੋ ਗੁਰਮਤਿ ਤੋਂ ਕੋਸੋਂ ਦੂਰ ਰਹਿ ਜਾਂਦਾ ਹੈ। ਤਾਂਤੇ ਗੁਰਬਾਣੀ ਦਾ ਪਠਨ ਮਾਤ੍ਰ ਹੀ ਦਰਕਾਰ ਹੈ। ਪਾਰਸ ਨੇ ਆਪਣੀ ਪਾਰਸ-ਸ਼ਕਤੀ ਦੁਆਰਾ ਕਲਾ ਵਰਤਾਉਣੀ ਹੀ ਹੈ, ਕੇਵਲ ਉਸ ਨੂੰ ਪਰਸਣ ਦੀ ਹੀ ਲੋੜ ਹੈ। ਰਸਨਾ ਤੇ ਆਈ ਗੁਰਬਾਣੀ ਅੰਮ੍ਰਿਤ ਕਲਾ ਪ੍ਰਗਟਾਇਕ ਹੈ। ਮੁਖ ਰਸਨਾ ਦੁਆਰਾ ਉਚਾਰਨ ਕਰਿ ਹੀ ਗੁਰਮੰਤ੍ਰ ਬਾਣੀ ਰੂਪ ਹੈ।

**ਗੁਰਮੰਤ੍ਰ ਦਾ ਅਭਿਆਸ—**

ਗੁਰਮੰਤ੍ਰ ਨੂੰ ਪ੍ਰਿਥਮ ਰਸਨਾ ਦੁਆਰਾ ਹੀ ਰਟਨ ਕੀਤਾ ਜਾਂਦਾ ਹੈ। ਰਟਨ ਮਾਤ੍ਰ ਕਰਿ ਗੁਰਮੰਤ੍ਰ ਘਟ ਅੰਤਰ ਅੰਮ੍ਰਿਤ-ਰਸ ਉਪਜਾਇਕ ਹੈ। ਇਹ ਗੁਰਮੰਤ੍ਰ ਗੁਰਬਾਣੀ ਦੀ ਅੰਮ੍ਰਿਤ-ਗੋਝ-ਕਲਾ ਫ਼ਿਲਾਸਫ਼ੀ ਹੈ। ਇਹ ਨਾਮ ਅਭਿਆਸੀ ਸਾਇੰਸ, ਫ਼ਿਲਾਸਫ਼ੀਆਂ ਨਾਲੋਂ ਨਿਰਾਲੀ ਤੇ ਵਿਲੱਖਣ ਹੈ।

(੫) ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥
ਐਥੈ ਓਥੈ ਏਹੁ ਅਧਾਰੁ ॥੩॥(੧੭॥੭॥੨੪)

ਪ੍ਰਭਾਤੀ ਮਹਲਾ ੩, ਪੰਨਾ ੧੩੩੫

---

*ਨਟ ਮ: ੪,॥੫॥(੮॥੪), ਪੰਨਾ ੯੮੨,

†ਮਾਰੂ ਮ: ੩,॥੨॥(੧੬॥੧॥੧੫), ਪੰਨਾ ੧੦੫੯

ਏਥੇ ਗੁਰ ਕੀ ਬਾਣੀ ਦਾ ਭਾਵ 'ਗੁਰ ਕੀ ਬਾਣੀ ਸਬਦਿ ਵਖਾਣੀ' ਦਾ ਹੈ। ਨਿਰੋਲ ਗੁਰਬਾਣੀ ਦਾ ਪਿਆਰ ਭੀ ਅਹਿਨਿਸ ਗੁਰਬਾਣੀ ਦਾ ਵਖਾਨਣਾ ਅਥਵਾ ਗੁਰਬਾਣੀ ਦੁਆਰਾ ਦ੍ਰਿੜ੍ਹਾਏ ਨਾਮ ਦਾ ਅਖੰਡ ਜਾਪ ਅਭਿਆਸ ਕਰਨਾ ਹੈ।

(੬) ਗੁਰੁ ਪੂਰਾ ਪੂਰੀ ਤਾ ਕੀ ਕਲਾ ॥
ਗੁਰ ਕਾ ਸਬਦੁ ਸਦਾ ਸਦ ਅਟਲਾ ॥
ਗੁਰ ਕੀ ਬਾਣੀ ਜਿਸੁ ਮਨਿ ਵਸੈ ॥
ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥(੪॥੮)

ਪ੍ਰਭਾਤੀ ਮਹਲਾ ੫, ਪੰਨਾ ੧੩੩੯-੪੦

ਏਥੇ ਗੁਰ ਕਾ ਸ਼ਬਦ ਤੋਂ ਭਾਵ ਗੁਰ-ਸ਼ਬਦ ਅਰਥਾਤ ਗੁਰਮੰਤ੍ਰ ਗੁਰਮਤਿ ਨਾਮ ਹੈ। ਇਸ ਵਿਚ ਪੂਰੀ ਅੰਮ੍ਰਿਤ-ਕਲਾ ਸਦਾ ਸਦ ਅਟੱਲ ਰਹਿਣ ਵਾਲੀ ਅੰਮ੍ਰਿਤ-ਰਸ-ਉਪਜਾਇਕ ਅਤੇ ਆਤਮਿਕ ਦਰਸਾਇਕ, ਪ੍ਰਮਾਤਮ ਲਖਾਇਕ, ਸਾਂਗੋ ਪਾਂਗ ਸਨਮੁਖ ਰਖਾਇਕ ਕਲਾ ਹੈ। "ਗੁਰ ਕੀ ਬਾਣੀ ਜਿਸੁ ਮਨਿ ਵਸੈ" ਤੋਂ ਭਾਵ ਇਹ ਹੈ ਕਿ ਗੁਰਬਾਣੀ ਸੇਤੀ ਜਿਸ ਦਾ ਮਨ ਮਾਨਿਆ ਹੈ, ਜਿਸ ਦੀ ਸੱਚੀ ਸ਼ਰਧਾ ਗੁਰਬਾਣੀ ਉਪਰ ਆਈ ਹੈ, ਜਿਸ ਨੂੰ ਗੁਰਬਾਣੀ ਮਿੱਠੀ ਲਗੀ ਹੈ, ਜਿਸ ਨੇ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਿ ਮੰਨੀ ਹੈ, ਦੁਖ ਦਰਦ ਤਿਸ ਦਾ ਸਭ ਹੀ ਨਠ ਜਾਂਦਾ ਹੈ, ਕਿਉਂਕਿ ਗੁਰਬਾਣੀ ਦੇ ਮਨ ਅੰਦਰ ਵਸਣ ਕਰਕੇ ਹੀ ਨਾਮ ਦ੍ਰਿੜ੍ਹ ਹੁੰਦਾ ਹੈ। ਗੁਰਬਾਣੀ ਦੀ ਪਰਮ ਆਗਿਆ, ਗੁਰਬਾਣੀ ਦਾ ਪਰਮ ਤੱਤ-ਸਾਰ 'ਨਾਮ ਜਪਣਾ' ਹੈ। ਤਿਨ੍ਹਾਂ ਨੇ ਹੀ ਗੁਰਬਾਣੀ ਸਤਿ ਸਤਿ ਕਰਿ ਮੰਨੀ ਹੈ, ਜਿਨ੍ਹਾਂ ਨੇ ਗੁਰਬਾਣੀ ਦੇ ਨਾਮ ਜਪਣ ਰੂਪੀ ਹੁਕਮ ਉਤੇ ਪਹਿਰਾ ਦਿਤਾ ਹੈ, ਅਰਥਾਤ ਜਿਨ੍ਹਾਂ ਨੂੰ ਨਾਮ ਜਪਣਾ ਦ੍ਰਿੜ੍ਹ ਹੋ ਗਿਆ ਹੈ।

ਗੁਰਬਾਣੀ ਅਤੇ ਗੁਰ-ਸ਼ਬਦ (ਗੁਰਮੰਤ੍ਰ ਨਾਮ) ਦਾ ਪਾਰਸ-ਕਲਾ ਲਖਾਇਕ ਭਾਵ ਇਕੋ ਹੀ ਹੈ, ਪ੍ਰੰਤੂ ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ ਹੈ। ਗੁਰਬਾਣੀ ਕੇਵਲ ਬੈਖਰੀ ਬਾਣੀ ਅਰਥਾਤ ਮੁਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ। ਗੁਰ-ਸ਼ਬਦ ਦੇ ਅਭਿਆਸ ਦੁਆਰਾ ਸਾਸ ਸਾਸ ਲੇਖੇ ਲਗ ਜਾਂਦਾ ਹੈ। ਇਕ ਸੁਆਸ ਵੀ ਬਿਰਥਾ ਨਹੀਂ ਜਾਂਦਾ, ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ ਦੁਆਰਾ, ਅਥਵਾ ਸੁਆਸਾਂ ਦੁਆਰਾ ਪਾ ਸੁਰਤੀ ਦੁਆਰਾ।

## ਅਠ-ਪਹਿਰੀ ਕੁੰਜੀ–

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡਲੂਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫ਼ਤਾਰ ਵਿਚ ਚਲਦਾ ਰਹਿੰਦਾ ਹੈ।

ਖ਼ਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸਿੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਅਭਿਆਸ ਦ੍ਰਿੜ੍ਹ ਹੋ ਚੁਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾ ਉਸੇ ਦਿਨ ਦੀ ਅਖੰਡ ਚਾਬੀ ਲਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ ਅਭਿਆਸ ਕਮਾਈ ਸੋਨੇ ਤੇ ਸੁਹਾਗੇ ਦਾ ਰੰਗ ਦਿੰਦੀ ਹੈ।

## ਨਾਮ ਦੇ ਅਭਿਆਸ ਸਬੰਧੀ ਗੁਰਬਾਣੀ ਦੇ ਪਾਠ ਦਾ ਅਸਰ–

ਨਾਮ ਦੇ ਅਭਿਆਸੀਆਂ ਲਈ ਗੁਰਬਾਣੀ ਦੀ ਸ੍ਰੋਤ ਅਥਵਾ ਪਾਠ-ਕਮਾਈ ਭੀ ਨਾਮ ਦੇ ਰੰਗਾਂ ਨੂੰ ਅਕਹਿ ਜੋਤਿ-ਰਸਿਕ-ਜਲਵਿਆਂ ਵਿਚ ਪ੍ਰਜੁਲਤ ਕਰਾਉਂਦੀ ਹੈ। ਨਾਮਹੀਣ ਯਾ ਨਾਮ-ਕਮਾਈ-ਹੀਣ ਗੁਰਮਤਿ ਜਗਿਆਸੂਆਂ ਦੇ ਸੁਆਸਾਂ ਨੂੰ ਗੁਰਬਾਣੀ ਉਤਨਾ ਚਿਰ ਹੀ ਸਫਲ ਕਰਾਉਣ ਵਿਚ ਸਹਾਈ ਹੈ, ਜਿਤਨਾ ਚਿਰ ਕਿ ਗੁਰਬਾਣੀ ਦਾ ਰਟਨ ਅਥਵਾ ਸ੍ਰਵਣ ਪ੍ਰਾਪਤ ਹੈ। ਜਿਉਂ ਜਿਉਂ ਤੇ ਜਿਤਨਾ ਚਿਰ ਗੁਰਬਾਣੀ ਦਾ ਸ੍ਰਵਣ, ਪਠਨ ਰੂਪੀ ਸਪੱਰਸ਼ ਹੁੰਦਾ ਰਹਿੰਦਾ ਹੈ, ਤਿਉਂ ਤਿਉਂ ਜਗਿਆਸੂ ਦੀ ਬੁੱਧੀ ਹੋਰ ਤੇ ਹੋਰ ਸੋਕਲ ਹੁੰਦੀ ਰਹਿੰਦੀ ਹੈ। ਗੁਰਬਾਣੀ ਪਾਰਸ ਰੂਪ ਜੁ ਹੋਈ, ਪਰੰਤੂ ਸਮੂਚੇ ਸੁਆਸ ਲੇਖੇ ਨਹੀਂ ਲਗਦੇ, ਅਰਥਾਤ ਸੁਆਸ ਸੁਆਸ ਬਾਣੀ ਦਾ ਅਭਿਆਸ ਅਸੰਭਵ ਹੈ। ਗੁਰਬਾਣੀ ਦਾ ਭਾਵ ਹਿਰਦੇ ਵਿਚ ਉਤਨਾ ਚਿਰ ਹੀ ਪ੍ਰਬਲ ਰਹਿੰਦਾ ਹੈ ਜਿਤਨਾ ਚਿਰ ਗੁਰਬਾਣੀ ਦਾ ਸੇਵਨ ਹੁੰਦਾ ਰਹੇ। ਇਸ ਅਰਸੇ ਵਿਚ ਮਨ ਮੈਗਲ (ਹਾਥੀ ਰੂਪ ਮਨ) ਔਝੜ ਪੈਂਦਾ ਰਹਿੰਦਾ ਹੈ। ਇਸ ਮਨ-ਮੈਗਲ ਉਤੇ ਖਿਨ ਖਿਨ ਗੁਰ-ਸ਼ਬਦ ਰੂਪ ਅਭਿਆਸ ਦੇ ਅੰਕਸ ਦੀ ਸੱਟ ਪੈਂਦੀ ਰਹੇ ਤਦੇ ਹੀ ਇਹ ਵਸਗਤਿ ਹੁੰਦਾ ਹੈ। ਗੁਰਬਾਣੀ ਦੀਆਂ ਅੰਮ੍ਰਿਤ-ਪਾਰਸ-ਸੱਟਾਂ ਭੀ ਇਸ ਨੂੰ ਸੋਕਲ ਕਰਨ ਹਿਤ ਬਹੁਤ ਕੁਛ ਸਹਾਈ ਹਨ। ਅਤੇ ਗੁਰਬਾਣੀ ਦਾ ਭਾਵ ਹਰ ਵਕਤ ਹਿਰਦੇ ਅੰਦਰ ਅੰਕਿਤ ਨਹੀਂ ਰਹਿ ਸਕਦਾ। ਇਸ ਕਰਕੇ ਅੰਮ੍ਰਿਤ-ਬਾਣੀ ਆਪਣੇ ਅੰਮ੍ਰਿਤ-ਸਫੁਟ-ਤੱਤ, ਅਰਥਾਤ ਗੁਰਮਤਿ ਨਾਮ ਨੂੰ ਜੋ ਦ੍ਰਿੜ੍ਹਾਉਂਦੀ ਹੈ ਉਸ ਤੇ ਅਮਲ ਕੀਤਿਆਂ ਹੀ ਸੁਆਸ ਸਫਲਾ

ਹੋ ਸਕਦਾ ਹੈ। ਨਾਮ ਦੀ ਰਸਿਕ ਜੋਤਿ ਪ੍ਰਜੁਲਤ ਹੋਣ ਤਕ ਸਿਲ ਅਲੂਣੀ ਚੱਟਣੀ ਲਗਦੀ ਹੈ। ਜਦੋਂ ਜੋਤਿ ਰਸ ਪ੍ਰਜੁਲਤ ਹੋ ਗਿਆ, ਫੇਰ ਇਸ ਜੋਤਿ-ਰਸ ਦੇ ਆਸਰੇ ਨਾਮ-ਨੁਮਾ ਰਸ "ਛੋਡਿਆ ਨਾ ਜਾਇ" ਦੀ ਬਿਵਸਥਾ ਵਿਚ ਆ ਕੇ ਮਨ-ਮੈਗਲ ਨੂੰ ਭਲੀ ਬਿਧ ਵਸਗਤਿ ਕਰ ਲੈਂਦਾ ਹੈ ਅਤੇ ਸੁਰਤਿ ਸੁਆਸ ਦੀ ਪੱਕੀ ਇਕਾਗ੍ਰਤਾ ਸਹਿਜ ਮਤੇ ਹੀ ਆਣ ਪ੍ਰਾਪਤ ਹੁੰਦੀ ਹੈ। ਮੁਦ-ਪ੍ਰਭਾਵ-ਤੁਫ਼ੈਲੀ ਬਰਕਤ ਸਭ ਗੁਰਬਾਣੀ ਦੀ ਹੈ। ਅਤੇ ਫੇਰ ਭੀ ਗੁਰਬਾਣੀ ਦੀ ਸਦਾ ਸਹਾਇਤਾ ਕਮਾਈ ਦਰਕਾਰ ਹੈ। "ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥"* ਗੁਰਬਾਣੀ ਦਾ ਕੀਰਤਨ ਨਾਮ ਅਭਿਆਸ ਨੂੰ ਦੂਣ-ਸਵਾਏ ਰੰਗ ਵਿਚ ਨਿਤਾਪ੍ਰਤਿ ਵਧਾਉਂਦਾ ਰਹਿੰਦਾ ਹੈ। ਨਾਮ ਰੰਗ ਦੀ ਅਤੇ ਨਾਮ-ਜੋਤਿ ਰਸ ਬਿਵਸਥਾ ਦੀ ਥਾਹ ਹਦ ਕੁਛ ਨਹੀਂ, ਪਰੇ ਤੇ ਪਰੇ ਲੀਲ੍ਹਾ ਹੈ।

(੭) ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥
ਰਾਮਕਲੀ ਮਹਲਾ ੩, ਪੰਨਾ ੯੦੯-੧੦

"ਭਗਤ ਜਨਾ ਕੀ ਊਤਮ ਬਾਣੀ" ਤੋਂ ਭਾਵ ਧੁਰ ਕੀ ਬਾਣੀ ਗੁਰਬਾਣੀ ਹੀ ਹੈ, ਜੋ ਗੁਰੂ ਰੂਪੀ ਭਗਤਾਂ (ਹਰੀ ਜਨਾਂ) ਦੁਆਰਾ ਅਵਤਰੀ ਹੈ। ਦੂਜੀ ਤੁਕ ਅੰਦਰ ਦਸਿਆ ਹੈ ਕਿ ਜਿਹੜੇ ਇਸ ਪਾਰਸ ਰੂਪੀ ਗੁਰਬਾਣੀ ਨਾਲ ਸਪੱਰਸ਼ ਹੋਏ ਹਨ (ਬਾਣੀ ਲਾਗੈ ਸੋ ਗਤਿ ਪਾਏ) ਉਨ੍ਹਾਂ ਦੀ ਪਰਮ ਗਤੀ ਹੋ ਗਈ ਹੈ। ਗੁਰਬਾਣੀ ਦੁਆਰਾ ਦ੍ਰਿੜ੍ਹਾਏ ਸ਼ਬਦ ਦੇ ਤੁਫ਼ੈਲ ਉਹਨਾਂ ਦੀ ਸੱਚ ਵਿਖੇ ਸਮਾਈ ਹੋਈ ਹੈ। ਸੱਚ ਤੋਂ ਭਾਵ ਨਾਮ-ਨਾਮੀ ਅਭੇਦ ਤੋਂ ਹੈ। "ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ।"‡ ਇਸ ਦਾ ਪ੍ਰਮਾਰਥੀ ਭਾਵ ਗੁਰ-ਸ਼ਬਦ ਗੁਰ-ਮੰਤ੍ਰ ਦੇ ਅਭਿਆਸ ਦੁਆਰਾ ਘਟ ਅੰਤਰ ਘਟ ਪ੍ਰਗਾਸ ਹੋਣ ਤੋਂ ਹੈ। ਓਹੀ ਨਾਮ ਕੋਟਿ ਜੋਤਿ ਜਗੰਨਾ, ਹੀਰਾ ਰਤਨ ਮਣੀਆ ਹੋ ਕੇ ਆਸ਼ਕਾਰਾ ਹੁੰਦਾ ਹੈ। ਇਸ ਜੋਤਿ-ਪ੍ਰਕਾਸ਼ੀ-ਨਾਮ ਦੇ ਪ੍ਰਭਾਵ ਕਰਕੇ ਨੌਂ ਨਿਧੀਆਂ ਅਤੇ ਰਿਧੀਆਂ ਸਿਧੀਆਂ ਪਰਛਾਵੇਂ ਦੀ ਨਿਆਈਂ ਅਭਿਆਸੀ ਜਨਾਂ ਦੇ ਮਗਰ ਲਗੀਆਂ ਫਿਰਦੀਆਂ ਹਨ। ਪਰ ਉਹਨਾਂ 'ਤਿਲ ਨ ਤਮਾਇ' ਜੋਤਿ-ਪ੍ਰਕਾਸ਼ੀ-ਨਾਮ ਤੁਲ ਹੋਰ ਕਿਹੜੀ ਨਿਧੀ ਹੈ, ਸਰਬ ਨਿਧੀਆਂ ਦਾ ਨਿਧਾਨ ਨਾਮ ਹੈ, ਜੋ ਅੰਤਰ-ਆਤਮੇ ਆਣ(ਉਦੋਤ)ਪ੍ਰਗਟ ਹੋਇਆ। ਗੁਰ-ਮੰਤ੍ਰ ਰੂਪੀ ਨਾਮ ਸ਼ਬਦ ਦੀ ਅਭਿਆਸ ਕਮਾਈ ਕਰ ਕੇ ਇਹ ਜੋਤਿ-ਪ੍ਰਕਾਸ਼ਕ-ਵਿਸਮਾਦੀ-ਆਨੰਦ ਰੰਗ ਬਝਦੇ ਹਨ। ਏਸ ਦਸ਼ਾ ਅੰਦਰ ਭੀ ਅਭਿਆਸੀ ਦਾ ਨਾਮ ਅਭਿਆਸ ਸੁਰਤੀ ਦੁਆਰਾ ਜਾਰੀ ਰਹਿੰਦਾ ਹੈ ਅਤੇ ਜੋਤਿ-ਰਸਿਕ

---

* ਸੋਰਠਿ ਮ: ੫, ॥੨॥੧੭॥੮੧॥, ਪੰਨਾ ੬੨੯

‡ ਰਾਮਕਲੀ ਮ: ੩, ॥੨੨॥(੨੭॥੨॥੧੧), ਪੰਨਾ ੯੧੦

ਰੰਗਾਂ ਵਿਚ ਸਿਧੰਨਾ(ਸਧਾਇਆ ਹੋਇਆ) ਨਾਮ ਅਗਾਧ ਅਨੰਦ, ਪਰਮ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਜਿਸ ਦੀ ਥਾਹ ਕੋਈ ਨਹੀਂ। ਨਾ ਹੀ ਅਭਿਆਸ ਦਾ ਹੱਦ-ਬੰਨਾ ਕੋਈ ਹੈ, ਨਾ ਹੀ ਜੋਤਿ ਮੰਤ੍ਰ ਅਨੰਦ ਦੀ ਅਸਥਿਰਤਾ ਦੀ ਕੋਈ ਥਾਹ ਹੈ। ਇਸ ਬਿਵਸਥਾ ਅੰਦਰ ਲੀਣ ਹੋਇਆ "ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ"* ਵਾਲੀ ਸਹਿਜ ਅਵਸਥਾ ਬਝਦੀ ਹੈ ਅਤੇ "ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ"* ਵਾਲੇ ਦਿਬ-ਜੋਤੀ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ ਅਤੇ "ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ"* ਵਾਲੀ ਜੀਵਨ-ਮੁਕਤ ਜੋਤੀ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ ਪ੍ਰਾਪਤ ਹੁੰਦਾ ਹੈ।

(੮) ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥੨੩॥
ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਏਸ "ਬਾਣੀਆ ਸਿਰਿ ਬਾਣੀ" ਗੁਰਬਾਣੀ ਦੀ ਕੀਰਤਨ-ਕਲਾ ਦੁਆਰਾ ਨਾਮ-ਅੰਮ੍ਰਿਤ ਦੇ ਰੰਗ ਬਝਦੇ ਹਨ ਅਤੇ ਅਜਪਾ ਜਾਪ ਦਾ ਅਸਲ ਅਨੰਦ ਏਥੇ ਹੀ ਬੱਝ ਹੁੰਦਾ ਹੈ।

(੯) ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥
ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੫

ਇਸ ਗੁਰ-ਪ੍ਰਮਾਣ ਅੰਦਰ ਨਿਰੂਪਨ ਕੀਤਾ ਹੈ ਕਿ ਮਹਾਂ-ਪੁਰਖਾਂ ਦੀ ਬਾਣੀ ਉਪਰ ਕਿਸੇ ਵਿਰਲੇ ਗੁਰਮੁਖ ਜਨ ਦੀ ਹੀ ਸੱਚੀ ਸ਼ਰਧਾ-ਭਾਵਨੀ ਆਉਂਦੀ ਹੈ। ਜਿਨ੍ਹਾਂ ਦੀ ਸ਼ਰਧਾ-ਭਾਵਨੀ ਬੱਝੀ ਉਹਨਾਂ ਨੇ ਇਸ ਬਾਣੀ ਵਿਚੋਂ ਹੀ ਸਭ ਕੁਝ ਪਾਇਆ ਹੈ ਅਤੇ ਇਸ ਬਾਣੀ ਦੇ ਪਰਤਾਪ ਕਰਿ ਹੀ ਨਿਜ ਘਰ ਵਾਸਾ ਪ੍ਰਾਪਤ ਕੀਤਾ ਹੈ।

(੧੦) ਪ੍ਰਭੁ ਬੇਅੰਤ ਗੁਰਮਤਿ ਕੋ ਪਾਵਹਿ ॥
ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥੧੪॥(੧੭॥੨॥੮)
ਮਾਰੂ ਮਹਲਾ ੧, ਪੰਨਾ ੧੦੨੮

ਏਥੇ ਦਸਿਆ ਹੈ ਕਿ ਅਕਾਲ ਪੁਰਖ ਬੇਅੰਤ ਹੈ। ਐਸੇ ਬੇਅੰਤ ਪਰਮਾਤਮਾ ਨੂੰ ਗੁਰਮਤਿ ਦੁਆਰਾ ਹੀ ਕੋਈ ਗੁਰਮੁਖ ਜਨ ਪਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ

---

* ਰਾਮਕਲੀ ਮ: ੩, ਅੰਕ ੨੩, ੨੪, ੨੫, ਪੰਨਾ ੯੧੦

ਹੀ ਮਨ ਨੂੰ ਪਤਿਆਉਂਦਾ ਹੈ । ਗੁਰ-ਸ਼ਬਦ ਗੁਰਮੰਤ੍ਰ ਬਿਨਾਂ ਮਨ ਨਹੀਂ ਪਤੀਜਦਾ; ਮਨ ਬੇਸਮਝ ਸਮਝਦਾ ਨਹੀਂ । ਗੁਰ ਕੀ ਬਾਣੀ ਸਤਿ ਸਤਿ ਕਰਿ ਮੰਨਣ ਨਾਲ ਹੀ ਆਤਮਾ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ, ਨਹੀਂ ਤਾਂ ਐਵੇਂ ਨਾਮ ਗੁਰਮੰਤ੍ਰ ਗੁਰ ਕੇ ਸ਼ਬਦ ਉੱਪਰ ਸ਼ਰਧਾ ਹੀ ਨਹੀਂ ਆਉਂਦੀ । ਗੁਰਬਾਣੀ ਦੀ ਭੈ-ਭਾਵਨੀ ਅਤੇ ਸਤਿ ਸਤਿ ਕਰਿ ਮੰਨਣ ਵਾਲੀ ਗੁਰਮੁਖਤਾਈ ਗੁਰ-ਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਅਤੇ ਲਖਾਉਂਦੀ ਹੈ ਅਤੇ ਇਸੇ ਗੁਰਬਾਣੀ ਤੋਂ ਹੀ ਨਾਮ ਪਾਈਦਾ ਹੈ:–

ਗੁਰ ਸੇਵਾ ਤੇ ਕਰਣੀ ਸਾਰ ॥<br>
ਰਾਮ ਨਾਮੁ ਰਾਖਹੁ ਉਰਿਧਾਰ ॥<br>
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥੩॥<br>
(੧੬॥੮॥੨੨) ਮਾਰੂ ਮਹਲਾ ੩, ਪੰਨਾ ੧੦੬੬

ਇਸ ਬਾਣੀ ਤੇ 'ਹਰਿ ਨਾਮੁ ਪਾਇਦਾ' ਵਾਲੇ ਗੁਰ-ਪਰਮਾਣ ਨੇ ਤਾਂ ਸਪੱਸ਼ਟ ਤੌਰ ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ ਨਾਮ ਦੇ ਭਿੰਨ ਭਿੰਨ ਸਰੂਪ ਹਨ ।

# ੬

# ਭਗਤ ਬਾਣੀ ਕਿਵੇਂ ਉਚਾਰਨ ਹੋਈ

## ਤੇ ਕਿਵੇਂ ਬੀੜ ਵਿਚ ਚੜ੍ਹੀ ?

ਸਤਿਨਾਮ, ਕੇਵਲ ਗੁਰਮਤਿ ਨਾਮ ਹੀ ਹੈ ਅਤੇ ਗੁਰਮਤਿ ਨਾਮ ਕੇਵਲ ਇਕੋ ਹੀ ਹੈ, ਜੋ ਕੇਵਲ ਪ੍ਰਿਥਮ ਗੁਰੂ ਨਾਨਕ ਸਾਹਿਬ ਜੀ ਦੁਆਰਾ ਧੁਰ ਨਿਰੰਕਾਰ ਦੀ ਦਰਗਾਹ ਤੋਂ ਅਵਤਰਿਆ । ਇਸ ਪਰ ਕਈ ਸਜਨ ਇਹ ਸ਼ੰਕਾ ਕਰਦੇ ਹਨ ਕਿ "ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜੋ ਭਗਤ ਜਨ—ਭਗਤ ਕਬੀਰ, ਨਾਮਦੇਵ, ਰਵਿਦਾਸ ਜੀ ਆਦਿਕ ਹੋਏ, ਕੀ ਉਨ੍ਹਾਂ ਨੇ ਸੰਸਾਰ ਵਿਚ ਸਤਿਨਾਮ ਦਾ ਪਰਚਾਰ ਨਹੀਂ ਕੀਤਾ ? ਸਤਿਨਾਮ ਦੇ ਦ੍ਰਿੜ੍ਹਾਇਕ ਹੋਣ ਕਰਿ ਹੀ ਤਾਂ ਉਨ੍ਹਾਂ ਦੀ ਬਾਣੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ, ਆਦਿ ।"

ਇਸ ਸ਼ੰਕਾ-ਨਵਿਰਤੀ ਨਮਿਤ ਗੁਰਮਤਿ ਦੇ ਚਾਨਣੇ ਜੋ ਖੋਜ ਪ੍ਰਾਪਤ ਹੋਈ, ਉਹ ਇਸ ਤਰ੍ਹਾਂ ਹੈ:—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬ ਨੇ ਭਗਤਾਂ ਦੀ ਉਹ ਬਾਣੀ ਨਹੀਂ ਚੜ੍ਹਾਈ ਜੋ ਭਗਤਾਂ ਨੇ ਜਨਮ ਧਾਰ ਕੇ ਭਗਤੀ ਜਾਮੇ ਵਿਚ ਅਤੇ ਭਗਤੀ ਭਾਵ ਦੇ ਉਮਾਹ ਵਿਚ ਆ ਕੇ ਉਚਾਰਨ ਕੀਤੀ, ਬਲਕਿ ਉਹ ਬਾਣੀ ਚਾੜ੍ਹੀ ਹੈ, ਜੋ ਗੁਰੂ ਸਾਹਿਬ ਜੀ ਦੀ ਅਗਾਧ ਕਲਾ ਦਵਾਰਾ ਭਗਤਾਂ ਦੇ ਦਿਵਯ ਜੋਤੀ ਜਾਮੇ ਸਮੇਤ ਗੁਰੂ-ਪਾਰਸ-ਸ਼ਕਤਿ-ਕਲਾ-ਸੰਪੰਨ ਹੋ ਕੇ ਅਤੇ ਸੋਲ੍ਹਾਂ ਕਲਾ ਸੰਪੂਰਨ ਹੋ ਕੇ ਗੁਰਬਾਣੀ ਸਦੇਸ਼ ਹੀ ਧੁਰ ਅਗੰਮੀ ਦਰਗਾਹ ਤੋਂ ਅਵਤਰੀ । ਭਗਤ ਜਨਾਂ ਦੇ ਜਗ-ਜਨਮੇ ਜਾਮੇ ਵਿਚ ਉਚਾਰਨ ਹੋਈ ਬਾਣੀ ਚਾਹੇ ਭਗਤੀ ਭਾਵ ਵਾਲੀ ਸੀ, ਪਰ ਗੁਰ-ਪਾਰਸ-ਕਲਾ-ਸੰਪੰਨ ਅਤੇ ਸਰਬ ਕਲਾ ਸੰਪੂਰਨ ਬਾਣੀ ਨਹੀਂ ਸੀ, ਉਸ ਵਿਚ ਊਣਤਾ ਸੀ । ਏਸੇ ਕਰਕੇ ਗੁਰੂ ਸਾਹਿਬ ਨੇ ਉਹ ਨਹੀਂ ਚੜ੍ਹਾਈ, ਨਹੀਂ ਤਾਂ ਕਬੀਰ-ਪੰਥੀ ਆਦਿਕ ਸੰਪ੍ਰਦਾਵਾਂ ਅੰਦਰ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਦੇ ਪੁਸਤਕਾਂ ਦੇ ਪੁਸਤਕ ਪਾਏ ਜਾਂਦੇ ਹਨ, ਪਰ ਓਹਨਾਂ ਪੁਸਤਕਾਂ ਵਿਚ ਦਰਜ ਹੋਈ ਬਾਣੀ ਵਿਚੋਂ ਕਿਸੇ ਭਗਤ ਦੀ ਬਾਣੀ ਭੀ ਗੁਰੂ ਸਾਹਿਬ ਨੇ ਨਹੀਂ ਚੜ੍ਹਾਈ, ਨਾ ਹੀ ਉਨ੍ਹਾਂ ਪੁਸਤਕਾਂ ਦੀ ਬਾਣੀ ਵਿਚੋਂ ਛਾਂਟਵੀਂ ਤੇ ਚੋਣਵੀਂ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ । ਗੁਰੂ ਗ੍ਰੰਥ ਸਾਹਿਬ ਵਿਚ ਸੋਈ ਬਾਣੀ ਚੜ੍ਹੀ ਜੋ ਗੁਰੂ ਦੇ ਅਗਾਧ ਭਾਣੇ ਅੰਦਰਿ

ਗੁਰਬਾਣੀ, ਧੁਰ ਕੀ ਬਾਣੀ ਬਣੀ, ਅਰਥਾਤ ਗੁਰ-ਪਾਰਸ-ਕਲਾ ਸੰਪੰਨ ਹੋ ਕੇ ਅਵਤਰੀ ਹੈ।

ਜਗਤ ਵਿਖੇ ਜਨਮੇ ਭਗਤ ਜਨਾਂ ਨੂੰ ਗੁਰੂ-ਅਵਤਾਰ ਦੀ ਪਦਵੀ ਨਹੀਂ ਮਿਲੀ। ਉਹ ਭਗਤ ਅਵਤਾਰ ਸਦਵਾਏ, ਗੁਰੂ-ਅਵਤਾਰ ਨਹੀਂ ਹੋਏ। ਗੁਰੂ-ਅਵਤਾਰ ਦੀ ਪਦਵੀ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਹੀ ਪ੍ਰਾਪਤ ਹੋਈ। ਲੋਕਾਚਾਰ ਗੁਰੂ ਪਦ ਦੀਆਂ ਪਦਵੀਆਂ ਵਾਲੇ ਗੁਰੂ ਰਾਮਾਨੰਦ, ਗੋਰਖ ਆਦਿਕ ਬਥੇਰੇ ਆਪੇ ਹੀ ਬਣ ਬਣ ਬੈਠੇ, ਪ੍ਰੰਤੂ ਉਹ ਧੁਰ ਦਰਗਾਹੋਂ ਗੁਰੂ ਨਹੀਂ ਥਾਪੇ ਗਏ। ਇਨ੍ਹਾਂ ਲੋਕਾਚਾਰੀ ਆਪੇ ਬਣ ਬੈਠੇ ਗੁਰੂਆਂ ਦੀ ਸ਼੍ਰੇਣੀ ਵਿਚੋਂ ਕਿਸੇ ਨੇ ਭੀ ਗੁਰੂ ਅਕਾਲ ਪੁਰਖ ਨੂੰ ਗੁਰੂ ਧਾਰਨ ਨਹੀਂ ਕੀਤਾ। ਕਿਸੇ ਭਗਤ ਯਾ ਅਵਤਾਰ ਦਾ ਗੁਰੂ ਅਕਾਲ ਪੁਰਖ ਨਹੀਂ ਹੋਇਆ। ਜਿਤਨੀਆਂ ਭੀ ਸ਼੍ਰੇਣੀਆਂ, ਸੰਪ੍ਰਦਾਵਾਂ ਤੇ ਮਤਾਂ ਦੇ ਚਲਾਉਣ ਵਾਲੇ ਮੋਢੀ ਅਵਤਾਰ ਭਗਤ ਹੋਏ, ਉਨ੍ਹਾਂ ਆਪ ਹੀ ਉਹ ਮੱਤ ਚਲਾਏ ਤੇ ਆਪ ਹੀ ਉਨ੍ਹਾਂ ਦੇ ਮੋਢੀ ਸਦਾਏ ਤੇ ਆਪੇ ਹੀ ਗੁਰੂ ਬਣ ਬਣ ਬੈਠੇ। ਕਿਸੇ ਇਕ ਨੂੰ ਭੀ ਅਕਾਲ ਪੁਰਖ ਦੀ ਦਰਗਾਹੋਂ ਗੁਰੂ ਮਰਤਬੇ ਦੀ ਪ੍ਰਾਪਤੀ ਦੀ ਨਦਰ ਮਿਹਰ ਨਹੀਂ ਹੋਈ, ਨਾ ਹੀ ਕਿਸੇ ਨੇ ਅਕਾਲ ਪੁਰਖ ਦੇ ਪ੍ਰਾਇਣ ਹੋ ਕੇ ਮੱਤ ਚਲਾਏ। ਉਹ ਆਪੇ ਹੀ ਲੋਕ-ਮਨੌਤੀ ਵਾਲੇ ਗੁਰੂ ਸਦਵਾਏ। ਉਨ੍ਹਾਂ ਦੀ ਗੁਰੂ ਪਦਵੀ ਵਾਲੀ ਥਾਪਨਾ ਧੁਰ ਦਰਗਾਹੋਂ ਏਜ਼ਦੀ ਤੋਂ ਨਹੀਂ ਹੋਈ, ਇਸ ਕਰਕੇ ਉਹ ਸੱਚੇ ਗੁਰੂ, ਅਰਥਾਤ ਸਤਿਗੁਰੂ ਨਹੀਂ ਹਨ। ਨਾ ਹੀ ਉਨ੍ਹਾਂ ਦੀ ਬਾਣੀ ਹੀ ਸਤਿ ਬਾਣੀ ਕਹਾ ਸਕਦੀ ਹੈ। ਕੇਵਲ ਸਤਿਗੁਰੂ ਦੀ ਬਾਣੀ ਹੀ ਸਤ ਬਾਣੀ ਅਰਥਾਤ ਗੁਰਬਾਣੀ ਹੈ। ਕੇਵਲ ਗੁਰੂ ਨਾਨਕ ਸਾਹਿਬ ਹੀ ਸੱਚੇ ਗੁਰੂ (ਸਤਿਗੁਰੂ) ਹਨ, ਕਿਉਂਕਿ ਉਨ੍ਹਾਂ ਨੂੰ ਗੁਰੂ ਥਾਪਨਾ ਅਰਥਾਤ ਸਤਿਗੁਰੂ ਦੀ ਪਦਵੀ ਧੁਰ ਦਰਗਾਹੋਂ ਮਿਲੀ। ਇਸ ਕਰਕੇ "ਸਤਿਗੁਰ ਬਾਝਹੁ ਗੁਰੁ ਨਹੀ ਕੋਈ"* ਦੇ ਵਾਕ ਅਨੁਸਾਰ ਸਤਿਗੁਰੂ ਹੀ ਸੱਚਾ ਗੁਰੂ ਹੈ। ਸਤਿਗੁਰ ਬਿਨਾਂ ਹੋਰ ਕੋਈ ਗੁਰੂ ਨਹੀਂ, ਜੇ ਹਨ ਤਾਂ ਕਚੇ ਗੁਰੂ, ਨਾਮ-ਧਰੀਕ ਲੋਕਾਚਾਰੀ ਆਪੇ ਬਣ ਬੈਠੇ ਗੁਰੂ ਹਨ ਅਤੇ ਸਤਿਗੁਰ ਦੀ ਬਾਣੀ ਬਾਝੋਂ ਹੋਰ ਸਭ ਕੱਚੀ ਬਾਣੀ ਹੈ। ਕੇਵਲ ਸਤਿਗੁਰ ਦੀ ਬਾਣੀ ਹੀ ਸੱਚੀ ਹੈ:—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ...॥੨੩॥

ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਸੋ ਗੁਰੂ ਕੀ ਬਾਣੀ ਹੀ ਸੱਚੀ ਬਾਣੀ, ਬਾਣੀਆਂ ਸਿਰ ਬਾਣੀ ਹੈ ਤੇ ਬਾਕੀ ਹੋਰ ਬਾਣੀ ਚਾਹੇ ਕਿਸੇ ਭਗਤ ਦੀ ਉਚਾਰਨ ਕੀਤੀ ਹੋਈ ਹੈ, ਚਾਹੇ ਕਿਸੇ ਬ੍ਰਹਮ ਬੇਤੇ ਗਿਆਨ-ਅਵਤਾਰੀ ਦੀ ਹੈ, ਉਹ ਸਭ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

---

* ਆਸਾ ਮ: ੩ ਪਟੀ, ਅੰਕ ੧੩, ਪੰਨਾ ੪੩੫

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ"* ਦੇ ਗੁਰਵਾਕ ਅਨੁਸਾਰ ਕੱਚੀ ਹੈ। ਕੱਚੀ ਬਾਣੀ ਸਮਝ ਕੇ ਹੀ ਕਾਹਨੇ ਆਦਿ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈਆਂ। ਇਹ ਕਾਹਨੇ ਆਦਿ ਭਗਤ ਇਸ ਖ਼ਿਆਲ ਨਾਲ ਆਏ ਸਨ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਭਗਤਾਂ ਦੀਆਂ ਬਾਣੀਆਂ ਗੁਰੂ ਸਾਹਿਬ ਨੇ ਚੜ੍ਹਾਈਆਂ ਹਨ, ਇਸ ਤਰ੍ਹਾਂ ਸਾਡੀਆਂ ਭੀ ਚੜ੍ਹ ਜਾਣਗੀਆਂ। ਉਹ ਆਪਣੇ ਜਾਣੇ ਇਹ ਸਮਝ ਕੇ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ-ਭੂਤਕੀ-ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨੇ ਗੁਰੂ-ਅਕਾਲ-ਕਲਾ-ਕ੍ਰਿਸ਼ਮੀ-ਤੇਜ-ਪਰਤਾਪ ਉਦੋਤ ਕਰਿ, ਹੁਕਮ ਧੁਰੰਧਰੀ ਚਲਤ ਵਰਤਾ ਕੇ ਦਿਬਯ ਜੋਤੀ ਭਗਤਾਂ ਦੀਆਂ ਰੂਹਾਂ ਨੂੰ ਉਨ੍ਹਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾਇ ਕੇ ਸ਼ਬਦ-ਗੁਰ-ਸੱਤਾ ਦੇ ਕੇ ਪਰਤੱਖ ਸਾਕਾਰੀ ਦਿੱਬਯ ਸਰੂਪ ਵਿਚ ਸਾਵਧਾਨ ਕੀਤਾ, ਅਤੇ ਕਰਮ ਖੰਡੋਂ ਸਚਖੰਡ ਦੇ ਵਾਸੀ ਕਰਾ ਨਿਰੰਕਾਰੀ ਸਮੀਪਤਾ ਦਾ ਭਾਗੀ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ-ਪਾਰਸ-ਕ੍ਰਿਸ਼ਮੀ-ਪ੍ਰਭਾਵ ਸਿੰਚਾਰ ਕਰ 'ਬੋਲਾਇਆ ਬੋਲੀ ਤੇਰਾ'† ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ ! ਇਉਂ ਧੁਰ ਖਸਮ ਰਜ਼ਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਤੇ ਸਸ਼ੋਭਤ ਹੋਈ ਭਗਤ ਬਾਣੀ ਆਈ। ਲਿਖਤ-ਉਤਾਰਿਆਂ ਕਰਿ ਦਰਜ ਨਹੀਂ ਹੋਈ। ਹੁਕਮ ਏਜ਼ਦੀ, ਗੁਰ-ਨਦਰ-ਕਟਾਕਸ਼ੀ-ਭਾਣਿਆਂ ਅੰਦਰ ਹੀ ਧੁਰੋਂ ਉਤਰੀ।

---

*ਰਾਮਕਲੀ ਮ: ੩ ਅਨੰਦੁ, ਅੰਕ ੨੪, ਪੰਨਾ ੯੨੦

†ਸੋਰਠ ਮ: ੫, ॥੪॥੬॥੫੬॥ ਪੰਨਾ ੬੨੩

# ੧

## ਭਗਤ ਬਾਣੀ ਤੇ ਭੱਟ ਬਾਣੀ

ਕਲਾਧਾਰੀ ਸਮਰੱਥ ਸਤਿਗੁਰੂ ਦੀ ਇਹ ਵੱਡੀ ਵਡਿਆਈ ਹੈ ਕਿ ਤਨਕ ਮਾਤ੍ਰ ਨਦਰ ਕਰੰਮੀ ਕ੍ਰਿਸ਼ਮਾ ਵਰਤਾ ਕੇ ਵਕੂਫ਼ ਹੀਣ ਗੁੰਗਿਆਂ, ਖਲ ਮੂਰਖਾਂ ਨੂੰ ਭੀ ਅਪ੍ਰੋਕਸ਼ ਗਿਆਨ ਦੀ ਤੱਤ ਅਵਸਥਾ ਦਾ ਸਾਖਸ਼ਾਤਕਾਰ ਕਰਾ ਦੇਣ। ਗੁਰੂ ਅੱਠਵੇਂ ਪਾਤਸ਼ਾਹ ਜੀ ਨੇ ਪੰਜੋਖਰੇ ਸਾਹਿਬ ਵਿਚ ਇਕ ਖਲ ਮੂਰਖ ਨੂੰ ਆਪਣੀ ਆਕਰਖਣੀ ਛਿਟੀ ਦਾ ਸਪੱਰਸ਼ ਕਰਾ ਗੂੜ੍ਹ ਸੰਸਕ੍ਰਿਤੀ ਸਪਤ-ਸਲੋਕੀ-ਗੀਤਾ ਦਾ ਤਤ-ਬੇਤਾ ਗਿਆਨ ਬਕਤਾ ਅਤੇ ਅਰਥ-ਬੋਧ-ਵਖਿਆਤਾ ਬਣਾ ਦਿਤਾ। ਓਹ ਤਤ-ਗਿਆਨ ਵਖਿਆਨ ਗੁਰੂ-ਕਲਾ ਦੁਆਰਾ ਵਰਤਿਆ। ਤਾਂ ਤੇ ਉਹ ਗੁਰ-ਸੱਤਾ ਵਾਲਾ ਗਿਆਨ ਵਖਿਆਨ ਸੀ, ਨਾ ਕਿ ਉਹ ਮੂਰਖ ਦਾ ਗਿਆਨ।

ਸੱਤੇ ਬਲਵੰਡ ਦੀ ਕਥਾ ਭੀ ਇਹੋ ਦਸਦੀ ਹੈ ਕਿ ਸਤੇ ਬਲਵੰਡ ਦੇ ਅੰਤਰ-ਆਤਮੇ ਸਤਿਗੁਰੂ ਨੇ ਅਗਾਧ ਕਲਾ ਵਰਤਾ ਕੇ ਉਨ੍ਹਾਂ ਦੇ ਮੁਖੋਂ 'ਸਤੇ ਬਲਵੰਡ ਕੀ ਵਾਰ' ਉਚਾਰਨ ਕਰਾਈ, ਨਹੀਂ ਸੱਤੇ ਬਲਵੰਡ ਦੀ ਕੀ ਸ਼ਕਤੀ ਸੀ ਬਾਣੀ ਉਚਾਰਨ ਦੀ। ਉਹ ਬਾਣੀ ਸਤੇ ਬਲਵੰਡ ਪ੍ਰਥਾਇਕ ਵਡਿਆਈ ਦੀ ਬਖਸ਼ੀਸ਼ ਵਾਲੀ ਬਾਣੀ ਹੋਣ ਕਰਿ, ਸਤੇ ਬਲਵੰਡ ਦੀ ਬਾਣੀ ਦੇ ਨਾਮ ਨਾਲ ਪ੍ਰਸਿੱਧ ਹੋਈ, ਪ੍ਰੰਤੂ ਵਾਸਤਵ ਵਿਚ ਹੈ ਉਹ ਗੁਰਬਾਣੀ ਤੇ 'ਆਖੀ ਬਲਵੰਡ ਤਥਾ ਸਤੇ ਡੂਮ ਨੇ'। ਅਖਵਾਈ ਸਮਰੱਥ ਸਤਿਗੁਰੂ ਕਲਾਧਾਰੀ ਨੇ। ਨਹੀਂ ਤਾਂ ਸੱਤੇ ਬਲਵੰਡ ਦੀ ਕੀ ਸਮਰੱਥਾ ਸੀ ?

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥੩॥(੫॥੧੨੬)

ਗਉੜੀ ਮ: ੫, ਪੰਨਾ ੨੦੬

ਤਾਂ ਤੇ ਗੁਰ-ਕਲਾ-ਕ੍ਰਿਸ਼ਮੀ ਹੋਣ ਕਰਿ ਸਤੇ ਬਲਵੰਡ ਵਾਲੀ ਬਾਣੀ ਗੁਰਬਾਣੀ ਹੈ।

ਭੱਟਾਂ ਵਿਚ ਕੀ ਸ਼ਰਧਾ ਸਮਰੱਥਾ ਸੀ। ਜੁਗ-ਜੁਗਾਂਤ੍ਰੀ ਚੁਰਾਸੀ ਦੇ ਗੇੜ ਵਿਚ ਭਰਮਦੇ ਭਟਕਦੇ ਵੇਦ-ਅਵਤਾਰੀ ਬ੍ਰਹਮੇ ਆਦਿਕ ਜੰਤ ਜੀਉੜੇ ਕਲਿਜੁਗ ਵਿਖੇ ਜਨਮ ਧਾਰ ਕਲਿਆਣ ਨਮਿੱਤ ਸਤਿਗੁਰੂ ਦੀ ਸ਼ਰਨ ਆਏ ਤਾਂ ਸਤਿਗੁਰੂ ਨੇ ਪਰਮ ਕਿਰਪਾ ਧਾਰ ਉਨ੍ਹਾਂ ਦਾ ਉਧਾਰ ਕੀਤਾ। ਨ ਸਿਰਫ਼ ਉਧਾਰ ਹੀ ਕੀਤਾ, ਬਲਕਿ ਧੁਰ ਹੁਕਮ ਰਜਾਈ ਲੀਲ੍ਹਾ ਚਲਤ ਵਰਤਾਇ ਕੇ ਜੁਗਾਂ ਪ੍ਰਯੰਤ ਕਾਇਮ ਰਹਿਣ ਵਾਲੀ, ਗੁਰ-ਕਲਾ-ਕ੍ਰਿਸ਼ਮੀ-ਨਜ਼ੀਰ ਖੜੀ ਕਰ ਲਈ, ਉਨ੍ਹਾਂ ਦੇ ਮੁਖੋਂ—ਹਾਂ ਜੀ ਉਨ੍ਹਾਂ ਦੇ ਨਵ-ਜਿੰਦ-ਜੀਵਨੀ ਮੁਖ ਤੋਂ ਅੰਮ੍ਰਿਤ ਬਾਣੀ ਦਾ ਸੋਮਾ ਸਰਸ਼ਾਰ

ਕਰਾਇਆ। ਇਸ ਬਿਧਿ ਜੋਤਿ ਜੁਗਤੀ ਕਲਾ ਕਉਤਕ ਦੁਆਰਾ ਭੱਟਾਂ ਦੇ ਘਟਾਂ ਵਿਚੋਂ ਸਫੁਟ ਹੋਈ ਬਾਣੀ ਅੰਮ੍ਰਿਤ ਬਾਣੀ ਗੁਰਬਾਣੀ ਹੈ, ਨਾ ਕਿ ਭੱਟਾਂ ਦੀ ਉਚਾਰਨ ਕੀਤੀ ਹੋਈ ਭੱਟ-ਬਿਉਂਤ ਬਾਣੀ।

ਬਪੁੜੇ ਭੱਟ ਤਾਂ ਨਿਰੀਆਂ ਕਾਠ ਦੀਆਂ ਪੁਤਲੀਆਂ ਹੀ ਸਨ। ਜੰਤ ਬਜਾਵਨਹਾਰੇ ਜੰਤ੍ਰੀ ਗੁਰੂ ਸਮਰੱਥ ਆਪ ਸਨ। ਜੰਤਰ ਕਲਾ ਗੁਰੂ ਕੀ ਸ੍ਵੈ-ਕਉਤਕੀ ਨਿਜ ਵਰਤਾਈ ਹੋਈ ਕਲਾ ਸੀ। ਭੱਟਾਂ ਦੀ ਸੁਰਤੀ ਬਿਰਤੀ ਨੂੰ ਬ੍ਰਹਮਾਕਾਰ ਕਰਿ, ਸਤਿਗੁਰੂ ਸਮਰੱਥਾਵਾਨ ਨੇ ਹੁਕਮ ਅਕਾਲ, ਕਲਾ-ਕਉਤਕੀ-ਚਲਿਤ ਇਹ ਵਰਤਾਇਆ ਕਿ ਭੱਟਾਂ ਦੇ ਮੁਖ ਦੁਆਰਾ ਸੁਧਾਸਰੀ ਬਾਣੀ ਦਾ ਅੰਮ੍ਰਿਤ-ਫੁਹਾਰਾ ਚਲਵਾਇਆ। ਇਸ ਬਿਧਿ ਭੱਟਾਂ ਦੀ ਬਾਣੀ ਗੁਰਬਾਣੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅਵਤਰੀ।

ਸਤਿਗੁਰੂ ਨੇ ਸਤਿਨਾਮ ਦਾ ਚਕਰ ਫਿਰਾਇਆ ਹੈ ਅਤੇ ਗੁਰੂ ਰੂਪ ਸਮੱਗਰ ਬਾਣੀ ਨੇ ਭੀ ਸਤਿਨਾਮ ਹੀ ਦ੍ਰਿੜ੍ਹਾਇਆ ਹੈ। ਗੁਰਬਾਣੀ ਤੋਂ ਭਿੰਨ ਇਤਰ (ਹੋਰ) ਬਾਣੀਆਂ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅਵਤਰੀ ਗੁਰੂ ਬਾਣੀ ਰੂਪ ਭਗਤ ਬਾਣੀ ਤੋਂ ਭਿੰਨ ਭਗਤਾਂ ਰਚਿਤ ਆਨ (ਹੋਰ) ਬਾਣੀਆਂ ਨੇ ਸਤਿਨਾਮ ਨਹੀਂ ਦ੍ਰਿੜ੍ਹਾਇਆ, ਕ੍ਰਿਤਮ ਨਾਮਾਂ ਨੂੰ ਉਪਦੇਸ਼ਿਆ ਹੈ। ਅਤੇ ਸਤਿਗੁਰ-ਦੀਖਿਆ-ਰਹਿਤ ਭਗਤ ਜਨਾਂ ਨੇ ਸਤਿਨਾਮ ਦਾ ਚਕਰ ਨਹੀਂ ਫਿਰਾਇਆ, ਕ੍ਰਿਤਮ ਨਾਮਾਂ ਦਾ ਰਟਨ ਕਰਾਇਆ ਹੈ।

ਹੁਣ ਰਹੀ ਗੱਲ ਇਹ ਕਿ ਕਿਰਤਮ ਨਾਮ ਸਤਿਨਾਮ ਤੁਲ ਕਲਿਆਣ-ਕਾਰੀ ਹਨ ਯਾ ਨਹੀਂ ? ਇਹ ਇਕ ਵਖਰਾ ਚੈਪਟਰ (ਅਧਿਆਇ ਹੈ। ਇਸ ਗੱਲ ਦੇ ਸਪੱਸ਼ਟ ਕਰਨ ਲਈ ਇਕ ਵਖਰੇ ਤੇ ਲੰਬੇ ਲੇਖ ਦੀ ਲੋੜ ਹੈ। ਪ੍ਰੰਤੂ ਇਥੇ ਇਤਨਾ ਲਿਖ ਦੇਣਾ ਪਰਮ ਜ਼ਰੂਰੀ ਹੈ ਕਿ ਮੁਕਤ-ਮਾਰਗ ਲਈ, ਅਪ੍ਰੋਕਸ਼ ਗਿਆਨ ਲਈ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫਿਲਾਸਫੀਆਂ ਨਾਲੋਂ ਕ੍ਰਿਤਮ ਨਾਮ ਦਾ ਅਭਿਆਸ ਭੀ ਲਖ ਦਰਜੇ ਗੁਣਕਾਰੀ ਹੈ, ਚਾਹੇ ਸਤਿਨਾਮ ਦੀ ਕਲਿਆਣ-ਕਲਾ ਦੇ ਤੁਲ ਨਹੀਂ। ਪ੍ਰੰਤੂ ਭਗਤੀ-ਮਾਰਗ ਦਾ ਮਰਕਜ਼ੀ ਨੀਸਾਣ ਹੋਣ ਕਰਿ ਕ੍ਰਿਤਮ ਨਾਮ ਭਗਤਿ-ਕਲਾ ਉਪਜਾਇਕ ਅਤੇ ਭਗਤਿ ਉਪਾਸ਼ਯ ਦੇ ਨਿਕਟ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾ ਅਧਿਕ ਸਹਾਈ ਹੈ। ਇਸ ਵਿਸ਼ੇ ਦਾ ਵਿਸਥਾਰ ਸਹਿਤ ਨਿਰਣਾ ਕਰਨ ਲਈ ਵਖਰਾ ਲੇਖ ਲਿਖਣਾ ਲਾਭਦਾਇਕ ਹੋਵੇਗਾ, ਸੋ ਕਿਸੇ ਗੁਰੂ ਪ੍ਰੇਰੇ ਸਮੇਂ ਅਨੁਸਾਰ ਇਸ ਨੂੰ ਭੀ ਲਿਖਾਂਗੇ।

੮

# ਭੱਟਾਂ ਦੇ ਸਵੱਈਆਂ ਪਰ ਵਿਚਾਰ

## (੧)

ਅਕਾਲ ਪੁਰਖ ਕੀ ਦੇਹ* ਮਹਿ ਕੋਟਕ ਬਿਸਨ ਮਹੇਸ ॥
ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕੋਟ ਜਲੇਸ ॥੧॥

ਦਸਮ ਗ੍ਰੰਥ; ਬ੍ਰਹਮਾ ਅਵਤਾਰ

ਸ੍ਰੀ ਦਸਮੇਸ਼ ਜੀ ਦੇ ਇਸ ਮੁਖਵਾਕ ਅਨੁਸਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੀ ਭਾਵ ਦੇ ਅਨੇਕਾਂ ਗੁਰਪ੍ਰਮਾਣਾਂ ਦੀ ਪੁਸ਼ਟੀ ਤਲੇ ਗੁਰਮਤਿ ਦਾ ਇਹ ਇਕ ਉੱਚਾ ਸੁਚਾ ਪਰਸਿੱਧ ਸਿਧਾਂਤ ਨਿਰੂਪਣ ਹੁੰਦਾ ਹੈ ਕਿ ਸ੍ਰੀ ਅਕਾਲ ਪੁਰਖ ਦੇ ਸਰਬ ਵਿਆਪਕ ਅਤੇ ਅਥਾਹ ਵੈਰਾਟ ਸਰੂਪ ਅੰਦਰ ਕੋਟਾਨ ਕੋਟ ਬ੍ਰਹਮੇ, ਬਿਸਨ ਮਹੇਸ਼ ਅਤੇ ਬਿਅੰਤ ਅਤੇ ਕ੍ਰੋੜ ਇੰਦ ਚੰਦ ਸੂਰ (ਸੂਰਜ) ਲੁਪਤ ਛੁਪਤ ਹਨ, ਜੋ ਗਿਆਨ ਖੰਡ ਖੁਲ੍ਹਣ ਪਸਚਾਤ ਨਾਮ ਅਭਿਆਸੀ ਸਿਖ ਜਗਿਆਸੂਆਂ ਨੂੰ ਪ੍ਰਗਟ ਪਰਤਖ ਜਾਪਦੇ ਹਨ। ਇਸ ਗਿਆਨ ਖੰਡ ਦੇ ਹੂਬਹੂ ਨਕਸ਼ੇ ਨੂੰ, ਸਾਂਗੋ-ਪਾਂਗ ਪੇਖੇ-ਪਿਖਾਏ ਨਕਸ਼ੇ ਨੂੰ ਸ੍ਰੀ ਜਪੁਜੀ ਸਾਹਿਬ ਜੀ ਦੀ ਮੂਲ ਮੰਤ੍ਰ ਰੂਪੀ ਗੁਰਬਾਣੀ ਅੰਦਰ ਇਸ ਪ੍ਰਕਾਰ ਉਤਾਰਿਆ ਗਿਆ ਹੈ :—

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

ਜਪੁਜੀ, ਪੰਨਾ ੭

---

*ਦੇਹ = ਵਰਾਟ ਸਰੂਪ।

 www.sikhbookclub.com

ਅਕਾਲ ਪੁਰਖ ਦੇ ਇਸ ਅਥਾਹ ਵੈਰਾਟ ਸਰੂਪ ਅੰਦਰ ਬੇਅੰਤ ਰਚਨਾ ਦੀ ਅਪਾਰ-ਲੀਲ੍ਹਾ-ਨਿਰੂਪਣੀ-ਪ੍ਰੌੜ੍ਹਤਾ ਸ੍ਰੀ ਸੁਖਮਨੀ ਸਾਹਿਬ ਦੀ ਦਸਵੀਂ ਅਸਟਪਦੀ ਦੀਆਂ ਹੇਠ ਲਿਖੀਆਂ ਤੁਕਾਂ ਇਸ ਪ੍ਰਕਾਰ ਕਰਾਉਂਦੀਆਂ ਹਨ:—

ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥
ਕਈ ਕੋਟਿ ਸਸੀਅਰ ਸੂਰ ਨਖ੍ਹਤ੍ਰ ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ...॥੩॥
ਕਈ ਕੋਟਿ ਕੀਏ ਰਤਨ ਸਮੁੰਦ ॥
ਕਈ ਕੋਟਿ ਕੀਏ ਨਾਨਾ ਪ੍ਰਕਾਰ ਜੰਤ...॥੪॥
ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥
ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥
ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥
ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥
ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ॥੭॥(੧੦)
ਗਉੜੀ ਸੁਖਮਨੀ ਮ: ੫, ਪੰਨਾ ੨੭੫-੭੬

ਉਪਰਲੇ-ਗੁਰਪ੍ਰਮਾਣਾਂ ਤੋਂ ਗੁਰਮਤਿ ਦੇ ਦੋ ਸਿਧਾਂਤ ਅਸੂਲ ਸਪੱਸ਼ਟ ਸਿਧ ਹੁੰਦੇ ਹਨ—ਇਕ ਤਾਂ ਇਹ ਕਿ ਜਿਤਨੇ ਭੀ ਕ੍ਰਿਸ਼ਨ, ਬਿਸ਼ਨ, ਰਾਮ, ਰਹੀਮ, ਇੰਦ੍ਰ, ਉਪਿੰਦ੍ਰ, ਸਿਧ, ਬੁਧ, ਨਾਥ ਆਦਿਕ ਅਖਉਤੀ ਅਵਤਾਰ ਹੋਏ ਹਨ, ਇਹ ਸਭ ਅਕਾਲ ਪੁਰਖ ਦੇ ਕੀਤੇ ਹੋਏ ਕਿਰਤਮ ਵਜੂਦ ਹਨ । ਏਹਨਾਂ ਨੂੰ ਅਸੀਂ (ਗੁਰਸਿਖਾਂ ਨੇ) ਅਕਾਲ ਪੁਰਖ ਕਰਕੇ ਨਹੀਂ ਮੰਨਣਾ:—

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥੧॥(੩।੫)
ਸ਼ਬਦ ਪਾਤਿਸ਼ਾਹੀ ੧੦

ਵਾਲਾ ਹੁਕਮ ਹੀ ਮੰਨਣਾ ਹੈ। ਦੂਜੇ ਇਹ ਕਿ ਅਕਾਲ ਪੁਰਖ ਨੂੰ ਅਸੀਂ ਅਵਤਾਰਾਂ ਦੇ ਵਜੂਦ (ਸਰੂਪ) ਵਾਲਾ ਮਾਣਸ ਰੂਪ ਕਰਕੇ ਕਦਾਚਿਤ ਨਹੀਂ ਮੰਨਣਾ ।

ਸੋ ਕਿਮ ਮਾਨਸ ਰੂਪ ਕਹਾਏ ॥
ਸਿਧ ਸਮਾਧਿ ਸਾਧ ਕਰ ਹਾਰੇ ਕਯੋ ਹੂੰ ਨ ਦੇਖਨ ਪਾਏ ॥੧॥ਰਹਾਉ॥
(੩॥੧॥੮॥੩੨) ਸ਼ਬਦ ਪਾਤਿਸ਼ਾਹੀ ੧੦

ਏਹਨਾਂ ਦੋਹਾਂ ਗੁਰਮਤਿ ਸਿਧਾਂਤਾਂ ਤੋਂ ਭਿੰਨ, ਪ੍ਰੰਤੂ ਏਹਨਾਂ ਦੇ ਨਾਲ ਲਗਵਾਂ ਹੀ ਤੀਜਾ ਹੋਰ ਗੁਰਮਤਿ ਸਿਧਾਂਤ (ਇਹਨਾਂ ਉਪਰਲੇ ਗੁਰਵਾਕਾਂ ਤੋਂ ਭਿੰਨ) ਹੋਰ ਗੁਰਵਾਕਾਂ ਅਥਵਾ ਸ੍ਰੀ ਮੁਖਵਾਕਾਂ ਦੇ ਪ੍ਰਮਾਣ ਸਪੱਸ਼ਟ ਕਰਾਉਂਦੇ ਹਨ:—ਉਹ ਇਹ ਕਿ ਏਹਨਾਂ

ਅਵਤਾਰਾਂ ਨੂੰ ਸ੍ਰੀ ਅਕਾਲ ਪੁਰਖ ਜੀ ਨੇ ਆਪ ਆਪਣੀ ਬਲ-ਕਲਾ ਬਖਸ਼ ਕੇ ਪਠਾਇਆ, ਸੰਸਾਰ ਦੇ ਕਿਸੀ ਖ਼ਾਸ ਉਪਕਾਰ ਦੇ ਨਮਿਤ ਪਠਾਇਆ। ਪਰ ਉਹ ਉਕਤ ਅਵਤਾਰ ਆ ਕੇ ਆਪਣੀ ਭੁਜ-ਬਲ ਕਰਿ ਬਵਰੇ ਹੋ ਗਏ। ਓਹਨਾਂ ਨੇ ਕਰਤਾਰ-ਬਖ਼ਸ਼ੀ-ਅਕਲ-ਕਲਾ ਨੂੰ ਆਪਣੀ ਅਹੰਮਤਿ ਕਰਿ ਨਿਜ ਸ੍ਵੈਤੰਤਰ ਸ਼ਕਤੀ ਹੀ ਜਾਣ ਲਿਆ—

ਜੇ ਜੇ ਗਉਸ ਅੰਬੀਆ ਭਏ ॥
ਮੈ ਮੈ ਕਰਤ ਜਗਤ ਤੇ ਗਏ...॥੪੫॥

ਬਚਿਤ੍ਰ ਨਾਟਕ, ਅਧਿਆਇ ੬

ਲੋਕਾਂ ਨੇ ਭੀ ਏਹਨਾਂ ਦੇ ਸ਼ਕਤਿ-ਚਮਤਕਾਰ ਤੇ ਅਚੰਭਤ ਹੋ ਕੇ, ਏਹਨਾਂ ਨੂੰ ਅਗਿਆਨ ਕਰਕੇ ਸਰਬ ਕਲਾ ਸ਼ਕਤੀ-ਵਰ ਮੰਨ ਲਿਆ। ਪ੍ਰੰਤੂ:—

ਕਹਾ ਭਯੋ ਜੋ ਆਨ ਜਗਤ ਮੈ ਦਸਕ ਅਸੁਰ ਹਰਿ ਘਾਏ ॥
ਅਧਿਕ ਪ੍ਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮ ਕਹਾਏ ॥੧॥(੩॥੫)

ਸ਼ਬਦ ਹਜ਼ਾਰੇ ਪਾ: ੧੦

ਸ੍ਰੀ ਦਸਮੇਸ਼ ਮੁਖਵਾਕ ਹੈ ਕਿ ਏਹਨਾਂ ਹਰਿ (ਵਿਸ਼ਨੂੰ) ਦੇ ਸਰਗੁਣ ਰੂਪ ਅਵਤਾਰਾਂ ਅੰਦਰ ਦਸ ਕੁ ਅਸੁਰ ਘਾਵਣ ਦੀ ਸ਼ਕਤ-ਕਲਾ ਵਰਤ-ਵਿਆਪ ਗਈ ਤਾਂ ਕੀ ਹੋ ਗਿਆ; ਉਹ ਸਰਬ ਕਲਾ ਸਮਰੱਥ ਅਕਾਲ ਪੁਰਖ ਪਰਮੇਸ਼ਰ ਪਾਰਬ੍ਰਹਮ ਤਾਂ ਨਹੀਂ ਬਣ ਗਏ । ਜਦ ਤਾਈਂ ਉਹਨਾਂ ਅੰਦਰ ਕਲਾ ਵਰਤੀ ਤਾਂ ਅਕਾਲ ਪੁਰਖ ਵਲੋਂ ਵਰਤੀ। ਯਾ ਐਉਂ ਕਹੋ ਕਿ ਅਕਾਲ ਪੁਰਖ ਦੀ ਵਰਤਾਈ ਵਰਤੀ। ਕਲਾ ਤਾਂ ਅਕਾਲ ਪੁਰਖ ਦੀ ਸੀ, ਪਰ ਓਹ ਸਮਝ ਬੈਠੇ ਆਪਣੀ ਨਿਜ ਕਲਾ। ਓਹਨਾਂ ਅੰਦਰ ਦਸ ਕੁ ਅਸੁਰ (ਰਾਕਸ਼) ਘਾਊਣ ਦੀ ਸਮਰਥਾ ਆਪੋ ਆਪਣੇ ਸ੍ਵੈਤੰਤਰ ਰੂਪ ਵਿਚ ਕੁਛ ਭੀ ਨਹੀਂ ਹੋਈ। ਇਹ ਸਭ ਸਰਬ ਕਲਾ ਸਮਰੱਥ ਅਕਾਲ ਪੁਰਖ ਦੀ ਬਖਸ਼ੀ ਹੋਈ ਸਮਰੱਥਾ ਸੀ। ਜਦ ਤਾਈਂ ਓਹ ਇਸ ਕਲਾ ਸਮਰੱਥਾ ਨੂੰ ਅਕਾਲ ਪੁਰਖ ਦੀ ਬਖਸ਼ਸ਼ ਜਾਣ ਕੇ ਉਸ ਦੇ ਹੁਕਮ ਅੰਦਰ ਵਰਤਦੇ ਰਹੇ ਅਤੇ ਜਦ ਤਾਈਂ ਆਪ ਨੂੰ ਅਕਾਲ ਪੁਰਖ ਦੇ ਹੁਕਮ ਪ੍ਰਾਇਣ ਰਹਿੰਦੇ ਹੋਏ ਤੇ ਉਸ ਕਲਾ-ਸ਼ਕਤੀਸ਼ਰ ਦੀਆਂ ਕਾਠ-ਪੁਤਲੀਆਂ ਸਮਝਦੇ ਰਹੇ ਤਦ ਤੀਕਰ ਇਹ ਕਲਾ ਸਵਾਏ ਰੰਗਾਂ, ਉਪਕਾਰ-ਉਮਗਾਏ-ਰੰਗਾਂ ਵਿਚ ਵਰਤਦੀ ਰਹੀ। ਜਦੋਂ ਓਹ ਆਪਣੇ ਆਪ ਹੀ ਸਰਬ ਸ਼ਕਤੀਮਾਨ ਬਣ ਬੈਠੇ ਤਾਂ ਉਸ ਕਲਾ-ਪਰਦਾਤੇ ਸਰਬ ਕਲਾ ਸ਼ਕਤੀਸ਼ਰ ਅਕਾਲ ਪੁਰਖ ਨੇ ਓਹ ਕਲਾ ਐਉਂ ਓਹਨਾਂ ਤੋਂ ਖਿਚ ਲਈ, ਜਿਵੇਂ ਰਾਮ ਰਾਏ ਦੇ ਹੰਕਾਰੀ ਅਤੇ ਗੁਰ-ਹੁਕਮਾਂ ਤੋਂ ਇਨਕਾਰੀ ਹੋ ਜਾਣ ਪੁਰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਉਸ ਤੋਂ ਆਪਣੀ ਨਿਜ-ਬਖਸ਼ੀ-ਕਲਾ ਖਿਚ ਲਈ ਸੀ, ਪ੍ਰੰਤੂ ਜਦੋਂ ਤਾਈਂ ਇਹ ਕਲਾ ਰਾਮਰਾਇ ਅੰਦਰ ਵਰਤੀ ਅਤੇ ਹੁਕਮ

ਅੰਦਰ ਵਰਤੀ ਤਦ ਤਾਈਂ ਇਹ ਆਪਣੇ ਪੂਰੇ ਜੋਬਨਾਂ ਵਿਚ ਹੀ ਵਰਤੀ; ਕਿਉਂਕਿ ਓਦੋਂ ਤੀਕ ਇਹ ਕਲਾਧਾਰੀ ਵਾਹਿਗੁਰੂ ਦੀ ਆਪਣੀ ਨਿਜ ਕਲਾ ਸੀ। ਏਸੇ ਪ੍ਰਕਾਰ ਜਦੋਂ ਤਾਈਂ ਰਾਮ, ਕ੍ਰਿਸ਼ਨ, ਨਰ-ਸਿੰਘ ਆਦਿਕ ਅਵਤਾਰਾਂ ਅੰਦਰ ਅਕਾਲ ਪੁਰਖ ਵਰਤਾਈ ਅਤੇ ਬਰਕਤਾਈ ਕਲਾ ਵਰਤੀ, ਤਦੋਂ ਤਾਈਂ ਇਹ ਕਲਾ ਪੂਰੇ ਜੋਬਨਾਂ ਵਾਲੀ ਆਕ੍ਰਖਣ-ਸ਼ਕਤਿ-ਕਲਾ ਸੀ। ਇਸ ਆਕ੍ਰਖਣ-ਅਕਲ ਕਲਾ ਦੇ ਅੰਦਰ ਹੋਣ ਕਰਿ "ਤੈਥੋਂ ਹੀ ਬਲੁ ਰਾਮ ਲੈ" ਗੁਰਵਾਕ ਦੇ ਭਾਵ ਅਨੁਸਾਰ ਸ੍ਰੀ ਰਾਮ ਚੰਦਰ ਜੀ ਨੇ ਸ਼ਕਤੀਮਾਨ ਬਣ ਕੇ "ਨਾਲਿ ਬਾਣਾ ਦਹਸਿਰੁ ਘਾਇਆ।"* ਅਰਥਾਤ ਰਾਵਣ ਜੈਸੇ ਮਹਾਂ ਬਲਿ ਨੂੰ ਸੰਘਾਰ ਸਿਟਿਆ ਅਤੇ ਏਸੇ ਹੀ ਅਕਾਲ ਪੁਰਖ ਪਰਦਾਨਣੀ-ਸ਼ਕਤਿ-ਕਲਾ ਦੇ ਕਾਰਨ "ਤੈਥੋਂ ਹੀ ਬਲ ਕ੍ਰਿਸਨ ਲੈ" ਦੇ ਸ੍ਰੀ ਦਸਮੇਸ਼ ਮੁਖਵਾਕ ਭਾਵ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਬਲਵਾਨ ਬਣ ਕੇ "ਕੰਸ ਕੇਸੀ ਪਕੜਿ ਗਿਰਾਇਆ।"* ਅਰਥਾਤ ਕੰਸ ਜਿਹੇ ਅਜਿੱਤ ਜੋਧੇ ਨੂੰ ਫੜ ਕੇ ਪਛਾੜ ਮਾਰਿਆ ਅਤੇ ਅਕਾਲ ਪੁਰਖ ਦੀ ਨਿਵਾਜੀ ਏਸੇ ਮਹਾਂ-ਕਾਲ-ਕਾਲਕਾ-ਰੂਪ-ਕਲਾ ਸ਼ਕਤੀ ਦੇ ਬਲ ਚੰਡਕਾ (ਦੁਰਗਾ) ਨੇ ਬੜੇ ਬੜੇ ਕਵੀ-ਹੈਕਲ (ਵਡੇ ਅਕਾਰ ਵਾਲੇ) ਦਾਨਵ ਦੈਂਤਾਂ ਦਾ ਨਾਸ ਕੀਤਾ। ਸੱਚ ਮੁਚ ਜਦ ਤਾਈਂ ਇਹ ਮਹਾਂਕਾਲ-ਅਕਲ-ਕਲਾ ਅਕਾਲ ਪੁਰਖ ਦੀ ਤਿਨ੍ਹਾਂ ਦੁਸ਼ਟ-ਦਮਨ ਅਵਤਾਰਾਂ ਅੰਦਰ ਵਰਤਦੀ ਰਹੀ ਤਦ ਤਾਈਂ ਇਹ ਕਲਾ ਪੂਰਨ ਆਕ੍ਰਖਣ ਕਲਾ ਭਰ-ਜੋਬਨੀ ਜ਼ਾਹਰ ਕਲਾ ਜ਼ਾਹਰ ਜ਼ਹੂਰ ਨੂਰ ਅਫ਼ਸੂਰ (ਜ਼ਾਹਰਾ) ਕਲਾ ਹੀ ਸੀ। ਦੁਰਗਾ ਦੇ ਜੋਬਨ ਜੁਆਲ ਅਤੇ ਬਿਕਰਾਲ ਰੂਪ ਨੂੰ ਦੇਖ ਕੇ ਹੀ ਮਹਖੇ ਦੈਂਤ ਆਦਿ ਸਾਰੇ ਦੰਗ ਰਹਿ ਗਏ ਅਤੇ ਦਮਨ ਹੋ ਗਏ। ਨਰ-ਸਿੰਘ ਦੇ ਭਿਆਨਕ ਅਤੇ ਤੇਜ ਪ੍ਰਚੰਡ ਸਰੂਪ ਦੇ ਚਮਕਾਰੇ ਮਾਤ੍ਰ ਨਾਲ ਹੀ ਸੰਨਾਟਾ ਛਾ ਗਿਆ ਅਤੇ ਇਕ ਨੌਂਧਰ ਨਾਲ ਹੀ ਹਰਨਾਖਸ਼ ਦੁਸ਼ਟ ਖੈ ਹੋ ਗਿਆ। ਅਕਾਲ-ਬਲ-ਪਰਵੇਸ਼ਣੀ-ਅਕਲ-ਕਲਾ ਵਰੋਸਾਏ ਸ੍ਰੀ ਰਾਮ ਚੰਦਰ ਜੀ ਦੇ ਕਲਾ-ਕ੍ਰਿਸ਼ਮੀ ਬਾਣਾਂ ਨਾਲ ਕਦੇ ਕਿਸੇ ਮਹਾਂ ਜੋਧੇ ਤੋਂ ਨਾ ਘਾਇਆ ਜਾਣ ਵਾਲਾ ਰਾਵਣ ਘਾਇਆ ਗਿਆ। ਸੰਸਾਰ ਭਰ ਦੇ ਮਹਾਂ ਜੋਧਿਆਂ ਤੋਂ ਕਦੇ ਨਾ ਹਾਰਨ ਵਾਲਾ ਕੰਸ ਸ੍ਰੀ ਕ੍ਰਿਸ਼ਨ ਦੀ ਕਲਾ-ਕ੍ਰਿਸ਼ਮੀ ਛੋਹ ਨਾਲ ਹੀ ਛੈ ਹੋ ਗਿਆ। ਹਾਂ ਜੀ ਕਲਾ-ਕ੍ਰਿਸ਼ਮੀ ਛੋਹ ! ਅਕਾਲ ਪੁਰਖ ਦੀ ਬਰਕਤ ਦੁਆਰਾ ਕ੍ਰਿਸ਼ਮਣ ਹੋਈ ਆਕਰਖਣ ਹੋਈ ਕਲਾ-ਕ੍ਰਿਸ਼ਮੀ-ਕਲਾ ! ਇਹ ਓਸ ਸਮੇਂ ਸ੍ਰੀ ਕ੍ਰਿਸ਼ਨ ਜੀ ਦੇ ਵਜੂਦ ਅੰਦਰ ਆਪਣੇ ਪੂਰੇ ਜੋਬਨਾਂ ਵਿਚ ਸੀ। ਇਸ ਦੀ ਇਕੋ ਛੋਹ ਨਾਲ ਹੀ ਬੇੜੇ ਪਾਰ ਹੋ ਜਾਂਦੇ ਸਨ।

## (੨)

ਭਾਵੇਂ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੀ ਇਸ ਕਲਾ-ਕ੍ਰਿਸ਼ਮੀ-ਛੋਹ ਦੁਆਰਾ ਹੀ ਖ਼ਾਸ ਖ਼ਾਸ ਗਿਣਤੀ ਮਿਣਤੀ ਦੇ ਜੀਵਾਂ, ਆਕਰਖਣੇ ਗਏ ਅਹਿਲਿਆ,

*ਚੰਡੀ ਦੀ ਵਾਰ, ਪਉੜੀ ੨

ਕੁਬਜਾ ਤੇ ਗੋਪੀਆਂ ਆਦਿਕ ਜੀਵਾਂ ਦਾ ਉਧਾਰ ਹੋਣਾ ਮਖ਼ਸੂਸ ਹੈ ਸੀ, ਪ੍ਰੰਤੂ ਜਗਤ ਜਲੰਦੇ ਸਮੱਗਰ ਅਧਿਕਾਰੀ ਜੀਵਾਂ ਦਾ ਤੱਤ-ਉਧਾਰ, ਕੇਵਲ ਗੁਰੂ-ਅਵਤਾਰ ਦੁਆਰਾ ਸਤਿਨਾਮ ਦੇ ਜੀਅ-ਦਾਨ-ਜੋਤਿ-ਜੁਗਤਣੀ-ਪਾਰਸ-ਕਲਾ ਪਰਵੇਸ਼ ਦੇ ਆਧਾਰ ਉਤੇ ਹੀ ਮਬਨੀ ਅਤੇ ਮਖ਼ਸੂਸ ਹੈ।

ਲੇਖ ਦੀ ਲੜੀ ਜੋੜੀ ਰਖਣ ਲਈ ਏਥੇ ਜੋ ਗੱਲ ਦਰਕਾਰ ਹੈ, ਉਹ ਇਹ ਹੈ ਕਿ ਅਵਤਾਰਾਂ ਅੰਦਰ ਆਤਮ-ਜੋਤਿ-ਕਲਾ, ਬਲ-ਤੇਜ-ਪਰਤਾਪ-ਕਲਾ ਜੋ ਸੀ, ਅਤੇ ਜਿਤਨਾ ਚਿਰ ਉਹਨਾਂ ਦੇ ਅੰਦਰ ਰਹੀ, ਉਹ ਅਕਾਲ ਪੁਰਖ ਦੀ ਕਲਾ, ਯਾ ਐਉਂ ਕਹੋ ਕਿ ਅਕਾਲ ਪੁਰਖ ਦੀ ਨਿਜ-ਵਰਤਾਈ-ਕਲਾ ਸੀ। ਅਕਾਲ ਪੁਰਖ ਵਲੋਂ ਹੀ ਕਲਾ-ਕ੍ਰਿਸ਼ਮੀ ਪ੍ਰਭਾਵਾਂ ਦੇ ਵਰਤਣ ਕਾਰਨ ਦੁਸ਼ਟਾਂ ਦਾ ਖੈ ਅਤੇ ਭਗਤਾਂ ਦੀ ਜੈ-ਬਿਜੈ ਹੋਣ ਨੂੰ ਸਿਧੇ ਤੌਰ ਪਰ (directly) ਅਕਾਲ ਪੁਰਖ ਦੀ ਜ਼ਾਤ ਨਾਲ ਹੀ ਮਨਸੂਬ ਕੀਤਾ ਜਾਂਦਾ ਹੈ, ਜੈਸਾ ਕਿ:—

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ...੪॥੧੩॥੨੦॥
ਆਸਾ ਮ: ੪, ਪੰਨਾ ੪੫੧

ਆਦਿਕ ਗੁਰ-ਪ੍ਰਮਾਣਾਂ ਦੀ ਪੁਸ਼ਟੀ ਤੋਂ ਸਿਧ ਹੈ ਕਿ ਅਕਾਲ ਪੁਰਖ ਦੀ ਪਰਤੱਖ ਕਲਾ ਵਰਤਣ ਕਰਿ ਸਭੇ ਕਲਾ-ਕ੍ਰਿਸ਼ਮੀ-ਕੌਤਕ-ਕਾਰਨਾਮੇ ਅਕਾਲ ਪੁਰਖ ਦੇ ਨਾਮ ਨਾਲ ਹੀ ਮਨਸੂਬ ਕੀਤੇ ਜਾਂਦੇ ਹਨ, ਜੈਸੇ ਕਿ "ਤੈਂ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ ਕਰਾਇਆ"* ਆਦਿਕ ਸ੍ਰੀ ਮੁਖਵਾਕਾਂ ਦਾ ਭਾਵ ਪ੍ਰਸਿੱਧ ਹੈ। ਜੁਗਾਂ ਜੁਗੰਤਰ ਆਦਿ ਜੁਗਾਦਿ ਅਕਾਲ ਪੁਰਖ ਦੀ ਕ੍ਰਿਸ਼ਮ-ਕਲਾਂ ਦਾ ਜ਼ਾਹਰ ਜ਼ਹੂਰ ਵਰਤਾਰਾ ਹੀ ਸਨਮਾਨਿਆ ਪਰਮਾਨਿਆਂ ਜਾਂਦਾ ਰਿਹਾ ਹੈ। ਕਰਨ ਕਾਰਨ ਸਮਰੱਥ, ਸਰਬ ਕਲਾ ਭਰਪੂਰ, ਆਦਿ ਪੁਰਖ ਕਰਤਾਰ ਨਾਲ ਹੀ ਮਨਸੂਬ ਕੀਤੇ ਜਾਂਦੇ ਰਹੇ ਹਨ। ਐਸੇ ਕਲਾ ਸੰਪੂਰਨ, ਸੋਲ੍ਹਾਂ ਕਲਾਂ ਸੰਪੂਰਨ ਹੋਣ ਕਰਿ ਹੀ, ਏਸੇ ਅਕਲ ਕਲਾ ਨੂੰ ਮਨਸੂਬ ਕਰਕੇ ਹੀ ਇਸ ਪ੍ਰਕਾਰ ਦੇ ਗੁਰਵਾਕਾਂ ਦੇ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ:—

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥
ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥
ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ......॥੨॥੬੦॥
ਸਵੱਈਏ ਮਹਲੇ ਚਉਥੇ ਕੇ, ਪੰਨਾ ੧੪੦੬

ਐਸੇ "ਆਦਿ ਜੁਗਾਦਿ ਅਨਾਦਿ ਕਲਾ" ਨੂੰ ਮਨਸੂਬ ਕਰ ਕੇ ਹੀ "ਆਦਿ

---

*ਚੰਡੀ ਦੀ ਵਾਰ, ਪਉੜੀ ੨

ਪੁਰਖ ਕਰਤਾਰ ਕਰਣ ਕਾਰਣ ਸਭ ਆਪੇ"* ਵਾਲੇ ਗੁਰਬਚਨ ਸ੍ਰੀ ਮੁਖਵਾਕ ਮਹਲਾ ੫ ਦੁਆਰਾ ਉਚਾਰਨ ਹੋਏ ਹਨ। ਏਸੇ ਆਦਿ ਜੁਗਾਦਿ ਕਲਾ ਨਾਲ ਮਨਸੂਬ ਹੋਣ ਕਰਕੇ ਹੀ ਸ੍ਰੀ ਮੁਖਵਾਕ ਮਹਲਾ ਪੰਜਵੇਂ ਦੁਆਰਾ ਅਗਲੇਰੇ ਬਚਨ ਉਚਾਰਨ ਹੋਏ ਹਨ :—

ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥
ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ ॥
ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥
ਜਾ ਕਉ ਹੋਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥
ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥
ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ॥੫॥

ਤਥਾ—ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥
ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥
ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥
ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥
ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤ ਸੰਗਤਿ ਤਿਹ ਪਿਆਰੁ ॥
ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ ॥੬॥

ਸਵਯੇ ਸ੍ਰੀ ਮੁਖਬਾਕ੍ਯ ਮ: ੫, ਪੰਨਾ ੧੩੯੬

ਪੁਨਾ—ਇਸ ਤੋਂ ਅਗਲੇਰੇ ਗੁਰਵਾਕ ਭੀ ਏਸੇ ਆਦਿ ਜੁਗਾਦਿ ਅਨਾਦਿ ਕਲਾ ਨੂੰ ਮਨਸੂਬ ਕਰ ਕੇ ਉਚਾਰਨ ਹੋਏ ਹਨ। ਗੁਰੂ ਅਕਾਲ ਪੁਰਖ ਅੰਦਰ ਅਤੇ ਗੁਰੂ ਜਾਮਿਆਂ ਅੰਦਰ ਵਰਤਮਾਨ, ਓਤਿ ਪੋਤਿ ਵਰਤਮਾਨ (ਵਰਤ ਰਹੀ) ਏਸ ਆਦਿ ਜੁਗਾਦਿ ਅਨਾਦਿ ਕਲਾ ਨੂੰ ਮਨਸੂਬ ਕਰ ਕੇ ਹੀ ਇਹ ਗੁਰਵਾਕ ਉਚਾਰਨ ਹੋਇਆ ਹੈ। ਤਥਾ: —

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

ਸਵਈਏ ਮਹਲੇ ਪਹਿਲੇ ਕੇ. ਪੰਨਾ ੧੩੯੦

(੩)

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥

*ਸਵਯੇ ਸ੍ਰੀ ਮੁਖਬਾਕ੍ਯ ਮ: ੫, ਪੰਨਾ ੧੩੯੬

ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝੁਨਤਕਾਰ ਖੇਲੁ ਪਾਹਿ ਜੀਉ ॥
ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ
ਈਸੁ ਬੰਮ੍ਯ੍ਯ ਗ੍ਯ੍ਯਾਨੁ ਧ੍ਯ੍ਯਾਨੁ ਧਰਤ ਹੀਐ ਚਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥

ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨

ਪਿਛਲੀ ਤੁਕ ਇਸ ਸਵੱਈਏ ਦੀ ਵਿਆਖਿਆ ਦੀ ਅਸਥਾਈ ਰੂਪ ਕੁੰਜੀ ਹੈ—

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਜਪੁਜੀ, ਪੰਨਾ ੧

ਦੇ ਮੁਖ-ਮੂਲ-ਸਰੂਪ-ਲਖਸ਼ਣੀ-ਵਿਸ਼ੇਸ਼ਣ ਵਾਸਤੇ ਅਕਾਲ ਪੁਰਖ ਦੇ ਸਨਮੁਖ ਉਸਤਤੀ ਇਸ ਗੁਰਵਾਕ ਦੀ ਅੰਤਲੀ ਤੁਕ ਅੰਦਰ ਇਸ ਬਿਧ ਉਚਾਰੀ ਗਈ ਹੈ ਕਿ ਹੇ ਤਤ ਸਤ ਸਰੂਪ ਵਾਲੇ ਸਤਿਪੁਰਖ ਤੇ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ ਤੇ ਹੋਸੀ ਭੀ ਸਚੁ, ਸਰੂਪ ਵਾਲੇ ਤੇ ਸਿਰੀ ਸ਼ਕਤੀ ਦਾ ਘਰ, ਅਰਥਾਤ ਸਰਬ ਸ਼ਕਤੀਵਾਨ ਸਰਬ ਕਲਾ ਸਮਰੱਥ ਆਦਿ ਪੁਰਖ ਪੁਰਖੋਤਮ (ਸਦਾ ਤੀਨ੍ਹ ਕਾਲ—ਭੂਤ ਭਵਿਖ ਭਵਾਨ ਅੰਦਰ) ਤੂੰ ਹੀ ਵਾਹਿਗੁਰੂ ਹੈਂ। ਅਰਥਾਤ ਤ੍ਰੈ-ਕਾਲ ਅੰਦਰ ਸਤਿ ਸਾਚ ਸੱਚੇ ਨਾਮ (ਸਤਿਨਾਮ) ਵਾਲੇ ਵਾਹਿਗੁਰੂ, ਭਾਵ ਵਾਹਿਗੁਰੂ ਸੁਅਖਰਾ ਵਾਚਕ ਸਤਿਨਾਮ (ਸੱਚੇ ਨਾਮ) ਵਾਲੇ ਅਕਾਲ ਪੁਰਖ ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ ਤੇ ਭੂਤ ਕਾਲ ਵਿਖੇ ਭੀ ਤੇਰਾ ਨਾਮ ਸੱਚਾ ਨਾਮ ਵਾਹਿਗੁਰੂ ਹੈ। ਭਵਾਨ ਵਰਤਮਾਨ ਕਾਲ ਅੰਦਰ ਭੀ ਤੇਰਾ ਨਾਮ ਸੱਚਾ ਨਾਮ ਵਾਹਿਗੁਰੂ ਅਤੇ ਭਵਿਖਤ ਕਾਲ ਆਉਣ ਵਾਲੇ ਸਮੇਂ ਅਨੰਤ ਅਨਾਦਿ ਸਮੇਂ ਅੰਦਰ ਭੀ ਤੇਰਾ ਸੱਚਾ ਨਾਮ ਵਾਹਿਗੁਰੂ ਵਾਹਿਗੁਰੂ ਹੀ ਹੈ। ਤੀਨ ਕਾਲ ਵਿਖੇ ਇਹੋ ਨਾਮ ਸੱਚਾ ਸਤ ਹੋਣ ਕਰਕੇ 'ਵਾਹਿਗੁਰੂ' ਹੀ ਸਤਿਨਾਮ ਹੈ। ਹੇ ਨਾਮੀ ਅਕਾਲ ਪੁਰਖ, ਤੂੰ ਸਦਾ ਉਸੇ 'ਵਾਹਿਗੁਰੂ' ਰੂਪੀ ਸਤਿਨਾਮ ਨਾਲ ਹੀ ਸਦਾ ਸਸ਼ੋਭਤ ਹੈਂ। ਤਿੰਨ ਵਾਰ ਵਾਹਿਗੁਰੂ ਨਾਮ ਪੂਰੇ ਸ਼ਬਦ ਦੇ ਰੂਪ ਵਿਚ ਆਉਣ ਕਰਿ ਇਹੋ ਦ੍ਰਿੜ੍ਹਤਾ ਪ੍ਰੌੜ੍ਹਤਾ ਕਰਾਉਂਦਾ ਹੈ ਕਿ ਇਹ ਸਤਿਨਾਮ ਤ੍ਰੈ ਕਾਲ ਅਬਾਧ ਹੈ।

ਚਉਥੀ ਵਾਰ 'ਵਾਹਿ ਜੀਉ' ਕਹਿਣ ਕਰਿ ਵਾਹਿਗੁਰੂ ਨਾਮ ਦੀ ਮਹਿਮਾ ਵਾਹਿ ਵਿਸਮਾਦ ਮਈ ਅਨੰਤਤਾ ਵਿਖੇ ਹੀ ਸਮਾਏ ਗਈ। ਸੋ ਵਾਕ ਦੀ ਪ੍ਰਿਥਮ ਸਤਰ ਤੋਂ ਹੀ ਵਾਹਿਗੁਰੂ ਨਾਮ ਦੀ ਬਿਸਮਤਾ ਮਈ ਮਹਿਮਾ ਅਰੰਭ ਹੋਈ। ਹੇ ਅਨੰਤ ਬਿਸਮਤਾ ਦੇ ਮਹਿਮਾ ਵਾਲੀ ਤ੍ਰੈ ਕਾਲ ਅਬਾਧ ਸਤਤਾ ਵਾਲੇ ਵਾਹਿਗੁਰੂ,

ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ ਸਦਾ ਤੂੰ ਹੀ ਹੈਂ। ਅਤੇ ਆਦਿ ਜੁਗਾਦਿ ਤੇਰੀ ਆਦਿ ਜੁਗਾਦਿ ਅਨਾਦਿ ਕਲਾ ਹੀ ਵਰਤ ਰਹੀ ਹੈ, ਅਤੇ ਤੇਰੀ ਏਸੇ ਅਮਿਤ ਕਲਾ ਕਰਿ ਹੀ ਕ੍ਰਿਸ਼ਨ ਅਵਤਾਰ ਦੇ ਸਰੀਰ ਅਕਾਰੀ ਜਾਮੇ ਅੰਦਰ ਜਨਮ ਤੋਂ ਹੀ ਅਤਿ ਸੁੰਦਰ ਸਰੂਪ ਵਾਲਾ ਪ੍ਰਭਾਵ "ਦਾਤਿ ਜੋਤਿ ਸਭ ਸੂਰਤਿ ਤੇਰੀ"* ਗੁਰਵਾਕ ਦੇ ਭਾਵ ਅਨੁਸਾਰ ਅਤਿ ਤੇਜਵੰਤ-ਜੋਤਿ-ਦਰਸ਼ਨਾਂ ਦੀ ਆਭਾ ਮਾਰ ਰਿਹਾ ਸੀ। ਉਸ ਦੇ ਬਾਰਕ ਅਨੂਪ-ਸਰੂਪੀ ਕਵਲ ਨੈਨਾਂ ਅੰਦਰ ਭੀ ਤੇਰੀ ਪ੍ਰਭਾ ਹੀ ਪ੍ਰਤਿਬਿੰਬਤ ਹੋ ਰਹੀ ਸੀ। ਉਸ ਦੇ ਸੁੰਦਰ ਮੀਠ ਮਧਰ ਬੈਨਾਂ ਅੰਦਰ ਭੀ ਤੇਰੀ ਕਲਾ-ਕ੍ਰਿਸ਼ਮੀ ਅਧਿਭੁਤ ਅਦਾ-ਨਾਜ਼ਨੀ ਸੋਭਾ ਸੁਹਾ ਰਹੀ ਸੀ। ਤੇਰੀ ਕਲਾ-ਪਰਤਾਪ ਕਰਿ ਹੀ ਕਿ ਜਿਸ ਬਾਲਕ-ਬੈਸ ਉਮਰ ਕ੍ਰਿਸ਼ਨ ਦੇ ਸੰਗ ਕੋਟਿ ਸੈਨ ਬਿਸਮ ਰੰਗ ਸੋਭ ਰਹੇ ਸਨ, ਏਹ ਕ੍ਰਿਸ਼ਨ ਔਤਾਰੀ ਬਾਲਕ ਤੇਰੀ ਕ੍ਰਿਸ਼ਮ ਕਲਾ ਕਰਿ ਹੀ ਇਕ ਅਲੌਕਿਕ ਬਾਲਕ ਸੀ, ਜਿਸਨੂੰ ਕਿ ਉਸ ਦੀ ਮਾਂ ਜਸੋਧਾਂ ਮਾਮੂਲੀ ਬਾਲਕਾਂ ਵਾਂਗ ਦਹੀ ਭਾਤ ਖਾਣ ਲਈ ਕੋਹਿੰਦੀ ਫਿਰਦੀ ਸੀ, ਜਿਸ ਦੇ ਅਤਿ ਅਨੂਪ ਰੂਪ ਨੂੰ ਵੇਖ ਵੇਖ ਓਹ ਮੋਹਿਤ ਅਤੇ ਮਗਨ ਹੋ ਹੋ ਜਾਂਦੀ ਸੀ, ਜਦੋਂ ਕਿ ਓਹ ਅਨੂਪਮ ਬਾਲਕ ਤੜਾਗੀ ਤੇੜ ਪਾਈ ਛਣਕਾਉਂਦਾ ਖੇਲਦਾ ਫਿਰਦਾ ਹੁੰਦਾ ਸੀ। ਇਹ ਸਭ ਅਕਾਲ ਪੁਰਖ ਵਾਹਿਗੁਰੂ ਤੇਰੀ ਕ੍ਰਿਸ਼ਮ-ਕਲਾ ਦਾ ਨੂਰ ਜ਼ਹੂਰ ਹੈ ਸੀ। ਅਤੇ ਕ੍ਰਿਸ਼ਨ-ਜਾਮੇ ਅੰਦਰ ਵਰਤ ਰਹੀ ਤੇਰੀ ਇਸ ਨੂਰ-ਜ਼ਹੂਰੀ ਕਲਾ ਦੀ ਹੀ ਇਹ ਸਾਰੀ ਮਹਿਮਾ ਹੈ। ਕ੍ਰਿਸ਼ਨ ਦੇ ਪੰਜ-ਭੂਤਕੀ ਸਰੀਰ-ਅਕਾਰ ਦੀ ਕੋਈ ਵਡਿਆਈ ਨਹੀਂ। ਇਹ ਤਾਂ ਚਾਰ ਦਿਨ ਦਾ ਚਮਤਕਾਰ ਸੀ,ਖੇਲ ਚੋਜ ਚਮਤਕਾਰ ਸੰਪੂਰਨ ਕਰਾਇ ਜਦੋਂ ਇਹ ਜੋਤਿ ਤੇਜ ਕਲਾ, ਹੇ ਅਕਾਲ ਪੁਰਖ! ਤੈਂ ਖਿਚ ਲਈ ਤਾਂ ਉਸ ਨਟ-ਪੁਤਲੇ ਦਾ ਬਿਨਾਸ ਕਾਲ ਭਇਆ। ਐਸੇ ਕ੍ਰਿਸ਼ਨ ਸਾਰਖੇ ਅਵਤਾਰ ਭੀ ਸਭ ਕਾਲ ਚੱਕਰ ਅੰਦਰ ਹਨ। ਹੇ ਅਕਾਲ ਪੁਰਖ! ਇਕ ਤੂੰ ਹੀ ਕਾਲ ਰਹਿਤ ਹੈਂ। ਅਤੇ ਇਹ ਕਾਲ ਰੂਪੀ ਕਲਮ ਅਤੇ ਹੁਕਮ "ਹੁਕਮੀ ਵਹੇ ਕਲਾਮ" ਗੁਰਵਾਕ ਦੇ ਭਾਵ ਅਨੁਸਾਰ, ਹੇ ਹੁਕਮੀ ਅਕਾਲ ਪੁਰਖ! ਤੇਰੇ ਹੀ ਹੱਥ ਹੈ। ਇਸ ਨੂੰ ਕਹੋ ਕਉਣ ਮੇਟ ਸਕਦਾ ਹੈ, ਅਰਥਾਤ ਕੋਈ ਨਹੀਂ ਮੇਟ ਸਕਦਾ। ਜਿਸ ਕਾਲ ਰਹਿਤ ਅਕਾਲ ਪੁਰਖ ਦੇ ਗਿਆਨ ਧਿਆਨ ਦੀ ਬ੍ਰਹਮਾ ਅਤੇ ਸ਼ਿਵ ਮਹੇਸ਼ ਜੈਸੇ ਆਪਣੇ ਹੀਏ (ਹਿਰਦੇ ਅੰਦਰ) ਚਾਹਨਾ (ਅਭਿਲਾਖਾ) ਰਖਦੇ ਹਨ, ਓਹ ਤੂੰ ਕਾਲ ਅਬਾਧ, ਸਦਾ ਸਤਿ, ਆਦਿ ਜੁਗਾਦਿ ਸਤਿ ਰਹਿਣ ਵਾਲਾ ਹੈ ਭੀ ਹੋਸੀ ਸਰੂਪ ਤੇ ਸ੍ਰੀ ਨਿਵਾਸ‡ ਆਦਿ ਪੁਰਖ ਅਕਾਲ ਪੁਰਖ ਜੀ ਸਦਾ ਤੂੰ ਹੀ ਹੈਂ, ਜਿਸ ਨੂੰ ਕਿ ਸਤਿਨਾਮ (ਸੱਚੇ ਨਾਮ) ਵਾਹਿਗੁਰੂ ਦਾ ਜਾਪ ਕਰਿ ਕਰਿ ਅਰਥਾਤ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦੀ ਅਥਾਹ ਜਾਪ-ਧੁੰਨੀ ਕਰਿ ਆਰਾਧਿਆ ਜਾਂਦਾ ਹੈ।

---

*ਸਾਰੰਗ ਕੀ ਵਾਰ, ਮ: ੩, ॥੨॥(੩੫), ਪੰਨਾ ੧੨੫੧

‡ਸ੍ਰੀ ਨਿਵਾਸ ਜਿਸ ਦੇ ਅੰਦਰ ਪੂਰਨ ਸ਼ਕਤੀ ਦਾ ਨਿਵਾਸ ਹੋਵੇ।

 www.sikhbookclub.com

ਹੱਤਾਕਿ ਇਹ ਧੁਨੀ ਵਿਸਮਾਦ ਵਿਖੇ ਜਾ ਸਮਾਉਂਦੀ ਹੈ:—

ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ
ਬੇਸੁਮਾਰ ਸਰਬਰ ਕਉ ਕਾਹਿ ਜੀਉ ॥
ਸੁਥਿਰ ਚਿਤ ਭਗਤ ਹਿਤ ਭੇਖੁ ਧਰਿਓ
ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥
ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ
ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੨॥੮॥

ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨

ਤੇਰਾ ਇਹ ਵਾਹਿਗੁਰੂ ਨਾਮ, ਹੇ ਰਮਤ ਰਾਮ ! ਤੇਰੇ ਭਗਤਾਂ ਦਾ ਪਰਮ ਧਾਮ ਹੈ। ਭਾਵ ਪਰਮ ਧਾਮ ਆਦਰਸ਼ੀ ਨਾਮ ਇਹੋ ਸਤਿਨਾਮ ਹੈ, ਜੋ ਸੁਧ ਬੁਧ ਅਗੋਚਰਾ ਨਿਰਾਕਾਰ ਅਤੇ ਬੇਸ਼ੁਮਾਰ ਹੈ।

ਇਸ ਦੇ ਸਮਸਰ (ਬਰਾਬਰ) ਹੋਰ ਕੋਈ ਨਾਮ ਨਹੀਂ। ਐਸੇ ਨਾਮ ਵਾਲੇ, ਹੇ ਨਾਮੀ ਅਕਾਲ ਪੁਰਖ ! ਤੈਂ ਸੁਧ (ਸੁਥਿਰ ਚਿਤ ਦੇ) ਭਗਤ ਪ੍ਰਹਿਲਾਦ ਹਿਤ ਨਰਸਿੰਘ ਦਾ ਰੂਪ (ਭੇਖ) ਰਚ ਧਰਿਆ ਅਤੇ ਹਰਨਾਖਸ਼ ਦੈਂਤ ਨੂੰ ਉਸ ਨਰਸਿੰਘ ਰੂਪ ਨੇ ਨਵ੍ਹਾਂ ਨਾਲ ਹੀ ਮਾਰ ਬਿਦਾਰਿਆ। ਇਹ ਸਭ ਤੇਰੀ ਕਲਾ ਦਾ ਹੀ ਜ਼ਹੂਰ ਸੀ। ਸੰਖ, ਚਕਰ, ਗਦਾ, ਪਦਮ ਦੇ ਚਿੰਨ੍ਹਾਂ ਵਾਲੇ ਵਿਸ਼ਨੂੰ ਅਵਤਾਰ ਨੂੰ ਤੈਂ ਉਪਾ ਕੇ ਆਪਣੇ ਸਰੂਪ ਵਿਖੇ ਹੀ ਛੁਪਾ ਸਮਾ ਲਿਆ। ਹੇ ਐਸੇ ਅਪਰੰਪਰ ਪਾਰਬ੍ਰਹਮ ਅਕਾਲ ਪੁਰਖ ! ਤੈਨੂੰ ਕਉਣ ਲਖੇ, ਅਰਥਾਤ ਕੋਈ ਨਹੀਂ ਲਖ ਸਕਦਾ। ਤੂੰ ਸਦਾ ਹੀ ਸਤਿ ਹੈਂ, ਸਦਾ ਹੀ ਸਚ ਸਰੂਪ ਹੈਂ, ਸਰਬ ਕਲਾ ਸਮਰੱਥ, ਸਰਬ ਸ਼ਕਤੀਮਾਨ ਪਰੰਪਰਾ ਤੋਂ ਹੀ ਚਲਿਆ ਆਇਆ ਆਦਿ ਅਨਾਦਿ ਜੁਗਾਦਿ ਪੁਰਖ ਸਦਾ ਤੂੰ ਹੀ ਹੈਂ। ਹੇ ਸਾਹਿਬਾ ! ਤੇਰਾ ਬਿਸਮਾਦੀ ਨਾਮ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਰਟਦਿਆਂ ਰਟਦਿਆਂ ਅਸੀਂ ਤੇਰੇ ਬਿਸਮਾਦ ਸਰੂਪ ਵਿਖੇ ਲੀਨ ਹੋਏ ਰਹੀਏ. ...

ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ
ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥
ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ
ਖੇਲੁ ਕੀਆ ਆਪਣੈ ਉਛਾਹਿ ਜੀਉ ॥
ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ
ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥

 www.sikhbookclub.com

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ।
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥
ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨-੩

ਫੇਰ ਪੀਤ ਬਸਨ ਕੁੰਦ ਦਸਨ ਮੁਕਟ ਸੀਸ ਮੋਰ ਪੰਖ ਆਦਿਕ ਚਿੰਨ੍ਹਾਂ ਵਾਲੇ ਸੀਆ ਸੁਆਮੀ ਰਾਮਾ ਅਵਤਾਰ ਦਾ ਆਪਣੀ ਰੁਚ ਉਛਾਹ ਅਨੁਸਾਰ ਰੂਪ ਰਚ ਕੇ ਉਸ ਅੰਦਰ ਭੀ ਆਪਣੀ ਨੂਰ ਜ਼ਹੂਰੀ ਕਲਾ ਵਰਤਾਈ। ਹੇ "ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ"* ਗੁਰਵਾਕ ਭਾਵ ਦੀ ਸ੍ਵੈ-ਸਮਰਥਾ ਵਾਲੇ ਬੇ-ਵਜ਼ੀਰ (ਵਜ਼ੀਰ ਆਦਿਕ ਮਸ਼ੀਰਕਾਰਾਂ ਦੀ ਸਹਾਇਤਾ ਤੋਂ ਅਲੋੜ ਅਤੇ ਬੇਪਰਵਾਹ) ਵਡੇ ਧੀਰਜ ਪੁੰਜ ਅਤੇ ਧਰਮ ਧੁਜਾ ਵਾਲੇ ਅਲੱਖ ਅਤੇ ਅਗੰਮ ਪਾਰਬ੍ਰਹਮ! ਇਹ ਸਭ ਖੇਲ ਭੀ ਤੈਂ ਆਪਣੇ ਉਛਾਹ ਉਤਸ਼ਾਹ ਅਧੀਨ ਹੋ ਕੇ ਹੀ ਕੀਤਾ। ਤੇਰੀ ਅਕਥ ਕਥਾ ਕਥੀ ਨਹੀਂ ਜਾ ਸਕਦੀ। ਤੂੰ ਤੀਨ ਲੋਕ ਵਿਖੇ ਸਮਾ ਰਿਹਾ ਹੈਂ, ਹੇ ਸ਼ਾਹਿਨ ਕੇ ਸ਼ਾਹ! ਤੂੰ ਸੁਤੇ ਸਿਧ ਹੀ ਇਸ ਕਲੂਕਾਲ ਵਿਖੇ ਗੁਰੂ ਜਾਮੇ ਰੂਪੀ ਸਰੂਪ ਧਾਰਨ ਕੀਤਾ ਹੈ। ਅਰਥਾਤ ਗੁਰ ਅਵਤਾਰ ਹੋ ਕੇ ਕਲਾਧਾਰੀ ਬਣਿਆ ਹੈਂ। ਪ੍ਰਿਥਮ ਜੁਗਾਂ ਅੰਦਰ ਤੈਂ ਲੀਲ੍ਹਾ-ਧਾਰੀ ਅਵਤਾਰ ਜਾਮੇ ਉਪਾਏ ਅਤੇ ਕਲਿਜੁਗ ਅੰਦਰ ਤੈਂ ਪੂਰਨ ਜਗਮਗ ਜੋਤਿ ਕਲਾ-ਧਾਰੀ ਗੁਰੂ ਅਵਤਾਰ ਜੀਅ ਦਾਨ ਦੇਣਹਾਰ, ਸੱਚੇ ਉਪਕਾਰ ਵਾਲਾ ਸਤਿਨਾਮ ਚੱਕਰ ਸਾਰੇ ਸੰਸਾਰ ਅੰਦਰ ਫਿਰਾਉਣ ਹਿਤ ਅਸਥਿਰ ਕਰਾਏ। ਹੇ "ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।"‡

ਇਸ ਪ੍ਰਕਾਰ ਇਨ੍ਹਾਂ ਸਵੱਈਆਂ ਅੰਦਰ ਕੇਵਲ ਗੁਰੂ ਅਕਾਲ ਪੁਰਖ ਦੀ ਅਕਲ ਕਲਾ ਜੁਗੋ ਜੁਗ ਉਪਾਏ ਅਵਤਾਰਾਂ ਅੰਦਰ ਵਰਤਾਈ ਬਿਨੁਮਾਈ (ਦਰਸਾਈ) ਅਕਲ ਕਲਾ ਦਾ ਹੀ ਨੂਰ ਜ਼ਹੂਰ ਵਰਨਣ ਹੈ।

ਗੁਰਮਤਿ ਮਤਿ ਤੋਂ ਸੁੰਞੇ ਅਲਪ ਬੁੱਧੀ ਵਾਲੇ ਅਣਜਾਣਾਂ ਦੇ ਭਾਣੇ ਏਹਨਾਂ ਸਵੱਈਆਂ ਦਾ ਪਾਠ ਗੁਰਸਿਖਾਂ ਨੂੰ ਅਵਤਾਰ-ਭਗਤ ਬਣਾ ਦਿੰਦਾ ਹੈ। ਤਾਂਤੇ ਓਹਨਾਂ ਗੁਰਮਤਿ ਅਗਿਆਤ ਪੁਰਸ਼ਾਂ ਦੇ ਨਿਕਟ ਇਹ ਭੱਟ-ਬਾਣੀ ਦੇ ਨਾਮ ਨਾਲ ਪ੍ਰਸਿੱਧ ਬਾਣੀ ਅਵਤਾਰ-ਉਪਾਸ਼ਨਾ ਦ੍ਰਿੜ੍ਹਾਉਣਹਾਰੀ ਹੋਣ ਕਰਿ ਗੁਰਬਾਣੀ ਨਹੀਂ। ਉਕਤ ਤੁਛ ਬੁਧੀ ਪੁਰਸ਼ ਏਹਨਾਂ ਸਵੱਈਆਂ ਅੰਦਰ ਆਏ ਕੰਵਲ ਨੈਣ, ਮਧੁਰ ਬੈਨ, ਪੀਤ ਬਸਨ, ਕੁੰਦ ਦਸਨ ਆਦਿ ਪਦ ਦੇਖ ਕੇ ਅਨੁਮਾਨ ਕਰ ਬੈਠੇ ਕਿ ਇਹ ਤਾਂ ਹਿੰਦੂਆਂ ਦੇ ਅਵਤਾਰਾਂ ਦੀ ਭਗਤ-ਮਹਿਮਾ ਦ੍ਰਿੜ੍ਹਾਉਂਦੇ ਹਨ, ਤਾਂਤੇ ਉਹ ਅਨਮਤੀਆਂ ਦੇ ਅਟੋਕਾਂ ਤੋਂ ਅਟੰਕ ਹੋਣ ਲਈ ਡਰਦੇ ਮਾਰੇ ਇਸ ਬਾਣੀ ਨੂੰ ਗੁਰਬਾਣੀ ਮੰਨਣੋਂ ਹੀ ਇਨਕਾਰੀ ਹੋ ਬੈਠੇ।

---

*ਗੋਂਡ ਮ: ੫,॥੨... (੫), ਪੰਨਾ ੮੬੩
‡ਸਵੱਈਏ ਮਹਲੇ ... ਕੇ, ਪੰਨਾ ੧੪੦੩

ਪ੍ਰੰਤੂ ਵਾਸਤਵ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦੇ ਨਾਲ ਹੀ ਇਸ ਬਾਣੀ ਦਾ ਅੰਤ੍ਰੀਵੀ ਭਾਵ ਇੰਨ ਬਿੰਨ ਮਿਲਦਾ ਹੈ । ਖਿਚ ਧਾਤ ਕਰ ਕੇ ਏਹਨਾਂ ਸਵੱਈਆਂ ਦੇ ਅਰਥਾਂ ਨੂੰ ਅਰਥਾਉਣ ਦੀ ਲੋੜ ਨਹੀਂ, ਤੱਤ ਭਾਵ ਬਿਵਸਥਾ ਦੇ ਚਾਨਣੇ ਅੰਦਰ ਸੁਤੇ ਸਿਧ ਬਿਨਾਂ ਗੁੰਝਲ ਦੇ ਅਰਥ ਖੁਲ੍ਹ ਜਾਂਦੇ ਹਨ, ਜੋ ਐਨ ਗੁਰਮਤਿ-ਆਸ਼ੇ ਦੇ ਅਨਕੂਲ, ਸਮੱਗਰ ਬਾਣੀ ਦੇ ਭਾਵ ਦੇ ਅਨੁਸਾਰ ਹਨ ਅਤੇ "ਤੈਂ ਹੀ ਦੁਰਗਾ ਸਾਜਿ ਕੈ"* ਵਾਲੇ ਸ੍ਰੀ ਦਸਮੇਸ਼ ਵਾਕ ਤੇ "ਹਰਿ ਜੁਗੁ ਜੁਗੁ ਭਗਤ ਉਪਾਇਆ"† ਵਾਲੇ ਗੁਰਵਾਕ ਦੇ ਅਸਲ ਭਾਵ ਦਾ ਇਹ ਸਵੱਈਏ ਤਤ ਅਨੁਵਾਦ ਹਨ ।

ਸਮੂੰਹ ਅਵਤਾਰਾਂ ਤੇ ਕੋਟ ਬ੍ਰਹਿਮੰਡਾਂ ਦੇ ਮਾਲਕ (ਠਾਕਰ ਸੁਆਮੀ) ਅਕਾਲ ਪੁਰਖ ਨੂੰ ਨਾ ਸਿਰਫ਼ ਇਸ ਬ੍ਰਹਿਮੰਡ ਦਾ ਤੱਤ-ਉਧਾਰ ਮਨਜ਼ੂਰ ਹੈ, ਬਲਕਿ ਆਪਣੀ ਸਰਬ ਰਚਨਾ, ਇਸ ਬ੍ਰਹਿਮੰਡ ਸਾਰਖੇ ਕੋਟ ਆਨ ਬ੍ਰਹਿਮੰਡਾਂ ਦਾ, ਤੱਤ-ਉਧਾਰ ਭੀ ਐਨ ਏਸੇ ਪ੍ਰਕਾਰ ਹੀ ਮਨਜ਼ੂਰ ਹੈ, ਜੈਸੇ ਕਿ ਇਸ ਜੁਗ ਕਲਜੁਗ ਅੰਦਰ ਇਸ ਬ੍ਰਹਿਮੰਡ ਦਾ ਤੱਤ-ਉਧਾਰ ਕੀਤਾ । ਅਤੇ ਤੱਤ-ਉਧਾਰ ਕੇਵਲ ਸਤਿਨਾਮ ਦੁਆਰਾ ਹੀ ਹੋ ਸਕਦਾ ਹੈ । ਤਾਂ ਤੇ ਜਦ ਕਦੇ ਭੀ ਜਿਸ ਕਿਸੇ ਅਤੇ ਜਿਤਨੇ ਬ੍ਰਹਿਮੰਡ ਖੰਡਾਂ ਦਾ ਤੱਤ-ਉਧਾਰ ਅਕਾਲ ਪੁਰਖ ਨੂੰ ਕਰਨਾ ਮਨਜ਼ੂਰ ਹੋਇਆ, ਤਾਂ ਕੇਵਲ ਸਤਿਨਾਮ ਦਾ ਚੱਕਰ ਫਿਰਾ ਕੇ ਹੀ ਕੀਤਾ, ਕਰੇਗਾ ਅਤੇ ਕਰ ਰਿਹਾ ਹੈ । ਸਤਿਨਾਮ ਬਿਨਾਂ ਤੱਤ ਉਧਾਰ ਮੁਮਕਿਨ ਹੀ ਨਹੀਂ । ਅਤੇ ਸਤਿਨਾਮ ਦਾ ਚਕਰ ਫਿਰਾਉਣ ਲਈ ਗੁਰੂ ਨਾਨਕ ਸਦਰਸ ਗੁਰੂ ਅਵਤਾਰ ਹੀ ਸਮਰੱਥ ਹਨ । ਅਤੇ ਜੁਗਾਂ ਜੁਗਾਂਤ੍ਰੀ ਗੁਰੂ ਜੋਤਿ ਜਾਮੇ, ਤੱਤ-ਉਧਾਰ-ਕਲਾ-ਧਾਰੀ ਗੁਰੂ ਜੋਤਿ ਜਾਮੇ ਕੋਟ ਬ੍ਰਹਿਮੰਡਾਂ ਦਾ ਉਧਾਰ ਕਰਨ ਨਮਿਤ ਜਦ ਭੀ ਹੋਏ ਹਨ ਅਤੇ ਹੋਸਣ, ਤਾਂ ਕੇਵਲ ਗੁਰੂ ਨਾਨਕ ਸਰੂਪ ਵਿਚ ਹੀ ਹੋਏ ਹਨ, ਅਤੇ ਹੋਸਣ ।

ਤੁਸੀਂ ਖ਼ਿਆਲ ਕਰੀ ਬੈਠੇ ਹੋਵੋਗੇ ਕਿ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤਿ ਸਮਾਏ ਹਨ, ਇਸ ਬ੍ਰਹਿਮੰਡ ਦਾ ਤੱਤ-ਉਧਾਰ ਹੁਕਮ ਵਰਤਾ ਕੇ ਅਵੇਸਲੇ ਹੋ ਬੈਠੇ । ਐਨ ਜੋਤੀ ਜੋਤਿ ਸਮਾਉਣ ਸਮੇਂ ਅਜਿਹੇ ਕਿਸੇ ਹੋਰਸ ਬ੍ਰਹਿਮੰਡ ਦੇ ਉਧਾਰ ਹਿਤ ਗੁਰੂ ਨਾਨਕ ਸਮਦਰਸੀ ਦੇ ਅਵਤਾਰ ਕਾਰਨ ਹੀ ਅਵਸ਼ਯ ਲੋੜ ਪਈ ਹੋਸੀ । ਕੀ ਪਤਾ ਅਤੇ ਕਉਣ ਕਹੇ ਕਿ ਕਿਸ ਕਿਸ ਛਿਨ ਅੰਦਰ ਅਤੇ ਇਸ ਛਿਨ ਅੰਦਰ ਗੁਰੂ ਨਾਨਕ ਕਿਸ ਕਿਸ ਬ੍ਰਹਿਮੰਡ ਦਾ ਉਧਾਰ ਕਰ ਰਹੇ ਹੋਣਗੇ । ਕੋਟ ਬ੍ਰਹਿਮੰਡਾਂ ਦੇ ਠਾਕਰ ਸੁਆਮੀ ਨੂੰ ਸਭ ਬ੍ਰਹਿਮੰਡਾਂ ਦੇ ਉਧਾਰ ਦਾ ਫ਼ਿਕਰ ਹੈ, ਨਾ ਸਿਰਫ਼ ਇਸ ਬ੍ਰਹਿਮੰਡ ਦੇ ਉਧਾਰ ਦਾ ਹੀ । ਅਤੇ ਇਸ ਉਧਾਰ ਦਾ ਤੱਤ, ਸਤਿਨਾਮ ਦਾ ਚੱਕਰ ਫਿਰਾਉਣ ਤੋਂ ਹੀ ਬੱਝਦਾ ਹੈ । ਅਤੇ ਸਤਿਨਾਮ ਦਾ ਚੱਕਰ ਫਿਰਾਉਣ ਨੂੰ ਕੇਵਲ ਗੁਰੂ ਨਾਨਕ ਸਾਹਿਬ ਹੀ ਸਮਰੱਥ ਹਨ, ਜੋ ਆਪਣੇ ਨਾਨਾ ਰੂਪਾਂ ਵਿਚ

*ਚੰਡੀ ਦੀ ਵਾਰ, ਪਉੜੀ ੨      †ਆਸਾ ਛੰਤ ਮ: ੪, ਪੰਨਾ ੪੫੧


www.sikhbookclub.com

ਰੂਪ-ਲੀਲ੍ਹਾ-ਧਾਰੀ ਹੁੰਦੇ ਹੋਏ ਭੀ ਇਕ ਹਨ । ਅਨੇਕ ਤੋਂ ਏਕ ਹਨ, ਅਨੇਕ ਨਹੀਂ, ਇਕੋ ਹੀ ਰੂਪ 'ਨਾ-ਅਨਿਕ' ਹੋਣ ਕਰਿ ਤਾਂ ਗੁਰੂ ਸਤਿਗੁਰੂ ਸਾਹਿਬ ਜੀ ਨਾਨਕ ਨਾਮ ਕਰਕੇ ਪ੍ਰਸਿੱਧ ਹਨ। ਤਾਂਤੇ ਇਕ ਗੁਰੂ ਨਾਨਕ ਸਾਹਿਬ ਹੀ ਸਤਿਨਾਮ ਵਿਸ਼ੇਸ਼ਣ ਵਾਲੇ ਏਕੋ ਨਾਮ ਨੂੰ ਖੰਡਾਂ ਤੇ ਬ੍ਰਹਿਮੰਡਾਂ ਵਿਖੇ ਪਰਚਾਰ ਕਰਨ ਹਿਤ ਸਮਰੱਥ ਹਨ।

ਇਸ ਬ੍ਰਹਿਮੰਡ ਵਿਖੇ ਚੌਹਾਂ ਹੀ ਜੁਗਾਂ ਅੰਦਰ ਜਿੰਨੇ ਭੀ ਅੰਬੀਆ ਅਵਤਾਰ ਪੈਕੰਬਰ ਹੋਏ ਯਾ ਹੋਇ ਬਤੀਤੇ ਤਿਨ੍ਹਾਂ ਵਿਚੋਂ ਕਿਸੇ ਨੇ ਭੀ ਸਤਿਨਾਮ ਨੂੰ ਨਹੀਂ ਦ੍ਰਿੜ੍ਹਾਇਆ, ਜੈਸਾ ਕਿ ਬਚਿੱਤ੍ਰ ਨਾਟਕ ਵਿਖੇ ਉਚਾਰੇ ਸ੍ਰੀ ਦਸਮੇਸ਼ ਜੀ ਦੇ ਮੁਖਵਾਕਾਂ ਤੋਂ ਸਿੱਧ ਅਤੇ ਸਪੱਸ਼ਟ ਹੈ। ਸਤਿਨਾਮ ਦ੍ਰਿੜ੍ਹਾਇਆ ਤਾਂ ਕੇਵਲ ਗੁਰੂ ਅਵਤਾਰ-ਜਾਮਿਆਂ, ਅਰਥਾਤ ਗੁਰੂ ਨਾਨਕ ਸਾਹਿਬ ਜੀ ਦੇ ਦਸ ਸਰੂਪ ਨੇ ਦ੍ਰਿੜ੍ਹਾਇਆ, ਅਤੇ "ਸਤਿਗੁਰ ਬਾਝਹੁ ਗੁਰੂ ਨਹੀ ਕੋਈ* ਦੇ ਭਾਵ ਅਨੁਸਾਰ, ਬਿਨਾਂ ਸਤਿਗੁਰ ਨਾਨਕ ਦੇਵ ਜੀ ਦੇ ਗੁਰੂ-ਅਵਤਾਰ ਸਰੂਪ ਦੇ ਹੋਰ ਕੋਈ ਗੁਰੂ ਨਹੀਂ । ਇਸ ਲਈ ਗੁਰੂ ਨਾਨਕ ਦਸਮੇਸ਼ ਗੁਰ ਅਵਤਾਰ ਸਰੂਪ ਬਿਨਾਂ ਨਾ ਕੋਈ ਸਤਿਨਾਮ ਦੇ ਦ੍ਰਿੜ੍ਹਾਵਨਹਾਰਾ ਹੋਇਆ, ਨਾ ਹੈ, ਨਾ ਹੋਵੇਗਾ। ਤਾਂਤੇ ਤੱਤ-ਉਧਾਰ ਕੇਵਲ ਗੁਰ-ਸਤਿਗੁਰੂ ਨਾਨਕ ਦੁਆਰਾ ਹੀ ਸੰਭਵ ਹੈ, ਹੋਰ ਕਿਸੇ ਸਿਧ, ਕਿਸੇ ਅਵਤਾਰ ਦੁਆਰਾ ਨਹੀਂ। ਅਤੇ ਜੋਈ ਤੱਤ-ਉਧਾਰ ਘਟਨਾ ਇਸ ਬ੍ਰਹਿਮੰਡ ਅੰਦਰ ਘਟਦੀ ਹੈ, ਸੋਈ ਦੂਤੀ ਬ੍ਰਹਿਮੰਡਾਂ ਦੇ ਉਧਾਰ ਪ੍ਰਥਾਏ ਭੀ ਘਟੇਗੀ।

ਤਾਂਤੇ ਕੋਟ ਬ੍ਰਹਿਮੰਡਾਂ ਦਾ ਠਾਕਰ ਸੁਆਮੀ, ਦੂਤੀ ਬ੍ਰਹਿਮੰਡਾਂ ਦੇ ਤੱਤ-ਉਧਾਰ ਹਿਤ ਕੀ ਗੁਰੂ ਨਿਰੰਕਾਰੀ ਸਤਿਗੁਰ ਨਾਨਕ ਬਾਝੋਂ ਕੋਈ ਹੋਰ ਅਵਤਾਰ-ਉਪਕਾਰ-ਜਾਮਾ ਥਾਪ ਸਕਦਾ ਹੈ ? ਕਦਾਚਿਤ ਨਹੀਂ। ਉਹ ਸਮਦਰਸੀ ਠਾਕੁਰ ਹੈ, ਅਤੇ ਸਭ ਬ੍ਰਹਿਮੰਡਾਂ ਵਿਚ ਉਸੇ ਦੀ ਠਕੁਰਾਈ ਹੈ, ਅਤੇ ਇਸ ਠਕੁਰਾਈ ਦਾ ਫੁਰਮਾਨ ਸਭਨਾਂ ਬ੍ਰਹਿਮੰਡਾਂ ਲਈ ਸਮਾਨ ਅਤੇ ਸਮਸਰ ਹੀ ਵਰਤਦਾ ਹੈ, ਸਮਸਰ ਹੀ ਵਰਤਦਾ ਰਿਹਾ ਅਤੇ ਸਮਸਰ ਹੀ ਵਰਤੇਗਾ।

---

*ਆਸਾ ਮ: ੩ ਪਟੀ, ਪੰਨਾ ੪੩੫

 www.sikhbookclub.com

## ੯

# ਗੁਰਬਾਣੀ ਸਬੰਧੀ ਸ਼ੰਕਿਆਂ ਦੇ ਉਤਰ

ਸ਼ੰਕਾਵਾਦੀ ਫੇਰ ਇਹ ਸ਼ੰਕਾ ਕਰਦੇ ਹਨ ਕਿ ਦੇਖੋ ਤੁਸੀਂ ਤਾਂ ਆਖਦੇ ਹੋ ਕਿ ਧਰੂ ਪ੍ਰਹਿਲਾਦ ਦੀ ਮੁਕਤ-ਮੰਜ਼ਲ ਗੁਰ ਨਾਨਕ ਨਾਲੋਂ ਉਰੇਡੀ ਹੈ, ਕਿਉਂ ਜੁ ਉਨ੍ਹਾਂ ਨੂੰ ਸਤਿਨਾਮ ਪ੍ਰਾਪਤ ਨਹੀਂ ਸੀ, ਪਰ 'ਰਾਮ ਜਪਹੁ ਜੀਅ ਐਸੇ ਐਸੇ ॥ ਧਰੂ ਪ੍ਰਹਿਲਾਦ ਜਪਿਓ ਹਰਿ ਜੈਸੇ'*ਰੂਪੀ ਵਾਕ ਹੁਕਮ ਦਿੰਦਾ ਹੈ ਕਿ ਧਰੂ ਪ੍ਰਹਿਲਾਦ ਦੀ ਨਿਆਈਂ ਹੀ ਨਾਮ ਜਪੋ।

ਠੀਕ ਇਹ ਗੁਰਵਾਕ ਜ਼ਰੂਰ ਹੁਕਮ ਦਿੰਦਾ ਹੈ ਕਿ ਨਾਮ ਐਸੇ ਜਪੋ ਜੈਸੇ ਧਰੂ ਪ੍ਰਹਿਲਾਦ ਨੇ ਜਪਿਆ, ਪਰ ਇਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਇਹ ਗੁਰਵਾਕ ਇਹ ਹੁਕਮ ਦਿੰਦਾ ਹੈ ਕਿ ਸੋਈ ਨਾਮ ਜਪੋ ਜੋ ਧਰੂ ਪ੍ਰਹਿਲਾਦ ਨੇ ਜਪਿਆ। ਜਿਸ ਦ੍ਰਿੜ੍ਹਤਾ ਸਹਿਤ ਜੁਟ ਕੇ ਅਤੇ ਦੁਸ਼ਟਾਂ ਦੇ ਦੁਖ ਦੰਡ, ਕਸ਼ਟ ਕਰਾਲ ਤੋਂ ਨਿਰਭੈ ਅਤੇ ਦਿਨ ਰਾਤ ਇਕ ਕਰ ਕੇ, ਆਨ ਕਰਮ ਸਭ ਤਜ ਕੇ ਅਤੇ ਅਡੋਲ ਰਹਿ ਕੇ ਧਰੂ ਪ੍ਰਹਿਲਾਦ ਨੇ ਨਾਮ ਜਪਿਆ, ਇਸ ਬਿਧਿ ਇਕ-ਮਨ ਇਕ-ਚਿਤ ਹੋ ਦ੍ਰਿੜ੍ਹ ਭਰੋਸੇ ਸਹਿਤ ਨਾਮ ਜਪਿਆ ਫਲੀਭੂਤ ਹੋ ਸਕਦਾ ਹੈ। ਸੋ ਇਸ ਗੁਰ-ਵਾਕ ਅੰਦਰ ਧਰੂ ਪ੍ਰਹਿਲਾਦ ਦੀ ਨਾਮ ਜਪਣ ਦੀ ਦ੍ਰਿੜ੍ਹਤਾ ਅਤੇ ਭਰੋਸੇ ਵਾਲੀ ਅਚਲ ਸ਼ਰਧਾ ਦਰਸਾਉਣ ਤੋਂ ਭਾਵ ਹੈ ਕਿ ਜਿਸ ਪ੍ਰਕਾਰ ਛੋਟੀ ਉਮਰ ਵਿਚ ਭੋਲੇ-ਭਾ ਧਰੂ ਪ੍ਰਹਿਲਾਦ ਜੀ ਨੂੰ ਦਿਨ ਰਾਤ ਨਾਮ ਜਪਣ ਰੂਪੀ ਅਨਿੰਨ ਭਗਤੀ ਵਾਲਾ ਚਾਉ ਭਰੋਸਾ ਉਪਜਿਆ, ਤੈਸੀ ਹੀ ਲਗਣ ਨਾਮ ਜਪਣ ਦੀ ਬਣ ਆਵੇ, ਤਦ ਨਿਸਤਾਰਾ ਹੈ।

'ਸੇਵਾ ਥੋਰੀ ਮਾਗਨੁ ਬਹੁਤਾ'† ਦੇ ਗੁਰਵਾਕ ਅਨੁਸਾਰ ਭਗਤਿ ਕਮਾਈ ਤਾਂ ਕਿੰਚਤ ਮਾਤਰ ਕੀਤੀ ਜਾਵੇ, ਪ੍ਰੰਤੂ ਅਭਿਲਾਖਾ ਪਰਮ ਪਦ ਦੀ ਰਖੀ ਜਾਵੇ। ਇਸ ਪ੍ਰਕਾਰ ਦੇ ਨਾਮ ਜਪਣ ਦੀ ਕਮਾਈ ਪੂਰੀ ਕਮਾਈ ਨਹੀਂ, ਊਰੀ ਹੈ। ਅਭਿਆਸ ਕਮਾਈ ਦੀ ਦ੍ਰਿੜ੍ਹਤਾ ਅਤੇ ਭਰੋਸੇ ਵਾਲਾ ਅੰਗ ਅਸੀਂ ਧਰੂ ਪ੍ਰਹਿਲਾਦ ਦੇ ਨਾਮ ਅੰਦਰ ਜੁਟਣ ਵਾਲੇ ਦ੍ਰਿਸ਼ਟਾਂਤ ਤੋਂ ਲੈਣਾ ਹੈ, ਨਾ ਕਿ ਇਸਦਾ ਇਹ ਭਾਵ ਹੈ ਕਿ ਜੋਈ ਨਾਮ ਤਿਨ੍ਹਾ ਨੇ ਜਪਿਆ ਸੋਈ ਤੁਸੀਂ ਜਪੋ। ਦ੍ਰਿਸ਼ਟਾਂਤ ਦਾ ਇਕ ਅੰਗ ਹੀ ਅੰਗੀਕਾਰ ਕਰਨਾ ਵਿਧਾਨ ਹੈ, ਜਿਸ ਅੰਗ ਉਤੇ ਕਿ ਦ੍ਰਿਸ਼ਟਾਂਤ ਘਟਾਉਣ ਦੀ (Force) ਹੋਵੇ।

---

*ਗਉੜੀ ਕਬੀਰ ਜੀ, (੧੦॥੬੧) ਪੰਨਾ ੩੨੭

†ਸੂਹੀ ਮ: ੫ ਘਰੁ ੩, ਪੰਨਾ ੭੩੮

 www.sikhbookclub.com

'ਹਰਿ ਸਿਉ ਪ੍ਰੀਤਿ' ਕਰਨ ਵਾਲਾ ਗੁਰਮਤਿ ਗੁਣ ਦ੍ਰਿੜ੍ਹਾਉਣ ਹਿਤ ਗੁਰਬਾਣੀ ਅੰਦਰ ਅਨੇਕ ਥਾਈਂ ਪ੍ਰੀਤ ਕਰਨ ਦੇ ਭਾਂਤ-ਭਾਂਤੀ ਦ੍ਰਿਸ਼ਟਾਂਤ ਦਰਸਾਏ ਗਏ ਹਨ :—

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ...੧॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ...੨॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ...੩॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ...੪॥
(੧੦॥੧੧) ਸਿਰੀ ਰਾਗੁ ਮ: ੧, ਪੰਨਾ ੫੯-੬੦

ਆਦਿਕ ਗੁਰਵਾਕਾਂ ਅੰਦਰਿ ਪ੍ਰੀਤਿ-ਰੀਤ ਦੀ ਦ੍ਰਿੜ੍ਹਤਾ ਦਰਸਾਉਣ ਹਿਤ ਅਨਿਕ ਪ੍ਰਕਾਰੀ ਦ੍ਰਿਸ਼ਟਾਂਤ ਦਿਤੇ ਗਏ ਹਨ । ਤਿਨ੍ਹਾਂ ਦ੍ਰਿਸ਼ਟਾਂਤਾਂ ਦਾ ਜੇ ਇਹ ਭਾਵ ਲਿਆ ਜਾਏ ਕਿ 'ਹਰਿ ਪ੍ਰੀਤਿ', ਹਰਿ ਨਾਮ ਪ੍ਰੀਤਿ ਨੂੰ ਸੰਸਾਰੀ ਪ੍ਰੀਤ ਦੇ ਸਮਸਰ ਹੀ ਦ੍ਰਿਸ਼ਟਾਇਆ ਗਿਆ ਹੈ । ਅਰਥਾਤ ਜਲ—ਮੀਨ, ਚਾਤ੍ਰਿਕ—ਮੀਂਹ, ਨਾਦ—ਕੁਰੰਕ, ਅਲਿ—ਕਮਲੇਹ ਵਾਲੀ ਪ੍ਰੀਤ ਨੂੰ ਪ੍ਰਮਾਰਥੀ ਪ੍ਰੀਤ ਦੀ ਤੁੱਲਤਾ ਦਿਤੀ ਗਈ ਹੈ, ਐਸਾ ਸਿਧਾਂਤ ਸਮਝਣਾ ਗ਼ਲਤੀ ਹੈ:—

ਭੂਖੇ ਖਾਵਤ ਲਾਜ ਨਾ ਆਵੈ ॥ ਤਿਉ ਹਰਿ ਜਨੁ ਹਰਿ ਗੁਣ ਗਾਵੈ ॥੧॥
ਆਪਨੇ ਕਾਜ ਕਉ ਕਿਉ ਅਲਕਾਈਐ ॥
ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ॥੧॥ਰਹਾਉ॥
ਜਿਉ ਕਾਮੀ ਕਾਮਿ ਲੁਭਾਵੈ ॥ ਤਿਉ ਹਰਿ ਦਾਸੁ ਹਰਿ ਜਸੁ ਭਾਵੈ ॥੨॥
ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ ॥੩॥
ਗੁਰ ਪੂਰੇ ਤੇ ਪਾਵੈ ॥ ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥
ਸੋਰਠਿ ਮ: ੫, ਪੰਨਾ ੬੨੯

ਤਥਾ:—ਮਨਿ ਪ੍ਰੀਤਿ ਦਰਸਨ ਪਿਆਸ ॥ ਗੋਬਿੰਦ ਪੂਰਨ ਆਸ ॥
ਇਕ ਨਿਮਖ ਰਹਨੁ ਨ ਜਾਇ ॥ ਵਡ ਭਾਗਿ ਨਾਨਕ ਪਾਇ ॥੫॥
ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥
ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥
ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥੬॥
ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥
ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥
ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥੭॥
ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥
ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥
ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥੮॥

ਕੁਰੰਕ ਨਾਦੇ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥
ਜਨ ਜੀਵਨਾ ਸਤਸੰਗਿ ॥ ਗੋਬਿੰਦੁ ਭਜਨਾ ਰੰਗਿ ॥
ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥੯॥(੧੦॥੨)
ਬਿਲਾਵਲੁ ਮ: ੫ ਅਸ਼ਟ, ਪੰਨਾ ੮੩੮

ਪੁਨਾ—ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥
ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥੧॥
ਨਾਮੇ ਪ੍ਰੀਤਿ ਨਾਰਾਇਣ ਲਾਗੀ ॥
ਸਹਜ ਸੁਭਾਇ ਭਇਓ ਬੈਰਾਗੀ ॥੧॥ਰਹਾਉ॥
ਜੈਸੀ ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ ॥
ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥
ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥
ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ॥੩॥
ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ ਐਸਾ ਹਰਿ ਸੇਤੀ ਮਨੁ ਰਾਤਾ ॥
ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਹਮਾਰੈ ਚੀਤਿ ॥੪॥੧॥੭॥
ਭੈਰਉ ਨਾਮਦੇਉ ਜੀਉ, ਪੰਨਾ ੧੧੬੪

ਉਪਰ ਦਿਤੇ ਗੁਰ-ਪ੍ਰਮਾਣਾਂ ਅੰਦਰਿ ਨਾਨਾ ਪ੍ਰਕਾਰੀ ਸੰਸਾਰੀ ਪ੍ਰੀਤਿ ਦੇ ਦ੍ਰਿਸ਼ਟਾਂਤ ਦੇ ਕੇ ਪਰਮਾਰਥੀ ਪ੍ਰੀਤਿ-ਰੀਤਿ ਨੂੰ ਦ੍ਰਿੜ੍ਹਾਇਆ ਗਿਆ ਹੈ, ਨਾ ਕਿ ਸੰਸਾਰੀ ਪ੍ਰੀਤਿ-ਰੀਤਿ ਨੂੰ ਸਨਮਾਨਿਆ ਗਿਆ ਹੈ। ਦੁਤੀਆ ਭਾਉ ਵਾਲੀ ਪ੍ਰੀਤਿ ਬਿਪ੍ਰੀਤ ਅਨੀਤ ਹੈ। ਇਸ ਦਾ ਗੁਰਮਤਿ ਅੰਦਰਿ ਉਕਾ ਵਿਧਾਨ ਨਹੀਂ। ਦ੍ਰਿਸ਼ਟਾਂਤ ਅਤੇ ਸਿਧਾਂਤ ਵਾਲਾ ਮੁਖ ਅੰਗ ਹੀ ਪਰਵਾਨ ਹੈ। ਸੋ ਇਸੇ ਪ੍ਰਕਾਰ "ਰਾਮ ਜਪਉ ਜੀਅ ਐਸੇ ਐਸੇ* ਵਾਲੇ ਗੁਰ-ਪ੍ਰਮਾਣ ਅੰਦਰ ਨਾਮ ਜਪਣ ਦੀ ਤੱਤ ਗੁਰਮਤਿ ਹੀ ਦ੍ਰਿੜ੍ਹਾਈ ਗਈ ਹੈ, ਨਾ ਕਿ ਕਿਰਤਮ ਨਾਮ ਨਾਲ ਸਤਿਨਾਮ ਦੀ ਤੁਲਤਾ ਦਿਖਾਈ ਗਈ ਹੈ।

*ਗਉੜੀ ਕਬੀਰ ਜੀ, (੧੦॥੬੧), ਪੰਨਾ ੩੨੭

## ੧੦

# ਗੁਰਬਾਣੀ ਦਾ ਆਸ਼ਾ ਇਕ ਹੈ

ਜਦੋਂ ਹਰਨਾਖਸ਼ ਦੁਸ਼ਟ ਉਤਪਾਦ (ਉਪੱਦਰ) ਅਤਿਆਚਾਰ ਕਰਨ ਲਗਾ ਤਾਂ ਉਸ ਦੇ ਦਮਨ ਨਮਿਤ "ਘਰਿ ਹਰਣਾਖਸ਼ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦ"* ਉਤਪੰਨ ਕੀਤਾ । ਪਰਮ ਅਹੰਕਾਰੀ ਦੁਸ਼ਟ ਅਤੇ ਅਤਿਆਚਾਰੀ ਹਰਨਾਖਸ਼ ਆਪਣੇ ਆਪ ਨੂੰ ਹੀ ਸਭ ਹਰਤਾ ਕਰਤਾ ਸਮਝਦਾ ਸੀ ਅਤੇ ਆਪਣੇ ਤਾਈਂ ਹੀ ਪਰਮੇਸ਼ਰ ਜ਼ਣਾਉਂਦਾ ਸੀ, ਪ੍ਰੰਤੂ "ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ"† ਦੇ ਗੁਰਵਾਕ ਅਨੁਸਾਰ ਸਰਬੱਗ ਹਰੀ ਪ੍ਰਮਾਤਮਾ ਨੂੰ ਅਜਿਹਾ ਹੰਕਾਰ ਨਹੀਂ ਭਾਵੰਦਾ। ਸੋ ਇਸ ਹੰਕਾਰੀ ਦੇ ਦਮਨ ਨਮਿਤ, ਪ੍ਰਮਾਤਮ-ਭਗਤ-ਵਡਿਆਈ ਦੀ ਪੈਜ ਸੰਵਾਰਨ ਨਮਿਤ ਅਕਾਲ ਪੁਰਖ ਨਿਰੰਕਾਰ ਸਰਬ ਸ਼ਕਤੀਮਾਨ ਨੇ ਆਪਣੀ ਅਗਾਧ ਕਲਾ ਵਰਤਾ ਕੇ ਨਰ-ਸਿੰਘ ਦਾ ਰੂਪ ਰਚਾਇਆ ਤੇ ਉਸ ਨਰ-ਸਿੰਘ ਰੂਪ ਵਿਚ ਆਪਣੀ ਸ਼ਕਤਿ-ਕਲਾ ਵਰਤਾ ਕੇ ਹਰਨਾਖਸ਼ ਦੁਸ਼ਟ ਦਾ ਖੈ ਕੀਤਾ ਅਤੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ । ਇਸ ਬਿਧਿ ਭਾਉ-ਭਗਤ ਵਡਿਆਈ ਦੀ ਪੈਜ ਸੰਵਾਰੀ । ਇਸ ਬਿਧਿ ਸੋਧ ਸੁਧਾਈ ਕਰ ਕੇ ਅਕਾਲ ਪੁਰਖ ਨੇ ਨਰ-ਸਿੰਘ ਦਾ ਰੂਪ ਨਿਵਾਰਨ ਕਰਿ ਆਪਣੀ ਕਲਾ ਖਿੱਚ ਲਈ ਅਤੇ ਨਰ-ਸਿੰਘ ਰੂਪ (ਅਲੋਪ) ਹੋ ਗਿਆ।

ਭਰਮ-ਭੂਲੇ ਜੀਵਾਂ ਨੇ ਇਸ ਨਰ-ਸਿੰਘ ਰੂਪ ਨੂੰ ਹੀ ਅਕਾਲ ਪੁਰਖ ਪਰਮੇਸ਼ਰ ਕਰਿ ਮੰਨ ਲਿਆ ਅਤੇ ਇਸ ਦੀ ਪੂਜਾ, ਇਸ ਨੂੰ ਅਕਾਲ ਪੁਰਖ ਮੰਨ ਕੇ ਕਰਨ ਲਗ ਪਏ। ਨਰ-ਸਿੰਘ ਦਾ ਰੂਪ ਆਕਾਰੀ ਅਵਤਾਰ ਨਿਰੰਕਾਰ ਅਕਾਲ ਪੁਰਖ ਦਾ ਇਕ ਕਲਾ-ਕ੍ਰਿਸ਼ਮੀ ਚਮਤਕਾਰ ਸੀ, ਨਾ ਕਿ ਉਹ ਖ਼ੁਦ ਨਿਰੰਕਾਰ ਸੀ । ਨਿਰੰਕਾਰ ਨੇ ਕਲਾ ਵਰਤਾ ਕੇ ਦੁਸ਼ਟ ਹਰਨਾਖਸ਼ ਨੂੰ ਮਾਰਿਆ, ਜੈਸਾ ਕਿ "ਹਰਣਾਖਸੁ ਦੁਸਟੁ ਹਰਿ

---

*ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੨

†ਵਾਰ ਮਾਰੂ ਮ: ੩, ਪਉੜੀ ੯, ਪੰਨਾ ੧੦੮੯

 www.sikhbookclub.com

ਮਾਰਿਆ ਪ੍ਰਹਲਾਦੁ ਤਰਾਇਆ"* ਵਾਲੇ ਗੁਰਵਾਕ ਤੋਂ ਸਪੱਸ਼ਟ ਹੈ। ਇਸ ਤੁਕ ਤੋਂ ਸਾਫ਼ ਸਪੱਸ਼ਟ ਇਹ ਹੈ ਕਿ ਹਰੀ ਪ੍ਰਮਾਤਮਾ ਹੀ ਜੁਗ ਜੁਗ ਭਗਤ ਉਪਾ ਕੇ ਪੈਜ ਰਖਣ ਵਾਲਾ ਹੈ ਅਤੇ ਹਰੀ ਪ੍ਰਮਾਤਮਾ ਹੀ ਹਰਨਾਖਸ਼ ਦੁਸ਼ਟ ਨੂੰ ਮਾਰ ਕੇ ਪ੍ਰਹਿਲਾਦ ਨੂੰ ਤਰਾਵਨਹਾਰਾ ਹੈ। ਇਸ ਵਿਚ ਕਈ ਸਜਣ ਮੁਗ਼ਾ-ਲਤਾ ਇਹ ਖਾਂਦੇ ਹਨ ਕਿ ਨਰ-ਸਿੰਘ ਅਵਤਾਰ ਨੇ ਹੀ ਇਹ ਸਾਰਾ ਕੰਮ ਕੀਤਾ, ਤਾਂ ਤੇ ਗੁਰਮਤਿ ਅੰਦਰ ਭੀ ਅਵਤਾਰ-ਮਨੌਤੀ ਦਾ ਵਿਧਾਨ ਹੈ।

ਇਹ ਉਨ੍ਹਾਂ ਦੀ ਭੁਲ ਹੈ। ਬਲ ਪ੍ਰਦਾਨ ਕਰਨਹਾਰਾ ਅਕਲ-ਕਲਾ-ਭਰਪੂਰ ਨਿਰੰਕਾਰ ਅਕਾਲ ਪੁਰਖ ਹੈ। ਇਨ੍ਹਾਂ ਸਰੀਰ-ਆਕਾਰੀ-ਅਵਤਾਰਾਂ ਨੂੰ ਤਾਂ ਆਪਣਾ ਬਲ ਬਖਸ਼ ਕੇ ਆਪਣਾ ਚਲਤ-ਕਲਾ-ਚਮਤਕਾਰੀ-ਚੋਜ ਵਰਤਾਇਆ ਹੈ। ਜਿਤਨੇ ਭੀ ਚੋਜ-ਅਵਤਾਰ-ਅਡੰਬਰੀ-ਆਕਾਰ ਹੋਏ, ਸਭਨਾਂ ਨੇ ਅਕਾਲ ਪੁਰਖ ਤੋਂ ਸ਼ਕਤਿ-ਕਲਾ-ਬਲ ਪ੍ਰਾਪਤ ਕੀਤੇ। ਇਸ ਆਸ਼ੇ ਨੂੰ ਕਿਆ ਭਲੀ ਬਿਧਿ ਅਤੇ ਕਿਸ ਖ਼ੂਬੀ ਨਾਲ ਸਿਰੀ ਦਸਮੇਸ਼ ਪਿਤਾ ਜੀ ਨੇ ਆਪਣੇ ਇਸ ਸਿਰੀ ਮੁਖਵਾਕ ਦੁਆਰਾ ਨਿਰੂਪਨ ਕੀਤਾ ਹੈ:—

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤਿ ਦਾ ਖੇਲ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸੁ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥੨॥

ਦਸਮ ਗ੍ਰੰਥ, ਚੰਡੀ ਦੀ ਵਾਰ

ਉਪਰਲੇ ਸਿਰੀ ਦਸਮੇਸ਼ ਮੁਖਵਾਕ ਤੋਂ ਸਾਫ਼ ਸਿਧ ਹੁੰਦਾ ਹੈ ਕਿ ਦੁਰਗਾ, ਰਾਮ, ਕ੍ਰਿਸ਼ਨ ਆਦਿਕ ਨੇ ਜੋ ਦੈਂਤਾਂ ਦੁਸ਼ਟਾਂ ਨੂੰ ਦਮਨ ਬਿਨਾਸ ਕਰਨ ਦੇ ਕੰਮ ਕੀਤੇ, ਸੋ ਸਭ ਅਕਾਲ ਪੁਰਖ ਤੋਂ ਬਲ-ਸ਼ਕਤਿ-ਕਲਾ ਲੈ ਕੇ ਹੀ ਕੀਤੇ। ਅਕਾਲ ਪੁਰਖ ਨੇ ਹੀ ਇਨ੍ਹਾਂ ਨੂੰ ਬਲ ਪਰਦਾਨ ਕੀਤਾ ਤਾਂ ਦੁਸ਼ਟ ਦੂਤ ਖੈ ਹੋਏ। ਆਪੋਂ ਓਹਨਾਂ ਵਿਚ ਕੋਈ ਬਲ-ਸ਼ਕਤਿ ਕਲਾ ਨਹੀਂ ਸੀ। ਤਾਂ ਤੇ ਦੁਸ਼ਟਾਂ ਨੂੰ ਮਾਰਨ ਬਿਦਾਰਨ ਦੀ ਵਾਸਤਵ ਵਿਚ ਅਕਾਲ ਪੁਰਖ ਨੇ ਹੀ ਆਪਣੀ ਖ਼ਾਸ ਕਲਾ ਵਰਤਾ ਕੇ ਓਹਨਾਂ ਨੂੰ ਖੈ ਕੀਤਾ।

*ਆਸਾ ਮ: ੪, (੪॥੧੩॥੨੦), ਪੰਨਾ ੪੫੧

ਇਹ ਸਭ ਪਰਤਾਪ ਸਰਬ ਕਲਾ ਸਮਰੱਥ ਅਕਾਲ ਪੁਰਖ ਨਿਰੰਕਾਰ ਦਾ ਹੀ ਹੈ। ਉਸ ਦੇ ਕੀਤੇ (ਰਚਨਹਾਰ ਦੇ ਰਚੇ) ਜੰਤਾਂ ਵਿਚਾਰਿਆਂ ਦੀ, ਉਸ ਦੇ ਬਲ ਬਖਸ਼ੇ ਬਿਨਾਂ ਕੀ ਪ੍ਰੋਖੋਂ ਸੀ ਕਿ ਅਜਿਹੇ ਕਾਰਨਾਮੇ ਕਰ ਸਕਦੇ। ਇਹ ਸਭ ਅਕਾਲ ਪੁਰਖ ਦੀ ਕਲਾ ਦਾ ਹੀ ਜ਼ਹੂਰ ਹੈ।

ਤਾਂਤੇ ਜਿਥੇ ਬਚਿਤ੍ਰ ਨਾਟਕ ਅੰਦਰ (ਮੁਢਲੇ) ਅੰਕ ੯੩ ਤੋਂ ਲੈ ਕੇ ਅੰਕ ੯੫ ਤਾਈਂ ਅਕਾਲ ਪੁਰਖ ਦੀ ਅਕਲ-ਕਲਾ ਦੇ ਜ਼ਹੂਰ ਦਾ ਵਰਣਨ ਹੈ, ਓਥੇ ਸਿਰੀ ਅਕਾਲ ਉਸਤਤਿ ਅੰਦਰ ੨੧੧ ਤੋਂ ਲੈ ਕੇ ੨੩੦ ਵਾਲੇ ਦੀਰਘ ਤ੍ਰਿਭੰਗੀ ਛੰਦ ਦੇ ਸਾਰੇ ਅੰਕਾਂ ਦਾ ਭੀ ਓਹੀ ਅਭਿਪਰਾ ਹੈ। ਪਰ ਸ਼ੰਕਾ ਕਰਨ ਵਾਲੇ ਬਚਿਤ੍ਰ ਨਾਟਕ ਵਾਲੇ ਅੰਕਾਂ ਅੰਦਰ ਆਏ ਭਾਵ ਨੂੰ ਤਾਂ ਪੂਰਨ ਗੁਰਮਤਿ ਅਨੁਕੂਲ ਮੰਨਦੇ ਹਨ ਅਤੇ ਏਹਨਾਂ ਅੰਕਾਂ ਵਾਲੇ ਵਾਕਾਂ ਨੂੰ ਸਿਰੀ ਮੁਖਵਾਕ ਮੰਨਦੇ ਹਨ, ਪ੍ਰੰਤੂ ਅਕਾਲ ਉਸਤਤਿ ਵਾਲੇ ਦੀਰਘ ਤ੍ਰਿਭੰਗੀ ਛੰਦ ਦੇ ਭਾਵ ਨੂੰ ਗੁਰਮਤਿ ਪ੍ਰਤਿਕੂਲ ਸਮਝਦੇ ਹਨ ਅਤੇ ੨੧੧ ਤੋਂ ਲੈ ਕੇ ੨੩੦ ਤਾਈਂ ਸਾਰੇ ਅੰਕਾਂ ਵਾਲੇ ਵਾਕਾਂ ਨੂੰ ਸਿਰੀ ਮੁਖਵਾਕ ਨਹੀਂ ਸਮਝਦੇ। ਓਹਨਾਂ ਨੂੰ ਓਹ ਮੁਗ਼ਾਲਤਾ ਲਗਾ ਹੈ, ਜੋ ਅਸੀਂ ਉਪਰ ਵਿਸਥਾਰ ਸਹਿਤ ਕਥਨ ਕਰ ਆਏ ਹਾਂ।

## ੧੧

# ਗੁਰਮਤਿ-ਰਮਜ਼ਾਂ

**੧. ਆਤਮਕ ਰਸ ਤੇ ਮਾਨਸਕ ਰਸ** : ਆਤਮ ਰਸ ਆਇਆਂ ਹੀ ਵਿਸਮਾਦ ਰਸ ਦੀ ਲੱਖਤਾ ਹੁੰਦੀ ਹੈ। ਆਤਮ ਰਸ ਵਿਚ ਹੀ ਵਿਸਮਾਦ ਰਸ ਅੰਤਰਿ ਆਤਮੇ ਹੀ ਜਾਣਿਆ ਜਾ ਸਕਦਾ ਹੈ। ਉਸ ਤੋਂ ਉਰੇ ਮਾਨਸਕ ਰਸ ਹਨ, ਜੋ ਮਨ ਦੁਆਰਾ ਹੀ ਮਾਣੇ ਜਾ ਸਕਦੇ ਹਨ । ਪਰ ਇਹ ਸਭ ਆਨ-ਰਸ ਹੋਛੇ ਰਸ ਹਨ, ਇਹਨਾਂ ਵਿਚ ਵਿਸਮਾਦ ਦੀ ਝਲਕ ਨਹੀਂ।

**੨. ਆਤਮਕ ਜੀਵਨ ਬੁਧੀ ਦੀ ਖੇਡ ਨਹੀਂ** : ਆਤਮ ਜੀਵਨ ਨੂੰ ਅਕਸਰ ਲੋਕੀ ਦਿਮਾਗੀ (intellectual) ਖੇਡ ਬਣਾਇਆ ਲੋੜਦੇ ਹਨ, ਪਰ ਰੂਹਾਨੀਅਤ (spiritualism) ਦੇ ਗੂੜ੍ਹ ਆਤਮਿਕ ਭੇਦ ਨੂੰ ਸਮਝਣ ਲਈ ਨਿਰਾ ਮਾਨਸਿਕ ਸ਼ਕਤੀ ਤੇ ਬੁਧੀ ਬਲ (intellectualism) ਦੁਆਰਾ ਕਿਵੇਂ ਤਸੱਲੀ ਹੋ ਸਕਦੀ ਹੈ । ਐਵੇਂ ਦਿਲ-ਪ੍ਰਚਾਵਾ ਹੀ ਹੈ। ਮਾਨਸਿਕ ਵਿਦਿਆ ਦੇ ਟੀਸੀ ਦੇ ਵਿਦਵਾਨ ਭੀ ਆਤਮਾ ਦੀ ਪ੍ਰਮਾਰਥਿਕ ਕਥਾ (divinity) ਨੂੰ ਅਧਿਆਤਮਕ ਤੇ ਦਾਰਸ਼ਨਿਕ ਵਿਆਖਿਆ (ਅਰਥਾਤ ਫ਼ਿਲਾਸਫ਼ੀ) ਦੁਆਰਾ ਗਾਖ ਨਹੀਂ ਸਕਦੇ । ਪਰਮ ਆਤਮਿਕ ਨੌਈਅਤ ਗਾਖਣ (ਖੋਜਣ) ਪਰਖਣ ਲਈ ਅਧਿਆਤਮਕ ਤੇ ਮਾਨਸਕ ਬੁਧੀ ਵਾਲੀਆਂ ਅਲਪੱਗ ਕਸੌਟੀਆਂ ਲਾਉਣਾ ਬਹੁਤ ਅਨੁਚਿਤ ਹੈ।

**੩. ਇਖ਼ਲਾਕੀ ਸਿਆਣਪ ਤੇ ਸਹਿਜ ਸਿਆਣਪ** : ਉਚੇਰੀ ਨੇਕੀ ਤੇ ਸਿਆਣਪ ਇਕ ਇਖ਼ਲਾਕੀ ਦਰਜਾ ਹੈ । ਕਈ ਸਜਣ ਸਿਆਣਪ (wisdom) ਦਾ ਭਾਵ ਅਸਲੀ ਸਿਆਣਪ ਲੈਂਦੇ ਹਨ, ਜੋ ਕੇਵਲ ਸੱਚੀ ਸਿਆਣਪ (true wisdom) ਦਾ ਭਾਵ ਹੋ ਸਕਦਾ ਹੈ । ਪਰ ਸਹਿਜ ਅਵਸਥਾ ਵਿਚ Divine Wisdom (ਅਗੰਮੀ ਤੇ ਰੱਬੀ ਸਮਝ) ਖੁਲ੍ਹਦੀ ਹੈ, ਜੋ ਫ਼ਿਲਾਸਫ਼ਰਾਂ ਦੀ ਬੁਧੀ (reason) ਅਤੇ ਸਿਆਣਪ (wisdom) ਤੋਂ ਵਿਲੱਖਣ ਹੈ। ਸਹਿਜ ਅਵਸਥਾ ਦਾ ਜੋ ਵਰਨਣ ਗੁਰਬਾਣੀ ਦੇ ਏਸ ਪ੍ਰਮਾਣ ਵਿਚ ਹੈ :

> ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥......
> ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥
> ਰਾਮਕਲੀ ਮ: ੩ ਅਨੰਦੁ, ਪੰਨਾ ੯੧੯

 www.sikhbookclub.com

ਉਸ ਨਾਲ ਦਿਮਾਗੀ ਬੁਧੀ ਤੇ ਵਿਚਾਰ ਦਾ ਕੀ ਵਾਸਤਾ !

**੪. ਨਾਮ ਸਿਮਰਨ ਤੇ ਸੱਚ ਕਮਾਵਣਾ** : ਨਾਮ ਸਿਮਰਨ ਤੇ ਸੱਚ ਕਮਾਵਣਾ ਦੋ ਵਖੋ ਵਖ ਗੱਲਾਂ ਨਹੀਂ, ਸਗੋਂ ਇਕ ਹੀ ਹਨ; ਬਲਕਿ ਨਾਮ ਸਿਮਰਨ ਹੀ ਸੱਚ ਕਮਾਵਣਾ ਹੈ, ਜੈਸਾ ਕਿ ਵਾਕ ਹੈ :

ਸਚਿ ਸਿਮਰਿਐ ਹੋਵੈ ਪਰਗਾਸੁ...॥੨॥(੫॥੨॥੪)

ਧਨਾਸਰੀ ਮ : ੩, ਪੰਨਾ ੬੬੧

ਅਰਥਾਤ ਨਾਮ ਸਿਮਰਨ ਦੁਆਰਾ ਹੀ ਪਰਗਾਸ ਹੁੰਦਾ ਹੈ, ਤਾਂਤੇ ਨਾਮ ਸਿਮਰਨ ਹੀ ਸੱਚ ਕਮਾਵਣਾ ਹੈ।

**੫. ਹਉਮੈ ਦਾ ਬਿਨਾਸ਼** : ਹਉਮੈ ਦਾ ਨਾਸ ਗੁਰਮਤਿ ਅਨੁਸਾਰ ਨਾਮ ਦੁਆਰਾ ਹੀ ਹੁੰਦਾ ਹੈ । ਇਸ ਦੀ ਪ੍ਰੋੜ੍ਹਤਾ ਵਿਚ ਅਨੇਕਾਂ ਹੀ ਗੁਰ ਪ੍ਰਮਾਣ ਹਨ। ਹਉਮੈ ਦੇ ਬਿਨਾਸ਼ ਦਾ ਦਾਰੂ ਹੀ ਨਾਮ ਹੈ । ਨਾਮ ਦੁਆਰਾ ਹੀ ਹਉਮੈ ਦਾ ਬਿਨਾਸ਼ ਹੁੰਦਾ ਹੈ ਤੇ ਨਾਮ ਦੁਆਰਾ ਹੀ ਲਿਵ ਲਗਦੀ ਹੈ।

**੬. ਤੱਤ ਗਿਆਨ ਦਾ ਸਰੂਪ** : ਤੱਤ ਗਿਆਨ ਦਾ ਸਰੂਪ ਹਿਰਦੇ ਅੰਦਰ ਪ੍ਰਗਟ ਹੁੰਦਾ ਹੈ ਤਾਂ ਇਸਦਾ ਅੰਤਰ-ਆਤਮੇ ਪ੍ਰਕਾਸ਼ ਹੁੰਦਾ ਹੈ, ਜਿਹਾ ਕਿ :

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ...੨॥(੧੭)

ਗਉੜੀ ਸੁਖਮਨੀ ਮ: ੫, ਪੰਨਾ ੨੮੫

**੭. ਆਪਾ ਪਛਾਣਨਾ** : ਨਾਮ ਵਿਚ ਲਿਵ ਲਗੀ ਤੋਂ ਆਪਾ ਪਛਾਣੀਦਾ ਹੈ। ਜਿਹਾ ਕਿ :

ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥੮॥(੨੧॥੩॥੧੨)

ਰਾਮਕਲੀ ਮ: ੩ ਅਸਟ, ਪੰਨਾ ੯੧੦

**੮. ਹੁਕਮਾਂ ਸਿਰ ਹੁਕਮ ਸਿਫਤ ਸਲਾਹ** : ਗੁਰੂ ਸਾਹਿਬ ਦਾ ਹੁਕਮਾਂ ਸਿਰ ਹੁਕਮ ਸਿਫ਼ਤ ਸਲਾਹ ਅਰਥਾਤ ਨਾਮ ਸਿਮਰਨ ਹੈ। ਯਥਾ :

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

ਸਿਰੀਰਾਗੁ ਮ: ੧, ਪੰਨਾ ੭੨

ਸੋ ਹੁਕਮ ਮੰਨਣਾ, ਨਾਮ ਜਪਣਾ, ਗੁਰਮੰਤ੍ਰ ਯਾ ਗੁਰ ਸ਼ਬਦ ਕਮਾਵਣਾ ਹੀ ਹੈ :

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ...੨॥(੧੨)

ਵਾਰ ਸਿਰੀ ਰਾਗ, ਮ: ੩, ਪੰਨਾ ੮੭

ਅਰਥਾਤ ਪਾਰਸ ਰੂਪ ਗੁਰ-ਸ਼ਬਦ (ਨਾਮ) ਦੀ ਕਸੌਟੀ ਦੁਆਰਾ ਹੀ ਗੁਰਮੁਖ

ਆਪਣਾ ਮਨ ਮਾਰਦੇ ਹਨ, ਇਹੋ ਹੀ ਹਉਮੈ ਦਾ ਬਿਨਾਸ਼ ਹੈ । ਸਤਿਗੁਰੂ ਦੀ ਸ਼ਰਨ ਆਇਆਂ ਤੇ ਗੁਰੂ ਦੁਆਰੇ ਹੋਇ ਕੇ ਗੁਰਮਤਿ ਨਾਮ ਦੁਆਰਾ ਹੀ ਮਨ ਨਿਰਮਲ ਹੁੰਦਾ ਹੈ। ਜੈਸਾ ਕਿ :

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ...ਰਹਾਉ॥(੩੩॥੩੧॥੬੪)
ਸਿਰੀਰਾਗੁ ਮ: ੩, ਪੰਨਾ ੩੯

ਨਹੀਂ ਤਾਂ ਨਿਗੁਰੇ ਮਨਮੁਖ ਨੂੰ ਤਾ ਨਾਮ ਦੀ ਪ੍ਰਾਪਤੀ ਹੀ ਨਹੀਂ, ਫੇਰ ਉਸ ਦੇ ਮਨ ਦੀ ਮਲ ਕਿਵੇਂ ਧੋਤੀ ਜਾ ਸਕਦੀ ਹੈ। ਯਥਾ :

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ਰਹਾਉ॥
ਸਿਰੀਰਾਗੁ ਮ: ੩, ਪੰਨਾ ੩੯

**੯. ਗੁਰਮਤਿ ਦੀਆਂ ਪੁਸਤਕਾਂ ਪੜ੍ਹਨਾ ਮਨ ਮਾਰਨ ਲਈ ਉਪਾਓ :** ਮਨ ਮਾਰਨ ਦੇ ਉਪਾਵਾਂ ਵਿਚੋਂ ਗੁਰਮਤਿ ਦੀਆਂ ਧਾਰਮਿਕ ਪੁਸਤਕਾਂ ਪੜ੍ਹਨਾ ਭੀ ਇਕ ਉਪਾਉ ਹੈ। ਇਸ ਲਈ ਗੁਰਮਤਿ ਦੀਆਂ ਪੁਸਤਕਾਂ ਪੜ੍ਹਨੀਆਂ ਬਿਰਥੀਆਂ ਨਹੀਂ। ਅਨਮੱਤ ਵਿਦਿਆਂ ਦੀਆਂ ਪੁਸਤਕਾਂ ਪੜ੍ਹਨੀਆਂ ਬੇਸ਼ਕ ਬਿਰਥੀਆਂ ਹਨ, ਕਿਉਂਕਿ ਉਹਨਾਂ ਦੇ ਪੜ੍ਹਨ ਤੋਂ ਉਚ ਆਤਮਿਕ ਰਸ ਪ੍ਰਾਪਤ ਨਹੀਂ ਹੁੰਦਾ ਤੇ ਨਾ ਹੀ ਮਨ ਦੇ ਮਾਰਨ ਦਾ ਉਪਾਓ ਲਭਦਾ ਹੈ। ਇਸ ਪ੍ਰਥਾਇ ਗੁਰਵਾਕ ਹੈ :

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ...॥੧॥(੨੧)
ਸੋਰਠਿ ਵਾਰ, ਸਲੋਕ ਮ: ੩, ਪੰਨਾ ੬੫੦

**੧੦. ਨਾਮ ਜਪਣ ਨਾਲ ਅਉਗੁਣ ਮਿਟਦੇ ਹਨ :** ਗੁਰ ਸ਼ਬਦ ਕਮਾਉਣ ਅਰਥਾਤ ਨਾਮ ਜਪਣ ਨਾਲ ਅਉਗੁਣ ਮਿਟਦੇ ਹਨ, ਕਿਉਂਕਿ ਨਾਮ ਦਾਰੂ ਹੈ। ਜਿਹਾ ਕਿ :

ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥
ਤਾਹਿ ਰੋਗੁ ਸੁਪਨੈ ਨਹੀ ਆਵੈ...॥੪੫॥
ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯

ਪੁਨਾ–ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ...॥੨੦॥
ਜਪੁਜੀ, ਪੰਨਾ ੪

ਇਹ ਗੱਲ ਨਹੀਂ ਬਣਦੀ ਕਿ ਪਹਿਲਾਂ ਅਉਗੁਣ ਮੇਟੇ ਤਾਂ ਫੇਰ ਨਾਮ ਦੀ ਪ੍ਰਾਪਤੀ ਹੋਵੇ।

**੧੧. ਗੁਰੁ ਪਦ ਦੇ ਅਰਥ :** ਗੁਰੂ ਪਦ ਦੇ ਅਰਥ ਸਿਖ ਧਰਮ ਵਿਚ ਅਵਤਾਰਾਂ ਨਾਲੋਂ ਵਿਸ਼ੇਸ਼ ਤੇ ਵਿਲੱਖਣ ਹਨ। ਗੁਰੂ ਅਵਤਾਰ ਅਨਮਤਾਂ ਦੇ ਅਵਤਾਰਾਂ, ਔਲੀਆਂ, ਪੈਗੰਬਰਾਂ ਨਾਲੋਂ ਬਹੁਤ ਉਚਾ ਦਰਜਾ ਰਖਦਾ ਹੈ। ਏਸ ਸਬੰਧੀ ਗੁਰੂ ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ ਆਪ ਹੀ ਨਿਰਣਾ ਕੀਤਾ ਹੈ।

**੧੨. ਆਤਮਕ ਸ੍ਵੈ-ਸਰੂਪ ਲਖਤਾ ਮਾਨਸਕ ਇਕ-ਸੁਰਤਾ ਨਾਲੋਂ ਉਚੀ ਅਵਸਥਾ ਹੈ :** ਕਈਆਂ ਦੇ ਖ਼ਿਆਲ ਅਨੁਸਾਰ ਇਕ-ਸੁਰਤਾ ਤੇ ਸਮਤਾ ਦੀ ਪ੍ਰਾਪਤੀ **(attainment of harmony and balance)** ਨਾਮ ਦੀ ਪ੍ਰਾਪਤੀ ਹੈ ਅਤੇ ਮਨ ਦੀਆਂ ਸਾਰੀਆਂ ਅਦਲਾ ਬਦਲੀਆਂ **(all the adjustment of mind)** ਇਸ ਪ੍ਰਾਪਤੀ ਵਿਚ ਸਹਾਈ ਹੋਣ ਵਾਲੀਆਂ ਹਨ। ਇਹ ਇਕ ਮਨ-ਕਲਪਤ ਗੱਲ ਹੀ ਹੈ ਕਿ ਮਨ ਦੀਆਂ ਸਾਰੀਆਂ ਤਬਦੀਲੀਆਂ ਇਕ-ਸੁਰਤਾ ਤੇ ਸਮਤਾ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਇਕ-ਸੁਰਤਾ ਤੇ ਸਮਤਾ ਕਿਸ ਦੀ ? ਜੇ ਕਹੋ ਮਨ ਦੀ, ਤਾਂ ਮਨ ਤਾਂ ਤਬਦੀਲੀਆਂ ਦੇ ਗੋਰਖ-ਧੰਦੇ ਵਿਚ ਹੀ ਰੁੱਝਿਆ ਉਲਝਿਆ ਹੋਇਆ ਹੈ। ਇਹ ਇਕ ਅਨਹੋਣੀ ਗੱਲ ਹੈ ਕਿ ਮਨ ਦੀਆਂ ਤਬਦੀਲੀਆਂ, ਅਦਲਾ ਬਦਲੀਆਂ ਦੁਆਰਾ ਮਨ ਦੀ ਇਕ-ਸੁਰਤਾ ਤੇ ਸਮਤਾ ਪ੍ਰਾਪਤ ਹੋ ਜਾਵੇ। ਹਾਂ, ਇਹ ਹੋ ਸਕਦਾ ਹੈ ਕਿ ਮਨ ਅਦਲਾ ਬਦਲੀ ਦੇ ਉਤਾਰ ਚੜ੍ਹਾਉ ਵਿਚ ਖੱਜਲ ਖੁਆਰ ਹੋ ਕੇ ਹੰਭ ਜਾਏ ਅਤੇ ਨਿਢਾਲ ਹੋ ਕੇ ਨਿੱਸਲ ਹੋ ਬੈਠੇ। ਇਸ ਬੇ-ਹਿਸ ਨਿਢਾਲਪੁਣੇ ਤੇ ਨਿੱਸਲਤਾ ਨੂੰ ਇਕ-ਸੁਰਤਾ ਤੇ ਸਮਤਾ ਦੀ ਪ੍ਰਾਪਤੀ ਸਮਝਣਾ ਗ਼ਲਤੀ ਹੈ। ਇਹ ਪ੍ਰਾਪਤੀ ਕੁਝ ਨਹੀਂ ਤੇ ਨਾ ਹੀ ਇਕ-ਸੁਰਤਾ ਤੇ ਸਮਤਾ ਹੈ। ਜੇ ਹੋਊ ਤਾਂ ਮਾਨਸਿਕ ਫ਼ਿਲਾਸਫ਼ੀ (ਸਾਈਕਾਲੋਜੀ) ਦੇ ਵਿਦਵਾਨਾਂ ਭਾਣੇ ਹੋਊ, ਪਰ ਇਸ ਦਾ ਗੁਰਮਤਿ ਦੇ ਆਸ਼ੇ ਨਾਲ ਕੋਈ ਸਬੰਧ ਨਹੀਂ। ਜੇ ਕਹੋ ਕਿ ਇਕ-ਸੁਰਤਾ ਤੇ ਸਮਤਾ ਬਿਰਤੀਆਂ ਦੀ ਹੈ, ਤਾਂ ਭੀ ਇਹ ਬਿਰਤੀਆਂ ਮਨ ਦੀਆਂ ਹੀ ਹਨ। ਹਰ ਹਾਲਤ ਵਿਚ ਇਕ-ਸੁਰਤਾ ਤੇ ਸਮਤਾ ਦਿਮਾਗ਼ੀ ਹਾਲਤਾਂ ਹਨ। ਇਨ੍ਹਾਂ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਕਿਵੇਂ ਹੋਈ ? ਮਨ ਦੀਆਂ ਤਬਦੀਲੀਆਂ ਦੀ ਕਲਪਤ ਵਿਉਂਤ ਦੁਆਰਾ ਤਾਂ ਸ੍ਵੈ-ਸਰੂਪ ਦੀ ਲਖਤਾ ਭੀ ਨਹੀਂ ਹੋ ਸਕਦੀ, ਆਪਾ ਭੀ ਚੀਨਿਆ ਨਹੀਂ ਜਾਂਦਾ। ਸਰਬ ਵਿਆਪਕ ਸਰੂਪ ਦੀ ਲਖਤਾ ਕੀ ਹੋਣੀ ਹੋਈ ? ਆਪਾ ਚੀਨੇ ਬਾਝ ਭਰਮ ਦੀ ਕਾਈ ਨਹੀਂ ਮਿਟ ਸਕਦੀ। ਜਦੋਂ ਭਰਮ ਦੀ ਕਾਈ ਹੀ ਨਹੀਂ ਮਿਟੀ ਤਾਂ ਸਮਤਾ ਤੇ ਇਕ-ਸੁਰਤਾ ਭਲਾ ਕਿਥੋਂ ਪ੍ਰਾਪਤ ਹੋਣੀ ਹੈ। ਸੁਤੇ ਸਫੁਰ ਹੋਈਆਂ ਅਤੇ ਅਚਣਚੇਤ ਉਪਜ ਖਲੋਤੀਆਂ **(automatic and unconscious)** ਬਹੁਤ ਸਾਰੀਆਂ ਮਨ ਦੀਆਂ ਬਦਲੀਆਂ ਪੂਰਬਲੇ ਜਨਮ ਦੇ ਸੰਸਕਾਰਾਂ ਦਾ ਅੰਕੁਰ ਹੀ ਹੋਇਆ ਕਰਦੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਨਾਮ ਦੀ ਪ੍ਰਾਪਤੀ ਅਥਵਾ ਦਾਤਿ-ਪ੍ਰਾਪਤੀ ਸਮਝਣਾ ਦਰੁਸਤ ਨਹੀਂ। ਦਾਤਿ ਇਕ

ਉਚੀ ਚੀਜ਼ ਹੈ । ਅਚੇਤ ਤੇ ਆਪੋਂ ਉਪਜ ਖਲੋਤੀ ਕਿਸੇ ਮਨ ਦੀ ਤਬਦੀਲੀ **(automatically and unconsciously attained adjustment of mind)** ਨੂੰ ਦਾਤਿ ਇਲਾਹੀ ਖ਼ਿਆਲ ਕਰਨਾ ਇਹ ਇਕ ਗ਼ਲਤ-ਫ਼ਹਿਮੀ ਹੈ। **(self consciousness ਤੇ introspection)** ਦੋਨੋਂ ਸਾਈਕਲੋਜੀਕਲ ਟਰਮਾਂ (ਇਸਲਾਹਾਂ) ਹਨ, ਜਿਨ੍ਹਾਂ ਦਾ ਤਰਜਮਾ ਪੰਜਾਬੀ ਵਾਲਿਆਂ ਸ੍ਵੈ-ਜ਼ਰੂਪ ਦੀ ਲਖਤਾ ਤੇ ਅੰਤਰ-ਮੁਖਤਾ ਕੀਤਾ ਹੈ। ਇਹ ਦੋਨੋਂ ਅੰਤਸ਼ਕਰਨ ਦੇ ਟਿਕਾਉ ਦੀਆਂ ਮਾਮੂਲੀ ਹਾਲਤਾਂ ਹਨ । ਅੰਤਸ਼ਕਰਨ ਦੇ ਗ਼ੈਰ-ਮਾਮੂਲੀ ਤੇ ਉਚੇ ਦਰਜੇ ਦੇ ਟਿਕਾਉ ਵਿਚ ਭੀ ਗੁਰਮਤਿ-ਦਰਸਾਈ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰ-ਮੁਖਤਾ ਦੀ ਸਮਸਰਤਾ ਨਹੀਂ ਹੋ ਸਕਦੀ। ਗੁਰਮਤਿ-ਦਰਸਾਈਆਂ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰ-ਮੁਖਤਾ ਦੀਆਂ ਬਿਵਸਥਾਵਾਂ ਆਤਮਿਕ ਹਨ, ਅਤੇ ਇਹਨਾਂ **(self consciousness and introspection)** ਨਾਲੋਂ ਅਤਿ ਉਚੀਆਂ ਤੇ ਵਿਲੱਖਣ ਹਨ।

੧੩. ਗੁਰ ਉਪਦੇਸ਼ ਵਿਚ ਪ੍ਰਵਿਰਤੀ ਗੁਰਬਾਣੀ ਉਤੇ ਸੱਚਾ ਅਮਲ ਹੈ : ਗੁਰ ਉਪਦੇਸ਼ ਵਿਚ ਲਗਣ ਦੇ ਤੱਤ ਭਾਵ ਅਰਥ, ਨਾਮ ਅਭਿਆਸ ਵਿਚ ਲਗਣ ਦੇ ਹਨ। ਕਿਉਂਕਿ—"ਸਚਾ ਉਪਦੇਸੁ ਹਰਿ ਜਾਪਣਾ"* ਆਦਿ ਅਨੇਕ ਗੁਰਵਾਕਾਂ ਦੇ ਭਾਵ ਅਨੁਸਾਰ, ਸਤਿਗੁਰ ਦਾ ਮੁਖ ਉਪਦੇਸ਼ ਨਾਮ ਹੀ ਹੈ । ਤਾਂਤੇ ਮੁਖ ਉਪਾਉ ਨਾਮ ਵਿਚ ਲਗਣਾ ਹੀ ਹੈ। ਨਾਮ ਅਭਿਆਸ ਦੁਆਰਾ ਨਾਮੀ ਸਾਖਿਆਤ ਹੁੰਦਾ ਹੈ । ਹਾਂ, ਨਾਮ ਅਭਿਆਸ ਦੁਆਰਾ ਨਾਮ ਦਾ ਸਾਖਿਆਤ ਹੋਣਾ, ਘਟ ਅੰਤਰ ਨਾਮ ਦੀ ਜੋਤਿ ਪਰਜ੍ਵਲਤ ਪ੍ਰਕਾਸ਼ ਹੋਣ ਦੇ ਅਰਥਾਂ ਵਿਚ ਭੀ ਐਨ ਗੁਰਮਤਿ ਅਨਕੂਲ ਹੈ । ਪਰ ਘਟਾਕਾਸ਼ ਮਟਾਕਾਸ਼ ਦੀ ਵੇਦਾਂਤੀ ਮਿਣਤੀ ਗਿਣਤੀ ਵਾਲਾ ਨਾਮ ਦਾ ਸਰਬ ਵਿਆਪਕ ਸਰੂਪ ਇਕ ਅਣ-ਲਖੀ ਹੋਂਦ ਹੈ, ਜਿਸ ਦਾ ਸਾਖਿਆਤ ਹੋਣਾ ਭੀ ਇਕ ਫ਼ਰਜ਼ੀ ਅਨੁਮਾਨ ਹੈ।

ਗੁਰ-ਉਪਦੇਸ਼ ਵਿਚ ਪ੍ਰਵਿਰਤ ਹੋਣਾ ਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਣਾ, ਅਰਥਾਤ ਗੁਰਬਾਣੀ ਤੇ ਅਮਲ ਕਰਨਾ ਇਕੋ ਹੀ ਗੱਲ ਹੈ। ਗੁਰਮਤਿ ਨੂੰ ਗ੍ਰਹਿਣ ਅਤੇ ਮਨਮਤਿ ਦਾ ਤਿਆਗ ਕੀਤੇ ਬਾਝੋਂ ਗੁਰ-ਉਪਦੇਸ਼ ਵਿਚ ਪ੍ਰਵਿਰਤ ਨਹੀਂ ਹੋ ਸਕੀਦਾ। ਨਾਮ ਅਭਿਆਸ ਦੁਆਰਾ ਹੀ ਮਨ ਨਿਰਮਲ ਹੁੰਦਾ ਹੈ ਤੇ ਨਾਮ ਅਭਿਆਸ ਦੁਆਰਾ ਹੀ ਨਾਮ ਦਾ ਜੋਤਿ ਪ੍ਰਜ੍ਵਲਤੀ ਸਰੂਪ ਪ੍ਰਕਾਸ਼ ਹੁੰਦਾ ਹੈ । ਗੁਰ-ਉਪਦੇਸ਼ ਵਿਚ ਪ੍ਰਵਿਰਤ ਹੋਣਾ ਗੁਰ-ਉਪਦੇਸ਼ੇ ਹੁਕਮਾਂ ਦੀ ਕਮਾਈ ਕਰਨਾ ਹੈ । ਹੁਕਮਾਂ ਸਿਰ ਹੁਕਮ, ਉਪਦੇਸ਼ਾਂ ਸਿਰ ਉਪਦੇਸ਼, ਉਪਾਵਾਂ ਸਿਰ ਉਪਾਵ, ਉਦਮਾਂ ਸਿਰ ਉਦਮ ਨਾਮ ਜਪਣਾ ਹੈ। ਯਥਾ :

ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥੮॥੩॥

ਗਉੜੀ ਸੁਖਮਨੀ ਮ: ੫. ੨੬੬

*ਵਾਰ ਮਾਰੂ ਮ: ੩, ਪਉੜੀ ੨, ਪੰਨਾ ੧੦੮੭

ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ...੧॥
ਵਾਰ ਬਿਲਾਵਲ, ਸਲੋਕ ਮ: ੩, ਪੰਨਾ ੮੫੧

ਗੁਰ-ਉਪਦੇਸ਼ੇ ਹੁਕਮਾਂ ਵਿਚੋਂ ਸ੍ਰੇਸ਼ਟ ਹੁਕਮ .ਨਾਮ ਅਭਿਆਸ ਸੰਗਿ ਗੁਰਬਾਣੀ ਦਾ ਕੀਰਤਨ ਕਰਨਾ ਹੈ। ਨਾਮ ਅਭਿਆਸ ਵਿਚੋਂ ਹੱਟ ਕੇ ਨਹੀਂ, ਬਲਕਿ ਇਸ ਵਿਚ ਲਗੇ ਰਹਿ ਕੇ ਹੀ ਕੀਰਤਨ ਕਰਨਾ ਹੈ। ਨਾਮ ਪ੍ਰਥਾਇ ਤਾਂ ਹੁਕਮ ਹੈ "ਹਰਿ ਕਾ ਨਾਮੁ ਜਪਹੁ ਜੀਅ ਸਦਾ" ਸਦਾ ਸਦਾ ਲਈ ਜ਼ਪੀ ਚਲੋ, ਸਿਮਰੀ ਚਲੋ, ਸੁਆਸ ਸੁਆਸ ਸਿਮਰੀ ਚਲੋ :

ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ...੨॥(੪॥੧੭॥੪੭)
ਬਿਲਾਵਲੁ ਮ: ੫, ਪੰਨਾ ੮੧੨

ਕੀਤਰਨ ਕਰਦਿਆਂ ਭੀ ਨਾਮ ਜਪਣਾ ਹੈ, ਤੇ ਨਾਮ ਜਪਦਿਆਂ ਭੀ ਕੀਰਤਨ ਕਰਨਾ ਹੈ। ਇਹ ਵਿਉਂਤ ਕਿਵੇਂ ਬਣ ਆਵੇ, ਏਸ ਰਮਜ਼ ਨੂੰ ਨਾਮ ਅਭਿਆਸ ਕਮਾਈ ਵਾਲੇ ਅਭਿਆਸੀ ਜਨ ਹੀ ਜਾਣਦੇ ਹਨ।

੧੪. ਕਿਰਤਮ ਨਾਮਾਂ ਦੀ ਖ਼ਿਆਲ-ਬਾਜ਼ੀ ਤੇ ਸਤਿਨਾਮ ਦਾ ਜਾਪ : ਮਨੁੱਖੀ ਮਨ ਵਿਚ ਉਤਪਤ ਹੋਏ ਖ਼ਿਆਲ ਦ੍ਰਿਸ਼ਟਮਾਨ ਦਾਇਰੇ ਵਿਚ ਹੀ ਮਹਿਦੂਦ ਹਨ ਅਤੇ ਦ੍ਰਿਸ਼ਟਮਾਨ ਨਜ਼ਾਰਿਆਂ ਤੇ ਪਦਾਰਥਾਂ ਤੋਂ ਹੀ ਉਤਪੰਨ ਹੋਏ ਖ਼ਿਆਲ ਹਨ। ਪੰਜ ਗਿਆਨ ਇੰਦ੍ਰਿਆਂ ਦੇ ਦਾਇਰੇ ਅੰਦਰ ਬੱਧੇ ਰੁੱਧੇ ਖ਼ਿਆਲ ਹਨ। ਅਤੇ ਤਿਨ੍ਹਾਂ ਖ਼ਿਆਲਾਂ ਦੇ ਇਕ ਦੂਜੇ ਮਨੁੱਖ ਪ੍ਰਤੀ ਪ੍ਰਗਟ ਕਰਨ ਲਈ ਵਖੋ ਵਖ ਲਫ਼ਜ਼ ਅਤੇ ਫਿਕਰੇ ਮਨੁੱਖਾਂ ਨੇ ਆਪੋ ਆਪਣੀ ਬੋਲੀ ਅਨੁਸਾਰ ਆਪ ਹੀ ਘੜੇ ਹੋਏ ਹਨ। ਇਕ ਵਾਰੀ ਗਹੁ ਕਰਿ ਪੇਖੇ ਪਦਾਰਥ ਨਜ਼ਾਰੇ ਦਾ ਜੋ ਖ਼ਿਆਲ ਮਨ ਵਿਚ ਬਝ ਗਿਆ, ਉਸ ਪ੍ਰਥਾਇ ਥਾਪੇ ਪਦ ਨੂੰ ਜਦ ਅਸੀਂ ਬੋਲਾਂਗੇ, ਸੁਣਾਂਗੇ ਤਾਂ ਅਸਾਡੇ ਮਨ ਅੰਦਰ ਨਿਰਸੰਦੇਹ ਉਸੇ ਪਦਾਰਥ ਨਜ਼ਾਰੇ ਦਾ ਖ਼ਿਆਲ ਗੁਜ਼ਰੇਗਾ ਜਿਸ ਪ੍ਰਥਾਇ ਕਿ ਉਕਤ ਪਦ (ਲਫ਼ਜ਼) ਘੜਿਆ ਗਿਆ ਹੈ। ਪੰਜ ਗਿਆਨ ਇੰਦ੍ਰਿਆਂ ਦੇ ਦਾਇਰੇ ਤੋਂ ਬਾਹਰ, ਅਰਥਾਤ ਸੁਣੇ, ਪੇਖੇ, ਪਰਸੇ, ਸੁੰਘੇ, ਚੱਖੇ ਪਦਾਰਥ ਤੋਂ ਉਤਪੰਨ ਹੋਏ ਖ਼ਿਆਲਾਂ ਤੋਂ ਬਾਹਜ ਖ਼ਿਆਲੀ ਖ਼ਿਆਲਾਂ ਦੇ ਅਸੀਂ ਕੀ ਲਫ਼ਜ਼ ਘੜ ਸਕਦੇ ਹਾਂ ਅਤੇ ਅਜਿਹੇ ਫ਼ਰਜ਼ੀ ਘੜੇ ਲਫ਼ਜ਼ਾਂ ਦੇ ਬੋਲਣ, ਸੁਣਨ ਤੋਂ ਖ਼ਿਆਲੀ ਖ਼ਿਆਲ ਹੀ ਉਪਜ ਸਕਦਾ ਹੈ, ਪਰ ਵਾਸਤਵੀ ਖ਼ਿਆਲ ਕੋਈ ਨਹੀਂ ਬਝ ਸਕਦਾ। ਅਸਾਡੇ ਆਪਣੇ ਘੜੇ ਹੋਏ ਖ਼ਿਆਲੀ ਪਦਾਰਥਾਂ ਪ੍ਰਥਾਇ ਖ਼ਿਆਲੀ ਪਦ ਬੋਲੇ ਸੁਣੇ ਹੋਏ ਕੇਵਲ ਖ਼ਿਆਲੀ ਪਦਾਰਥਾਂ ਦਾ ਖ਼ਿਆਲ ਹੀ ਉਪਜਾ ਸਕਦੇ ਹਨ। ਇਸ ਬਿਧਿ ਖ਼ਿਆਲੋਂ ਖ਼ਿਆਲਾਂ ਤੋਂ ਨਿਰੀ ਭਰਮ-ਭਰਾਂਤੀ ਹੀ ਪਲੇ ਪੈਂਦੀ ਹੈ, ਸਾਖਿਆਤ ਕੁਝ ਨਹੀਂ ਹੋ ਸਕਦਾ। ਪੰਜ ਇੰਦ੍ਰਿਆਂ ਵਾਲਾ ਗਿਆਨ ਖ਼ਿਆਲੀ ਖ਼ਿਆਲ ਭੀ ਨਹੀਂ ਲਭਦਾ। ਪੰਜ ਗਿਆਨ ਇੰਦ੍ਰਿਆਂ, ਨਹੀਂ ਨਹੀਂ, ਪੰਜ ਖ਼ਿਆਲ

ਇੰਦ੍ਰਿਆਂ ਦੇ ਮਹਿਦੂਦ ਦਾਇਰੇ ਤੋਂ ਉਪ੍ਰੰਤ ਮਾਮੂਲੀ ਇਨਸਾਨ, ਖ਼ਿਆਲ ਇੰਦ੍ਰਿਆਂ ਵਾਲਾ ਇਨਸਾਨ ਕੋਈ ਖ਼ਿਆਲ ਹੀ ਨਹੀਂ ਘੜ ਕਥ ਸਕਦਾ, ਤਾਂ ਉਸ ਪ੍ਰਥਾਇ ਉਹ ਪਦ ਲਫ਼ਜ਼ ਭਲਾ ਕੀ ਨੀਅਤ ਕਰੇ ਤੇ ਕਰ ਸਕੇਗਾ। ਦ੍ਰਿਸ਼ਟਮਾਨ ਪਸਾਰੇ ਅੰਦਰ ਆਏ ਪਦਾਰਥਾਂ, ਨਜ਼ਾਰਿਆਂ ਨੂੰ ਪਹਿਲਾਂ ਇਹ ਪੰਜ-ਭੂਤਕੀ ਇਨਸਾਨ ਆਪਣੇ ਪੰਜਾਂ ਇੰਦ੍ਰਿਆਂ ਦੁਆਰਾ ਸੁਣਦਾ, ਪੇਖਦਾ, ਪਰਸਦਾ, ਸੁੰਘਦਾ, ਚਖਦਾ ਹੈ। ਤਾਂ ਪਿਛੋਂ ਉਕਤ ਪਦਾਰਥਾਂ ਦਾ ਖ਼ਿਆਲ ਉਸ ਦੇ ਅੰਤਸ਼ਕਰਣ ਅੰਦਰ ਬਝਦਾ ਹੈ। ਸੁਣੇ, ਪੇਖੇ, ਪਰਸੇ, ਸੁੰਘੇ, ਚੱਖੇ ਤਜਰਬਿਆਂ ਤੋਂ ਬਾਹਜ ਉਸ ਦੇ ਅੰਤਸ਼ਕਰਣ ਅੰਦਰ ਹੋਰ ਖ਼ਿਆਲ ਹੀ ਕੋਈ ਨਹੀਂ ਬਝਦਾ। ਪੰਜਾਂ ਇੰਦ੍ਰਿਆਂ ਦੇ ਤਜਰਬੇ ਅੰਦਰ ਨ ਆਏ ਹੋਏ ਪਦਾਰਥਾਂ ਪ੍ਰਥਾਇ ਆਪੋਂ ਘੜਿਆ ਫ਼ਰਜ਼ੀ ਲਫ਼ਜ਼ ਕੋਈ ਭੀ ਖ਼ਿਆਲ ਨਹੀਂ ਉਪਜਾ ਸਕਦਾ। ਤਜਰਬੇ ਅੰਦਰ ਆਏ ਪਦਾਰਥਾਂ ਪ੍ਰਤੀ ਘੜੇ ਵਰਤੇ ਪਦ ਜੇ ਬਾਰੰਬਾਰ ਬੋਲੇ ਸੁਣੇ ਭੀ ਜਾਣ ਤਾਂ ਏਹਨਾਂ ਪਦਾਂ, ਲਫ਼ਜ਼ਾਂ ਦਾ ਬਾਰੰਬਾਰ ਯਾ ਲਗਾਤਾਰ ਬੋਲਣਾ, ਸੁਣਨਾ ਉਹਨਾਂ ਪਦਾਰਥਾਂ ਨੂੰ ਇਸ ਕਰਕੇ ਚਿੰਤਨ ਕਰਾ ਸਕਦਾ ਯਾ ਉਹਨਾਂ ਪਦਾਰਥਾਂ ਦਾ ਖ਼ਿਆਲ ਇਸ ਕਰਕੇ ਉਪਜਾ ਸਕਦਾ ਹੈ ਕਿਉਂਕਿ ਏਹਨਾਂ ਪਦਾਰਥਾਂ ਦੇ ਅੱਗੇ ਅਸੀਂ ਜਾਣੂ ਹੋ ਚੁਕੇ ਹਾਂ। ਜਾਣੂ ਪਦਾਰਥਾਂ ਨੂੰ ਮੁੜ ਮੁੜ ਚਿਤਾਰਨਾ, ਅਰਥਾਤ ਦ੍ਰਿਸ਼ਟਮਾਨ ਪਦਾਰਥਾਂ ਦਾ ਮੁੜ ਮੁੜ ਚਿੰਤਨ ਕਰਨਾ ਮੁੜ ਮੁੜ ਉਹਨਾਂ ਪਦਾਰਥਾਂ ਨੂੰ ਓਹੋ ਜਿਹਾ ਹੀ ਜਣਾਏਗਾ ਜੈਸਾ ਕਿ ਉਹ ਪਹਿਲਾਂ ਸਨ, ਭਾਵੇਂ ਲਖ ਵਾਰੀ ਉਹਨਾਂ ਦਾ ਚਿੰਤਨ ਕੀਤਾ ਜਾਵੇ। ਜਿਉਂ ਜਿਉਂ ਦ੍ਰਿਸ਼ਟਮਾਨ ਪਸਾਰੇ ਦੇ ਪਦਾਰਥਾਂ ਨੂੰ ਅਸੀਂ ਚਿਤਾਰਾਂਗੇ, ਤਿਉਂ ਤਿਉਂ ਵਧੇਰੇ ਅਸੀਂ ਉਨ੍ਹਾਂ ਪਦਾਰਥਾਂ ਵਿਚ ਖਚਤ ਖਪਤ ਹੋਵਾਂਗੇ। ਜਿਉਂ ਜਿਉਂ ਅਸੀਂ ਨਿਜ ਖ਼ਿਆਲੋਂ ਖ਼ਿਆਲਾਂ ਦਾ ਮੁੜ ਮੁੜ ਖ਼ਿਆਲ ਕਰਾਂਗੇ, ਤਿਉਂ ਤਿਉਂ ਸਾਡੀਆਂ ਚਿੰਤਨ-ਸ਼ਕਤੀਆਂ ਏਹਨਾਂ ਖ਼ਿਆਲਾਂ ਨਾਲ ਹੋਰ ਆਲੂਦਾ ਹੋਣਗੀਆਂ। ਅਸੀਂ ਇਸ ਅਲੂਦਾ ਲਿਬੇੜ ਨਾਲ ਹੋਰ ਲਿਬੜਾਂਗੇ। ਇਸੇ ਕਰਕੇ ਹੀ ਸਤਿਗੁਰੂ ਜੀ ਦਾ ਬਚਨ ਹੈ :

ਨਾਨਕ ਵਿਣੁ ਨ ਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥(੧੦)

ਵਾਰ ਮਾਰੂ ਡਖਣੇ ਮ: ੫, ਪੰਨਾ ੧੦੬੭

ਨਾਮ ਏਹਨਾਂ ਖ਼ਿਆਲਾਂ ਵਰਗਾ ਖ਼ਿਆਲ ਨਹੀਂ। ਖ਼ਿਆਲ ਕਰਨ ਜੋਗ ਖ਼ਿਆਲ ਇਕੋ ਇਹੀ ਖਿਆਲ ਹੈ। ਹੋਰ ਸਾਰੇ ਥੋਕ ਤੇ ਸਭ ਥੋਕਾਂ ਦੇ ਖ਼ਿਆਲ ਸਤਿਗੁਰੂ ਨੇ ਤਿਆਗਣ ਵਿਸਾਰਣ ਜੋਗ ਫ਼ੁਰਮਾਏ ਹਨ। ਜਿਹਾ ਕਿ :

ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ...॥੧॥(੫॥੧੦੭)

ਆਸਾ ਮ: ੫, ਪੰਨਾ ੩੯੭

ਕਈਆਂ ਦਾ ਇਹ ਖ਼ਿਆਲ ਹੈ ਕਿ ਜਿਵੇਂ ਕਿਸੇ ਲਫ਼ਜ਼ ਦਾ ਸੁਣਨਾ ਜਾਂ

ਉਚਾਰਨਾ ਉਸ ਲਫ਼ਜ਼ ਵਿਚ ਬੱਧੇ ਖ਼ਿਆਲ ਦੇ ਉਪਜਾਉਣ ਦਾ ਕਾਰਨ ਬਣਦਾ ਹੈ, ਤਿਵੇਂ ਹੀ ਮਨ ਵਿਚ ਨਾਮ ਦਾ ਖਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ, ਤਿਵੇਂ ਜਾਪ ਦਾ ਸੁਣਨਾ ਜਾਂ ਉਚਾਰਨਾ ਜਾਪ ਵਿਚ ਬੱਧੇ ਖ਼ਿਆਲ ਦੇ ਉਪਜਾਉਣ ਦਾ ਕਾਰਨ ਹੈ। ਪਰ ਉਹ ਇਹ ਨਹੀਂ ਦਸਦੇ ਕਿ ਉਹ ਕਿਹੜਾ ਲਫ਼ਜ਼ ਹੈ, ਜਿਸ ਦੇ ਵਿਚ ਨਾਮ ਦਾ ਖ਼ਿਆਲ ਬੱਧਾ ਹੋਇਆ ਹੈ ਤੇ ਜਿਸ ਦੇ ਜਪਣ ਕਰਕੇ ਯਾ ਜਿਸ ਦੇ ਉਚਾਰਨ ਯਾ ਸੁਣਨ ਕਰਕੇ ਉਨ੍ਹਾਂ ਵਿਚ ਬਧੇ ਨਾਮ ਦੇ ਖ਼ਿਆਲ ਦਾ ਉਪਜਣਾ ਹੁੰਦਾ ਹੈ। ਨਾਮ ਦਾ ਖ਼ਿਆਲ ਮਾਨੁਖ ਦੇ ਮਨ-ਘੜਤ ਲਫ਼ਜ਼ਾਂ ਵਿਚ ਤਾਂ ਬੱਧਾ ਹੋਇਆ ਹੋ ਨਹੀਂ ਸਕਦਾ, ਕਿਉਂਕਿ ਨਾਮ ਦਾ ਸਰੂਪ ਅਲੱਖ ਹੈ। ਤੇ ਪੰਜੇ ਖ਼ਿਆਲ-ਇੰਦ੍ਰਿਆਂ (ਗਿਆਨ ਇੰਦ੍ਰਿਆਂ) ਦਾ ਵਿਸ਼ਾ ਹੀ ਨਹੀਂ। ਖ਼ਿਆਲ ਕਿਸ ਪਦਾਰਥ ਦਾ ਬੰਨ੍ਹਿਆ ਜਾਏ ਅਤੇ ਪਦਾਰਥ ਨੂੰ ਜਣਾਵਣਹਾਰਾ ਪਦ ਲਫ਼ਜ਼ ਭੀ ਕੋਈ ਨਹੀਂ ਘੜਿਆ ਜਾ ਸਕਦਾ। ਜੇ ਕੋਈ ਫ਼ਰਜ਼ੀ ਪਦ ਘੜਿਆ ਜਾਊ, ਉਸ ਦੇ ਬੋਲਣ, ਸੁਣਨ ਯਾ ਜਪਣ ਤੋਂ ਉਪਰ ਦਸੇ ਸਜਣਾਂ ਦੀ ਥੀਊਰੀ ਅਨੁਸਾਰ ਕੋਈ ਖਿਆਲ ਹੀ ਨਹੀਂ ਉਪਜ ਸਕਦਾ, ਕਿਉਂਕਿ ਉਸ ਲਫ਼ਜ਼ ਅੰਦਰ ਬੱਧਾ ਹੋਇਆ ਖ਼ਿਆਲ ਹੀ ਕੋਈ ਨਹੀਂ, ਐਵੇਂ ਫ਼ਰਜ਼ਾ-ਫ਼ਰਜ਼ੀ ਵਾਲਾ ਫੋਕਟ ਚੁੰਚ-ਖ਼ਿਆਲ ਹੀ ਹੈ। ਅਣਲਖ (ਅਲੱਖ) ਪਦਾਰਥਾਂ ਦੇ ਅਨੁ-ਮਾਨਕ ਖ਼ਿਆਲ ਜੇ ਕਿਸੇ ਫ਼ਰਜ਼ੀ ਪਦ ਲਫ਼ਜ਼ ਦੁਆਰਾ ਬੰਨ੍ਹ ਭੀ ਲਈਏ ਤਾਂ ਉਸ ਦਾ ਸੁਥੇਹਤਾ ਕੀ ? ਜਦ ਤਾਈਂ ਕਿ ਪਦਾਰਥ ਅਜੇ ਅਲੱਖ ਹੈ। ਡਿਠੇ (ਪੰਜ ਇੰਦ੍ਰਿਆਂ ਦੁਆਰਾ ਜਾਣੇ) ਪਦਾਰਥਾਂ ਦਾ ਮੁੜ ਮੁੜ ਖ਼ਿਆਲ ਬੰਨ੍ਹਣਾ ਭੀ ਕੀ ਸੁਥੇਹਤਾ ਦੇ ਸਕਦਾ ਹੈ ? ਤੇ ਉਨ੍ਹਾਂ ਪਦਾਰਥਾਂ ਪ੍ਰਤੀ ਥਾਪੇ ਘੜੇ ਪਦਾਂ ਲਫ਼ਜ਼ਾਂ ਦਾ ਰਟਣ ਭੀ ਓਦੂੰ ਹੋਰ ਗੂੜ੍ਹ ਗਿਆਨ ਨਹੀਂ ਉਪਜਾ ਸਕਦਾ, ਮਹਿਜ਼ ਖ਼ਿਆਲ-ਬਾਜ਼ੀ ਹੀ ਹੈ। ਨਾਮ ਨੂੰ ਭੀ ਆਮ ਲੋਕ ਖ਼ਿਆਲ-ਬਾਜ਼ੀ ਹੀ ਬਣਾਉਣਾ ਚਾਹੁੰਦੇ ਹਨ, ਜੈਸਾ ਕਿ ਮਾਨਸਿਕ ਵਿਦਿਆ ਦੇ ਮੁੱਠੇ ਹੋਏ ਲੋਗ ਆਮ ਤੌਰ ਤੇ ਬਣਾਉਂਦੇ ਹਨ।

"ਨਾਮ ਦਾ ਖ਼ਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ" ਇਹ ਕੈਸੇ ਫੋਕੇ ਤੇ ਬੇਅਰਥੇ ਲਫ਼ਜ਼ ਹਨ। ਨਾ ਨਾਮ ਦੇ ਸਰੂਪ ਦੀ ਗਿਆਤ ਹੈ, ਨਾ ਨਾਮ ਦਾ ਖ਼ਿਆਲ ਬੰਨ੍ਹਣ ਲਈ ਕੋਈ ਸਰੂਪ ਹੀ ਅੱਖੀਆਂ ਦੇ ਅਗੇ ਹੈ, ਨਾ ਹੀ ਇਸ ਸਰੂਪ ਨੂੰ ਜਣਾਉਣ-ਹਾਰੇ ਕੋਈ ਪਦ ਲਫ਼ਜ਼ ਹੀ ਦਸੇ ਹਨ, ਜਿਨ੍ਹਾਂ ਨੂੰ ਰਟਿਆ ਜਪਿਆ ਜਾਵੇ। ਤਾਂ ਭਲਾ ਨਾਮ ਦਾ ਖਿਆਲ ਬੱਝਣਾ ਯਾ ਨਾਮ ਦਾ ਖਿਆਲ ਉਪਜਣਾ ਕੋਈ ਖਾਲਾ ਜੀ ਦਾ ਘਰ ਹੈ। ਐਵੇਂ ਪਰਚਾ-ਪਰਚੀ ਹੈ। ਖਿਆਲ-ਬਾਜ਼ਾਂ ਦੀ ਦਿਮਾਗ-ਅਜ਼ਮਾਈ ਹੈ। ਇਹ ਸਭ ਇਸਮ-ਖਿਆਲੀ ਖਿਆਲਾਂ ਦੀ ਤਾਨਾਰੀਰੀ ਹੈ। ਸਾਡੇ ਬਿਸਮ-ਖ਼ਿਆਲੀ ਸਤਿਗੁਰਾਂ ਨੇ ਅੰਮ੍ਰਿਤ-ਨਾਮ ਦੀ ਦਾਤਿ ਦੇ ਕੇ ਪ੍ਰਿਥਮੇ ਤਾਂ ਸਾਨੂੰ ਅਲੱਖ ਨਿਰੰਕਾਰ (ਨਾਮੀ) ਦੇ ਬਿਸਮ ਕ੍ਰਿਸ਼ਮੀ ਸਰੂਪ ਲਖਣ ਦੀ ਲਿੱਲ ਲਾਈ, ਫਿਰ ਏਸ ਨਾਮ ਦੀ ਪਾਰਸ-ਕਲਾ ਕਮਾਈ ਦੁਆਰਾ ਨਾਮੀ ਦਾ ਅਲਖ ਸਰੂਪ ਪਰਤੱਖ ਕਰ ਕੇ ਲਖਾਇਆ। ਪਰਮ ਪ੍ਰਸਾਦਿ

ਕਰਿ ਪਹਿਲਾਂ ਸਤਿਨਾਮ ਗੁਰਮੰਤ੍ਰ (ਗੁਰਮਤਿ ਨਾਮ) ਦ੍ਰਿੜ੍ਹਾਇਆ ਅਤੇ ਇਸ ਗੁਰਮੰਤ੍ਰ ਗੁਰਮਤਿ ਨਾਮ (ਸਤਿਨਾਮ) ਦੀ ਪਾਰਸ ਸ਼ਕਤੀ-ਕਲਾ ਦੁਆਰਾ ਅਸੀਂ ਨਿਰੰਕਾਰੀ ਨਾਮ ਦਾ ਅਲਖ-ਜੋਤਿ-ਨਿਰੰਕਾਰੀ-ਸਰੂਪ ਘਟ ਅੰਤਰਿ ਹੀ ਲਖਿਆ। ਹਾਂ ! ਹਾਂ ! ਸਾਂਗੋ ਪਾਂਗ ਪੇਖਿਆ। ਸਤਿਗੁਰੂ ਦੁਆਰਾ ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਅਵਤਰੇ ਸਤਿਨਾਮ ਗੁਰਮੰਤ੍ਰ ਦੇ ਮੰਤ੍ਰ-ਰੂਪ ਜਪ ਸਿਮਰਨ ਅੰਤਰ, ਗੁਰਮੰਤ੍ਰ ਦੇ ਸੁਆਸ ਸੁਰਤੀਸ਼ਰੀ ਅਭਿਆਸ ਅੰਤਰ ਇਤਨੀ ਪਾਰਸ-ਕਲਾ ਹੈ ਕਿ ਇਸ ਦੇ ਪ੍ਰਤਾਪ ਕਰਿ ਰਸ-ਜੋਤਿ-ਕ੍ਰਿਣੀ ਪ੍ਰਗਾਸ ਨਭ-ਨਾਭ ਅੰਤਰ ਸਹਿਜ ਅਮਰ ਅਵਸਥਾ ਵਿਖੇ ਹੀ ਰਹਿੰਦਾ ਹੈ।

੧੫. ਮਨ-ਘੜਤ ਖ਼ਿਆਲਾਂ ਉਤੇ ਮਨ ਦਾ ਟਿਕਾਉ : ਇਕ ਸਜਣ ਦਾ ਕਥਨ ਹੈ ਕਿ "ਮਨ ਨੂੰ ਝਟ ਪਟ ਕਿਸੇ ਖ਼ਿਆਲ ਤੇ ਟਿਕੱਾ ਦੇਣਾ ਸੰਭਵ ਨਹੀਂ।"

ਭਲਾ ਅਸੰਭਵ ਕਿਉਂ ਹੈ ? ਸੌਖਾ ਹੀ ਹੈ। ਮਨ ਦੇ ਖ਼ੁਦ ਘੜੇ ਖ਼ਿਆਲ ਉਤੇ ਮਨ ਨੂੰ ਟਿਕੱਾ ਦੇਣਾ ਕੀ ਅਉਖਾ ਹੈ; ਨਿਜ ਘੜੇ ਖ਼ਿਆਲਾਂ ਉਤੇ ਤਾਂ ਮਨ ਟਿਕਿਆ ਟਿਕਾਇਆ ਹੀ ਹੈ। ਮਨ ਕਿਸੇ ਨ ਕਿਸੇ ਖ਼ਿਆਲ ਤੇ ਟਿਕਿਆ ਹੀ ਰਹਿੰਦਾ ਹੈ। ਖ਼ਿਆਲ ਘੜੀ ਜਾਂਦਾ ਹੈ, ਨਾਲੇ ਟਿਕੀ ਜਾਂਦਾ ਹੈ। ਘੜ ਘੜ ਕੇ ਟਿਕਦਾ ਹੈ ਤੇ ਟਿਕ ਟਿਕ ਕੇ ਘੜਦਾ ਹੈ। ਇਸ ਖ਼ਿਆਲੀ ਘੜਨ ਤੇ ਟਿਕਣ ਵਿਚ ਵਾਧਾ ਵਿਸ਼ੇਸ਼ਤਾ ਕੋਈ ਨਹੀਂ।

੧੬. ਨਿਰੇ ਖ਼ਿਆਲਾਂ ਰਾਹੀਂ ਸਿੱਧੀ ਨਹੀਂ ਪ੍ਰਾਪਤ ਹੋ ਸਕਦੀ : ਸਿੱਧੀ ਦੀ ਪ੍ਰਾਪਤੀ ਬਾਰੇ ਇਕ ਸਜਣ ਇਉਂ ਕਹਿੰਦੇ ਹਨ, "ਪਰ ਸਿੱਧੀ ਤਦੋਂ ਹੀ ਹੁੰਦੀ ਹੈ, ਜਦੋਂ ਜਿਸ ਖਿਆਲ ਦੇ ਰੂਪ ਸ਼ਬਦ ਨੂੰ ਅਸੀਂ ਜੀਭ ਦੁਆਰਾ ਘੜੀ ਘੜੀ ਦੁਹਰਾ ਰਹੇ ਹਾਂ ਤਾਂ ਉਹ ਖਿਆਲ ਮਨ ਵਿਚ ਵਸ ਜਾਏ।"

ਏਸ ਕਥਨ ਦਾ ਏਸ ਸਜਣ ਦੇ ਖ਼ਿਆਲ ਅਨੁਸਾਰ ਇਹ ਭਾਵ ਹੈ ਕਿ ਖ਼ਿਆਲ ਮਨ ਵਿਚ ਵਸ ਜਾਏ। ਪਰ ਖ਼ਿਆਲ ਤਾਂ ਓਦੋਂ ਹੀ ਮਨ ਵਿਚ ਵਸ ਗਿਆ, ਜਦੋਂ ਜਿਸ ਪਦਾਰਥ ਤੋਂ ਖ਼ਿਆਲ ਉਪਜਿਆ ਹੈ, ਉਸ ਪਦਾਰਥ ਨੂੰ ਗਿਆਨ ਇੰਦ੍ਰਿਆਂ ਦੁਆਰਾ ਜਾਣ ਲਿਆ। ਉਸ ਪਦਾਰਥ ਨੂੰ ਜਾਣ ਲੈਣ ਕਰਿ ਉਸ ਦਾ ਖ਼ਿਆਲ ਮਨ ਵਿਚ ਬਝਦਾ ਹੈ। ਫੇਰ ਉਸ ਪਦਾਰਥ ਪ੍ਰਥਾਇ ਘੜੇ ਲਫ਼ਜ਼ (ਸ਼ਬਦ) ਨੂੰ ਬਾਰ ਬਾਰ ਦੁਹਰਾਉਣ ਨਾਲ ਉਸ ਜਾਣੇ ਹੋਏ ਪਦਾਰਥ ਦੀ ਕੇਵਲ ਯਾਦਆਵਰੀ ਹੀ ਹੁੰਦੀ ਹੈ। ਏਸ ਵਿਚ ਸਿੱਧੀ ਭਲਾ ਕਿਹੜੀ ਪ੍ਰਾਪਤੀ ਹੋਈ ? ਬੱਚੇ ਨੇ ਬੇਰ ਦੇਖ ਲਿਆ ਤੇ ਖਾ ਲਿਆ, ਉਸੇ ਵੇਲੇ ਤੋਂ ਉਹ ਬੇਰ ਦਾ ਜਾਣੂ ਪਛਾਣੂ ਹੋ ਗਿਆ। ਬਹੁਤੀ ਵੇਰ ਦੇਖੇ, ਖਾਧੇ ਤੋਂ ਉਹ ਬਹੁਤਾ ਜਾਣੂ ਪਛਾਣੂ ਹੋ ਗਿਆ। ਫੇਰ ਜੇ ਉਹ ਬੇਰ ਨੂੰ ਦੇਖਣਾ, ਖਾਣਾ ਛਡ ਕੇ ਨਿਰਾ ਬੇਰ ਬੇਰ ਹੀ ਕਰੀ ਜਾਏ ਤਾਂ ਇਸ 'ਬੇਰ ਬੇਰ' ਕਰੀ ਤੇ ਰਟੀ ਜਾਣ ਨਾਲ ਬੇਰ ਦੇ ਦੇਖੇ, ਖਾਧੇ ਨਾਲੋਂ ਹੋਰ ਬਹੁਤਾ ਵਧੇਰਾ ਖ਼ਿਆਲ ਉਸ ਦੇ ਮਨ

ਵਿਚ ਕੀ ਵਸੂ ! ਬੇਰ ਦਾ ਖ਼ਿਆਲ ਉਸ ਦੇ ਮਨ ਵਿਚ ਓਦੋਂ ਹੀ ਵਸ ਧਸ ਗਿਆ ਜਦੋਂ ਬੇਰ ਉਸ ਨੇ ਦੇਖ ਲਿਆ ! ਤੇ ਖਾ ਲਿਆ। ਖਾ ਕੇ ਤੇ ਪੇਖ ਕੇ ਉਸ ਨੂੰ ਬਾਰ ਬਾਰ ਚਿਤਵਣਾ ਉਸ ਦਾ ਬਹੁਤਾ ਤ੍ਰਿਸ਼ਨਾਲੂ ਹੀ ਬਣਨਾ ਹੈ, ਇਸ ਤੇ ਹੋਰ ਅਧਿਕ ਗਿਆਨ ਤਾਂ ਉਸ ਨੂੰ ਹੋਣੋਂ ਰਿਹਾ। ਬਥੇ ਖ਼ਿਆਲਾਂ ਦੇ ਬਾਰ ਬਾਰ ਮਨ ਵਸਣ ਵਿਚ ਕਾਹਦੀ ਸਿੱਧੀ ਹੈ ? ਸਿੱਧੀ ਕੋਈ ਨਹੀਂ, ਕੋਹਲੂ ਦੇ ਬੈਲ ਵਾਂਗੂ ਐਵੇਂ ਖ਼ਿਆਲਾਂ ਦੀ ਘੁੰਮਣ-ਘੇਰੀ ਵਿਚ ਪੈਣ ਵਾਲੀ ਗੱਲ ਹੈ। ਘਾਟੇ ਵਾਲੀ ਗੱਲ ਇਹ ਹੈ ਕਿ ਆਮ ਫ਼ਿਲਾਸਫ਼ਰ ਮਾਇਕ ਪਦਾਰਥਾਂ ਦੇ ਪੰਜ ਇੰਦਰੇ ਭੂਤਕੀ ਗਿਆਨ ਵਾਂਗੂ ਅਲੱਖ ਨਿਰੰਜਨੀ ਤੱਤ ਗਿਆਨ ਨੂੰ ਭੀ ਖ਼ਿਆਲੀ ਅਨੁਮਾਨਾਂ ਦੁਆਰਾ ਜਾਣ ਲਿਆ ਫ਼ਰਜ਼ ਕਰ ਲੈਂਦੇ ਹਨ ਅਤੇ ਕਥਨੀ ਦੇ ਤੱਤ-ਬੇਤੇ ਬਣ ਬੈਠਦੇ ਹਨ । ਪਰ ਉਹ ਅਸਲੀ ਤੱਤ ਆਤਮ ਗਿਆਨ ਤੋਂ ਉੱਖੜੇ ਰਹਿੰਦੇ ਹਨ ਅਤੇ ਅੰਧਾ-ਧੁੰਦੀ ਖ਼ਿਆਲਾਂ ਵਿਚ ਸਾਰੀ ਉਮਰ ਪਏ ਠੇਡੇ ਖਾਂਦੇ ਫਿਰਦੇ ਰਹਿੰਦੇ ਹਨ। ਗੁਰਮਤਿ ਤੱਤ ਗਿਆਨ ਦੇ ਨੇੜੇ ਭੀ ਨਹੀਂ ਢੁਕਦੇ। ਆਪਣੀ ਮਨ ਦੀ ਮਤਿ ਦੁਆਰਾ ਹੀ ਪਏ ਥੀਊਰੀਆਂ ਫ਼ਲਸਫ਼ੇ ਘੜਦੇ ਰਹਿੰਦੇ ਹਨ। ਆਪਣੀ ਮਨ ਦੀ ਮਤਿ ਦੀ ਕਸੌਟੀ ਯਾ ਆਨਮਤਾਂ ਦੇ ਫ਼ਿਲਾਸਫ਼ਰਾਂ ਦੀ ਮਤਿ-ਫ਼ਿਲਾਸਫ਼ੀ ਤੋਂ ਉਧਾਰੀ ਲਈ ਹੋਈ ਮਤਿ ਦੀ ਕਸੌਟੀ ਅਨੁਸਾਰ ਗੁਰਮਤਿ ਗੂੜ੍ਹ ਅਲਖ ਨਿਰੰਜਨੀ ਗਿਆਨ ਨੂੰ ਪਰਖਦੇ ਹਨ। ਬਸ, ਇਸੇ ਪਰਖਾ ਪਰਖੀ ਵਿਚ ਹੀ ਰੁਲ ਖੁਲ ਜਾਂਦੇ ਹਨ। ਗੁਰਮਤਿ ਮਾਰਗ ਸੁਮਾਰਗ ਪੈਂਦੇ ਹੀ ਨਹੀਂ।

੧੭. ਨਾਮ ਜਪਣਾ ਤੇ ਕਰਮ ਕਰਨਾ : ਇਕ ਸਜਣ ਲਿਖਦੇ ਹਨ—"ਕਰਮ ਕਰਨ ਤੋਂ ਪਹਿਲੋਂ ਕਰਮ ਦਾ ਖ਼ਿਆਲ ਮਨ ਵਿਚ ਉਪਜਦਾ ਹੈ, ਤੇ ਜਦੋਂ ਨਾਮ ਮਨ ਵਿਚ ਵਸ ਗਿਆ, ਕਰਮਾਂ ਦੀ ਰਾਹੀਂ ਵੀ ਪ੍ਰਗਟ ਹੋਵੇਗਾ।"

ਅਣਜਾਣੇ ਕਰਮ ਦਾ ਖ਼ਿਆਲ ਮਨ ਵਿਚ ਆਪੋਂ ਨਹੀਂ ਉਪਜ ਸਕਦਾ। ਜਾਣਾਏ ਕਰਮ ਦਾ ਖ਼ਿਆਲ ਜਾਣਾਇਆਂ, ਅਰਥਾਤ ਉਪਜਾਇਆਂ ਹੀ ਉਪਜਦਾ ਹੈ। ਬਹੁਤ ਸਾਰੇ ਸੰਸਾਰੀ ਕਰਮ ਐਸੇ ਹਨ ਜੋ ਕੀਤੇ ਬਿਨਾਂ ਜਾਣੇ ਹੀ ਨਹੀਂ ਜਾ ਸਕਦੇ। ਐਸੇ ਕਰਮਾਂ ਦਾ ਖ਼ਿਆਲ, ਕਰਮ ਕਰਨੋਂ ਪਹਿਲਾਂ ਮਨ ਵਿਚ ਕਿਵੇਂ ਉਪਜੇਗਾ। ਖ਼ਾਸ ਕਰਿ ਨਾਮ ਰੂਪੀ ਕਰਮ, ਕਰਮਾਂ ਸਿਰ ਕਰਮ, ਸਰਬ ਕਰਮ ਮਹਿ ਸ੍ਰੇਸ਼ਟ ਕਰਮ ਦੀ ਮਾਨੁਖ ਨੂੰ ਸੁਝ ਬੂਝ ਹੀ ਨਹੀਂ, ਤਾਂ ਉਸਦਾ ਖ਼ਿਆਲ ਮਨ ਵਿਚ ਕਿਵੇਂ ਉਪਜੇਗਾ।

ਸਤਿਗੁਰੂ ਪ੍ਰਿਥਮ ਨਾਮ ਦ੍ਰਿੜ੍ਹਾਉਂਦੇ ਹਨ। ਨਾਮ ਦ੍ਰਿੜ੍ਹ ਹੋਣ ਸਾਰ ਹੀ ਸਿਖ-ਜਗਿਆਸੂ ਨਾਮ ਜਪਣ ਵਿਚ ਜੁਟ ਜਾਂਦਾ ਹੈ । ਨਾਮ ਜਪਣ ਕਰਿ, ਅਰਥਾਤ ਨਾਮ ਜਪਣ ਰੂਪੀ ਕਰਮ ਕਰਨ ਕਰਿ ਨਾਮ ਮਨ ਵਿਚ ਵਸਦਾ ਹੈ, ਤਾਂ ਇਸ ਸਜਣ ਜੀ ਦਾ ਇਹ ਕਹਿਣਾ ਕਿ 'ਜਦੋਂ ਨਾਮ ਮਨ ਵਿਚ ਵਸ ਗਿਆ, ਕਰਮਾਂ ਦੇ ਰਾਹੀਂ ਵੀ ਪ੍ਰਗਟ ਹੋਵੇਗਾ' ਖ਼ਬਰ ਨਹੀਂ ਕੀ ਅਰਥ ਰਖਦਾ ਹੈ। ਨਾਮ ਜਪਣਾ ਹੀ ਖ਼ੁਦ ਕਰਮ ਹੈ ਅਤੇ ਕਰਮਨ ਸਿਰ ਸ੍ਰੇਸ਼ਟ ਕਰਮ ਹੈ, ਤਾਂ ਫੇਰ ਇਹ ਹੋਰ ਕਿਹੜੇ ਕਰਮਾਂ ਦੇ ਰਾਹੀਂ ਪ੍ਰਗਟ

ਹੋਵੇਗਾ। ਪਹਿਲਾਂ ਆਪ ਇਹ ਥੀਊਰੀ ਘੜਦੇ ਹਨ ਕਿ 'ਕਰਮ ਕਰਨ ਤੋਂ ਪਹਿਲੋਂ ਕਰਮ ਦਾ ਖ਼ਿਆਲ ਮਨ ਵਿਚ ਉਪਜਦਾ ਹੈ।' ਪਰ ਜਦ ਇਸ ਥੀਊਰੀ ਨੂੰ ਨਾਮ ਦੀ ਬਿਵਸਥਾ ਤੇ ਘਟਾਉਂਦੇ ਹਨ, ਤਾਂ 'ਕਰਮ ਦਾ ਖ਼ਿਆਲ ਮਨ ਵਿਚ ਉਪਜਣ ਦੀ ਤਸ਼ਬੀਹ' ਨਾਮ ਮਨ ਵਿਚ ਵਸਣ ਨਾਲ ਦਿੰਦੇ ਹਨ। ਗੋਇਆ ਉਨ੍ਹਾਂ ਦੇ ਨਿਕਟ ਨਾਮ ਦੇ ਖ਼ਿਆਲ ਦਾ ਮਨ ਵਿਚ ਉਪਜਣਾ ਨਾਮ ਦਾ ਮਨ ਵਿਚ ਵਸਣਾ ਹੈ। ਨਾਮ ਮਨ ਵਿਚ ਵਸ ਗਿਆ ਤਾਂ ਹੋਰ ਕਰਮ ਕਰਨ ਦੀ ਕੀ ਲੋੜ ਰਹੀ ਹੈ।

ਅਵਰਿ ਕਰਮ ਸਭਿ ਲੋਕਾਚਾਰ... ੨॥(੪॥੬॥੧੧)
ਬਿਲਾਵਲੁ ਮ: ੫, ਪੰਨਾ ੮੦੪

ਗੁਰਮਤਿ ਦ੍ਰਿੜ੍ਹਾਏ ਜੋ ਜੋ ਭੀ ਹੋਰ ਕਰਮ ਹਨ ਸੋ ਇਸ ਨਾਮ ਰੂਪੀ ਮੁਖ ਪ੍ਰਯੋਜਨ ਕਰਮ ਦੇ ਸਾਧਨ ਸੰਪੰਨ ਸਹਾਇਕ ਕਰਮ ਹਨ। ਇਹ ਗੱਲ ਤਾਂ ਜ਼ਰੂਰੀ ਹੈ ਕਿ ਨਾਮ ਅਭਿਆਸੀ ਗੁਰਮੁਖ ਜਨ ਤੋਂ ਬੁਰੇ ਕਰਮ ਨਹੀਂ ਹੋ ਸਕਦੇ, ਚੰਗੇ ਹੀ ਹੋਣਗੇ। ਗੁਰਮਤਿ ਅਨਕੂਲ ਕਰਮ ਸੁਕਰਮ ਹੀ ਹੋਵੇਗਾ, ਗੁਰਮਤਿ ਪ੍ਰਤਿਕੂਲ ਨਹੀਂ ਹੋਵੇਗਾ। ਸਜਣ ਜੀ ਦਾ ਸਿਧਾਂਤ ਏਥੇ ਇਹ ਜਾਪਦਾ ਹੈ ਕਿ ਚੰਗੇ ਕਰਮ ਕਰਨਾ ethical code (ਆਚਾਰਿਕ ਨਿਯਮਾਂ) ਦੇ ਨੇਕ ਇਖ਼ਲਾਕੀ (morally good) ਕਰਮ, ਨਾਮ ਦੇ ਮਨ ਵਿਚ ਵਸਣ ਦੀ ਨਿਸ਼ਾਨੀ ਹੈ।

੧੮. ਨਾਮ ਜਪਣਾ ਕਰਮਨ ਸਿਰ ਕਰਮਾ : ਨਵੀਨ ਇਖ਼ਲਾਕੀ ਵਿਦਿਆ ਪੜ੍ਹ ਪੜ੍ਹ ਕੇ ਰੁੜ੍ਹ ਚੁਕਿਆਂ ਦਾ ਤਾਂ ਐਥੋਂ ਤਾਈਂ ਖ਼ਿਆਲ ਭੀ ਹੈ ਕਿ "ਚੰਗੇ ਕਰਮ ਕਰਨਾ ਹੀ ਆਤਮ ਐਜ ਹੈ, ਨਾਮ ਜਪਣ ਦੇ ਤੁਲ ਹੈ, ਅਰਥਾਤ ਨਾਮ ਜਪਣਾ ਹੀ ਹੈ। ਇਸ ਤੋਂ ਵਧ ਕੇ ਨਾਮ ਜਪਣਾ ਕੁਛ ਨਹੀਂ। ਨਾਮ ਜਪੇ ਤੋਂ ਅਰਥ ਲਾਭ ਹੀ ਕੀ ਹੈ? ਐਵੇਂ ਬੱਕਰੀ ਵਾਂਗੂੰ ਮੂੰਹ ਮਾਰੀ ਜਾਣਾ, ਇਹ ਭੀ ਕੋਈ ਕਲਿਆਣ ਦਾ ਰਾਹ ਹੈ। ਬਸ, ਚੰਗੇ ਕਰਮ ਕਰੋ, ਬੱਕਰੀ ਵਾਂਗੂੰ ਮੂੰਹ ਮਾਰਨਾ ਛਡੋ ਤੇ ਬਾਣੀ ਜੋ ਕੁਛ ਕਹਿੰਦੀ ਹੈ, ਉਸ ਦੇ ਉਪਰ ਅਮਲ ਕਰੋ। ਬਾਰ ਬਾਰ ਬਾਣੀ ਪੜ੍ਹਨ ਦਾ ਜਾਂ ਬਾਣੀ ਦੇ ਪਾਠਾਂ, ਅਖੰਡ ਪਾਠਾਂ ਦਾ ਕੀ ਫ਼ਾਇਦਾ? ਬਸ, ਬਾਣੀ ਦੇ ਦਸੇ ਦ੍ਰਿੜ੍ਹਾਏ ਕਰਮਾਂ ਉਤੇ ਅਮਲ ਕਰਨਾ ਹੀ ਕਾਫ਼ੀ ਹੈ।"

ਪਰ ਅਸੀਂ ਉਨ੍ਹਾਂ ਵਿਦਿਆ ਅਕਲੱਈਆਂ ਨੂੰ ਸੁਚੇਤ ਕਰਾਉਂਦੇ ਹੋਏ ਆਖਦੇ ਹਾਂ ਕਿ ਗੁਰਬਾਣੀ ਜਿਨ੍ਹਾਂ ਕਰਮਾਂ ਨੂੰ ਅਮਲ ਵਿਚ ਲਿਆਉਣ ਲਈ ਉਪਦੇਸ਼ ਦਿੰਦੀ ਹੈ, ਉਨ੍ਹਾਂ ਕਰਮਾਂ ਵਿਚੋਂ ਮੁਖ ਕਰਮ ਨਾਮ ਜਪਣਾ ਹੈ। ਥਾਂ ਥਾਂ ਤੇ ਗੁਰਬਾਣੀ ਇਹੋ ਪੁਕਾਰ ਪੁਕਾਰ ਆਖਦੀ ਹੈ ਨਾਮ ਜਪੋ, ਨਾਮ ਜਪੋ। ਪਰ ਜਿਨ੍ਹਾਂ ਨੂੰ ਨਵੀਨ ਰੌਸ਼ਨੀ, ਨਹੀਂ ਨਹੀਂ ਤਾਰੀਕੀ ਰੂਪੀ ਤਿਮਰ ਅਗਿਆਨ ਦਾ ਅੰਧਰਾਤਾ ਹੋ ਚੁਕਾ ਹੈ, ਉਹਨਾਂ ਦੀ ਚੁੰਧਿਆਈ ਹੋਈ ਅਕਲ ਏਥੇ ਤਾਈਂ ਚੜ੍ਹਦੀ ਹੀ ਨਹੀਂ। ਆਪਣੇ ਚੁੰਧਰਾਤੇ ਵਾਲੀ

ਵਿਦਿਆ ਹੈਂਕੜਬਾਜ਼ੀ ਵਿਚ ਆਕੜਵੂੰ ਹੋਏ ਉਹ ਜਪ ਸਿਮਰਨ ਨੂੰ ਫ਼ਾਲਤੂ ਗੱਲ ਸਮਝਦੇ ਹਨ।

ਸਾਡੇ ਸਜਣ ਜੀ ਅਜਿਹੇ ਸ਼ਰਧਾ-ਹੀਣ ਫ਼ਿਲਾਸਫ਼ਰਾਂ ਵਿਚੋਂ ਨਹੀਂ। ਇਹਨਾਂ ਦੀ ਗੁਰਮਤਿ ਗੁਰਬਾਣੀ ਉਪਰ ਪੂਰੀ ਸ਼ਰਧਾ ਹੈ। ਪਰ ਗੁਰਬਾਣੀ ਗੁਰਮਤਿ ਦੀ ਖੋਜ ਕਰਦੇ ਹੋਏ ਇਹ ਭੀ ਅਜੇ ਮਨ-ਉਕਤ ਥੀਊਰੀਆਂ ਘੜ ਲੈਂਦੇ ਹਨ। ਪਛਮੀ ਵਿਦਿਆ ਦੀ ਪ੍ਰਬਲ ਪਈ ਹੋਈ ਤਾਸੀਰ ਹੇਠਾਂ ਇਹ ਭੀ ਜੋ ਕੁਝ ਖ਼ਿਆਲ ਅਤੇ ਮਾਨਸਕ ਗਿਆਤ (knowledge) ਅੰਦਰ ਆ ਜਾਵੇ, ਉਸੇ ਨੂੰ ਗੁਰਮਤਿ-ਆਸ਼ੇ ਦੀ ਪੂਰਤਾ ਲਈ ਵਰਤਦੇ ਹਨ। ਅਜੇ ਇਨ੍ਹਾਂ ਨੂੰ ਗੁਰਮਤਿ ਦੇ ਨਿਰਣੇ ਕਰਨ ਲਈ ਡੂੰਘੀ ਖੋਜ ਅਤੇ ਗੁਰ-ਸ਼ਬਦ ਦੀ ਕਮਾਈ ਕਰਨ ਦੀ ਲੋੜ ਹੈ। ਇਹਨਾਂ ਨੂੰ ਦਾਰਸ਼ਨਕ ਫ਼ਿਲਾਸਫ਼ਰਾਂ ਵਾਲਾ ਖ਼ਿਆਲ ਉਪਜਿਆ ਹੈ ਕਿ ਗੁਰਮਤਿ ਦੇ ਅਸੂਲਾਂ ਨੂੰ ਦਿਮਾਗੀ ਦਾਇਰੇ ਵਿਚ ਲਿਆ ਕੇ ਲੋਕਾਂ ਪ੍ਰਤੀ ਦ੍ਰਿੜ੍ਹਾਇਆ ਜਾਵੇ। ਪ੍ਰੇਮ ਤੇ ਚਾਉ ਇਹਨਾਂ ਦੇ ਹਿਰਦੇ ਵਿਚ ਇਹੋ ਹੀ ਹੈ ਕਿ ਗੁਰਮਤਿ ਦਾ ਪਰਚਾਰ ਹੋਵੇ। ਜੋ ਕੁਝ ਲਿਖਦੇ ਹਨ, ਨਿਸ਼ਕਪਟ ਹੋ ਕੇ ਲਿਖਦੇ ਹਨ। ਲਪੇਟ ਕੋਈ ਨਹੀਂ। ਪਰ ਅਜੇ ਖੌਝਲਦੇ ਹਨ। ਗੁਰੂ ਕਿਰਪਾ ਕਰੇ, ਇਨ੍ਹਾਂ ਨੂੰ ਨਾਮ ਦਾਨ ਬਖ਼ਸ਼ੇ, ਤਾਂਕਿ ਇਸ ਬਿਧਿ ਹੀ ਗੁਰਮਤਿ-ਤੱਤ-ਆਤਮ-ਗਿਆਨ ਦੇ ਪਾਤਰ ਬਣਨ। ਆਪ ਦੇ ਖ਼ਿਆਲ ਵਿਚ ਮੂੰਹ-ਰਸਨਾ ਦੁਆਰਾ ਨਾਮ ਜਪਣਾ ਗੁਣਕਾਰੀ ਨਹੀਂ। ਨਾਮ ਦੇ ਮਨਿ ਵਸਣੇ ਨੂੰ ਹੀ ਮੁਖ ਮੰਨਦੇ ਹਨ ਅਤੇ ਆਪਣੇ ਇਸ ਖ਼ਿਆਲ ਦੀ ਪੁਸ਼ਟੀ ਵਿਚ ਇਸ ਪ੍ਰਕਾਰ ਦੇ ਗੁਰ-ਪ੍ਰਮਾਣ ਭੀ ਦਿੰਦੇ ਹਨ :

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥(੪॥੪॥੬)
ਗੂਜਰੀ ਮ: ੩, ਪੰਨਾ ੪੯੧

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥੮॥੨॥
ਵਡਹੰਸ ਮ: ੩ ਅਸਟ:, ਪੰਨਾ ੫੬੫

ਇਸ ਪ੍ਰਕਾਰ ਦੇ ਗੁਰ-ਪ੍ਰਮਾਣ ਗੁਰਮਤਿ-ਨਾਮ, ਗੁਰੂ ਦ੍ਰਿੜ੍ਹਾਏ ਨਾਮ ਪ੍ਰਥਾਇ ਨਹੀਂ ਘਟਦੇ, ਪ੍ਰੰਤੂ ਗੁਰਮਤਿ-ਹੀਣ ਨਿਗੁਰੇ ਗੁਰਮਤਿ ਨਾਮ ਤੋਂ ਘੁਥੇ ਪ੍ਰਾਣੀਆਂ ਪ੍ਰਥਾਇ ਘਟਦੇ ਹਨ। ਜਿਨ੍ਹਾਂ ਨੂੰ ਗੁਰੂ ਦੁਆਰਾ ਗੁਰਮਤਿ ਨਾਮ ਪ੍ਰਾਪਤ ਨਹੀਂ, ਐਸੇ ਗੁਰਮਤਿ-ਜੁਗਤਿ-ਹੀਨ ਪ੍ਰਾਣੀ ਭਾਵੇਂ "ਰਾਮ ਰਾਮ ਸਭੁ ਕੋ ਕਹੈ" ਦੇ ਭਾਵ ਅਨੁਸਾਰ ਬਥੇਰੇ ਰਾਮ ਰਾਮ ਕਰਦੇ ਫਿਰਦੇ ਹਨ, ਪਰ ਅਜਿਹੇ ਜੁਗਤਿ-ਬਿਹੂਣੇ ਨਿਗੁਰੇ ਜੀਵਾਂ ਦੇ ਇਸ ਬਿਧਿ ਰਾਮ ਰਾਮ ਰਟੀ ਜਾਣ ਨਾਲ ਕੋਈ ਰਾਮੁ ਨਹੀਂ ਹੁੰਦਾ, ਭਾਵ ਰਾਮੁ ਪ੍ਰਾਪਤ ਨਹੀਂ ਹੁੰਦਾ। ਯਾ 'ਰਮਤ ਰਾਮ' ਵਾਲੇ ਗੁਰਮਤਿ ਨਾਮ ਦਾ ਪ੍ਰਾਪਤ ਹੋਣਾ ਨਹੀਂ ਹੁੰਦਾ। ਨਾ ਹੀ ਨਾਮੀ ਦੀ ਪ੍ਰਾਪਤੀ ਹੁੰਦੀ ਹੈ।

**੧੯. ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ :** ਇਹ ਗੁਰਮਤਿ ਨਾਮ ਦੀ ਪ੍ਰਾਪਤੀ ਵਾਲਾ ਫਲ ਕਿਸ ਬਿਧਿ ਪ੍ਰਾਪਤ ਹੁੰਦਾ ਹੈ : "ਗੁਰ ਪਰਸਾਦੀ ਰਾਮੁ ਮਨਿ ਵਸੈ", ਗੁਰੂ ਦੀ ਕਿਰਪਾ ਦੁਆਰਾ ਨਾਮ ਮਨਿ ਵਸਣ, ਅਰਥਾਤ ਨਾਮ ਦ੍ਰਿੜ੍ਹ ਹੋਣ ਕਰ ਹੁੰਦਾ ਹੈ। ਗੁਰਮਤਿ ਜੁਗਤਿ ਬਿਹੂਣ, ਅਰਥਾਤ ਗੁਰੂ ਦੁਆਰਾ ਨਾਮ ਦ੍ਰਿੜ੍ਹ ਹੋਏ ਬਾਝੋਂ ਚਾਹੇ ਕੋਈ ਨਾਮ ਜਪਣ ਦਾ ਲੱਖ ਯਤਨ ਕਰੇ, ਕੁਝ ਨਹੀਂ ਬਣਦਾ। ਗੁਰਪ੍ਰਸਾਦਿ ਬਿਹੂਣ, ਗੁਰੂ ਦੁਆਰਿਓਂ ਨਾਮ ਦਾ ਪ੍ਰਸਾਦਿ ਗੱਫਾ ਪ੍ਰਾਪਤ ਹੋਏ ਬਾਝ ਕਿਸੇ ਪ੍ਰਾਣੀ ਨੂੰ ਨਾਮ ਦ੍ਰਿੜ੍ਹ ਨਹੀਂ ਹੋ ਸਕਦਾ। ਉਸ ਦਾ ਆਪੋਂ ਹੁਦਰਾ ਯਾ ਸੁਣਿਆ ਸੁਣਾਇਆ ਰਾਮ ਰਾਮ ਕਹਿੰਦੇ ਫਿਰਨਾ ਕਿਸੇ ਲੇਖੇ ਨਹੀਂ, ਅਰਥਾਤ ਨਿਸਫਲ ਹੈ। ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ, ਤਦ ਹੀ ਸਿਖ ਜਗਿਆਸੂ ਦੀ ਨਾਮ-ਅਭਿਆਸ-ਕਮਾਈ ਫਲੀਭੂਤ ਹੁੰਦੀ ਹੈ। "ਮੁਖਹੁ ਹਰਿ ਹਰਿ ਸਭੁ ਕੋ ਕਰੈ" ਬਾਹਰ-ਮੁਖੀ ਤਾਂ ਹਰਿ ਹਰਿ ਸਭ ਕੋਈ ਕਹਿ ਲੈਂਦਾ ਹੈ, ਪਰ ਓਹ ਜਨ ਵਿਰਲੇ ਹੀ ਹਨ ਜੋ ਹਿਰਦੇ ਵਿਚ ਵਸਾਉਂਦੇ ਹਨ। ਗੁਰਮਤਿ ਨਾਮ ਜਪਣ ਵਾਲਿਆਂ ਦਾ ਗੁਰਮੁਖ ਪੰਥ ਹੀ ਅਜਿਹੇ ਵਿਰਲੇ ਜਨਾਂ ਦਾ ਪੁੰਜ ਹੈ। ਅਰਥਾਤ ਖਾਲਸਾ ਪੰਥ ਅਜਿਹੇ ਗੁਰਮੁਖ ਵਿਰਲੇ ਜਨਾਂ ਦਾ ਹੀ ਪੁੰਜ ਹੈ। ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਕਰਿ, ਖ਼ਾਲਸਾ ਧਰਮ ਧਾਰਨ ਕਰਿ ਹੀ ਸਤਿ ਨਾਮ ਗੁਰਮੰਤਰ ਦੀ ਗੁਰਦੀਖਿਆ ਗੁਰੂ ਦੁਆਰੇ ਹੋਇ ਕੇ ਮਿਲਦੀ ਹੈ। ਗੁਰੂ, ਸੱਚੇ ਗੁਰੂ ਦੁਆਰਾ ਖ਼ਾਲਸਾ ਧਰਮ ਧਾਰਨ ਕਰਿ, ਖ਼ਲਸਾ ਪੰਥ ਵਿਖੇ ਸ਼ਾਮਲ ਹੋਣ ਕਰਿ ਹੀ ਗੁਰਮੰਤ੍ਰ ਮਿਲਦਾ ਹੈ ਅਤੇ ਗੁਰੂ ਦੁਆਰਿਓਂ ਹੀ ਨਾਮ ਪ੍ਰਾਪਤ ਹੋ ਕੇ ਦ੍ਰਿੜ੍ਹ ਹੁੰਦਾ ਹੈ। ਜਿਨ੍ਹਾਂ ਨੂੰ ਗੁਰੂ ਦੁਆਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੇ ਅੰਤਰ ਆਤਮੇ ਅੰਮ੍ਰਿਤ-ਨਾਮ ਦੀ ਪਿਉਂਦ ਚੜ੍ਹ ਜਾਂਦੀ ਹੈ, ਉਹਨਾਂ ਦੇ ਘਟ ਅੰਤਰ ਨਾਮ ਦੀ ਪੁੱਠ ਚੜ੍ਹ ਜਾਂਦੀ ਹੈ, ਉਹਨਾਂ ਦਾ ਨਾਮ ਦਾ ਰਟਨ, ਮੁਖ ਰਸਨਾ ਕਰਕੇ ਜਪਣਾ ਕਲਾ-ਕ੍ਰਿਸ਼ਮੀ ਹੁੰਦਾ ਹੈ।

**੨੦. ਨਾਮ ਦੀ ਪਾਰਸ-ਕਲਾ :** ਮੁਖ ਰਸਨਾ ਦੁਆਰਾ ਅੰਮ੍ਰਿਤ ਨਾਮ ਜਪਣ ਕਰਿ ਪਾਰਸ-ਕਲਾ ਵਰਤ ਜਾਂਦੀ ਹੈ। ਇਹ ਪਾਰਸ-ਕਲਾ ਘਟ ਅੰਤਰਿ ਰਸਨਾ ਦੀ ਰਟਨ-ਤਾਰ ਦੁਆਰਾ ਰਸ-ਵਿਗਾਸ ਉਪਜਾਉਂਦੀ ਹੈ। ਜਿਉਂ ਜਿਉਂ ਰਸਨਾ ਕਰਿ ਗੁਰਮਤਿ ਨਾਮ ਰਟੀਦਾ (ਜਪੀਦਾ) ਹੈ, ਤਿਉਂ ਤਿਉਂ ਰਸ-ਜੋਤਿ-ਪ੍ਰਗਾਸ ਦਾ ਖਿੜਾਉ ਵਧੇਰੇ ਤੋਂ ਵਧੇਰੇ ਹੁੰਦਾ ਚਲਿਆ ਜਾਂਦਾ ਹੈ। ਇਹ ਰਸ-ਜੋਤਿ-ਪ੍ਰਕਾਸ ਕਰਿ ਹੀ ਸੁਆਸ-ਅਭਿਆਸੀ-ਨਾਭ-ਪਵਨ ਦਾ ਅਰਧ-ਉਰਧੀ ਖੰਡਾ ਖੜਕਣ ਲਗ ਪੈਂਦਾ ਹੈ। ਨਾਮ ਦਾ ਇਹ ਰਸ-ਵਿਗਾਸ, ਅਨਿਕ ਤ੍ਰੰਗੀ ਨਾਮ ਅਭਿਆਸ ਕਰਨ ਦੀਆਂ ਸਹਿਜ ਜੁਗਤੀਆਂ ਆਪੋਂ ਹੀ ਸਿਖਾਈ ਜਾਂਦਾ ਹੈ। ਏਥੇ ਆ ਕੇ ਇਕ ਨਿਮਖ ਭਰ ਦਾ ਅਟਕਾਉ ਨਹੀਂ ਹੁੰਦਾ ਅਤੇ ਇਕ ਖਿਨ ਭੀ ਨਾਮ ਅਭਿਆਸ ਬਿਹੂਣ ਬਿਰਥੀ ਨਹੀਂ ਜਾਂਦੀ। ਪ੍ਰੰਤੂ ਤੋਰਾ

ਪ੍ਰਿਥਮ ਰਸਨਾ ਦੁਆਰਾ ਨਾਮ ਰਟਨ ਤੋਂ ਹੀ ਤੁਰਦਾ ਹੈ । ਸਭ ਫਲ ਇਸ ਨਾਮ ਰਟਨ ਨੂੰ ਹੀ ਲਗਦੇ ਹਨ। ਰਸਨਾ ਦੁਆਰਾ ਨਾਮ ਜਪਣ ਪ੍ਰਥਾਇ ਗੁਰਬਾਣੀ ਵਿਖੇ ਥਾਉਂ ਥਾਈਂ ਗੁਰ-ਪ੍ਰਮਾਣ ਮਿਲਦੇ ਹਨ। ਹਾਂ! ਆਮ ਸੰਸਾਰੀਆਂ ਦਾ ਫੋਕਟ ਰਟਨ ਗੁਰਦੀਖਿਆ ਬਿਹੂਣ, ਗੁਰਮਤਿ ਨਾਮ ਗੁਰੂ ਦੁਆਰਾ ਪ੍ਰਾਪਤ ਹੋਏ ਬਿਹੂਣ, ਐਵੇਂ ਬਿਰਥਾ ਹੀ ਜਾਂਦਾ ਹੈ। ਜੈਸੇ ਕਿ ਗੁਰਵਾਕ ਹੈ :

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ...॥੧॥(੧੮)

ਸਲੋਕ ਮ: ੩, ਵਾਰ ਬਿਹਾਗੜਾ, ਪੰਨਾ ੫੫੫

ਇਸ ਗੁਰ-ਪ੍ਰਮਾਣ ਤੋਂ ਸਾਫ਼ ਸਪੱਸ਼ਟ ਹੈ ਕਿ ਗੁਰੂ ਕੇ ਸ਼ਬਦ ਦੁਆਰਾ ਭੇਦੇ ਜਾਣ ਕਰਿ ਹੀ ਨਾਮ ਮਨ ਵਿਚ ਵਸਦਾ ਹੈ। 'ਗੁਰ ਕੇ ਸ਼ਬਦ' ਤੋਂ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ। "ਭੇਦਿਆ" ਪਦ ਨਿਸਚੇ ਕਰਾਉਂਦਾ ਹੈ ਕਿ ਗੁਰਮਤਿ ਨਾਮ ਗੁਰਮੰਤਰ ਅੰਦਰ ਪਾਰਸ-ਕਲਾ ਹੈ, ਅੰਮ੍ਰਿਤ-ਸ਼ਕਤਿ ਹੈ। ਇਸ ਭਾਵ ਨੂੰ ਅਗਲੇਰੇ ਗੁਰ-ਪ੍ਰਮਾਣ ਦ੍ਰਿੜ੍ਹਾਉਂਦੇ ਹਨ। ਯਥਾ :

ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰੁ ਗੁਰ ਹਿਰਦੈ ਵਸਿਓ ਅਚਰਜ ਨਾਮੁ ਸੁਨਿਓ ਰੀ ॥੩(੧੨॥੫੧)

ਆਸਾ ਮ: ੫, ਪੰਨਾ ੩੮੪

ਪਾਰਸ-ਕਲਾ ਵਰਤਾਉਣ ਹਿਤ ਸੋਮਰਥ ਹੋਣ ਕਰਿ, ਗੁਰਮਤਿ ਨਾਮ ਗੁਰਮੰਤਰ ਵਿਸਮਾਦ ਰੂਪ ਹੈ। ਗੁਰਮਤਿ ਨਾਮ ਦੀ ਐਸੀ ਅਚਰਜ ਸ਼ਕਤਿ-ਕਲਾ ਹੈ ਕਿ ਇਸ ਦਾ ਅਭਿਆਸੀ, ਇਸ ਮਾਇਆ ਰੂਪ ਸੰਸਾਰ ਰੂਪ ਕੱਜਲ ਕੋਠੜੀ ਵਿਖੇ ਰਹਿੰਦਾ ਹੋਇਆ ਹੀ ਇਸ ਦੀ ਲਿਬੇੜ ਰੂਪ ਕਾਲਸ ਤੋਂ ਅਲੇਪ ਰਹਿੰਦਾ ਹੈ। ਇਸ ਪਾਰਸ-ਪਰਤਾਪੀ ਗੁਰ-ਸ਼ਬਦ ਗੁਰਮੰਤਰ ਬਿਹੂਣ ਪ੍ਰਾਣੀ ਦੂਜੇ ਭਾਇ ਕਰਿ ਮੋਹਿਆ ਮੁਠਿਆ ਜਾਂਦਾ ਹੈ, ਜੈਸਾ ਕਿ ਗੁਰਵਾਕ ਹੈ :

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥
ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ...॥੩॥(੪॥੧)

ਗਉੜੀ ਪੂਰਬੀ ਛੰਤ ਮ: ੩, ਪੰਨਾ ੨੪੪

**੨੧. ਗੁਰ ਸਬਦ ਅੰਮ੍ਰਿਤ ਰੂਪ, ਸਗਲ ਫਲ ਦਾਤਾ :** ਫੇਰ ਏਦੂੰ ਅਗਲੇਰਾ ਗੁਰ-ਪ੍ਰਮਾਣ ਦਸਦਾ ਹੈ ਕਿ ਗੁਰਮੰਤਰ ਗੁਰਮਤਿ ਨਾਮ ਦੇ ਰਸਨਾ ਕਰਿ ਦਿਨ ਰਾਤ

ਜਪੀ ਜਾਣ ਨਾਲ ਸਰਬ ਮਨੋਰਥਾਂ ਦੀ ਸਿੱਧੀ ਹੁੰਦੀ ਹੈ। ਯਥਾ ਗੁਰਵਾਕ :

ਅਨਦਿਨੁ ਜਪਉ ਗੁਰੂ ਗੁਰ ਨਾਮੁ ॥ ਤਾ ਤੇ ਸਿਧਿ ਭਏ ਸਗਲ ਕਾਮ ॥੨॥
(੪॥੧੧੨) ਗਉੜੀ ਮ: ੫, ਪੰਨਾ ੨੦੨

ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥੧॥ਰਹਾਉ॥
ਗਉੜੀ ਮ: ੫, ਪੰਨਾ ੧੯੦

ਇਸ ਗੁਰਵਾਕ ਤੋਂ ਸਪੱਸ਼ਟ ਸਿਧ ਹੈ ਕਿ ਸੱਚੇ ਦਰਬਾਰ ਗੁਰਪੁਰੀ ਵਿਚ ਜਾ ਕੇ ਮੁਖ ਉਜਲ ਹੋਣ ਦਾ ਸਾਧਨ ਕੇਵਲ ਨਾਮ ਜਪਣ ਨਾਲ ਹੀ ਹੁੰਦਾ ਹੈ। ਹੋਰ ਕਰਮਾਂ ਦੀ ਲੋੜ ਨਹੀਂ। ਕੇਵਲ ਸੁਆਸਿ ਸੁਆਸਿ ਗੁਰਮੰਤਰ ਜਪਣ ਰੂਪੀ ਕਰਮ ਹੀ ਬਸ ਹੈ।

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥(੨॥੨੯)
ਆਸਾ ਮ: ੫, ਪੰਨਾ ੩੭੮

ਕੇਵਲ ਨਾਮ ਭਜਨ ਰੂਪੀ ਕਰਮ ਹੀ ਇਸ ਮਾਨੁਖਾ ਦੇਹੀ ਵਿਚ ਜਨਮ ਲੈਣ ਦਾ ਪਰਮ ਮਨੋਰਥ ਹੈ। ਤਥਾ :

ਸਾਧ ਸੰਗਿ ਭਇਓ ਜਨਮੁ ਪਰਾਪਤਿ ॥
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ...੩॥(੪॥੩॥੭੨)
ਗਉੜੀ ਗੁ: ਮ: ੫, ਪੰਨਾ ੧੭੬

ਇਸ ਗੁਰ-ਪ੍ਰਮਾਣ ਵਿਖੇ "ਭਜੁ ਹਰਿ ਹਰਿ ਗੁਰਮਤਿ" ਤੇ ਕੇਵਲ ਗੁਰਮੰਤਰ, ਗੁਰਮਤਿ ਨਾਮ, ਜਪਣ ਦਾ ਹੀ ਮੁਖ ਸਿਧਾਂਤ ਹੈ :

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥
ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ਰਹਾਉ॥
ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥(੧੪॥੩੪)
ਗਉੜੀ ਗੁਆਰੇਰੀ ਮ: ੩, ਪੰਨਾ ੧੬੨

ਇਸ ਗੁਰ-ਪ੍ਰਮਾਣ ਤੋਂ ਗੁਰਮਤਿ ਦੇ ਕਈ ਗੂੜ੍ਹ ਸਿਧਾਂਤ ਨਿਕਲਦੇ ਹਨ– (੧)ਮਾਨਸ ਜਨਮ ਦਾ ਸੱਚਾ ਲਾਹਾ ਗੁਰਮਤਿ ਨਾਮ ਦੀ ਪ੍ਰਾਪਤੀ ਤੇ ਸਿਮਰਨ ਹੈ। (੨) ਕਰਨ ਯੋਗ ਸਭ ਤੋਂ ਉੱਤਮ ਕਰਮ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਹੈ। (੩) ਗੁਰ-ਸ਼ਬਦ ਹੀ ਸੱਚਾ ਗਿਆਨ ਹੈ। ਗੁਰ-ਸ਼ਬਦ ਹੀ ਸੱਚਾ ਧਿਆਨ ਹੈ। ਅਰਥਾਤ ਧਿਆਨਣ ਯੋਗ ਸੱਚਾ ਧਿਆਨੁ ਗੁਰ-ਸ਼ਬਦ ਅਰਥਾਤ ਗੁਰਮਤਿ ਨਾਮ ਗੁਰਮੰਤਰ ਦਾ ਹੀ ਅਭਿਆਸ ਹੈ। ਅਤੇ ਗਿਆਨ ਕਮਾਵਣ ਯੋਗ ਸੱਚਾ ਗਿਆਨ ਭੀ ਗੁਰ-ਸ਼ਬਦ ਗੁਰਮੰਤਰ ਦੀ ਕਮਾਈ, ਅਭਿਆਸ ਕਮਾਈ ਹੈ। (੪) ਏਹੁ ਗੁਰ ਸ਼ਬਦ

ਅਰਥਾਤ ਗੁਰਮਤਿ ਨਾਮ ਮੀਠਾ ਹੈ। ਅੰਮ੍ਰਿਤ ਰੂਪ ਹੈ, ਹਾਂ, ਹਾਂ, ਅੰਮ੍ਰਿਤ ਰੂਪ ਹੈ। (੫) ਪਰ ਅੰਮ੍ਰਿਤ ਤੁਲ ਮੀਠਾ ਕਿਨ੍ਹਾਂ ਨੂੰ ਲਗਾ ਹੈ ਜਿਨ੍ਹਾਂ ਨੂੰ ਗੁਰੂ ਦੇ ਪ੍ਰਸਾਦ ਦੁਆਰਾ, ਗੁਰੂ ਦੁਆਰਾ ਪ੍ਰਾਪਤ ਹੋਇਆ ਹੈ, ਤਿਨ੍ਹਾਂ ਨੇ ਪਰਤੱਖ ਚੱਖ ਕੇ ਡਿੱਠਾ ਹੈ ਕਿ ਸਚਮੁਚ ਮੀਠਾ ਹੈ।

੨੨. ਸਤਿਗੁਰੂ ਬਿਨਾਂ ਨਾਮ ਦੀ ਅਨੁਭਵੀ ਪ੍ਰਤੀਤ ਨਹੀਂ ਆਉਂਦੀ :

ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ਰਹਾਉ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥...
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥(੨॥੧੯)

ਸਿਰੀ ਰਾਗੁ ਮ: ੩ ਅਸਟਪਦੀ, ਪੰਨਾ ੬੫

ਇਸ ਗੁਰ-ਪ੍ਰਮਾਣ ਦੀ ਗੁਰਮਤਿ ਵਿਆਖਿਆ ਦੇ ਗੁਰਮਤਿ ਸਿਧਾਂਤ ਇਹ ਹਨ : (੧) ਗੁਰਮੁਖਿ ਨਾਮੁ ਧਿਆਵਣ ਲਈ ਖ਼ਾਸ ਹਦਾਇਤ। (੨) ਗੁਰਮਤਿ ਦੁਆਰਾ ਹੀ ਨਾਮ ਵਿਚ ਸਮਾਈ ਹੁੰਦੀ ਹੈ, ਅਰਥਾਤ ਨਾਮ ਵਿਖੇ ਲਿਵ ਲਗਦੀ ਹੈ। (੩) ਸਤਿਗੁਰੂ ਬਿਨਾਂ ਨਾਮ ਦੀ ਪ੍ਰਤੀਤ ਸ਼ਰਧਾ ਨਹੀਂ ਆਉਂਦੀ, ਅਰਥਾਤ ਸਤਿਗੁਰੂ ਦੇ ਦ੍ਰਿੜ੍ਹਾਇ ਬਿਹੂਣ ਨਾਮ ਦ੍ਰਿੜ੍ਹ ਨਹੀਂ ਹੁੰਦਾ। (੪) ਨਾਮ ਨਾਲ ਪ੍ਰੇਮ ਭਾਵਨੀ ਨਹੀਂ ਲਗਦੀ, ਅਰਥਾਤ ਸਤਿਗੁਰੂ ਦੁਆਰਾ ਨਾਮ ਦ੍ਰਿੜ੍ਹ ਹੋਏ ਬਾਝੋਂ ਪ੍ਰੇਮ-ਭਾਵਨੀ ਸਹਿਤ ਨਾਮ ਜਪ ਨਹੀਂ ਹੁੰਦਾ। (੫) ਨਿਗੁਰਿਆਂ, ਨਾਮ ਬਿਹੂਣਿਆਂ ਨੂੰ ਸੁਪਨੇ ਵਿਚ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਦੁਖ ਮਹਿ ਸਵੈ ਸਮਾਏ ਰਹਿੰਦੇ ਹਨ। (੬) ਆਪਣਾ ਲਾਇਆ ਨਾਮ ਜਪਣ ਦਾ ਪ੍ਰੇਮ ਨਹੀਂ ਲਗਦਾ :

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥

ਮ: ੩, ਸਲੋਕ ਸੇਖ: ਫ਼ਰੀਦ ਕੇ, ਪੰਨਾ ੧੩੭੮

(੭) ਪਰ ਜਿਨ੍ਹਾਂ ਭਗਤਾ ਗੁਰਮੁਖ ਜਨਾਂ ਨੇ ਹਰਿ ਕੇ ਭਾਣੇ (ਹੁਕਮ ਰਜ਼ਾ) ਨੂੰ ਮੰਨਿਆ ਹੈ, ਸੇਈ ਭਗਤ ਹੀ ਸੱਚੀ ਦਰਗਾਹੇ ਜਾ ਕੇ ਥਾਇ ਪਏ ਹਨ। ਅਤੇ ਹਰਿ ਕਾ ਭਾਣਾ ਹੁਕਮ ਰਜ਼ਾ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ"* ਆਦਿਕ ਗੁਰਵਾਕਾਂ ਦੇ ਭਾਵ ਅਨੁਸਾਰ ਕੇਵਲ ਸਿਫ਼ਤ ਸਲਾਹ ਅਰਥਾਤ

* ਸਿਰੀ ਰਾਗੁ ਮ: ੧, ॥੫॥ ਪੰਨਾ ੭੨

ਨਾਮ ਸਿਮਰਨ ਹੀ ਹੈ। (੮) ਗੁਰੂ ਹੀ ਰੰਗ ਚਲੂਲੇ ਵਿਚ ਰਮਣ ਵਾਲਾ ਸ਼ਬਦ ਅਰਥਾਤ ਗੁਰਮੰਤ੍ਰ ਦ੍ਰਿੜ੍ਹਾਉਂਦਾ ਹੈ। ਅਤੇ ਇਹ ਗੁਰਮੰਤਰ ਰੂਪੀ ਗੁਰ-ਸ਼ਬਦ ਸਤਿਗੁਰੂ ਦੀ ਕਿਰਪਾ ਬਿਹੂਣ ਨਹੀਂ ਲਇਆ ਜਾਂਦਾ। (੯) ਭਾਵੇਂ ਗੁਰੂ ਕਿਰਪਾ ਕਰਿ ਹੀ ਨਾਮ ਪ੍ਰਾਪਤ ਤੇ ਦ੍ਰਿੜ੍ਹ ਹੁੰਦਾ ਹੈ, ਪਰ ਗੁਰ-ਸ਼ਬਦ ਗੁਰਮੰਤਰ ਦੀ ਕਮਾਈ ਅਤਿਅੰਤ ਲਾਜ਼ਮੀ ਗੱਲ ਹੈ। ਪੁਨਾ :

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ...॥੨॥......
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥
ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥
ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥.....
ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ...॥੮॥(੯॥੧੩)
ਸਿਰੀਰਾਗੁ ਮ: ੧ ਅਸਟਪਦੀ, ਪੰਨਾ ੬੧-੬੨

ਤਾਂਤੇ ਗੁਰਮਤਿ ਨਾਮ ਦੁਆਰਾ ਹੀ ਛੁਟਕਾਰਾ ਹੈ ਅਤੇ ਗੁਰਮਤਿ ਨਾਮ ਦੁਆਰਾ ਹੀ ਸੱਚਾ ਸਾਹਿਬ (ਨਾਮੀ) ਮਨ ਵਿਚ ਵਸਦਾ ਹੈ ਅਤੇ ਗੁਰਮਤਿ ਦੁਆਰਾ ਨਾਮ ਰੂਪੀ ਪਤਿ ਸਾਖ ਪ੍ਰਾਪਤ ਹੁੰਦੀ ਹੈ।

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ...॥੧॥(੪॥੨੧)
ਸਿਰੀਰਾਗੁ ਮ: ੧, ਪੰਨਾ ੨੦

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ..॥੩॥(੧੭॥੫੦)
ਸਿਰੀਰਾਗੁ ਮ: ੩. ਪੰਨਾ ੩੩

ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥
ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ਰਹਾਉ(੩੦॥੬੩)
ਸਿਰੀਰਾਗੁ ਮ: ੩, ਪੰਨਾ ੩੮

ਪੂਰੈ ਸਬਦਿ ਸਾਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥(੬॥੨੩)
ਸਿਰੀਰਾਗੁ ਮ: ੩, ਪੰਨਾ ੬੮

ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥
ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥(੧॥੩੪)
ਮਾਝ ਮਹਲਾ ੪ ਅਸਟਪਦੀਆ, ਪੰਨਾ ੧੩੦

ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥
(੧॥੨੩)ਆਸਾ ਮਹਲਾ ੩ ਅਸਟਪਦੀਆ, ਪੰਨਾ ੪੨੩

ਹਰਿ ਹਰਿ ਨਾਮੁ ਧਨੁ ਪਾਇਆ ਜਨ ਨਾਨਕ ਗੁਰਮਤਿ ਭਾਖੁ ॥੪॥੪॥੬॥
ਮਾਰੂ ਮਹਲਾ ੪, ਪੰਨਾ ੯੯੭

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥
ਦੀਨ ਦਇਆਲ ਭਏ ਕਿਰਪਾਲਾ
ਆਪਣਾ ਨਾਮੁ ਆਪਿ ਜਪਾਇਆ॥੧॥ਰਹਾਉ॥(੨॥੧੨)
ਪ੍ਰਭਾਤੀ ਮ: ੫, ਪੰਨਾ ੧੩੪੧

ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰਮੰਤ ॥
ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ...੧॥
(੬)ਸਲੋਕ ਮ: ੪, ਵਾਰ ਕਾਨੜਾ, ਪੰਨਾ ੧੩੧੫

੨੩. ਗੁਰਮੰਤਰ ਜਾਪ ਦੀ ਪਾਰਸ-ਕਮਾਈ ਦਾ ਪਰਤਾਪ : ਗੁਰਮੰਤਰ ਜਾਪ ਦੀ ਪਾਰਸ-ਕਮਾਈ ਦਾ ਪਰਤਾਪ ਇਹ ਹੋਇਆ ਕਿ ਅਗਮ ਅਗੋਚਰ ਅਲੱਖ ਨਿਰੰਜਨ ਸਹਿਜੇ ਹੀ ਲਖਿਆ ਗਇਆ ਅਤੇ ਅਚਿੰਤੇ ਹੀ ਆਇ ਮਿਲਿਆ :

ਰਾਮਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰਧਾਰਿ ॥
ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥
ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥
ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥
ਮ:੪॥ ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ ॥
ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥
ਗੋਵਿਦੁ ਗੋਵਿਦੁ ਗੋਵਿਦੁ ਜਪਿ ਮੁਖੁ ਊਜਲਾ ਪਰਧਾਨੁ ॥
ਨਾਨਕ ਗੁਰੁ ਗੋਵਿੰਦੁ ਹਰਿ ਜਿਤੁ ਮਿਲਿ ਹਰਿ ਪਾਇਆ ਨਾਮੁ ॥੨॥(੧)
ਸਲੋਕ ਮ: ੪, ਕਾਨੜੇ ਕੀ ਵਾਰ ਮ: ੪, ਪੰਨਾ ੧੩੧੨-੧੩

ਮਨ ਮੇਰੇ ਗੁਰੁ ਪੂਰਾ ਸਾਲਾਹਿ ॥
ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥੧॥ਰਹਾਉ॥
(੪॥੪॥੨੨) ਮਲਾਰ ਮ: ੫, ਪੰਨਾ ੧੨੭੧

ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥
ਗੁਰ ਉਪਦੇਸੁ ਹਰਿ ਹਿਰਦੈ ਵਸਿਓ

ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥੧॥ਰਹਾਉ॥(੪॥੧॥੧੯)
ਮਲਾਰ ਮ: ੫, ਪੰਨਾ ੧੨੭੦

ਮਨ ਮੇਰੇ ਨਾਮਿ ਰਹਉ ਲਿਵ ਲਾਈ ॥
ਅਦਿਸਟੁ ਅਗੋਚਰੁ ਅਪਰੰਪਰੁ ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥੧॥
ਰਹਾਉ॥(੪॥੭) ਮਲਾਰ ਮ: ੩, ਪੰਨਾ ੧੨੬੦

ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥
ਪਉੜੀ ੪, ਵਾਰ ਸਾਰੰਗ, ਪੰਨਾ ੧੨੩੯

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥(੧੬॥੧)
ਮਾਰੂ ਸੋਲਹੇ ਮ: ੪, ਪੰਨਾ ੧੦੬੯

ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥
ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥
ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥
ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
(੪॥੧੩) ਮਾਰੂ ਸੋਲਹੇ ਮ: ੩, ਪੰਨਾ ੧੦੫੬

ਗੁਰ ਕਾ ਸਬਦੁ ਜਾਪਿ ਮਨ ਸੁਖਾ ॥
ਈਹਾ ਊਹਾ ਤੇਰੋ ਊਜਲ ਮੁਖਾ ॥੨॥(੧੧॥੨੨)
ਰਾਮਕਲੀ ਮ: ੫, ਪੰਨਾ ੮੯੯

ਆਨੰਦ ਕਰਿ ਸੰਤ ਹਰਿ ਜਪਿ ॥
ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥
ਰਹਾਉ॥(੪॥੨੯॥੪੦) ਰਾਮਕਲੀ ਮ: ੫, ਪੰਨਾ ੮੯੫

ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥
ਤੁਮ ਤੇ ਉਪਜਿਓ ਭਗਤੀ ਭਾਉ ॥
ਜਪਿ ਜਾਪਉ ਗੁਰਮੁਖਿ ਹਰਿ ਨਾਉ ॥੭॥(੮॥੬)
ਰਾਮਕਲੀ ਮਹਲਾ ੧ ਅਸਟ:, ਪੰਨਾ ੯੦੬

ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥
ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੪

ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥
ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥੩॥
ਪਉੜੀ, ਵਾਰ ਰਾਮਕਲੀ ਮ: ੫, ਪੰਨਾ ੯੫੮

ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥
ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥
੪॥੭॥੯॥ ਗੋਂਡ ਮਹਲਾ ੫, ਪੰਨਾ ੮੬੪-੬੫

ਗੁਰ ਕੋ ਸਬਦੁ ਮੇਰੇ ਹੀਅਰੇ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥
ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥੧॥
(੩॥੧੧੯) ਬਿਲਾਵਲੁ ਮਹਲਾ ੫, ਪੰਨਾ ੮੨੮

ਗੁਰਿ ਪੂਰੇ ਮੇਰੀ ਰਾਖਿ ਲਈ ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥੧॥ਰਹਾਉ॥
ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥(੧੨॥੯੮)
ਬਿਲਾਵਲੁ ਮ: ੫, ਪੰਨਾ ੮੨੩-੨੪

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨ ਤਨ ਨਿਰਮਲ ਹੋਈਹੈ ਗੁਰ ਕਾ ਜਪੁ ਜਪਨਾ ॥੧॥ਰਹਾਉ॥
(੧੩॥੪੩) ਬਿਲਾਵਲੁ ਮ: ੫, ਪੰਨਾ ੮੧੧

ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥
ਸਾਧ ਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥੧॥(੩੪॥੬੪)
ਬਿਲਾਵਲੁ ਮ: ੫, ਪੰਨਾ ੮੧੭

ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥
ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ.. ॥੩॥
(੪॥੪) ਵਡਹੰਸ ਮਹਲਾ ੪, ਪੰਨਾ ੫੭੪

੨੪. ਗੁਰਮਤਿ ਨਾਮ ਹੀ ਸਤਿਨਾਮ ਹੈ : ਗੁਰਬਾਣੀ ਵਿਚ "ਵਾਹ ਵਾਹ" ਤੇ ਗੁਰੂ ਗੁਰੂ ਗੁਰਮਤਿ ਨਾਮ ਦੇ ਸੰਕੇਤ ਹਨ :

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ ॥
ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥
ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥੧॥
(੧੪) ਸਲੋਕ ਮ: ੩, ਗੂਜਰੀ ਕੀ ਵਾਰ, ਪੰਨਾ ੫੧੪

ਇਸ ਗੁਰ-ਪ੍ਰਮਾਣ ਤੋਂ ਇਹ ਗੱਲ ਮੂਲੋਂ ਹੀ ਨਿਖਰ ਗਈ ਕਿ ਗੁਰਮਤਿ ਨਾਮ ਹੀ ਸਤਿ ਨਾਮ ਹੈ। ਇਹ ਸੰਕੇਤਕ ਨਾਮ, ਅਰਥਾਤ ਮਨ ਘਾੜਤ ਸੰਗਿਆ ਨਹੀਂ, ਬਲਕਿ "ਵਾਹੁ ਵਾਹੁ ਆਪਿ ਅਖਾਇਦਾ" ਦੇ ਗੁਰਵਾਕ ਭਾਵ ਅਨੁਸਾਰ ਅਕਾਲ ਪੁਰਖ ਆਪ ਹੀ ਆਪਣਾ ਨਾਮ ਆਪ ਜਪਾਉਂਦਾ ਹੈ । ਗੁਰ-ਸ਼ਬਦ ਦੇ ਆਕਾਰ ਵਿਚ ਆਪਣਾ ਸਚੁ ਨਿਰੰਕਾਰੀ ਸਰੂਪ ਆਸ਼ਕਾਰ ਕਰ ਕੇ ਏਥੇ ਰਮਜ਼ ਮਾਤਰ ਜਪਣ ਜੋਗ ਸਿਫਤ ਸਾਲਾਹੀ ਨਾਮ, ਅਰਥਾਤ ਗੁਰਮਤਿ ਨਾਮ ਗੁਰਮੰਤਰ ਨੂੰ ਆਪਣੀ ਸਤਿ ਚਾਰ-ਅਖਰੀ ਗੁਰਮਤਿ ਬਣਤਰ ਵਾਲੇ ਸਤਿ-ਨਾਮ ਨੂੰ ਸਪੱਸ਼ਟਾਉਂਦੇ ਹਨ। ਅਤੇ ਇਉਂ ਰਮਜ਼ਾਉਂਦੇ ਹਨ—"ਵਾਹੁ ਵਾਹੁ ਸਿਫਤਿ ਸਲਾਹ ਹੈ" । ਪਰ ਏਸ ਰਮਜ਼ ਬੁਝਾਰਤ ਨੂੰ ਸਪੱਸ਼ਟ ਤੌਰ ਤੇ "ਗੁਰਮੁਖਿ ਬੂਝੈ ਕੋਇ", ਕੋਈ ਗੁਰਮੁਖਿ ਹੀ ਬੁਝਦਾ ਹੈ। ਇਹ ਸਿਫਤਿ ਸਲਾਹ ਕਰਨ ਜੋਗ ਗੁਰਮਤਿ ਨਾਮ ਇਕ ਖ਼ਿਆਲ ਹੀ ਨਹੀਂ, ਯਾ ਖ਼ਿਆਲੀ ਸੰਗਿਆ ਹੀ ਨਹੀਂ । "ਵਾਹੁ ਵਾਹੁ ਬਾਣੀ ਸਚੁ ਹੈ" ਦੇ ਗੁਰਵਾਕ ਭਾਵ ਅਨੁਸਾਰ ਧੁਰੋਂ ਆਈ ਬਿਸਮਾਦ ਰੂਪ ਬਿਸਮਾਦ ਕਰਨਹਾਰੀ "ਸਚੁ ਬਾਣੀ" ਹੈ । ਏਸੇ ਕਰਕੇ ਹੀ, ਅਰਥਾਤ ਸਚੁ ਬਾਣੀ ਹੋਣ ਕਰਿ ਹੀ, ਗੁਰਮਤਿ ਨਾਮ ਸਤਿ-ਨਾਮ ਹੈ ; ਅਤੇ ਏਥੇ, ਕੇਵਲ ਏਥੇ ਸਚੁ ਬਾਣੀ ਸਤਿ-ਨਾਮ 'ਵਾਹਿਗੁਰੂ' ਗੁਰਮੰਤਰ ਦੇ ਜਪਣ ਕ੍ਰਿ ਹੀ "ਸਚਿ ਮਿਲਾਵਾ ਹੋਇ", ਸੱਚੇ ਅਕਾਲ ਪੁਰਖ ਨਾਲ ਮਿਲਾਵਾ ਹੁੰਦਾ ਹੈ । ਛੇਕੜਲੀ ਤੁਕ ਏਸੇ ਭਾਵ ਨੂੰ ਖੋਲ੍ਹ ਕੇ ਅਤੇ ਨਿਰਣੇ ਕਰਕੇ ਸਪੱਸ਼ਟ ਕਰਦੀ ਹੈ : "ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ" । ਅਰਥਾਤ ਗੁਰਮਤਿ ਨਾਮ ਵਾਹਿਗੁਰੂ ਦੇ ਜਪਣ ਕਰਿ ਹੀ 'ਨਾਮੀ' ਪ੍ਰਭੂ ਨਿਰੰਕਾਰ ਨੂੰ ਪਾਈਦਾ ਹੈ। ਇਹ ਰਸਨਾ ਕਰਕੇ ਗੁਰਮਤਿ ਨਾਮ ਦੇ ਜਾਪ ਜਪਣ ਦਾ ਪਾਰਸ-ਕਲਾ-ਪ੍ਰਭਾਵੀ-ਪਰਤਾਪ ਹੈ। ਏਸੇ ਰਸਨਾ ਕਰਿ ਨਾਮ ਜਪਣ ਦੇ ਗੁਰਮਿਤ

ਭਾਵ ਨੂੰ ਇਸ ਤੋਂ ਅਗਲੇਰੇ ਸਲੋਕ ਵਿਖੇ ਹੋਰ ਨਿਰਣਾਉਂਦੇ ਹਨ :

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥
ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥
ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥੨॥

(੧੪) ਮ: ੩, ਵਾਰ ਗੂਜਰੀ, ਪੰਨਾ ੫੧੪

ਇਸ ਸਮੁਚੇ ਗੁਰਵਾਕ ਦੀ ਤੁਕ ਤੁਕ, ਰਸਨਾ ਕਰਿ ਨਾਮ ਜਪਣ ਦੀ ਮਹਿਮਾ ਨੂੰ ਪ੍ਰਗਟਾਉਂਦੀ ਤੇ ਦ੍ਰਿੜ੍ਹਾਉਂਦੀ ਹੈ । ਅਤੇ ਇਹ ਭੀ ਨਿਰਣਾ ਕਰਾਉਂਦੀ ਹੈ ਕਿ ਜਪਣ ਯੋਗ ਨੀਸਾਨ ਰੂਪ ਗੁਰਮਤਿ ਨਾਲ ਖ਼ਾਸ ਅਖਰਾਂ ਦੁਆਰਾ ਮਿਲ ਕੇ, ਸਮਿਲਿਤ ਹੋ ਕੇ ਪੂਰਾ ਸ਼ਬਦ ਬਣਦਾ ਹੈ ਅਤੇ ਇਸ ਪੂਰੇ ਸ਼ਬਦ ਦੀ ਅਭਿਆਸ ਕਮਾਈ ਦੁਆਰਾ "ਪ੍ਰਭੁ ਮਿਲਿਆ ਆਈ" ਪਰੀਪੂਰਨ ਪ੍ਰਮਾਤਮਾ ਘਟ ਅੰਤਰਿ ਹੀ ਪ੍ਰਗਟ ਹੋਇ ਕੇ ਆਇ ਮਿਲਦਾ ਹੈ । ਐਸਾ ਪੂਰਾ ਸੂਰਾ ਪਾਰਸ-ਪਰਤਾਪੀ-ਨਾਮ ਜਿਨ੍ਹਾਂ ਦੇ ਮੁਖਾਂ ਤੋਂ ਸਤਿਗੁਰੂ ਕਢਾਉਂਦਾ, ਅਰਥਾਤ ਕਹਾਉਂਦਾ (ਜਪਾਉਂਦਾ) ਹੈ, ਉਹ ਮਹਾਂ ਮਹਾਂ ਵਡਭਾਗੀ ਜਨ ਹਨ । ਵਡਭਾਗੇ ਹੀ ਨਹੀਂ, ਮਹਾਂ ਸੁੰਦਰ ਸੋਹਣੇ ਅਤੇ ਪੂਜਨੀਕ ਪਾਵਨ ਪੁਨੀਤ ਜਨ ਹਨ ।

ਵਡੇ ਭਾਗਾਂ ਕਰਿ ਹੀ ਗੁਰਮਤਿ ਨਾਮ ਦੀ ਸਿਫਤ ਸਲਾਹ ਪ੍ਰਾਪਤ ਹੁੰਦੀ ਹੈ, ਜਿਸ ਦੇ ਪ੍ਰਾਪਤ ਹੋਣ ਕਰਿ ਸੱਚੇ (ਅਕਾਲ ਪੁਰਖ ਨਾਮੀ) ਦੇ ਦਰਿ ਜਾ ਕੇ ਸੋਭਾ ਪਾਈਦੀ ਹੈ । ਇਸ ਗੁਰਮਤਿ ਨਾਮ ਦੀ ਵਾਹੁ ਵਾਹੁ ਬਿਸਮਨੀ ਸਿਫਤ ਸਾਲਾਹ ਕਰਨ ਅਤੇ ਖਿਨ ਖਿਨ ਦਿਨ ਰੈਣ ਕਰੀ ਜਾਣ ਦੀ ਹੁਕਮ-ਰਜਾਈ-ਮਹਿਮਾ ਨੂੰ ਇਸ ਤੋਂ ਅਗਲੇਰੇ ਸਲੋਕ ਅੰਦਰਿ ਇਸ ਬਿਧਿ ਵਰਣਨ ਕਰਦੇ ਹਨ :

ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥
ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥
ਵਾਹੁ ਵਾਹੁ ਕਰਤਿਆ ਸੋਭਾ ਪਾਇ ॥
ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥(੧੫)

ਸਲੋਕ ਮ: ੩, ਗੂਜਰੀ ਕੀ ਵਾਰ, ਪੰਨਾ ੫੧੪

ਵਾਹੁ ਵਾਹੁ ਰੂਪੀ ਸਿਫਤ ਸਲਾਹ ਕਰਦਿਆਂ, ਅਰਥਾਤ ਨਾਮ ਜਪਦਿਆਂ (ਗੁਰਮਤਿ ਨਾਮ ਰਸਨਾ ਮੁਖਾਰ ਦੁਆਰਾ ਜਪਦਿਆਂ) ਰਾਤ ਸੁਖ ਸੇਤੀ ਵਿਹਾਉਂਦੀ ਹੈ ।

 www.sikhbookclub.com

**੨੫. ਸੱਚੇ ਅਨੰਦ ਦੀ ਅਵਸਥਾ :** ਆਨੰਦ, ਸਦਾ ਆਨੰਦ, ਸਦਾ ਅਸਥਿਰ ਰਹਿਣ ਵਾਲੇ ਆਨੰਦ ਦੀ ਪ੍ਰਾਪਤੀ ਭੀ ਗੁਰਮਤਿ ਨਾਮ ਜਪਣ ਕਰਿ ਹੀ ਹੁੰਦੀ ਹੈ। ਨਹੀਂ ਤਾਂ "ਆਨੰਦੁ ਆਨੰਦੁ ਸਭੁ ਕੋ ਕਹੈ"* ਹਰ ਕੋਈ ਕਹਿੰਦਾ ਫਿਰਦਾ ਹੈ ਬਈ ਬੜਾ ਆਨੰਦ ਆਇਆ। ਸੰਸਾਰੀ ਸੁਆਦਾਂ ਵਿਸ਼ਿਆਂ ਦਾ ਨਾਉਂ ਭੀ ਏਹਨਾਂ ਆਨੰਦ ਧਰ ਲਿਆ ਹੈ। ਸੰਸਾਰੀਆਂ ਅੰਦਰ ਆਨੰਦ ਇਕ ਆਮ ਪਰਚਲਤ ਕਹਾਵਤ ਹੋ ਗਈ ਹੈ। ਕਿਉਂ ਜੀ ਕੈਸੇ ਹੋ? ਤਕੜੇ ਹੋ? ਹਾਂ ਜੀ ਬੜੇ ਆਨੰਦ। ਕਹਿਣ ਮਾਤਰ ਤਾਂ ਇਉਂ ਬਥੇਰੇ ਅਨੰਦ ਅਨੰਦ ਕਹਿੰਦੇ ਫਿਰਦੇ ਹਨ।

ਅਸਲ ਅਨੰਦ ਦਾ ਘਰ ਬੜਾ ਦੂਰ ਹੈ। ਅਨੰਦ ਦੀ ਬਿਵਸਥਾ ਬੜੀ ਉੱਚੀ ਹੈ। ਇਹ ਗੱਲੀਂ ਬਾਤੀਂ ਨਹੀਂ ਜਾਣੀ-ਜਾਚੀ ਜਾ ਸਕਦੀ। 'ਆਨੰਦੁ ਗੁਰੂ ਤੇ ਜਾਣਿਆ"* ਗੁਰਵਾਕ ਦੇ ਭਾਵ ਅਨੁਸਾਰ ਆਨੰਦ ਦਾ ਤੱਤ-ਅਨੰਦ, ਅਸਲ ਅਨੰਦ-ਮਈ-ਸਰੂਪ ਕੇਵਲ ਗੁਰੂ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਿਗੁਰੇਪੁਣੇ ਚੋਂ ਨਿਕਲ ਕੇ ਅਤੇ ਸਗੁਰੇ, ਸਨਮੁਖ, ਗੁਰਮੁਖ ਸਿਖ ਸਜ ਕੇ, ਅਤੇ ਗੁਰੂ ਦੁਆਰਾ ਨਾਮ ਪ੍ਰਾਪਤ ਕਰ ਕੇ ਅਤੇ ਅਨਦਿਨ ਨਾਮ ਜਪ ਕੇ, ਨਾਮ ਦੀਆਂ ਅਭਿਆਸ ਕਮਾਈਆਂ ਕਰ ਕੇ ਹੀ ਪਾਇਆ ਜਾ ਸਕਦਾ ਹੈ। ਨਾਮ ਅਭਿਆਸੀ ਨੂੰ ਤਾਂ ਸਦਾ ਅਨੰਦ-ਖਿੜਾਉ, ਖਿਨ ਖਿਨ ਆਨੰਦ-ਮਗਨਤਾ ਰਹਿੰਦੀ ਹੈ। ਇਸ ਆਨੰਦ-ਮਗਨਤਾ ਦੀ ਅਹਿਲਾਦ-ਮੰਜ਼ਲ ਵਿਖੇ ਪਹੁੰਚ ਕੇ ਭੀ ਨਾਮ ਅਭਿਆਸ ਜਾਰੀ ਹੀ ਰਹਿੰਦਾ ਹੈ, ਪ੍ਰਾਪਤ ਹੋਏ ਆਨੰਦ-ਅਹਿਲਾਦ ਦਾ ਸੁਆਦ ਨਾਮ ਦਾ ਖੰਡਾ ਦੂਣਾ ਦਹਿਗੁਣਾ ਖੜਕਾਉਂਦਾ ਹੈ। ਏਥੇ ਪੁਜ ਕੇ ਨਾਮ ਨਾ ਸਿਰਫ਼ ਰਸਨਾ ਦੁਆਰਾ ਹੀ, ਬਲਕਿ ਰੋਮ ਰੋਮ ਦੁਆਰਾ ਉਚਾਰਨ ਹੁੰਦਾ ਹੈ, ਮਾਨੋ ਇਕ ਇਕ ਰੋਮ ਨੂੰ ਲੱਖ ਲੱਖ ਜਿਹਬਾ ਲਗ ਜਾਂਦੀਆਂ ਹਨ ਅਤੇ ਇਕ ਇਕ ਲੱਖ ਜਿਹਬੀ-ਰੋਮ ਦੁਆਰਾ ਲਖ ਲਖ ਗੇੜਾ ਨਾਮ ਦਾ ਜਾਪ ਹੋਈ ਜਾਣਾ ਇਕ ਸਹਿਜ-ਅਨੰਦੀ-ਖੇਡ ਹੋ ਜਾਂਦੀ ਹੈ ਅਤੇ ਲਿਵਤਾਰ ਲਗ ਜਾਂਦੀ ਹੈ, ਤਾਂ ਹੀ ਤਾਂ ਅਗਲੇਰੀ ਤੁਕ ਵਿਚ ਵਰਣਨ ਹੈ ਕਿ।

ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥੧॥(੧੫)
ਸਲੋਕ ਮ: ੩, ਵਾਰ ਗੂਜਰੀ, ਪੰਨਾ ੫੧੪

**੨੬. ਨਾਮ ਦਾ ਮਖ਼ੌਲ ਉਡਾਣ ਵਾਲੇ, ਨਿਗੁਰੇ ਅੰਧ ਅਗਿਆਨੀ :** ਪ੍ਰੀਤਮ-ਨਾਮ ਨਾਲ ਲਿਵ ਲਗਣ ਦਾ ਜ਼ਰੀਆ (ਵਸੀਲਾ) ਕੇਵਲ ਨਾਮ ਜਪਣਾ, ਰਸਨਾ ਦੁਆਰਾ ਗੁਰਮੰਤਰ ਦਾ ਜਾਪ ਕਰਨਾ ਹੈ। ਜਿਸ ਰਸਨਾ ਕਰਿ ਨਾਮ ਜਪਣ ਨੂੰ ਗੁਰਬਾਣੀ "ਹਰਿ ਸਿਉ ਲਿਵ ਲਾਇ" ਦਾ ਵਸੀਲਾ ਉਚਾਰਦੀ ਹੈ, ਉਸ ਨਾਮ ਜਪਣ ਨੂੰ ਫ਼ਾਲਤੂ ਖਿਆਲ ਹੀ ਸਮਝਣਾ ਅਤੇ ਬੱਕਰੀ ਵਾਂਗੂ ਮੂੰਹ ਮਾਰਨ ਦੀ ਤੁਲਤਾ ਦੇਣੀ

*ਰਾਮਕਲੀ ਮ: ੩ ਅਨੰਦੁ, ਪਉੜੀ ੭, ਸਫ਼ਾ ੯੧੭

ਨਿਰੀ ਮਹਾਂ ਮੂਰਖਤਾ ਹੈ ਅਤੇ ਅਗਿਆਨ ਭਰੀ ਹਮਾਕਤ ਹੈ । ਮਹਾਂ ਮੂੜ ਅਗਿਆਨੀ ਗੁਰਬਾਣੀ ਦੇ ਐਨ ਉਲਟ ਪਰਚਾਰ ਕਰ ਰਹੇ ਹਨ । ਗੁਰਬਾਣੀ ਤਾਂ ਏਸੇ ਗੱਲ ਤੇ ਜ਼ੋਰ ਦਿੰਦੀ ਹੈ ਕਿ ਨਾਮ ਜਪੋ, ਨਾਮ ਜਪੋ । ਅਤੇ ਇਹ ਹਮਾਕਤੀ ਪੁਰਸ਼ ਸਿਖ ਸਦਾ ਕੇ ਅਤੇ ਗੁਰਬਾਣੀ ਦੇ ਉਪਦੇਸ਼ਕ ਹੋ ਕੇ ਭੀ ਉਲਟਾ ਪਰਚਾਰ ਕਰਦੇ ਹਨ ਕਿ ਨਾਮ ਜਪਣਾ ਫ਼ਜ਼ੂਲ ਹੈ, ਫ਼ਾਲਤੂ ਬੱਕਰੀ ਵਾਂਗੂ ਮੂੰਹ ਮਾਰਨਾ ਹੈ । ਉਹ ਬਪੜੇ ਭੀ ਕੀ ਕਰਨ ! ਕਰਮਹੀਣ ਜੁ ਹੋਏ । "ਵਾਹੁ ਵਾਹੁ ਕਰਮੀ ਬੋਲੈ ਬੋਲਾਇ" ਗੁਰਵਾਕ ਭਾਵ ਅਨੁਸਾਰ ਕਰਮਾਂ ਵਾਲੇ ਹੀ ਨਾਮ ਦਾ ਮੁਖ-ਰਸਨਾ ਤੋਂ ਉਚਾਰਨ ਕਰਦੇ ਹਨ ਅਤੇ ਕਰਾਉਂਦੇ ਹਨ । 'ਬੋਲੈ ਬੋਲਾਇ' ਦੇ ਪਦ ਸਾਫ਼ ਫ਼ੈਸਲਾ ਦਿੰਦੇ ਹਨ ਕਿ ਮੁਖ-ਰਸਨਾ ਦੁਆਰਾ ਨਾਮ ਦਾ ਉਚਾਰਨ ਖਿਨ ਪਲ ਰਸਾ ਹੋਈ ਅਤੇ ਕਰੀ-ਕਰਾਈ ਜਾਣਾ ਗੁਰਮਤਿ-ਆਸ਼ੇ ਦੀ ਐਨ ਅਨਕੂਲਤਾ ਹੈ, ਬਲਕਿ ਕੇਵਲ ਮੁਖ-ਰਸਨਾ ਨੂੰ ਨਾਮ ਜਪ ਕੇ ਪਵਿਤਰ ਕਰਨਹਾਰਾ ਗੁਰਮੁਖ ਜਨ ਹੀ ਜਗ ਵਿਖੇ ਸੋਭਾ ਪਾਉਂਦਾ ਹੈ । ਜੈਸਾ ਕਿ ਅਗਲੀ ਤੁਕ 'ਵਾਹੁ ਵਾਹੁ ਕਰਤਿਆ ਸੋਭਾ ਪਾਇ' ਪੁਸ਼ਟੀ ਕਰਦੀ ਹੈ ਅਤੇ ਇਹ ਗੁਰ-ਪ੍ਰਮਾਣ ਭੀ ਏਸੇ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ । ਯਥਾ :

ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥੫॥
(੧੩॥੩੫) ਆਸਾ ਮ: ੩, ਪੰਨਾ ੪੨੯

ਨਿਗੁਰੇ ਨਾਮ ਤੋਂ ਘੁਥੇ ਹੋਏ ਜੀਵ ਸਭ ਸੋਭਾ-ਹੀਣ, ਕਰਮ-ਹੀਣ ਹਨ । ਸਚੀ ਸੋਭਾ ਵਾਲੇ ਅਤੇ ਕਰਮਾਂ ਵਾਲੇ ਜਨ ਉਹੀ ਹਨ ਜੋ ਨਾਮ ਜਪਦੇ ਹਨ । ਜਿਸ ਨਾਮ ਜਪਣ ਨੂੰ ਕਰਮ-ਹੀਣ ਫ਼ਾਲਤੂ ਅਤੇ ਫ਼ਜ਼ੂਲ ਦਸਦੇ ਹਨ ਉਸ ਨਾਮ ਜਪਣ ਨੂੰ ਸਤਿਗੁਰੂ ਜੀ; ਅਥਵਾ ਸਤਿਗੁਰੂ ਰੂਪ ਗੁਰਬਾਣੀ ਅਗਲੀ ਤੁਕ "ਨਾਨਕ ਵਾਹੁ ਵਾਹੁ ਸਤਿ ਰਜਾਇ"* ਵਿਚ ਗੁਰੂ ਅਕਾਲ ਦੀ ਹੁਕਮ-ਰਜ਼ਾਈ-ਚਲਣ ਵਾਲੀ ਸੱਚੀ ਰਜ਼ਾ ਦਸਦੀ ਹੈ । ਸੱਚੇ ਦੀ ਸੱਚੀ ਰਜਾਇ ਨਾਮ ਜਪਣਾ ਹੀ ਹੈ । ਏਦੂੰ ਵਧ ਕੇ ਨਾਮ ਜਪਣ ਦੇ ਲਾਜ਼ਮੀ ਹੋਣ ਦੀ ਤੱਦੀ ਹੋਰ ਕੀ ਹੋ ਸਕਦੀ ਹੈ ।

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
ਸਿਰੀਰਾਗੁ ਮਹਲਾ ੧ ਘਰ ੩, ਪੰਨਾ ੭੨

ਗੁਰਵਾਕ ਅਨੁਸਾਰ ਨਾਮ ਹੀ ਗੁਰੂ ਅਕਾਲ ਪੁਰਖ ਦਾ ਸੱਚਾ ਹੁਕਮ ਹੈ ਅਤੇ ਨਾਮ ਜਪਣਾ ਉਸ ਦੀ ਹੁਕਮ-ਰਜ਼ਾ ਉਤੇ ਚਲਣਾ ਹੈ । ਇਸ ਤੋਂ ਅਗਲਾ ਸਲੋਕ ਇਸ ਪ੍ਰਥਾਇ ਹੋਰ ਭੀ ਚਾਨਣਾ ਪਾਉਂਦਾ ਹੈ :

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥

---

*ਸਲੋਕੁ ਮ: ੩, ਵਾਰ ਗੂਜਰੀ, ਪੰਨਾ ੫੧੪

ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥
ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥੨॥(੧੫)
ਮ: ੩, ਵਾਰ ਗੂਜਰੀ, ਪੰਨਾ ੫੧੪

ਇਸ ਗੁਰ-ਪ੍ਰਮਾਣ ਤੋਂ ਭੀ ਹੇਠ ਲਿਖੀਆਂ ਇਹ ਦ੍ਰਿੜ੍ਹਤਾਈਆਂ ਹੁੰਦੀਆਂ ਹਨ– ਇਹ ਕਿ ਗੁਰਮਤਿ ਨਾਮ ਵਾਹੁ ਵਾਹੁ ਰੂਪੀ, ਪੂਰੇ ਚੁਅਖਰੇ ਸ਼ਬਦ ਬਾਣੀ ਵਾਲੀ ਸਚੁ ਬਾਣੀ, ਧੁਰੋਂ ਆਈ ਸੱਚੀ (ਸਤਿ) ਬਾਣੀ ਹੈ। ਇਸ ਕਰਕੇ ਇਸਨੂੰ ਸਤਿਨਾਮ ਦਾ ਸੱਚਾ ਮਰਤਬਾ ਪ੍ਰਾਪਤ ਹੈ। ਹੋਰ ਨਾਮ ਸਭਿ ਕਿਰਤਮ ਹਨ। ਪਰ ਇਸ ਨੂੰ ਸਤਿ ਸਤਿ ਕਰ ਮੰਨਣ ਦੀ ਸ਼ਰਧਾ ਕੇਵਲ ਗੁਰਮੁਖਾਂ ਨੂੰ ਹੀ ਹੈ ਅਤੇ ਗੁਰਮੁਖਾਂ ਨੇ ਇਹ ਚੁਅਖਰੀ-ਨਾਮ-ਸਰੂਪ-ਬਾਣੀ 'ਗੁਰਮੁਖਿ ਲਧੀ ਭਾਲਿ' ਦੇ ਗੁਰਵਾਕ ਅਨੁਸਾਰ ਖੋਜ ਕੇ ਲਭ ਲਈ ਹੈ। ਗੁਰਮੁਖਿ ਰੂਪ, ਸਤਿਗੁਰੂ ਸਰੂਪ, ਮੁਖੀ ਗੁਰੂ, ਸਿਰਮੌਰ ਗੁਰੂ, ਗੁਰੂਆਂ ਦੇ ਗੁਰੂ ਸਤਿਗੁਰ ਨਾਨਕ ਦੇਵ ਜੀ ਨੇ ਇਸ ਨੂੰ ਧੁਰ ਅਕਾਲ ਪੁਰਖ ਦੀ ਦਰਗਾਹ ਤੋਂ ਲੋੜਿ ਲਭਿਆ, ਫਿਰ ਸਤਿਗੁਰੂ ਜੀ ਤੋਂ ਅਧਿਕਾਰੀ ਗੁਰਮੁਖ ਜਨਾਂ ਨੂੰ ਇਸ ਦੀ ਪ੍ਰਾਪਤੀ ਹੋਈ। ਸਮੂਹ ਗੁਰਬਾਣੀ ਅੰਦਰਿ ਗੁਪਤ ਵਰਤ ਰਹੇ ਗੁਰਮੰਤਰ (ਗੁਰਮਤਿ ਨਾਮ) ਲਖਾਇਕ ਚੁਅਖਰੀ ਬਾਣੀ ਨੂੰ ਗੁਰਮੁਖ ਜਨਾਂ ਨੇ ਹੀ ਭਾਲ ਕੇ ਲਭਿਆ ਅਤੇ ਜਿਨ੍ਹਾਂ ਨੇ ਭਾਲ ਕੇ ਲਭ ਲਿਆ, ਓਹਨਾਂ ਨੂੰ ਗੁਰਮਤਿ ਨਾਮ ਦ੍ਰਿੜ੍ਹ ਹੋ ਕੇ ਉਸ ਦੀ ਅਭਿਆਸ ਕਮਾਈ ਇਸ ਬਿਧਿ ਹੋਈ :

ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥੨॥(੧੫)

ਅਰਥਾਤ ਗੁਰਮੁਖਿ ਨਾਮ ਅਭਿਆਸੀ ਜਨ ਨਾਮ ਨੂੰ ਰਸਨਾ-ਮੁਖ ਦੁਆਰਾ ਭੀ ਜਪਦਾ ਹੈ ਅਤੇ ਹਿਰਦੇ ਨਾਲ ਨਾਮ ਦਾ ਸੁਆਸ-ਸੁਰਤੀ ਅਭਿਆਸ ਭੀ ਕਰਦਾ ਹੈ।

**੨੭. ਗੁਰਮੰਤਰ–ਸ਼ਬਦ–ਨਾਮ–ਸਮ-ਅਰਥ ਹਨ** : ਰਸਨਾ ਅਤੇ ਮੁਖ ਦੁਆਰਾ ਉਚਾਰੇ ਜਾਣ ਕਰਿ ਹੀ ਗੁਰਮੰਤਰ ਗੁਰਮਤਿ ਨਾਮ ਨੂੰ ਗੁਰਬਾਣੀ ਅੰਦਰ ਗੁਰਸ਼ਬਦ ਕਰਕੇ ਉਚਾਰਨ ਕੀਤਾ ਜਾਂਦਾ ਹੈ । ਨਾਮ ਅਤੇ ਸ਼ਬਦ ਦਾ ਭਾਵ ਇਕੋ ਹੀ ਹੈ, ਜੈਸਾ ਇਸ ਗੁਰਵਾਕ ਦੇ ਭਾਵ ਤੋਂ ਸਪੱਸ਼ਟ ਹੈ :

ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥
ਰਹਾਉ॥(੪॥੧॥੨) ਭੈਰਉ ਮ: ੧, ਪੰਨਾ ੧੧੨੫

ਗੁਰਮੰਤਰ ਪ੍ਰਥਾਇ ਗੁਰਬਾਣੀ ਅੰਦਰ ਕਿਤੇ 'ਸ਼ਬਦ' ਵਰਤਿਆ ਜਾਂਦਾ ਹੈ ਕਿਤੇ 'ਨਾਮ'। ਪ੍ਰੰਤੂ ਤਤ ਭਾਵ ਦੋਹਾਂ ਦਾ ਇਕੋ ਹੀ ਹੈ। ਨਿਸ਼ਾਨਾ ਗੁਰਮੰਤਰ ਗੁਰਮਤਿ ਨਾਮ ਦਾ ਹੀ ਹੈ। ਪਹਿਲਾਂ ਬੈਖਰੀ ਬਾਣੀ ਦੁਆਰਾ ਹੀ ਨਾਮ ਜਪਣ ਦਾ ਤੋਰਾ ਤੁਰਦਾ ਹੈ, ਫੇਰ ਸੁਰਤਿ-ਸੁਆਸੀ-ਅਭਿਆਸ ਆਪੇ ਹੀ ਚਲ ਪੈਂਦਾ ਹੈ । ਸੁਰਤਿ-ਸੁਆਸੀ-


www.sikhbookclub.com

ਅਭਿਆਸ ਕਰਦਿਆਂ ਹੋਇਆਂ ਭੀ ਰਸਨਾ ਦੁਆਰਾ "ਰੂ" ਪ੍ਰਗਾਸੀ ਜਾਪ-ਜੁਗਤਿ ਦੀ ਅਰਿਸੇ ਕਰਕੇ ਲੋੜ ਰਹਿੰਦੀ ਹੈ। ਤਾਂ ਤੇ ਰਸਨਾ ਦੁਆਰਾ ਨਾਮ ਜਪਣ ਦੀ ਹਦ-ਬੰਨ੍ਹ ਕੋਈ ਨਹੀਂ ਕਿ ਸੁਰਤਿ-ਸੁਆਸੀ-ਜੁਗਤਿ ਬਣਿ ਆਉਣ ਕਰਿ ਰਸਨਾ ਦਾ ਜਾਪ ਮੁਕ ਜਾਂਦਾ ਹੈ। ਜਿਸ ਜਿਸ ਆਤਮ-ਅਵਸਥਾ ਵਿਚ ਜਿਉਂ ਜਿਉਂ ਅਧਿਕ ਰਸਨਾ-ਜਾਪ ਹੋਵੇਗਾ ਤਿਉਂ ਤਿਉਂ ਅਧਿਕ ਤੋਂ ਅਧਿਕ ਇਸ ਦਾ ਆਨੰਦ ਆਵੇਗਾ ਅਤੇ ਪ੍ਰਕਾਸ਼-ਕਲਾ ਦਾ ਵਿਸਥਾਰ ਭੀ ਵਧ ਤੋਂ ਵਧ ਹੁੰਦਾ ਜਾਵੇਗਾ। ਤਦੇ ਤਾਂ ਅਗਲੇਰੀ ਤੁਕ ਦਸਦੀ ਹੈ ਕਿ "ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ", ਕਿ ਰਸਨਾ ਦੁਆਰਾ ਨਾਮ ਜਪਣ ਦੀ ਗਤਿ ਮਤਿ ਸਮਰਥਾ ਐਥੋਂ ਤਾਈਂ ਹੈ ਕਿ ਇਸ ਦੇ ਜਪਦਿਆਂ ਹਰੀ ਪ੍ਰਮਾਤਮਾ ਨੂੰ ਪਾ ਲਈਦਾ ਹੈ ਸਹਜੇ ਹੀ, ਪਰ ਗੁਰਮੁਖਿ ਭਾਲ ਦੁਆਰਾ। "ਗੁਰਮੁਖਿ ਭਾਲਿ" ਦੇ ਗੁਹਜ-ਗੁਰਮਤੀ-ਭਾਵ ਪਹਿਲੇ ਹੀ ਬਿਸਥੀਰਨ ਹੋ ਚੁੱਕੇ ਹਨ। ਵਾਹੁ ਵਾਹੁ ਦੀ ਮਹਿਮਾ ਦਾ ਅਗਲੇਰਾ ਸਲੋਕ ਸਲਾਹੁਣ ਯੋਗ ਨਾਮੀ ਦੇ ਨਾਮ ਜਪਣ ਦੀ ਵਿਲੱਖਣ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ :

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣ ਦਾਤਾ ਮਤਿ ਧੀਰੁ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸੰਬਾਹਿ ॥
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥੧॥
(੧੬) ਸਲੋਕ ਮ: ੩, ਗੂਜਰੀ ਕੀ ਵਾਰ, ਪੰਨਾ ੫੧੪-੧੫

ਜਿਸ ਸਿਫਤ-ਸਲਾਹੁਣ-ਯੋਗ ਨਾਮੀ ਅਕਾਲ ਪੁਰਖ ਨੂੰ ਗੁਰਮਤਿ ਨਾਮ ਦੁਆਰਾ ਸਲਾਹੀਦਾ ਹੈ, ਉਹ ਏਤਨੀ ਵਿਸ਼ੇਸ਼ਤਾ ਵਾਲਾ ਹੈ ਤੇ ਉਹ ਸੱਚਾ ਗਹਿਰ ਗੰਭੀਰ ਹੈ, ਉਹ ਗੁਣ-ਦਾਤਾ ਮਤਿ ਧੀਰ ਹੈ। ਉਹ ਸਰਬ ਵਿਆਪਕ ਹੈ, ਉਹ ਸਰਬ ਪ੍ਰਤਿ-ਪਾਲਕ ਹੈ, ਉਹ ਇਕ ਹੈ। ਉਹ ਸਤਿਗੁਰ ਦੁਆਰਾ ਗੁਰ ਪ੍ਰਸਾਦਿ ਕਰਿ ਹੀ ਲਖਿਆ ਜਾਂਦਾ ਹੈ।

**੨੮. ਨਾਮ ਜਪਣ ਵਾਲੇ ਨੂੰ ਤ੍ਰਿਭਵਣ ਸੋਝੀ ਹੁੰਦੀ ਹੈ :** ਗੁਰਮਤਿ ਨਾਮ ਦੇ ਜਪਣ ਕਰਿ, ਵਾਹਿਗੁਰੂ ਨਾਮੀ ਦੇ ਇਹ ਵਿਸ਼ੇਸ਼ਣ ਪਰਤੱਖ ਪ੍ਰਗਟ ਪਾਹਾਰੇ ਜਾਪਣਗੇ। ਏਹਨਾਂ ਚਿੰਨ੍ਹ ਵਿਸ਼ੇਸ਼ਣਾਂ ਵਾਲਾ ਅਕਾਲ ਪੁਰਖ ਸਾਂਗੋ ਪਾਂਗ ਦਿਸੇਗਾ। ਜੈਸਾ ਕਿ ਸਤਿਗੁਰਾਂ ਨੇ ਆਪਣੀ ਅਖੀਂ ਡਿੱਠਾ ਅਤੇ ਪਰਤੱਖ ਦੇਖ ਕੇ ਤੱਤ-ਸਰੂਪ ਲਖਸ਼ਣੀ ਮੂਲ ਮੰਤ੍ਰ ਉਚਾਰਨ ਕੀਤਾ। ਅਕਾਲ ਪੁਰਖ ਨੇ ਆਪ ਉਚਾਰਨ ਕਰਵਾਇਆ। ਅਗਲੇ ਸਲੋਕ ਵਿਚ ਨਾਮ ਜਪਣ ਵਾਲਿਆਂ ਦੀ ਮਹਿਮਾ ਮਹੱਤਤਾ ਅਤੇ ਗੁਰਮਤਿ

ਨਾਮ ਤੋਂ ਘੁੱਥਿਆਂ ਦੀ ਅਧੋਗਤੀ ਤੇ ਮਨਮੁਖਤਾ ਦਾ ਵਰਣਨ ਹੈ। ਯਥਾ :

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥
ਓਨ੍ਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥
(੧੬) ਮ: ੩, ਵਾਰ ਗੂਜਰੀ, ਪੰਨਾ ੫੧੫

ਭਾਵ ਜਿਤੜੇ ਗੁਰਮੁਖਿ ਜਨ ਹਨ, ਸੋ ਤਾਂ ਸਦਾ ਹੀ ਸਿਫਤਿ ਸਲਾਹ ਕਰਦੇ ਰਹਿੰਦੇ ਹਨ, ਅਰਥਾਤ ਖਿਨ ਖਿਨ ਨਾਮੁ ਜਪਦੇ ਰਹਿੰਦੇ ਹਨ, ਅਤੇ ਜਿਹੜੇ ਮਨਮੁਖ ਗੁਰੂ ਤੋਂ ਬੇਮੁਖ ਆਪਣੇ ਮਨ ਦੇ ਮਗਰ ਲਗ ਕੇ ਚਲਣ ਵਾਲੇ ਹਨ, ਓਹਨਾਂ ਨੂੰ ਇਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ । ਉਹ ਬਿਖ ਰੂਪ ਮਾਇਆ ਵਿਚ ਖਚਤ ਹੋ ਕੇ ਮਰੇ ਖਪੇ ਰਹਿੰਦੇ ਹਨ। ਉਹਨਾਂ ਨੂੰ ਮਨ ਦੇ ਹੰਕਾਰ ਕਰਿ ਨਾਮ ਜਪਣਾ, ਅਰਥਾਤ ਸਿਫਤ ਸਾਲਾਹ ਨਹੀਂ ਭਾਵੰਦੀ। ਤਾਂਤੇ ਉਹਨਾਂ ਨੂੰ ਕਦੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਸਦਾ ਹੀ ਉਹਨਾਂ ਦੀ ਅਵਰਦਾ ਦੁਖ ਹੀ ਦੁਖ ਵਿਚ ਵਿਹਾਉਂਦੀ ਰਹਿੰਦੀ ਹੈ। ਪਰ ਗੁਰਮੁਖਿ ਸਦਾ ਹੀ ਨਾਮ ਅੰਮ੍ਰਿਤ ਦੇ ਗਟਾਕ ਭੁੰਚਦੇ ਰਹਿੰਦੇ ਹਨ, ਅਤੇ ਇਕ-ਰਸ, ਇਕ-ਤਾਰ ਇਕ-ਲਿਵ ਨਾਮ ਹੀ ਜਪਦੇ ਰਹਿੰਦੇ ਹਨ। ਇਸ ਬਿਧਿ ਗੁਰਮੁਖ ਨਾਮ ਜਪਣਹਾਰਿਆਂ ਦਾ ਹਿਰਦਾ ਅਜਿਹਾ ਨਿਰਮਲ ਅਤੇ ਸੁਧ ਹੋ ਜਾਂਦਾ ਹੈ ਕਿ ਉਹਨਾਂ ਨੂੰ ਸਹਿਜੇ ਹੀ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ।

੨੯. ਨਾਮ ਜਪਣ ਦੀ ਜੁਗਤੀ : ਅਗਲੇ ਸਲੋਕ ਵਿਖੇ ਫੇਰ ਵਾਹੁ ਵਾਹੁ ਸਿਫਤਿ ਸਾਲਾਹ ਕਰਨ, ਅਰਥਾਤ ਗੁਰਮਤਿ ਨਾਮ ਜਪਣ ਦੀ ਲੀਲ੍ਾ, ਲਲਿਤ ਵਡਿਆਈ ਵਰਣਨ ਹੈ :

ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ ॥
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨਿ ਚਿੰਦਿਆ ਫਲੁ ਪਾਇ ॥
ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ ਕੈ ਸੰਗਿ ਮਿਲਾਇ ॥
ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ ॥
ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥੧॥
(੧੭) ਸਲੋਕ ਮ: ੩, ਵਾਰ ਗੂਜਰੀ, ਪੰਨਾ ੫੧੫

ਇਸ ਗੁਰਵਾਕ ਦਾ ਗੁਰਦੀਖਿਤ ਸਿਧਾਂਤ ਇਹ ਹੈ ਕਿ ਗੁਰਮਤਿ ਨਾਮ ਦੀ ਸਦਾ ਜਾਪ-ਮਈ ਸਿਫਤਿ-ਸਲਾਹ ਸੇਈ ਗੁਰਮੁਖ ਜਨ ਕਰਦੇ ਹਨ, ਜਿਨ੍ਹਾਂ ਨੂੰ

ਨਾਮ ਜਪਣ ਦੀ ਜੁਗਤੀ ਸਤਿਗੁਰੂ ਦੁਆਰਾ ਨਾਮੀ ਅਕਾਲ ਪੁਰਖ ਆਪੇ ਹੀ ਬੁਝਾਇ ਦਿੰਦਾ ਹੈ । ਨਾਮ ਜਪਣ ਦੀਆਂ ਆਪ-ਹੁਦਰੀਆਂ ਮਨ ਦੀਆਂ ਮੱਤਾਂ-ਬੁਧਾਂ ਸਭ ਮਿਥਿਆ ਹਨ । ਗੁਰ-ਜੁਗਤੀ ਦੁਆਰਾ ਦ੍ਰਿੜ੍ਹ ਹੋਏ ਨਾਮ ਜਪਣ ਕਰਿ, ਮਨੁ ਨਿਰਮਲ ਹੁੰਦਾ ਹੈ ਅਤੇ ਹਉਮੈ ਦਾ ਬਿਨਾਸ ਹੁੰਦਾ ਹੈ । ਜਿਹੜਾ ਗੁਰਮੁਖਿ ਨਿਤਾਪ੍ਰਤਿ (ਅਹਿਨਿਸ) ਨਾਮ ਜਪਦਾ ਹੈ, ਵਾਹੁ ਵਾਹੁ ਕਰਿ ਸਿਫਤ ਸਲਾਹ ਕਰਦਾ ਹੈ, ਤਿਸਨੂੰ ਮਨਚਿੰਦਿਆ ਫਲੁ ਪ੍ਰਾਪਤ ਹੁੰਦਾ ਹੈ । ਵਾਹੁ ਵਾਹੁ ਕਰਿ ਗੁਰਮਤਿ ਨਾਮ ਜਪਣ ਵਾਲੇ ਗੁਰਮੁਖ ਜਨ ਹੀ ਸੁੰਦਰ ਸੋਹਣੇ ਹਨ । ਤਿਨ੍ਹਾਂ ਦੀ ਸੰਗਤਿ ਵਿਚਿ ਮਿਲੇ ਰਹਿਣ ਦੀ ਯਾਚਨਾ ਦ੍ਰਿੜ੍ਹਾਉਂਦੇ ਹਨ । ਫੇਰ ਅਕਾਂਖਿਆ ਪ੍ਰਤਿਪਾਦਨ ਕਰਦੇ ਹਨ ਕਿ ਹਿਰਦੇ ਕਰਕੇ ਭੀ ਵਾਹੁ ਵਾਹੁ ਉਚਰਦੇ ਰਹੀਏ ਅਤੇ ਮੁਖੋਂ ਭੀ ਵਾਹੁ ਵਾਹੁ ਕਰਦੇ ਰਹੀਏ ।

**੩੦. ਸੱਚ-ਪਦਾਰਥ ਤੇ ਨਾਮ-ਨਾਮੀ ਅਭੇਦਤਾ** : ਇਸ ਬਿਧਿ ਜਿਹੜੇ ਗੁਰਮੁਖ ਜਨ ਨਾਮ ਜਪਦੇ ਹਨ, ਗੁਰ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਤਿਨ੍ਹਾਂ ਪ੍ਰਤੀ ਆਪਣਾ ਤਨ ਮਨ ਸਭ ਅਰਪ ਦੇਵਾਂ । ਵਾਹੁ ਵਾਹੁ ਦੀ ਮਹਿਮਾ-ਮਈ ਅਗਲੇਰਾ ਗੁਰਵਾਕ ਇਹ ਹੈ :

ਵਾਹੁ ਵਾਹੁ ਸਾਹਿਬ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ ॥
ਜਿਨੀ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ ਬਲਿਹਾਰੈ ਜਾਉ ॥
ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ ॥
ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥
ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮ ਕੰਕਰੁ ਨੇੜਿ ਨ ਆਵੈ॥੨॥
(੧੭) ਮ: ੩, ਵਾਰ ਗੂਜਰੀ, ਪੰਨਾ ੫੧੫

ਇਸ ਸਲੋਕ ਦੁਆਰਾ ਇਹ ਗੱਲਾਂ ਸਿੱਧ ਹੁੰਦੀਆਂ ਹਨ : ਸਾਹਿਬ ਸਤਿ ਪੁਰਖ ਵਾਹਿਗੁਰੂ ਅਕਾਲ ਪੁਰਖ ਹੀ ਹੈ । ਗੁਰਬਾਣੀ ਅੰਦਰ ਜਿਥੇ ਭੀ 'ਸਚੁ' ਪਦ ਆਇਆ ਹੈ ਓਹ ਸਤਿ ਪੁਰਖ ਅਕਾਲ ਦਾ ਹੀ ਵਾਚਕ ਹੈ । ਸੱਚ ਬੋਲਣ ਦੇ ਅਰਥਾਂ ਵਾਲਾ 'ਸਚੁ' ਪਦ ਭੀ ਗੁਰਬਾਣੀ ਅਨੁਸਾਰ ਸਤਿ ਨਾਮ ਹੈ, ਸੱਚ ਬੋਲਣਾ ਆਦਿਕ ਇਖ਼ਲਾਕੀ ਗੁਣ, ਇਹ ਉਰੇਡੇ ਦੇ ਗੁਣ ਹਨ । "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ"* ਗੁਰਮਤਿ ਸੱਚ ਦੇ ਪ੍ਰਤੀਪਾਦਨ ਪ੍ਰਥਾਇ ਗੁਰਪ੍ਰਮਾਣਾਂ ਸਹਿਤ ਇਕ ਵਖਰੀ ਪੁਸਤਕ "ਗੁਰਮਤਿ ਸਚਿ ਨਿਰਣੇ" ਛਪ ਚੁਕੀ ਹੈ। ਉਸ ਸੱਚੇ ਸਾਹਿਬ ਦਾ ਵਾਹੁ ਵਾਹੁ ਪ੍ਰਤਿਪਾਦਕੀ ਨਾਮ ਅੰਮ੍ਰਿਤੁ ਹੈ, ਅਰਥਾਤ ਅੰਮ੍ਰਿਤ ਰੂਪ ਹੈ ਤੇ ਅੰਮ੍ਰਿਤ-ਕਲਾ ਸੰਪੰਨ ਹੈ । ਜਿਨ੍ਹਾਂ ਨੇ ਇਸ ਨੂੰ ਸੇਵਨ ਕੀਤਾ ਹੈ, ਤਿਨ੍ਹਾਂ ਨੇ ਹੀ ਅੰਮ੍ਰਿਤ ਫਲ ਪਾਇਆ ਹੈ ।

---

*ਸਿਰੀਰਾਗੁ ਮ: ੧, ॥੫॥ (੮॥੧੪), ਪੰਨਾ ੬੨

 www.sikhbookclub.com

ਗੁਰਬਾਣੀ ਅੰਦਰ ਨਾਮ ਜਪਣਾ ਨਾਮੀ ਦੀ ਮੁਖ ਟਹਿਲ ਸੇਵਾ ਹੈ। ਯਥਾ ਗੁਰਵਾਕ :

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥੧੫॥

ਥਿਤੀ ਗਉੜੀ ਮ: ੫, ਪੰਨਾ ੩੦੦

ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ਰਹਾਉ॥

(੪॥੨੧) ਸਿਰੀਰਾਗੁ ਮ: ੩, ਪੰਨਾ ੬੬

ਇਸ ਗੁਰਮਤਿ ਭਾਵ ਪ੍ਰਥਾਇ ਹੋਰ ਅਨੇਕ ਪ੍ਰਮਾਣ ਹਨ । "ਵਾਹੁ ਵਾਹੁ ਗੁਣੀ ਨਿਧਾਨੁ" ਵਾਹਿਗੁਰੂ ਸੱਚਾ ਸਾਹਿਬ ਗੁਣੀ ਨਿਧਾਨ ਹੈ, ਜਿਸ ਨੂੰ ਚਾਹੇ ਤਿਸ ਨੂੰ ਅੰਮ੍ਰਿਤ ਫਲ ਅੰਮ੍ਰਿਤ ਨਾਮ ਦੀ ਦਾਤਿ ਦੇਵੇ । ਵਾਹਿਗੁਰੂ ਅਕਾਲ ਪੁਰਖ ਜਲਾਂ ਥਲਾਂ ਵਿਖੇ ਪਰੀਪੂਰਨ ਹੈ, ਪਰ ਗੁਰਮੁਖ ਜਨਾਂ ਨੂੰ ਹੀ, ਗੁਰਮਤਿ ਨਾਮ ਦੇ ਜਪਣ ਵਾਲਿਆਂ ਨੂੰ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ। ਅਕਾਲ ਪੁਰਖ ਦਾ ਸਰਬ ਵਿਆਪਕ ਅਨਮਾਨ (ਖ਼ਿਆਲ) ਕਰ ਲੈਣਾ ਹੀ ਕਾਫ਼ੀ ਨਹੀਂ। ਪਰੀਪੂਰਨਤਾ ਦਾ ਅਨੁਮਾਨ ਮਾਤਰ ਗਿਆਨ ਗੁਰਮਤਿ ਗਿਆਨ ਨਹੀ । ਅਕਾਲ ਪੁਰਖ ਦੀ ਪ੍ਰਾਪਤੀ, ਅਕਾਲ ਪੁਰਖ ਦਰਸ-ਮਿਲਾਪੀ ਸਾਖਸ਼ਾਤਕਾਰ ਹੀ ਤਤ ਗੁਰਮਤਿ ਗਿਆਨ ਹੈ । ਪਿਛਲੀਆਂ ਦੋ ਤੁਕਾਂ ਅੰਦਰ ਗੁਰੂ ਸਾਹਿਬ ਹੁਕਮ ਦਿੰਦੇ ਹਨ ਕਿ ਹੇ ਗੁਰਸਿਖੋ ! ਤੁਸੀਂ ਸਭੇ ਸਾਰੇ ਜਣੇ ਹੀ ਗੁਰਸਿਖ ਸਦਾਵਣ ਵਾਲੇ ਨਿਤਾਪ੍ਰਤਿ ਵਾਹੁ ਵਾਹੁ ਪ੍ਰਤਿਪਾਦਕੀ ਨਾਮ ਦਾ ਰਟਨ ਕਰੋ, ਕਿਉਂਕਿ ਗੁਰ ਪੂਰੇ ਨੂੰ ਇਹੋ ਰਟਨ ਭਾਉਂਦਾ ਹੈ। ਫੇਰ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜੋ ਗੁਰਸਿਖ ਮਨੋ ਚਿਤ ਵਾਹੁ ਵਾਹੁ ਪ੍ਰਤਿਪਾਦਕੀ ਪੂਰੇ ਨਾਮ ਦਾ ਰਟਨ ਕਰਦੇ ਹਨ, ਤਿਨ੍ਹਾਂ ਦੇ ਜਮ ਕੰਕਰੁ ਨੇੜੇ ਨਹੀਂ ਆਉਂਦਾ । ਵਾਹੁ ਵਾਹੁ ਵਾਲੇ ਸਭ ਤੋਂ ਪਿਛਲੇ ਗੁਰਵਾਕ ਦੀ ਵਿਵੇਚਨਾ ਇਸ ਪ੍ਰਕਾਰ ਹੈ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥(੧੮)

ਸਲੋਕ ਮ: ੩, ਵਾਰ ਗੂਜਰੀ, ਪੰਨਾ ੫੧੫-੧੬

ਵਾਹੁ ਵਾਹੁ ਰੂਪੀ ਬਾਣੀ ਵਾਹਿਗੁਰੂ ਨਿਰੰਕਾਰ ਸੰਬੋਧਕ ਹੈ, ਅਰਥਾਤ ਨਾਮ ਨਾਮੀ ਅਭੇਦ ਹਨ। ਅਤੇ ਨਾਮ, ਗੁਰਮਤਿ ਨਾਮ, ਨਿਰੰਕਾਰ ਨਾਮੀ ਸਰੂਪ ਹੋਣ ਕਰਿ ਅਗੰਮ ਅਤੇ ਅਥਾਹ ਹੈ। ਅਤੇ ਨਾਮੀ ਨਾਲ ਅਭੇਦ ਰੂਪ ਹੋਣ ਕਰਿ ਗੁਰਮਤਿ ਨਾਮ ਵਾਹੁ ਵਾਹੁ ਦੀ ਸਿਫਤ ਸਲਾਹ ਵਾਲਾ "ਸਚਾ ਸੋਇ" ਅਰਥਾਤ ਸਚਾ ਅਕਾਲ ਰੂਪ ਹੀ ਹੈ। ਇਹ ਵਾਹੁ ਵਾਹੁ ਦੀ ਸਿਫ਼ਤ-ਸਾਲਾਹ ਵਾਲਾ ਗੁਰਮਤਿ ਨਾਮ ਵਾਹਿਗੁਰੂ ਅਕਾਲ

 www.sikhbookclub.com

ਪੁਰਖ ਦਾ ਸਰੂਪ ਹੋਣ ਕਰਿ, ਵੇਪਰਵਾਹ ਕਲਾ ਵਾਲਾ ਸਰਬ ਕਲਾਂ ਸਮਰੱਥ ਹੈ। ਇਹ ਗੁਰਮੰਤਰ 'ਵਾਹਿਗੁਰੂ' ਹੀ ਅੰਮ੍ਰਿਤ ਨਾਮੁ ਹੈ, ਜੋ ਕਿਸੇ ਗੁਰਮੁਖ ਪਿਆਰੇ ਨੂੰ ਹੀ ਮਿਲਦਾ ਹੈ। ਇਹ ਗੁਰਮਤਿ ਨਾਮ ਦਯਾ ਅਤੇ ਕਿਰਪਾ ਕਰਿ ਹੀ ਪ੍ਰਾਪਤ ਹੁੰਦਾ ਹੈ ਅਤੇ ਜਿਸ ਗੁਰਮੁਖ ਨੂੰ ਇਹ ਗੁਰਮੰਤਰ ਪ੍ਰਾਪਤ ਹੋਇਆ ਹੈ, ਉਸ ਦੀ ਪ੍ਰਾਪਤੀ ਦੀ ਇਹ ਨੀਸ਼ਾਨੀ ਹੈ ਕਿ ਉਹ "ਅਨਦਿਨੁ ਨਾਮੁ ਲਏਇ", ਦਿਨ ਰਾਤ ਸੁਆਸਿ-ਸੁਆਸਿ ਨਾਮ ਹੀ ਜਪਦਾ ਰਹਿੰਦਾ ਹੈ।

ਉਪਰ ਦਿਤੇ ਸਮੂਹ ਗੁਰਪ੍ਰਮਾਣਾਂ ਦੇ ਸਿਧਾਂਤ ਦਾ ਇਹੋ ਸਿੱਟਾ ਨਿਕਲਿਆ ਕਿ ਪੂਰਨ ਗੁਰਮਤਿ ਬਿਧੀ ਅਨੁਸਾਰ ਗੁਰੂ ਦੁਆਰਾ (ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜਾਂ ਨਾਮ ਦੀ ਕਮਾਈ ਵਾਲੇ ਪਿਆਰਿਆਂ ਦੁਆਰਾ) ਪ੍ਰਾਪਤ ਹੋ ਕੇ ਗੁਰਸਿਖ ਅਭਿਆਸੀ ਜਨ ਨੂੰ ਦ੍ਰਿੜ੍ਹ ਹੋਇਆ ਗੁਰਮਤਿ ਨਾਮ, ਮੁਖ ਰਸਨਾ ਰਾਹੀਂ ਜਪਣ ਕਰਿ ਕਦੇ ਨਿਸਫਲ ਨਹੀਂ ਜਾਂਦਾ। ਨਾਮ ਜਪਣ ਦੀ ਪਾਰਸ-ਕਲਾ ਜ਼ਰੂਰ ਵਰਤਦੀ ਹੈ।

ਨਾਮ ਜਪਣ ਦੇ ਜੋ ਜੋ ਫਲ ਉਪਰਲੇ ਗੁਰ-ਪ੍ਰਮਾਣਾਂ ਅੰਦਰਿ ਬਿਆਨ ਕੀਤੇ ਗਏ ਹਨ, ਓਹ ਅਵੱਸ਼ ਹੀ ਜਪਣ ਵਾਲੇ ਨੂੰ ਮਿਲਦੇ ਹਨ ਅਤੇ ਖ਼ੁਦ ਨਾਮੁ ਜਪ ਕੇ ਪਾਰਸ ਪਰਤਾਪ ਕਰਿ ਹੀ ਪ੍ਰਾਪਤ ਹੁੰਦੇ ਹਨ। ਮਨਮੁਖ ਨਾਮ ਬਿਹੂਣੇ ਦਾ ਮੁਖੋਂ ਹਰਿ ਹਰਿ ਕਰਨਾ ਬੇਅਰਥ ਹੈ, ਕਿਉਂਕਿ ਉਸ ਨੂੰ ਗੁਰੂ ਦੁਆਰਾ ਗੁਰਮਤਿ ਨਾਮ ਪ੍ਰਾਪਤ ਨਹੀਂ ਹੋਇਆ। ਓਥੇ ਨਾਮ ਦੀ ਪਾਰਸ-ਕਲਾ ਨਹੀਂ ਵਰਤ ਸਕਦੀ ਅਤੇ ਨਾ ਹੀ ਉਸ ਦਾ ਹਿਰਦਾ ਸ਼ੁਧ ਹੋ ਸਕਦਾ ਹੈ ਅਤੇ ਨਾ ਹੀ ਓਹ ਵਿਕਾਰਾਂ ਦੇ ਚਿਤਵਨ ਤੋਂ ਅਤੇ ਵਿਕਾਰੀ ਕਰਮ ਕਰਨ ਤੋਂ ਬਾਜ਼ ਆ ਸਕਦਾ ਹੈ। ਵਾਸਤਵ ਵਿਚ ਮਨਮੁਖ ਤਾਂ ਨਾਮ ਜਪ ਹੀ ਨਹੀਂ ਸਕਦਾ। ਸੁਣੀ ਸੁਣਾਈ ਲੋਕ-ਦਿਖਾਵੇ ਮਾਤਰ ਚਾਰ ਮਿੰਟ ਆਪਣੀ ਮਨ-ਉਕਤ ਬਰੜ ਬਾਣੀ ਕਰੇਗਾ, ਫਿਰ ਹਟ ਜਾਏਗਾ। ਨਾਮ ਜਪਣ ਵਾਲੇ ਦੀ ਨੀਸ਼ਾਨੀ ਇਹ ਹੈ ਕਿ ਉਹ "ਅਨਦਿਨੁ ਨਾਮੁ ਲਏਇ"। ਅਤੇ ਜਿਹੜੇ ਅਨਦਿਨ ਨਾਮ ਜਪਦੇ ਹਨ, ਓਹਨਾਂ ਦੇ ਮਨ ਸ਼ੁਧ ਹੁੰਦੇ ਚਲੇ ਜਾਂਦੇ ਹਨ। ਓਹਨਾਂ ਦੀ ਰਸਨਾ ਉਤੇ ਨਾਮ ਦਿਨੋ ਦਿਨ ਦੂਣ ਸਵਾਇਆ ਹੋਰੋ ਹੋਰ ਰੰਗਾਂ ਤੁੰਗਾਂ ਵਿਚ ਚੜ੍ਹਦਾ ਰਹਿੰਦਾ ਹੈ। ਓਹ ਬੁਰੇ ਕਰਮਾਂ ਵਿਚ ਪਰਵਿਰਤ ਹੋਣੋਂ ਨਾਮ ਦੇ ਤੁਫ਼ੈਲ ਸਦਾ ਰੁਕੇ ਰਹਿੰਦੇ ਹਨ। ਬਿਕਾਰਾਂ ਵਿਚ ਖਚਤ ਹੋ ਹੀ ਨਹੀਂ ਸਕਦੇ। ਮਨ ਤਾਂ ਨਾਮ ਵਿਚ ਹੀ ਰੁਝਿਆ ਹੋਇਆ ਹੈ, ਮਨ ਨੂੰ ਬਿਕਾਰ ਚਿਤਵਨ ਦੀ ਫ਼ੁਰਸਤ ਹੀ ਨਹੀਂ ਮਿਲਦੀ। ਜਦ ਬਿਕਾਰ-ਚਿਤਵਨੀ ਹੀ ਨਹੀਂ ਉਪਜਦੀ ਤਾਂ ਬਿਕਾਰ ਕਰਮ ਕਰਨੋਂ ਭੀ ਰਹਿ ਖੜੋਤਾ। ਨਾਮ ਜਪਣ ਰੂਪੀ ਕਰਮ ਤੋਂ ਛੁਟ ਹੋਰ ਕਰਮਾਂ ਵਿਚ ਨਾਮ-ਰਸੀਆ-ਅਭਿਆਸੀ-ਜਨ ਪਰਵਿਰਤ ਅਤੇ ਖਚਤ ਹੀ ਨਹੀਂ ਹੋ ਸਕਦਾ। ਹੋਰ ਕਰਮਾਂ ਦੇ ਕਰਨ ਲਈ ਪਰਵਿਰਤੀ ਭੀ ਰਹਿ ਖੜੋਤੀ। ਨਾਮ ਤੋਂ ਬਿਨਾਂ ਹੋਰ ਖ਼ਿਆਲ ਚਿਤਵਣਾ, ਨਾਮ ਤੋਂ ਬਿਨਾਂ ਰਸਨਾ ਤੇ ਹੋਰ ਕੁਝ ਲਿਆਵਣਾ ਅਤੇ ਅਨਦਿਨ ਨਾਮ ਵਿਚ ਰਤੇ ਰਹਿਣਾ ਇਹ ਗੁਰਮਤਿ

ਅੰਦਰਿ ਮਨ ਬਚ ਕਰਮ ਕਰਕੇ ਨਾਮ ਵਿਚ ਲਗਣਾ ਹੈ।

ਇੱਕ ਸਜਣ ਦੇ ਨਜ਼ਦੀਕ 'ਨਾਮ ਦੇ ਖ਼ਿਆਲ ਵਾਲੀਆਂ ਚਿਤਵਣੀਆਂ ਚਿਤਵਣਾ ਅਤੇ ਨਾਮ ਦੇ ਬੋਧ ਵਾਲੇ ਬਚਨ ਬੋਲਣੇ ਬਿਚਾਰਨੇ ਅਤੇ ਨਾਮ ਦੇ ਭਾਵ ਵਾਲੇ ਕਰਮ ਕਰਨੇ ਇਹੋ ਮਨ ਬਚ ਕਰਮ ਕਰਕੇ ਨਾਮ ਵਿਚਿ ਲਗਣਾ ਹੈ।' ਜੋ ਗੁਰਮਤਿ ਗੂੜ੍ਹ ਭਾਵ ਦੇ ਤੱਤ ਤੋਂ ਐਨ ਉਲਟ ਹੈ। ਇਹ ਸਜਣ ਮਨ ਬਚ ਕਰਮ ਕਰਕੇ ਨਾਮ ਵਿਚਿ ਲਗਣ ਪ੍ਰਥਾਇ ਜੋ ਗੁਰ ਪ੍ਰਮਾਣ ਦਿੰਦੇ ਹਨ, ਉਨ੍ਹਾਂ ਦਾ ਆਸ਼ਾ ਉਨ੍ਹਾਂ ਦੇ ਆਪਣੇ ਆਸ਼ੇ ਅਨਕੂਲ ਨਹੀਂ। ਯਥਾ ਵਿਚਾਰ :

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥੬॥(੧੯)

ਗਉੜੀ ਸੁਖਮਨੀ ਮ: ੫, ਪੰਨਾ ੨੮੯

ਇਸ ਗੁਰਵਾਕ ਅੰਦਰਿ "ਸੁਨਤ ਕਹਤ ਰਹਤ" ਤੋਂ ਭਾਵ ਨਾਮ ਦਾ ਹੀ ਸ੍ਰਵਨ, ਨਾਮ ਦਾ ਹੀ ਮੰਨਣ ਅਤੇ ਨਾਮ ਦਾ ਹੀ ਨਿਧਿਆਸਨ ਹੈ। ਇਹੀ ਮਨ ਬਚ ਕਰਮ ਕਰਕੇ ਨਾਮ ਵਿਚਿ ਲਗਣਾ ਹੈ ਅਤੇ ਅਗਲੇ ਗੁਰਵਾਕ :

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥੩॥

(੧੪) ਗਉੜੀ ਸੁਖਮਨੀ ਮ: ੫, ਪੰਨਾ ੨੮੧

ਅੰਦਰ ਮਨ ਤਨ ਮੁਖ ਕਰਕੇ ਹਰਿ ਬੋਲਣ ਤੋਂ ਭੀ ਮੁਰਾਦ ਮਨ ਬਚ ਕਰਮ ਕਰਕੇ ਨਾਮ ਵਿਚ ਲਗਣਾ ਹੈ। ਤੀਜੇ ਗੁਰਵਾਕ :

ਮਨ ਬਚ ਕ੍ਰਮਿ ਰਾਮੁ ਨਾਮੁ ਚਿਤਾਰੀ ॥
ਘੂਮਨ ਘੇਰਿ ਮਹਾ ਅਤਿ ਬਿਖੜੀ
ਗੁਰਮੁਖਿ ਨਾਨਕ ਪਾਰਿ ਉਤਾਰੀ ॥੧॥ਰਹਾਉ॥(੮॥੨੨)

ਰਾਮਕਲੀ ਮ: ੫, ਪੰਨਾ ੯੧੬

ਅੰਦਰਿ ਭੀ ਮਨ ਬਚ ਕਰਮ ਕਰਿ ਨਾਮ ਜਪਣ ਤੋਂ ਭਿੰਨ ਕੋਈ ਹੋਰ ਨਾਮ ਤੇ ਵਖਰੇ ਕਰਮ ਆਦਿਕ ਤੋਂ ਮੁਰਾਦ ਨਹੀਂ। ਚੌਥੇ ਗੁਰਵਾਕ :

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥੬॥

(੮॥੧॥੨) ਸੂਹੀ ਮ: ੫, ਪੰਨਾ ੭੬੦

ਅੰਦਰ ਸਪੱਸ਼ਟ ਹੀ ਕੇਵਲ ਏਕ ਅਕਾਲ ਪੁਰਖ ਦਾ ਅਰਾਧਣਾ, ਭਾਵ ਏਕੋ ਨਾਮ ਨੂੰ ਮਨ ਬਚ ਕਰਮ ਕਰਿ ਜਪਣਾ ਹੈ। ਨਾਮ ਤੋਂ ਭਿੰਨ ਵਖਰੇ ਕਰਮ, ਖ਼ਿਆਲ ਆਦਿਕ ਤੋਂ ਨਹੀਂ। ਸਜਣ ਜੀ ਦੇ ਖ਼ਿਆਲ ਵਿਚ ਜੇ ਮਨ ਅਤੇ ਕਰਮ ਹੋਰ ਪਾਸੇ ਲਗੇ ਰਹਿਣ ਤਾਂ ਨਿਰਾ ਜਿਹਵਾ ਦਾ ਜਾਪ ਬਿਰਥਾ ਹੈ। ਇਹ ਇਕ ਨਿਰਮੂਲ ਥੀਊਰੀ ਹੈ। ਗੁਰਮੁਖਾਂ ਦਾ ਜਿਹਬਾ ਦੁਆਰਾ ਜਪਿਆ ਨਾਮ ਦਾ ਜਾਪ ਗੁਰੂ ਦ੍ਰਿੜ੍ਹਾਈ ਜੁਗਤੀ ਅਨੁਸਾਰ, ਜਾਂ ਐਉਂ ਕਹੋ ਕਿ ਗੁਰੂ ਦੁਆਰਾ ਦ੍ਰਿੜ੍ਹ ਹੋਇਆ ਗੁਰਮਤਿ ਨਾਮ ਦਾ ਜਾਪ

ਕਦੇ ਬਿਰਥਾ ਜਾ ਨਹੀਂ ਸਕਦਾ । ਆਪਣੀ ਪਾਰਸ-ਕਲਾ ਜ਼ਰੂਰ ਵਰਤਾਉਂਦਾ ਹੈ। ਹਾਂ, ਨਾਮ ਦਾ ਰਸ ਆਵਣ ਤਾਈਂ ਪਹਿਲਾਂ ਪਹਿਲਾਂ ਸਿਲ ਆਲੂਣੀ ਚਟਣ ਵਾਲੀ ਨਾਮ ਕਮਾਈ ਵੇਲੇ ਮਨ ਦੌੜ ਦੌੜ ਕੇ ਬਾਹਰ ਨੂੰ ਜ਼ਰੂਰ ਭਜਦਾ ਨਸਦਾ ਅਤੇ ਨਿਕਲ ਨਿਕਲ ਜਾਂਦਾ ਹੈ; ਪਰ ਜਿਉਂ ਜਿਉਂ ਇਸ ਮਨ-ਮੈਗਲ ਉਤੇ ਨਾਮ ਦਾ ਅੰਕਸ ਦਮ-ਬਦਮ ਵਜਦਾ ਹੈ, ਤਿਉਂ ਤਿਉਂ ਇਹ ਸਣੇ ਸਣੇ ਵਸਗਤਿ ਹੁੰਦਾ ਚਲਿਆ ਆਉਂਦਾ ਹੈ। ਮਨ ਨੂੰ ਮਨ ਦੀ ਸੋਚ ਵਿਚਾਰ ਨਾਲ ਕੋਈ ਵਸਗਤਿ ਨਹੀਂ ਕਰ ਸਕਦਾ। ਅਤੇ ਮਨ ਦੇ ਇਸ ਬਿਧਿ ਸੋਚ-ਵਿਚਾਰੀ ਕਰਮ ਕਿਸੇ ਲੇਖੇ ਭੀ ਨਹੀਂ ਪੈਂਦੇ। ਰਸਨਾ ਕਰਿ ਨਾਮ ਦੀ ਰਟ ਪਈ ਜਾਣ ਕਰਿ, ਸਣੇ ਸਣੇ ਮਨ ਔਝੜ ਪੈਣੋਂ ਹੀ ਰਹਿ ਖੜੋਂਦਾ ਹੈ। ਫੇਰ ਨਾਮ ਵਿਚ ਸਹਿਜੇ ਹੀ ਮਨ ਦੀ ਸੁਰਤੀ ਲਗ ਜਾਂਦੀ ਹੈ । ਰਸਨਾ ਅਤੇ ਸੁਰਤੀ ਕਰਿ ਨਾਮ ਜਪਿਆ ਹੋਇਆ ਸ਼ੀਘਰ ਹੀ ਸੁਰਤੀ ਬਿਰਤੀ ਨੂੰ ਨਾਮ ਰਸਾਇਣੀ ਤਾਰ ਵਿਚ ਪਰੋ ਦਿੰਦਾ ਹੈ । ਇਹ ਨਾਮ-ਰਸ-ਲਿਵਤਾਰ-ਨਾਮ ਜਪਣ ਦੀ ਸਹਿਜ-ਕਰੰਮੀ ਅਨਹਤ ਕਾਰ ਹੋ ਜਾਂਦੀ ਹੈ । ਇਸ ਕਰਕੇ ਨਾਮ ਦਾ ਜਿਹਬਾ ਕਰਿ ਜਪਣਾ ਕਦੇ ਭੀ ਆਹਲਾ ਨਹੀਂ ਜਾ ਸਕਦਾ । ਹਾਂ, ਇਹ ਗੱਲ ਜ਼ਰੂਰੀ ਹੈ ਕਿ ਜਿਨ੍ਹਾਂ ਨੂੰ ਗੁਰੂ ਦੁਆਰਾ ਨਾਮ ਪ੍ਰਾਪਤ ਨਹੀਂ ਹੋਇਆ, ਐਸੇ ਨਿਗੁਰੇ ਨਾਮ-ਹੀਣ ਪੁਰਸ਼ਾਂ ਪ੍ਰਥਾਇ ਉਨ੍ਹਾਂ ਦੇ ਦਿਤੇ ਹੋਏ ਗੁਰ-ਪ੍ਰਮਾਣ ਜ਼ਰੂਰ ਘਟ ਜਾਂਦੇ ਹਨ, ਯਥਾ :

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥(੪॥੪॥੧੩)
ਸੂਹੀ ਮ: ੪, ਪੰਨਾ ੭੩੨

ਨਾਮ ਤਾਂ ਦ੍ਰਿੜ੍ਹ ਨਹੀਂ, ਨਾ ਹੀ ਨਾਮ ਦੀ ਪ੍ਰਾਪਤੀ ਹੈ, ਐਵੇਂ ਦੇਖਾ ਦੇਖੀ, ਸੁਆਂਗੋ ਸੁਆਂਗੀ, ਰੀਸੋ ਰੀਸੀ ਜੋ ਨਾਮ ਜਪਦੇ ਹਨ ਓਹ ਕਪਟ ਕਮਾਂਵਦੇ ਹਨ, ਲੋਕਾਂ ਦੇ ਰੀਝਾਵਣ ਹਿਤ । ਪਰ ਇਸ ਬਿਧਿ ਕਪਟ ਕੀਤਿਆਂ ਓਹਨਾਂ ਦਾ ਹਿਰਦਾ ਸੁਧ ਨਹੀਂ ਹੁੰਦਾ। ਚਾਹੇ ਲੋਕਾਚਾਰੀ ਕਰਮ ਉਹ ਕਿਤਨੇ ਹੀ ਕਰੀ ਜਾਣ ਉਹਨਾਂ ਨੂੰ ਸੁਫਨੇ ਵਿਚ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਦੂਜਾ ਗੁਰ-ਪ੍ਰਮਾਣ :

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥(੫॥੪)
ਸਾਰੰਗ ਮ: ੪, ਪੰਨਾ ੧੧੯੯

ਇਹ ਗੁਰਵਾਕ ਭੀ ਇਹੋ ਦਸਦਾ ਹੈ ਕਿ ਜਿਨ੍ਹਾਂ ਦੇ ਹਿਰਦੇ ਅੰਦਰ ਤਾਂ ਕਪਟ ਅਤੇ ਨਿਤ ਕਪਟ ਕਮਾਉਣਾ ਹੀ ਮਿਥਿਆ ਹੋਇਆ ਹੈ, ਅਤੇ ਓਪਰੇ ਲੇਪ ਪੋਚਾ ਪਾ ਕੇ ਲੋਕਾਂ ਨੂੰ ਜੋ ਹਰਿ ਹਰਿ ਕਰਨਾ ਸੁਣਾਉਂਦੇ ਹਨ, ਉਹਨਾਂ ਦੇ ਅੰਦਰਿ ਮਹਾਂ ਲੋਭ ਗੁਬਾਰ ਹੁੰਦਾ ਹੈ, ਤਾਂ ਦਿਖਾਵੇ ਮਾਤਰ ਦੇ ਬੁਲ੍ਹ ਹਿਲਾਉਣ ਤੋਂ ਕੀ ਬਣਦਾ ਹੈ, ਜੋ ਮਹਿਜ਼ ਲੋਕ-ਦਿਖਾਵਾ ਹੀ ਹੁੰਦਾ ਹੈ । ਜਿਨ੍ਹਾਂ ਦੇ ਹਿਰਦੇ ਅੰਦਰਿ ਨਾਮ ਜਪਣ ਦੀ

ਤੇ ਨਾਮੀ ਨੂੰ ਮਿਲਣ ਦੀ ਲਾਲਸਾ ਲਗੀ ਹੋਈ ਹੈ ਅਤੇ ਜਿਨ੍ਹਾਂ ਨੂੰ ਗੁਰੂ-ਦਇਆ ਕਰਿ ਗੁਰਮਤਿ ਨਾਮ ਦੀ ਜੋਤਿ-ਜੁਗਤਣੀ ਦਾਤਿ ਪ੍ਰਾਪਤ ਹੋ ਚੁਕੀ ਹੈ, ਤਿਨ੍ਹਾਂ ਦਾ ਨਾਮ ਜਪਣਾ ਜ਼ਰੂਰ ਥਾਇ ਪੈਂਦਾ ਹੈ। ਤਿਨ੍ਹਾਂ ਦਾ ਨਾਮ ਜਪਣਾ ਕਉਤਕਹਾਰ ਹੈ ਅਤੇ ਸਰਬ ਫਲ ਪਰਦਾਤਾ ਹੈ :

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥੧੯੦॥

ਸਲੋਕ ਕਬੀਰ ਜੀਉ, ਪੰਨਾ ੧੩੭੪

ਨਾਮ ਕਹਿਣ ਮਾਂਹਿ ਬਿਬੇਕ ਬਿਚਾਰੁ ਕੀ ਹੈ ? ਗੁਰਮਤਿ ਨਾਮ ਦ੍ਰਿੜ੍ਹੰਮਤੀ ਜੁਗਤਿ ਦਾਤਿ ਹੈ। ਤਿਨ੍ਹਾਂ ਦਾ ਜਿਹਬਾ ਕਰਿ ਨਾਮ ਦਾ ਜਾਪ ਕਦਾਂਚ ਭੀ ਕੁਥਾਂਇ ਨਹੀਂ ਪੈਂਦਾ। ਤਿਨ੍ਹਾਂ ਦੇ ਤਾਂ ਸਗੋਂ ਹਿਰਦਾਂਤਰੀ ਵਸੇ ਹੋਏ ਜਨਮ-ਜਨਮਾਂਤਰਾਂ ਦੇ ਲੋਭ ਲਹਿਰ ਆਦਿਕ ਪੰਜੇ ਵਿਕਾਰ ਅਤੇ ਮਨ ਕਪਟ ਰੂਪੀ ਗੁਬਾਰ ਸਭ ਦੂਰ ਹੋ ਜਾਂਦੇ ਹਨ। ਅਤੇ ਤਿਨ੍ਹਾਂ ਦੇ ਹਿਰਦੇ ਸੁਧ ਅਤੇ ਪਾਕ ਪਵਿਤਰ ਹੋ ਜਾਂਦੇ ਹਨ। ਐਸੀ ਹੈ ਗੁਰਮਤਿ ਨਾਮ ਦੀ ਪਾਰਸ-ਕਲਾ। ਇਹ ਪਾਰਸ-ਕਲਾ ਸੰਪੰਨ ਗੁਰਮਤਿ ਨਾਮ ਦ੍ਰਿੜ੍ਹੰਮਤੀ ਦਾਤਿ-ਜੁਗਤਿ ਹੀ ਸਰਬ ਧਿਆਨਾਂ ਸਿਰ ਧਿਆਨ ਜੁਗਤੀ ਹੈ।

ਸੱਜਨ ਜੀ ਨੇ ਕੁਝ ਪ੍ਰਸ਼ਨ ਤੇ ਉਨ੍ਹਾਂ ਦੇ ਉਤਰ ਲਿਖੇ ਹਨ, ਜਿਵੇਂ : "ਜਾਪ ਜਾਂ ਸਿਮਰਨ ਵੇਲੇ ਧਿਆਨ ਕਾਹਦਾ ਧਰੀਏ ?" ਇਸ ਪ੍ਰਸ਼ਨ ਦਾ ਉਤਰ ਆਪ ਇਸ ਪ੍ਰਕਾਰ ਦਿੰਦੇ ਹਨ : "ਸਿਮਰਨ ਵਿਚਿ ਤੇ ਅਰਥ ਪਰ ਮਨ ਨੂੰ ਟਿਕਾਣਾ ਪੈਂਦਾ ਹੈ, ਬਿਨਾਂ ਕਿਸੇ ਰੂਪ ਦੀ ਸਹਾਇਤਾ ਦੇ।" ਪਰ ਆਪ ਨੇ ਇਹ ਨਹੀਂ ਦਸਿਆ ਕਿ ਅਰਥ ਕਾਹਦਾ। ਸਿਮਰਨ ਵਾਲੇ ਸ਼ਬਦ ਦਾ ਧਿਆਨ ਕਰੀਏ ਯਾ ਧੇਯ ਦਾ ? ਪਰ ਨਾਲ ਲਗਦਾ ਹੀ ਇਉਂ ਲਿਖਦੇ ਹਨ ਕਿ "ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ, ਜਿਹਦੇ ਵਿਚ ਇਕੋ ਭਾਵ ਘੁੜੀ ਮੁੜੀ ਵਰਨਣ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ। ਤੇ ਕੀਰਤਨ ਵਿਚ ਅਮੋਲਕ ਚੀਜ਼ ਰਾਗ ਹੈ। ਰਾਗ ਦਾ ਅਸਰ ਮਨੁਖੀ ਮਨ ਤੇ ਬਹੁਤ ਹੈ। ਇਹਦੇ ਵਿਚਿ ਮਨ ਨੂੰ ਆਪਣੀ ਵਲ ਖਿੱਚ ਲੈਣ ਦੀ ਸ਼ਕਤੀ ਹੈ। ਇਸ ਲਈ ਬਾਣੀ ਦਾ ਪਾਠ ਅਤੇ ਕੀਰਤਨ, ਸਿਮਰਨ ਦੇ ਰਾਹ ਵਿਚਿ ਧਾਰਨਾ ਤੇ ਧਿਆਨ ਦਾ ਕੰਮ ਦੇਂਦੇ ਹਨ।" ਇਹ ਹੈ ਆਪ ਦੀ ਸਿਮਰਨ ਸਮੇਂ ਧਿਆਨ ਦੀ ਜੁਗਤਿ ਵਿਆਖਿਆ।

ਇਹ ਉਨ੍ਹਾਂ ਦੀ ਆਪਣੀ ਮਨ-ਉਕਤਿ ਧਿਆਨ ਜੁਗਤਿ ਵਿਆਖਿਆ ਹੈ। ਕੁਛ ਯੋਗ ਦੀ ਸੁਣੀ ਸੁਣਾਈ ਅਤੇ ਤਿਸੇ ਯੋਗ-ਕਸੌਟੀ ਅਨੁਸਾਰ ਗੁਰਮਤਿ ਸਿਮਰਨ ਦੀ ਧਿਆਨ-ਯੁਕਤੀ ਉਪਰ ਘਟਾਈ ਵਿੰਗੀ ਟੇਢੀ ਵਿਆਖਿਆ ਹੈ।

੩੧. ਸ਼ਬਦ-ਸੁਰਤ ਤੇ ਸੱਚੀ ਯੋਗ ਸਾਧਨਾ : "ਗੁਰਮਤਿ ਨਾਮ ਦੇ ਅਭਿਆਸ ਨੂੰ ਅਧਿਕ ਤੋਂ ਅਧਿਕ ਦ੍ਰਿੜ੍ਹਾਉਣ ਅਤੇ ਸੁਰਤਿ-ਸ਼ਬਦ ਸੁਆਸ-ਅਭਿਆਸ ਦਾ

ਖੰਡਾ ਖੜਕਾਉਣ ਲਈ ਨਿਰਸੰਦੇਹ ਬਾਣੀ ਦਾ ਪਾਠ ਅਤੇ ਕੀਰਤਨ ਅਤਿਅੰਤ ਸਹਾਈ ਹਨ। ਪ੍ਰੰਤੂ ਜਾਪ-ਸਿਮਰਨ ਦੇ ਅਭਿਆਸੀ ਜਨ ਨੂੰ ਹਰ ਸਮੇਂ ਸੁਆਸਿ ਸੁਆਸਿ ਇਹ ਸਹਾਇਤਾ ਨਹੀਂ ਮਿਲ ਸਕਦੀ। ਤਾਂਤੇ ਜੇਕਰ ਬਾਣੀ ਦੇ ਪਾਠ ਅਤੇ ਕੀਰਤਨ ਦਾ ਅਵਸਰ ਨ ਬਣੇ ਤਾਂ ਫੇਰ ਆਪ ਦੀ ਧਾਰਨਾ ਅਤੇ ਧਿਆਨ ਦਾ ਕੰਮ ਕਿਕੂੰ ਚਲੂ ? ਜਾਪ-ਸਿਮਰਨ ਤਾਂ ਅਠੇ ਪਹਿਰ ਜਾਰੀ ਰਹਿਣਾ ਹੋਇਆ।"

ਐਸਾ ਜਾਪਦਾ ਹੈ ਕਿ ਆਪ ਦੇ ਖ਼ਿਆਲ ਅੰਦਰਿ ਯੋਗੀ ਜਨਾਂ ਵਾਲੀ ਧਿਆਨ-ਯੁਕਤੀ ਵਾਲਾ ਅਕਸ ਜੰਮਿਆ ਹੋਇਆ ਹੈ, ਕਿਉਂਕਿ ਉਹ ਸਮਾਧੀ ਲਾਉਣ ਲਗੇ ਕੇਵਲ ਕਿੰਚਤ-ਮਾਤਰੀ-ਕਾਲ ਲਈ ਹੀ ਧਿਆਨ ਜੋੜਦੇ ਹਨ ਅਤੇ ਖ਼ਾਸ ਖ਼ਾਸ ਬੱਧੇ ਸਮਿਆਂ ਅੰਦਰ ਹੀ ਧਿਆਨ-ਚਿੱਲਿਆਂ ਵਿਚ ਬੈਠਦੇ ਹਨ । ਸਮਾਧ-ਸਿਧੀ ਪਸਚਾਤ ਤਿਨ੍ਹਾਂ ਨੂੰ ਧਿਆਨ ਜੋੜਨ ਦੀ ਲੋੜ ਨਹੀਂ ਰਹਿੰਦੀ ਤੇ ਪੈਂਦੀ । ਤਿਸ ਕਿੰਚਤ ਮਾਤਰ ਧਿਆਨ-ਕਾਲ ਸਮੇਂ ਯੋਗੀ ਜਨ ਸ਼ਬਦਾਂ ਅਰਥਾਂ ਵਲ ਧਿਆਨ ਜੋੜਦੇ ਹਨ। ਸਜਣ ਜੀ ਨੇ ਏਥੇ ਥੋੜਾ ਵਾਧਾ ਇਹ ਕੀਤਾ ਹੈ ਕਿ ਗੁਰਮਤਿ-ਜਾਪ-ਸਿਮਰਨ-ਜੁਗਤੀ ਅਨੁਸਾਰ ਬਾਣੀ ਦਾ ਪਾਠ ਅਤੇ ਕੀਰਤਨ ਭੀ 'ਧਾਰਨਾ' ਅਤੇ 'ਧਿਆਨ' ਦਾ ਕੰਮ ਦਿੰਦੇ ਹਨ। ਸਾਨੂੰ ਯੋਗੀ ਜਨਾਂ ਦੇ ਯੋਗ ਖਲਜਗਣ ਵਿਚ ਪੈਣ ਦੀ ਲੋੜ ਨਹੀਂ । ਪ੍ਰੰਤੂ ਆਪ ਜੀ ਦੇ ਕਥੇ ਜਾਪ-ਸਿਮਰਨ ਸੰਬੰਧੀ ਧਿਆਨ ਪ੍ਰਥਾਇ ਗੁਰਮਤਿ ਨਿਰਣਾ ਕਰਨ ਸੇਤੀ ਕਾਜ ਹੈ ।

ਪਹਿਲਾਂ ਤਾਂ ਆਪ ਇਉਂ ਆਖਦੇ ਹਨ ਕਿ 'ਸ਼ਿਮਰਨ ਤਾਂ ਧਿਆਨ ਧਾਰਨਾ ਹੈ।' ਅਕਾਲ ਪੁਰਖ ਦਾ, ਜਿਸ ਦੇ ਰੂਪ ਸਰੂਪ ਤੋਂ ਅਸੀਂ ਜਾਣੂ ਹੀ ਨਹੀਂ ਤਾਂ ਫੇਰ ਅਸੀਂ ਇਸ ਰੂਪ ਦੀ ਸਹਾਇਤਾ ਕੀ ਲੈ ਸਕਦੇ ਹਾਂ। ਅਤੇ ਅਕਾਲ ਪੁਰਖ, ਜਿਸ ਦੇ ਧਿਆਨ ਲਈ ਅਸੀਂ ਤਰਲੇ ਲੈਣੇ ਹਨ ਯਾ ਜਿਸ ਦਾ ਅਸੀਂ ਧਿਆਨ ਧਰਨਾ ਹੈ, ਉਸ ਦੇ ਅਰਥ ਕੀ ਹੋ ਸਕਦੇ ਹਨ। ਨਾ-ਮਲੂਮ ਪਦਾਰਥ ਦੇ ਅਰਥਾਂ ਦਾ ਇਲਮ ਕੀ ਹੋ ਸਕਦਾ ਹੈ ? ਨਾ-ਮਲੂਮ ਦੇ ਅਰਥ ਭੀ ਨਾ-ਮਲੂਮ ਹਨ। ਤਦ ਉਹਨਾਂ ਦਾ ਧਿਆਨ ਕੀ ? ਅਤੇ ਕਿਵੇਂ ਬਝ ਸਕੂ ? ਕਿਵੇਂ ਭੀ ਨਹੀਂ । ਸ਼ਾਇਦ ਸਜਣ ਜੀ ਦਾ ਇਹ ਮਤਲਬ ਹੈ ਕਿ ਅਕਾਲ ਪੁਰਖ ਦੇ ਗੁਣਾਂ ਨੂੰ ਕਥਨਹਾਰੀ ਜੋ ਗੁਰਬਾਣੀ ਹੈ, ਅਥਵਾ ਅਕਾਲ ਪੁਰਖ ਦੇ ਅਲੱਖ ਸਰੂਪ ਨੂੰ ਲਖਾਵਣਹਾਰੀ ਜੋ ਗੁਰਬਾਣੀ ਹੈ, ਤਿਸ ਗੁਰਬਾਣੀ ਦੇ ਅਰਥਾਂ ਉਤੇ ਧਿਆਨ ਜਮਾਉਣਾ ਜਾਪ-ਸਿਮਰਨ ਨੂੰ ਸਹਾਈ ਹੁੰਦਾ ਹੈ। ਸੋ ਜੇਕਰ ਤਾਂ ਗੁਰਬਾਣੀ ਦੇ ਅਰਥਾਂ ਨੂੰ ਜਾਣ ਲੈਣ ਨਾਲ ਹੀ ਅਕਾਲ ਪੁਰਖ ਦੇ ਅਲਖ ਸਰੂਪ ਨੂੰ ਜਾਣ ਲਈਦਾ ਹੈ ਤਦ ਤਾਂ ਜਾਪ-ਸਿਮਰਨ ਦੀ ਲੋੜ ਹੀ ਨਹੀਂ। ਕਿਉਂਕਿ ਜਾਪ-ਸਿਮਰਨ ਕਰਨ ਦਾ ਨਮਿਤ-ਕਾਰਨ, ਅਲਖ ਪਾਰਬ੍ਰਹਮ ਅਕਾਲ ਪੁਰਖ ਦੀ ਲਖਤਾ ਮਈ ਸਿਧੀ ਲਈ ਹੈ । ਅਤੇ ਜੇਕਰ ਗੁਰਬਾਣੀ ਦੇ ਅਰਥਾਂ ਨੂੰ ਅਨੁਮਾਨ ਮਾਤ੍ਰ ਜਾਣ ਲੈਣ ਨਾਲ ਅਕਾਲ ਪੁਰਖ ਦੇ ਅਲਖ ਸਰੂਪ ਦੀ ਤਤ ਲਖਤਾ

ਪ੍ਰਾਪਤ ਨਹੀਂ ਹੁੰਦੀ, ਐਵੇਂ ਅਨੁਮਾਨ ਮਾਤਰ ਬੋਧ ਹੀ ਹੁੰਦਾ ਹੈ, ਤਦ ਗੁਰਬਾਣੀ ਦੇ ਅਨੁਮਾਨ ਮਾਤਰ ਅਰਥਾਂ ਦਾ ਧਿਆਨ ਧਰਨਾ ਜਾਪ-ਸਿਮਰਨ ਪ੍ਰਤੀ ਕੀ ਸਹਾਈ ਹੋ ਸਕਦਾ ਹੈ ? ਅਸਾਡੇ ਆਪੇ ਅਨੁਮਾਨ ਕੀਤੇ ਹੋਏ ਗੁਰਬਾਣੀ ਦੇ ਅਰਥ ਅਕਾਲ ਪੁਰਖ ਦੇ ਤਤ ਅਲੱਖ ਸਰੂਪ ਦੇ ਲਖਾਇਕ ਨਹੀਂ ਹੋ ਸਕਦੇ। ਇਸ ਤਤ ਅਲਖ ਸਰੂਪ ਨੂੰ ਸਤਿਗੁਰਾਂ ਨੇ ਹੀ ਸਾਂਗੋ ਪਾਂਗ ਲਖਿਆ, ਅਤੇ ਇਸ ਤੱਤ ਲਖਤਾ ਦੀ ਸਾਂਗੋ ਪਾਂਗ ਸਾਖਸ਼ਾਤ-ਕਾਰਤਾ ਅੰਦਰ ਹੀ ਗੁਰਬਾਣੀ ਸਾਖਸ਼ਾਤਕਾਰ ਹੋਈ। ਤਾਂਤੇ ਗੁਰਬਾਣੀ ਅਕਾਲ ਪੁਰਖ ਦਾ ਸਾਖਿਆਤ ਗਿਆਨ ਹੈ।

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥
(੨੫॥੩੬) ਰਾਮਕਲੀ ਮ: ੫, ਪੰਨਾ ੮੯੪

ਇਸ ਧੁਰ ਕੀ ਬਾਣੀ ਦੇ ਤਤ ਸਾਖਿਆਤ ਅਰਥ ਧੁਰ ਦੀ ਪਹੁੰਚ ਵਾਲੇ ਪੁਰਖ ਹੀ ਸਮਝ ਸਕਦੇ ਹਨ। ਇਸ ਤਤ ਵਾਸਤਵੀ ਅਰਥਾਂ ਦੀ ਸਾਖਸ਼ਾਤ ਲਖਤਾ ਤੋਂ ਬਿਹੂਣ ਅਰਥਾਂ ਦਾ ਧਿਆਨ ਕੀ ਅਰਥ ਰਖ ਸਕਦਾ ਹੈ ? ਐਵੇਂ ਅਨੁਮਾਨ ਹੀ ਅਨੁਮਾਨ ਹੈ। ਇਸ ਨਿਰੇ ਅਨੁਮਾਨ ਦਾ ਜਾਪ-ਸਿਮਰਨ ਨੂੰ ਕੀ ਸਹਾਰਾ ? ਐਸਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਨਿਕਟ ਗੁਰਬਾਣੀ ਦਾ ਬਾਰੰਬਾਰ ਭਾਵ ਅਰਥ ਵਿਚਾਰ ਕੇ (ਅਨੁਮਾਨ ਕੇ) ਪੜ੍ਹੀ ਜਾਣਾ ਹੀ ਧਿਆਨ ਸੰਯੁਕਤ ਜਾਪ-ਸਿਮਰਨ ਦਾ ਕਰਨਾ ਹੈ। ਇਹੋ ਹੀ ਜਾਪ-ਸਿਮਰਨ ਹੈ। ਇਸ ਤੋਂ ਭਿੰਨ ਇਹਨਾਂ ਦੇ ਨਿਕਟ ਹੋਰ ਕੋਈ ਜਾਪ ਸਿਮਰਨ ਨਹੀਂ, ਨਾ ਕੋਈ ਗੁਰ ਮੰਤ੍ਰ ਗੁਰਮਤਿ ਨਾਮ ਦਾ ਅਭਿਆਸ ਹੈ। ਤਾਂ ਹੀ ਓਹ ਕਹਿੰਦੇ ਹਨ ਕਿ "ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ,ਜਿਹਦੇ ਵਿਚ ਇਕੋ ਭਾਵ ਨੂੰ ਘੜੀ ਮੁੜੀ ਵਰਨਨ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ।" ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਦਾ ਪਾਠ ਮਾਤਰ ਹੀ ਪਾਰਸ ਰੂਪ ਹੈ। ਗੁਰਬਾਣੀ ਅੰਮ੍ਰਿਤ ਬਾਣੀ ਜੁ ਹੋਈ। ਅੰਮ੍ਰਿਤ ਬਾਣੀ ਦਾ ਪਾਠ ਰੂਪੀ ਪਰਸਨ ਹੀ ਪਾਰਸ-ਕਲਾ ਸੰਪੰਨ ਹੈ। ਜਿਉਂ ਜਿਉਂ ਅਤੇ ਜਿਤਨਾ ਭੀ ਗੁਰਬਾਣੀ ਦਾ ਪਾਠ ਕੀਤਾ ਜਾਵੇ, ਤਿਉਂ ਤਿਉਂ ਅਤੇ ਤਿਤਨੀ ਹੀ ਪਾਠੀ ਜਨ ਦੀ ਬਿਰਤੀ ਸੁਰਤੀ ਸੋਕਲ ਹੁੰਦੀ ਚਲੀ ਜਾਂਦੀ ਹੈ ਅਤੇ ਗੁਰਬਾਣੀ ਦਾ ਕੀਰਤਨ ਤਾਂ ਅੰਮ੍ਰਿਤ ਪਾਰਸ ਸ਼ਕਤਿ ਕਰਿ ਅਨੰਤ ਕਲਾ ਸੰਪੂਰਨ ਹੈ। ਪਰ ਆਪ ਜੀ ਦੀ ਸ਼ਰਧਾ ਗੁਰਬਾਣੀ ਦੀ ਇਸ ਪਾਰਸ-ਕਲਾ ਉਪਰ ਬਝੀ ਪ੍ਰਤੀਤ ਨਹੀਂ ਹੁੰਦੀ। ਓਹ ਤਾਂ ਬਾਣੀ ਦੀ ਮਨ-ਉਕਤ ਅਰਥਾ-ਬੰਦੀ ਉਤੇ ਹੀ ਮਨ ਟਿਕਾਇਆ ਲੋੜਦੇ ਹਨ। ਇਹ ਤਾਂ ਉਹੋ ਮਨ-ਕਲਪਤ ਅਰਥਾ-ਤਸੱਵਰੀ ਵਾਲੀ ਹੀ ਖੇਡ ਹੈ। ਆਪ ਕੀਰਤਨ ਨੂੰ ਮਹਿਜ਼ ਰਾਗ ਸਮਝਦੇ ਹੋਏ, ਰਾਗ ਦਾ ਅਸਰ ਤਾਂ ਮਨੁਖੀ ਮਨ ਤੇ ਬਹੁਤ ਮੰਨਦੇ ਹਨ ਅਤੇ ਕਹਿੰਦੇ ਹਨ ਕਿ "ਇਹਦੇ ਵਿਚ (ਰਾਗ ਵਿਚ) ਮਨ ਨੂੰ ਖਿਚ ਲੈਣ ਦੀ ਸ਼ਕਤੀ ਹੈ।" ਆਮ ਰਾਗ ਵਿਚ ਮਨ ਨੂੰ ਮੋਹਤ ਕਰ ਲੈਣ (ਖਿਚ ਲੈਣ) ਦੀ ਕੁਸ਼ਕਤੀ ਤਾਂ ਹੈ, ਪਰ ਅੰਮ੍ਰਿਤ-ਕਲਾ ਵਰਤਾਊਣ ਦੀ ਪਾਰਸ-ਸ਼ਕਤਿ


www.sikhbookclub.com

ਨਹੀਂ । ਇਹ ਪਾਰਸ-ਸ਼ਕਤਿ ਗੁਰਬਾਣੀ ਅਤੇ ਗੁਰਬਾਣੀ ਦੇ ਕੀਰਤਨ ਵਿਚ ਹੈ। ਅਤੇ ਅੰਮ੍ਰਿਤ ਰੂਪ ਗੁਰਮਤਿ ਨਾਮ, ਅਰਥਾਤ ਗੁਰ-ਮੰਤਰ (ਗੁਰਸ਼ਬਦ) ਦੇ ਜਾਪ ਸਿਮਰਨ ਅੰਦਰ ਇਹ ਪਾਰਸ-ਕਲਾ ਅਮਰੋਂ ਹੀ ਹੈ। ਸ਼ਬਦ (ਗੁਰਮੰਤਰ) ਦੀ ਨਿਜ ਜ਼ਾਤ ਅੰਦਰ ਇਹ ਪਾਰਸ-ਕਲਾ ਹੈ। ਇਸ ਸ਼ਬਦ (ਗੁਰਮੰਤਰ ਗੁਰਮਤਿ ਨਾਮ) ਦੇ ਰਸਨਾ ਦੁਆਰਾ ਪਰਸਨ ਕਰਿ ਅਤੇ ਬਾਰੰਬਾਰ ਪਰਸਨ ਕਰਿ ਇਸ ਰਸਿਕ ਰਸਾਇਣੀ ਪਾਰਸ-ਕਲਾ ਦਾ ਰਿਦੰਤਰਿ ਨੂਰ-ਕਿਰਨੀ ਜ਼ਹੂਰ ਹੋ ਜਾਂਦਾ ਹੈ। ਸ਼ਬਦ ਗੁਰਮੰਤਰ ਦੇ ਜਾਪ ਸਿਮਰਨ ਦਾ ਇਹ ਨੂਰ-ਕਿਰਨ-ਰਸਾਇਣੀ-ਜ਼ਹੂਰ ਅੰਤਰਿ ਆਤਮੇ ਅਜਿਹੇ ਸਰੂਰ-ਰਹੱਸ ਆਸ਼ਕਾਰ ਕਰ ਦੇਂਦਾ ਹੈ ਜਿਸ ਦੇ ਪ੍ਰਭਾਵ ਕਰਿ ਸੁਰਤਿ ਆਪਣੇ ਆਪ ਹੀ ਅਮਿਉ ਰਸਾਇਣੀ ਸ਼ਬਦ ਗੁਰਮੰਤਰ ਦੇ ਅਭਿਆਸ ਵਿਚ ਟਿਕ ਜਾਂਦੀ ਹੈ। ਇਹੋ ਸ਼ਬਦ ਸੁਰਤਿ ਦਾ ਅਗੰਮੀ ਗੁਰਮਤਿ ਦਾ ਨਿਰਣਾ ਹੈ। ਸ਼ਬਦ ਸੁਰਤਿ ਦੀ ਇਹ ਗੁਰਮਤਿ ਜੁਗਤਿ-ਬਿਧੀ ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੈ ਅਤੇ ਗੁਰਮਤਿ ਨਾਮ ਦੇ ਦ੍ਰਿੜ੍ਹ ਵਿਸ਼ਵਾਸੀ ਅਭਿਆਸੀ ਜਨਾਂ ਨੂੰ ਹੀ ਸੀਨਾ-ਬਸੀਨਾ ਪੂਰਨ ਪੰਚਾਮ੍ਰਿਤ ਗੁਰਮਤਿ ਬਿਧੀ ਅਨੁਸਾਰ ਹੀ ਸਫੁਰਨ ਹੋ ਸਕਦੀ ਹੈ। ਸ਼ਬਦ ਸੁਰਤਿ ਦੇ ਅਭਿਆਸੀ ਜਨਾਂ ਨੂੰ ਕਿਸੇ ਹੋਰ ਅਰਥ-ਮੂਰਤੀ ਪਰ ਧਿਆਨ ਜਮਾਉਣ ਵਿਚ ਬਾਹਯ-ਮੁਖੀ ਹੋਣ ਦੀ ਲੋੜ ਨਹੀਂ । ਨਾਮ, ਗੁਰਮਤਿ ਨਾਮ ਦੇ ਅਭਿਆਸੀ ਪ੍ਰੇਮੀਆਂ ਨੇ ਪ੍ਰੀਤਮ ਨਾਮੀ ਦੇ ਮਿਲਣ ਸੰਦੀ ਪ੍ਰਿਮ-ਪ੍ਰੀਤ ਨੂੰ ਹਿਰਦੇ ਵਿਚ ਧਾਰ ਕੇ ਗੁਰੂ ਆਸਰੇ ਨਾਮ ਜਪਣ ਵਿਚ ਜੁਟ ਜਾਣਾ ਹੈ ਅਤੇ ਨਾਮ ਜਪਦੇ ਹੋਏ ਧਿਆਨ-ਸੁਰਤੀ ਗੁਰ ਮੂਰਤ ਗੁਰ ਸ਼ਬਦੇ (ਗੁਰਮੰਤਰ) ਵਿਖੇ ਹੀ ਰਖਣੀ ਹੈ।

ਪ੍ਰਿਥਮ ਪ੍ਰਿਥਮ ਸ਼ਬਦ ਜਾਪ ਦੀ ਆਰੰਭ ਅਵਸਥਾ ਵਿਖੇ ਸੁਰਤੀ ਨੂੰ ਮੋੜਿ ਮੋੜਿ ਕੇ ਗੁਰਸ਼ਬਦ (ਗੁਰਮੰਤਰ) ਦੇ ਜਾਪ ਵਿਖੇ ਜੋੜਨ ਦਾ ਕਿੰਚਤ ਮਾਤਰੀ ਯਤਨ ਗੁਰ-ਨਦਰ-ਮੇਹਰੀ-ਅੰਕੂਰ ਉਪਜਾਉਂਦਾ ਹੈ ਕਿ ਗੁਰੂ ਰੂਪ ਗੁਰ-ਸ਼ਬਦ (ਗੁਰਮੰਤਰ) ਆਪਣੀ ਪਾਰਸ-ਕਲਾ ਵਰਤਾ ਕੇ ਅਭਿਆਸੀ ਜਨ ਨੂੰ "ਕੋਟ ਪੈਂਡਾ ਆਗੇ ਹੋਇ ਲੇਤ ਹੈ"। ਕੇਵਲ ਕਿੰਚਤ ਕਾਲ ਹੀ ਸਿਲ ਅਲੂਣੀ ਚਟਣੀ ਪੈਂਦੀ ਹੈ, ਫਿਰ ਤਾਂ ਆਪੋਂ ਹੀ ਗੁਰਸ਼ਬਦ ਨੇ ਆਪਣੀ ਅੰਮ੍ਰਿਤ-ਕਲਾ ਵਰਤਾ ਕੇ ਅਭਿਆਸੀ ਜਨ ਨੂੰ ਸ਼ਬਦ-ਸੁਰਤਾ, ਸ਼ਬਦ-ਰਸੀਆ ਬਣਾ ਦੇਣਾ ਹੈ । ਏਸ ਕਰਕੇ ਤਾਂ ਗੁਰਸ਼ਬਦ, ਗੁਰਮਤਿ ਨਾਮ ਮੰਤਰ ਰੂਪ ਹੈ । ਮੰਤਰ ਦਾ ਜਾਪ ਸਿਮਰਨ ਜੇ ਅੰਮ੍ਰਿਤ ਕਲਾ ਪਾਰਸ ਕਲਾ ਨਾ ਵਰਤਾਏ ਤਾਂ ਮੰਤਰ ਕਾਹਦਾ? ਗੁਰੂ ਘਰ ਦੇ ਸ਼ਬਦ-ਸੁਰਤਿ ਦੀ ਇਹ ਵਿਲੱਖਣ ਖੇਡ ਹੈ । ਗੁਰਮਤਿ-ਸ਼ਬਦ-ਸੁਰਤਿ-ਭਗਤਿ-ਜੁਗਤਿ ਤੋਂ ਘੁਥੇ ਜੋਗੀ ਜਨਾਂ ਦੇ ਜੋਗ ਕਿਸੇ ਲੇਖੇ ਨਹੀਂ ਪੈਂਦੇ। ਗੁਰਮਤਿ ਨਾਮ ਬਿਨਾਂ ਸੱਚਾ ਜੋਗ ਹੋ ਹੀ ਨਹੀਂ ਸਕਦਾ। ਯਥਾ ਗੁਰਵਾਕ:

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿਧਾਰੇ ॥

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥...

ਸਬਦੈ ਕਾ ਨਿਬੇੜਾ ਸੁਣਿ ਤੂੰ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥

ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੬

ਇਸ ਗੁਰ-ਪ੍ਰਮਾਣ ਦੇ ਸਾਰ ਤੱਤ ਤੋਂ ਇਹ ਗੱਲਾਂ ਸਾਫ਼ ਸਪਸ਼ੱਟ ਹੁੰਦੀਆਂ ਹਨ ਕਿ ਨਾਮ ਬਿਨਾਂ ਜੋਗ ਕਦੰਤ ਨਹੀਂ ਹੋ ਸਕਦਾ ਅਤੇ ਨਾ ਹੀ ਨਾਮੋਂ ਘੁਥੇ ਜੋਗ ਦਾ ਕੁਛ ਨਿਘਾਸ ਹੈ । ਨਾਮੇ ਦੁਆਰਾ ਹੀ ਨਾਮ ਵਿਚਿ ਲਿਵ ਲਗਦੀ ਹੈ। ਨਾਮ ਵਿਚ ਰਤੇ ਰਹਿਣ ਕਰਕੇ, ਅਤੇ ਦਿਨ ਰਾਤ ਨਾਮ ਵਿਚਿ ਹੀ ਰਤੇ ਰਹਿਣ ਕਰਕੇ ਹੀ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ । ਜੋਗੀਆਂ ਦੇ ਨਾਮੋਂ ਸਖਣੇ ਜੋਗ ਦੁਆਰਾ ਕੁਛ ਨਹੀਂ ਬਣਦਾ ਅਤੇ ਸੱਚੇ ਸੁਖ ਦੀ ਕੱਖ ਭੀ ਪ੍ਰਾਪਤੀ ਨਹੀਂ ਹੁੰਦੀ । ਨਾਮ ਤੋਂ ਹੀ ਸਭ ਗੁਪਤ ਖੇਡ ਵਾਲਾ ਅਲਖ ਨਜ਼ਾਰਾ ਲਖਿਆ ਜਾਂਦਾ ਹੈ ਅਤੇ ਨਾਮ ਤੋਂ ਹੀ ਅਕਾਲ ਪੁਰਖ ਦੇ ਅਲੱਖ ਸਰੂਪ ਦੀ ਲਖਤਾ (ਸੱਚੀ ਸੋਝੀ) ਹੁੰਦੀ ਹੈ । ਨਾਮ ਤੋਂ ਬਿਨਾਂ ਬਥੇਰੇ ਭੇਖ ਜੋਗ ਕਰਿ ਭ੍ਰਮਦੇ ਫਿਰਦੇ ਹਨ । ਨਾਮ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਤਦ, ਕੇਵਲ ਤਦ ਹੀ ਸੱਚੇ ਜੋਗ ਦੀ ਤੱਤ ਜੁਗਤਿ ਪ੍ਰਾਪਤ ਹੁੰਦੀ ਹੈ। ਨਾਮ ਤੋਂ ਬਿਨਾਂ ਨਾ ਹੀ ਜੋਗ ਜੁਗਤਿ ਅਤੇ ਨ ਹੀ ਭੁਗਤਿ ਮੁਕਤਿ ਮਿਲਦੀ ਹੈ। ਇਹ ਉਪਰਲੇ ਗੁਰ-ਪ੍ਰਮਾਣ ਦਾ ਤੱਤ ਸਿਧਾਂਤ ਹੈ, ਜਿਸ ਤੋਂ ਸ਼ਬਦ-ਮਾਰਗੀ ਤੱਤ ਜੋਗ ਦਾ ਸੱਚ ਨਿਬੇੜਾ ਹੁੰਦਾ ਹੈ।

 www.sikhbookclub.com

## ੧੨

# "ਹਰਿ-ਕੀਰਤਨ"

-ਭਾਗੀ ਹਰਿ ਕੀਰਤਨੁ ਗਾਈਐ ॥
ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ਰਹਾਉ॥(੪॥੮੪)
ਗਉੜੀ ਮ: ੫, ਪੰਨਾ ੧੯੬

**ਹਰਿ ਕੀਰਤਨ ਕੀ ਹੈ ?**

ਹਰਿ-ਕੀਰਤਨ ਗਾਵਣ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ । ਸਤਿਗੁਰ ਨਾਨਕ ਸੱਚਾ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਤੇ ਤ੍ਰੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਂ ਨੂੰ ਪ੍ਰਾਪਤ ਹੋਈ । ਪਰ ਅਸਾਥੋਂ ਇਹ ਸਮ੍ਹਾਲੀ ਨਾ ਗਈ ।

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ 'ਗੁਰਬਾਣੀ' ਅਰਥਾਤ ਧੁਰ ਦੀ ਬਾਣੀ ਹੈ। ਤਾਂਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ-ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ, ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸ ਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂਤੇ ਗੁਰਬਾਣੀ ਦਾ ਕੀਰਤਨ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ—

ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥
ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥(੪॥੧੬॥੨੭)
ਸੋਰਠਿ ਮ: ੫, ਪੰਨਾ ੬੧੬

ਤਥਾ—ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥
ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥੨॥੧੮॥੮੨॥
ਸੋਰਠਿ ਮ: ੫, ਪੰਨਾ ੬੨੯

 www.sikhbookclub.com

ਪੁਨਾ—ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ..੧॥(੪॥੩)
ਬਿਹਾਗੜਾ ਮ: ੪, ਪੰਨਾ ੫੩੯

ਤਥਾ—ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ...੨॥(੪॥੪)
ਬਿਹਾਗੜਾ ਮ: ੪, ਪੰਨਾ ੫੪੦

### ਹਰਿ-ਕੀਰਤਨ ਦਾ ਅਸਰ ਤੇ ਫਲ—

ਕੀਰਤਨ ਕਲਜੁਗ ਦੀ ਸਮਾਧੀ ਹੈ । ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ। ਅਸੀਂ ਇਸ ਪਾਰਸ ਨੂੰ ਛਿਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਂਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ । ਓਹ ਭੀ ਜੋ ਛਿੰਨ ਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ। ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ :—

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੯
ਗੋੜੀ ਮਾਲਵਾ ਮ: ੫, ਪੰਨਾ ੨੧੪

ਰੂਪੀ ਗੁਰਵਾਕ ਉਤੇ ਸੱਚੇ ਸਿੱਖਾਂ ਵਾਲੀ ਸ਼ਰਧਾ-ਭਾਉ ਭਾਵਨੀ ਹੈ, ਓਹ ਕੀਰਤਨ ਨੂੰ ਉਧਾਰ ਦਾ ਮੀਆਰ ਸਮਝ ਕੇ ਕਰਦੇ ਹਨ। ਉਧਾਰ ਹਿਤ ਕੀਰਤਨ ਕਰਨਹਾਰਿਆਂ ਨੂੰ ਕੀਰਤਨ ਇਕ ਆਧਾਰ ਅਤੇ ਅਹਾਰ ਰੂਪ ਹੋ ਜਾਂਦਾ ਹੈ। ਓਥੇ ਕੀਰਤਨ ਨਮਿਤ ਸਮੇਂ ਦੀ ਥੁੜੋਂ ਵਾਲੀ ਬੰਧਨਾ ਨਹੀਂ। ਬੰਧਨ ਓਥੇ ਸਭ ਟੁਟ ਜਾਂਦੇ ਹਨ। ਕਲਿਆਨ-ਅਭਿਲਾਖੀਆਂ ਦੀ ਮੁਖ ਕਾਰ ਹੀ ਕੀਰਤਨ ਬਣ ਆਉਂਦੀ ਹੈ। ਓਹ ਖ਼ੁਸ਼ੀ ਸੇਤੀ ਇਸ ਕੀਰਤਨ ਰੂਪੀ ਕਾਰ ਨੂੰ ਸਮ੍ਹਾਰਦੇ ਹਨ, ਬਧੇ ਚੱਟੀ ਨਹੀਂ ਭਰਦੇ।

ਗੁਰਬਾਣੀ ਦੇ ਰੱਬੀ ਕੀਰਤਨ ਵਿਚਿ ਅਕਹਿ ਰਸ ਹੈ। ਜਿਉਂ ਜਿਉਂ ਕੀਰਤਨ-ਕਮਾਈ ਵਧਦੀ ਹੈ, ਤਿਉਂ ਤਿਉਂ ਕੀਰਤਨ-ਕਲਾ-ਰਸ ਦਾ ਵਿਗਾਸ ਭੀ ਵਧਦਾ ਜਾਂਦਾ ਹੈ। ਉਹ ਕੀਰਤਨ ਕਰਦੇ ਅਕਦੇ ਥਕਦੇ ਹੀ ਨਹੀਂ। ਅੱਠੇ ਪਹਿਰ ਦਿਨ ਰਾਤ ਭੀ ਜੇ ਉਹ ਕੀਰਤਨ ਕਰਦੇ ਰਹਿਣ ਤਾਂ ਵੀ ਠਲ੍ਹ ਨਹੀਂ ਪੈਂਦੀ। ਕੀਰਤਨ-

ਪਾਰਸ-ਰਸ-ਵਿਗਾਸ ਉਹਨਾਂ ਤੋਂ ਆਪੇਂ ਹੀ ਕੀਰਤਨ ਕਰਾਉਂਦਾ ਹੈ। ਉਹਨਾਂ ਨੂੰ ਕੀਰਤਨ ਦਾ ਰੱਜ ਹੀ ਨਹੀਂ ਆਉਂਦਾ। ਕੀਰਤਨ-ਅਹਾਰੀਆਂ ਦਾ ਅਹਾਰ ਹੀ ਜੁ ਕੀਰਤਨ ਹੋਇਆ। ਗੁਰਬਾਣੀ ਦਾ ਇਲਾਹੀ ਕੀਰਤਨ ਦਿਲ ਦਿਮਾਗ ਵਿਖੇ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਕੀਰਤਨ ਦਾ ਰਸੀਆ ਇਸ ਰਸ-ਵਿਗਾਸ ਪ੍ਰਾਇਣ ਹੋ ਕੇ ਹੀ ਇਸ ਬਿਧਿ ਕੀਰਤਨ-ਵਲਵਲੇ ਆਪਣੇ ਅੰਤਰਿ ਉਪਜੇ ਹਰਦਮ ਮਹਿਸੂਸ ਕਰਦਾ ਰਹਿੰਦਾ ਹੈ। ਯਥਾ ਗੁਰਵਾਕ :-

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥(੨॥੧੪॥੬੬)
ਆਸਾਵਰੀ ਮ: ੪, ਪੰਨਾ ੩੬੯

ਤਥਾ—ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ਰਹਾਉ॥
(੭॥੭੧) ਬਿਲਾਵਲੁ ਮ: ੫, ਪੰਨਾ ੮੧੮

ਪੁਨਾ—ਹਰਿ ਗੁਣ ਗਾਵੈ ਸਦਾ ਦਿਨੁ ਰਾਤੀ
ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ...॥੫॥(੮॥੧॥੪)
ਬਿਲਾਵਲੁ ਮ: ੪ ਅਸਟ:, ਪੰਨਾ ੮੩੩

ਤਾਹੀਂ ਤੇ ਕੀਰਤਨ ਦੇ ਰਸੀਏ ਗੁਰਮੁਖ ਸੰਤ ਸਿਖ ਭਗਤ ਜਨਾਂ ਦੇ ਸਤਿਸੰਗ-ਮੰਡਲ ਵਿਖੇ ਆਠੋਂ ਪਹਿਰ ਕੀਰਤਨ ਦਾ ਹੀ ਪ੍ਰਵਾਹ ਚਲਿਆ ਰਹਿੰਦਾ ਹੈ। ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ :-

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ਰਹਾਉ॥(੨॥੪॥੮੪)
ਬਿਲਾਵਲੁ ਮ: ੫, ਪੰਨਾ ੮੨੦

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥
ਗਉੜੀ ਮ: ੫, ਪੰਨਾ ੨੩੬

ਪੂਰੇ ਸਤਿਗੁਰੂ ਦੇ ਸਚਿਆਰ ਸਿਖ ਦਾ ਅਹਾਰ (ਭੋਜਨ ਚੂਰਾ) ਹੀ ਅਖੰਡ ਕੀਰਤਨ ਹੈ।

ਕੱਚੀ ਬਾਣੀ ਦਾ ਗਾਉਣਾ ਹਰਿ-ਕੀਰਤਨ ਨਹੀਂ–

ਗੁਰੂ ਘਰ ਵਿਖੇ ਗੁਰਮਤਿ ਅਨੁਸਾਰ ਗੁਰਬਾਣੀ ਦਾ ਇਕ-ਰਸ ਅਖੰਡ ਅਤੇ ਨਿਰਬਾਣ ਕੀਰਤਨ ਹੀ ਪਰਵਾਣ ਹੈ। ਗੁਰਬਾਣੀ ਦੇ ਨਿਹੋਲ ਕੀਰਤਨ ਵਿਖੇ ਕੱਚੀ ਬਾਣੀ ਨੂੰ ਰਲਾਉਣਾ ਕੀਰਤਨ ਦੀ ਅਖੰਡਤਾ ਨੂੰ ਖੰਡਤ ਕਰਨਾ ਹੈ ਅਤੇ ਨਿਰਬਾਣ ਕੀਰਤਨ ਦੇ ਇਕ-ਰਸ ਆਨੰਦ ਅਹਿਲਾਦ ਨੂੰ ਬੇਰਸ ਕਰਨਾ ਹੈ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥(੪॥੬)

ਗੂਜਰੀ ਮ: ੪, ਪੰਨਾ ੪੯੪

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਗੁਰਬਾਣੀ ਦਾ ਪਾਠ ਕੀਰਤਨ ਹੀ ਅੰਮ੍ਰਿਤ ਰਸਾਇਣ ਪਾਰਸ-ਰਸ ਉਪਜਾਇਕ ਹੈ।

ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ–

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ "ਹਰਿ ਕੀਰਤਨ" ਦੀ ਪਦਵੀ ਪ੍ਰਾਪਤਿ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਦ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰ-ਕੀਰਤਨ ਨਹੀਂ ਹੋ ਸਕਦਾ। "ਅਣਡੀਠਾ ਕਿਛੁ ਕਹਣੁ ਨ ਜਾਇ"* ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫਤਿ ਸਾਲਾਹ ਹੀ ਕੀ ਕਰਿ ਸਕਦੇ ਹਨ।

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ...॥

(੪॥੨੫॥੩੬)ਰਾਮਕਲੀ ਮ: ੫, ਪੰਨਾ ੮੯੪

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿਚ ਪਾ ਕੇ ਗਾਵਣਾ ਅਤੇ ਰਾਗ-ਵਿਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ।

---

*ਮਲਾਰ ਮ: ੧, ॥੧॥ਰਹਾਉ॥(੪॥੧॥੬), ਪੰਨਾ ੧੨੫੬

 www.sikhbookclub.com

ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥
(੪॥੧॥੮੧)ਬਿਲਾਵਲੁ ਮ: ੫, ਪੰਨਾ ੮੨੦

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇ ਤੋਂ ਘੁਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਬਣਾਏ ਬਿਉਂਤੇ ਰਾਗ ਨਾਦ ਗੀਤ਼ਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕੁਸੋਂਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਕੋਲੀ ਰਾਗ-ਨਾਦੀ ਗੀਤਾਂ ਨੂੰ ਸ੍ਵਣੀ ਸੁਣਨਾ ਸੁਣਾਵਣਾ ਮਹਾਂ ਮਨਮਤਿ ਹੈ। ਗੁਰਬਾਣੀ ਰੂਪੀ ਸੁਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ, ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿਚ ਹੈ।

## ਹਰਿ ਕੀਰਤਨ ਦਾ ਸੰਗੀਤ—

ਹਰਿ-ਕੀਰਤਨ ਦਾ ਸੁੱਚਾ ਸੰਗੀਤ-ਵਿਗਾਸ ਨਾਮ ਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਹਿਰਦੇ ਅੰਦਰਿ ਸੁਤੇ ਸਹਿਜ ਹੀ ਹੋਇ ਆਵੰਦਾ ਹੈ। ਸੁਰ ਤਾਲ ਧੁਨੀਆਂ ਓਥੇ ਆਪ ਪਿਛੇ ਲਗੀਆਂ ਫਿਰਦੀਆਂ ਹਨ। ਪੰਚਮਾਂ ਭੀ ਓਥੇ ਮਾਤ ਪੈ ਜਾਂਦੀਆਂ ਹਨ। ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਰਿਦੰਤਰਿ ਉਦੇ ਹੋਇਆਂ ਕੀਰਤਨ-ਕਲਾ ਦੇ ਕਿਵਾੜ ਅਗੰਮੋਂ ਆ ਖੁਲ੍ਹਦੇ ਹਨ ਅਤੇ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਸਰੋਦ ਦੀ ਘੁਮਰ ਵਿਚਿ ਤਾਲ ਪੂਰਨ ਦੇ ਤਰਲੇ ਲੈਣਾ ਆਪਣਾ ਫ਼ਖ਼ਰ ਸਮਝਦੀਆਂ ਹਨ। ਰਾਗ ਤਾਲ ਸੁਰ ਦੀ ਸੋਝੀ ਸ਼ਬਦ-ਵਿਗਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ।

ਰਾਗ-ਸੁਰ-ਤਾਲੀਏ ਸਤੇ ਬਲਵੰਡ ਹੋਰੀ ਆਪਣੀ ਤਰਬ ਤਾਨਾਗੀਰੀ ਦੇ ਹੁਨਰ ਦੀ ਹੈਂਕੜ ਵਿਚਿ ਸਤਿਗੁਰੂ ਤੋਂ ਆਕੀ ਹੋ ਬੈਠੇ। ਸਤਿਗੁਰੂ ਨੇ ਓਹਨਾਂ ਦਾ ਹੰਕਾਰ ਦਮਨ ਕਰਨ ਲਈ ਆਪਣੇ ਸੂਧੇ ਸਾਦੇ ਸਿੱਖਾਂ ਹਿਤ ਸਰੋਦ-ਅਗੰਮੀ ਸਰੰਦੇ ਦਾ ਨਵ-ਤਰੰਗੀ ਸਾਜ ਈਜਾਦ ਕਰ ਦਿਤਾ ਅਤੇ ਆਪਣੇ ਇਕੋ ਨਦਰ-ਕਰੰਮੀ-ਕਟਾਕਸ਼ ਦੁਆਰਾ ਸ਼ਬਦ-ਜੋਤਿ-ਬਿਗਾਸੀ ਗੁਰਸਿਖਾਂ ਨੂੰ ਸਰੋਦ-ਸਰੰਦੀ-ਕੀਰਤਨ-ਕਲਾ ਦਾ

ਮਾਹਰ ਬਣਾ ਦਿਤਾ। ਗੁਰੂ ਤੇ ਬੇ-ਮੁਖ ਹੋਣ ਕਰਿ ਸੱਤੇ ਬਲਵੰਡ ਦਾ ਕੀਰਤਨ-ਕਮਾਲ ਖੁੱਸ ਗਿਆ। ਨਿਰੇ ਰਾਗ ਹੀ ਰਾਗ਼ ਦੀ ਥੋਥੀ ਤਾਨਾਰੀਗੀ ਰਹਿ ਗਈ। ਗੁਰ-ਫਿਟ-ਕਾਰਿਆਂ ਦਾ ਰਾਗ-ਤਰਬ-ਤਰਾਨਾ ਭੀ ਫਿਟਕਾਰਿਆ ਗਿਆ। ਅਨਿੰਨ ਗੁਰਸਿਖ ਭਾਈ ਲਧੇ ਪਰਉਪਕਾਰੀ ਦੇ ਪਰਉਪਕਾਰ ਦੇ ਪਰਤਾਪ ਕਰਿ ਜਦੋਂ ਸਤੇ ਬਲਵੰਡ ਉਪਰ ਬਹੁੜਿ ਸਤਿਗੁਰੂ ਦੀ ਰਹਿਮਤ ਭਰੀ ਬਖਸ਼ਸ਼ ਹੋਈ ਤਦ ਸੱਤੇ ਬਲਵੰਡ ਦੀ ਕੀਰਤਨ-ਕਲਾ ਸੁਰਜੀਤ ਹੋਈ। ਰਾਗ ਦਾ ਕਮਾਲ ਭੀ ਆ ਸਫੁਰਨ ਹੋਇਆ।

ਨਿਰੰਕਾਰੀ ਗੁਰੂ ਬਾਬੇ ਦੀ ਅਗੰਮੀ ਸਾਜਨਾ ਦਾ ਰਬਾਬ ਨਿਰੰਕਾਰੀ ਕੀਰਤਨ ਦੇ ਸਰੋਦ-ਤਰਬਾਂ ਨਾਲ ਸੁਤੇ ਸੁਰ ਹੋਇਆ ਸ਼ਬਦ-ਤ੍ਰੰਗਾਂ ਦੀ ਪਾਰਸ-ਭੂਤੀ ਕਲਾ ਵਾਲਾ ਸਾਜ ਸੀ, ਜਿਸ ਨੂੰ ਪਰਸਿਆਂ ਹੀ ਵਾਹਿਗੁਰੂ ਨਿਰੰਕਾਰ ਦੇ ਇਲਾਹੀ ਨਾਦ ਦੀਆਂ ਕੀਰਤਨ-ਧੁਨੀਆ ਸਹਿਜ ਸੁਭਾਵ ਹੀ ਛਿੜ ਪੈਂਦੀਆਂ ਸਨ। ਮਰਦਾਨਾ ਵਿਚਾਰਾ ਥੋਥਾ ਚਣਾ ਹੀ ਸੀ। ਨਾ ਉਹ ਰਾਗ-ਵਿਦਿਆ ਦੀ ਕਿਸੇ ਟਕਸਾਲ ਵਿਚ ਪੜ੍ਹਿਆ ਹੋਇਆ, ਨਾ ਉਸ ਨੂੰ ਮਉਰੂਸੀ ਮੀਰਾਸੀਆਂ ਵਾਲੀ ਹੁਨਰ ਵਰਾਸਤ ਪ੍ਰਾਪਤਿ। ਦਰ-ਹਕੀਕਤ ਮੀਰਾਸੀ ਜਾਤੀ ਅੰਦਰ ਮਰਦਾਨਾ ਜੀ ਤੋਂ ਪਹਿਲਾਂ ਭੇਡਪੁਣੇ ਤੋਂ ਬਿਨਾਂ ਰਾਗ ਮੁਹਾਰਤ ਦਾ ਹੁਨਰ ਹੀ ਮਾਅਦੂਮ (ਗੁੰਮ) ਸੀ। ਰਾਗ ਵਿਰਾਸਤ ਦੇ ਪਹਿਲੇ ਵਿਰਸੇਦਾਰ ਮਰਦਾਨਾ ਜੀ ਹੋਏ। ਕੁਛ ਕਾਲ ਰਾਗ ਵਿਰਾਸਤ ਦੀ ਪੀੜ੍ਹੀ ਮਰਦਾਨਾ ਜੀ ਦੀ ਸੰਤਾਨ ਵਿਖੇ ਚਲੀ ਅਤੇ ਖ਼ੂਬ ਚਲੀ, ਪਰ ਗੁਰੂ ਬਾਬੇ ਦੀ ਚਲਾਈ ਚਲੀ। ਸਾਦ-ਮੁਰਾਦਾ ਮਰਦਾਨਾ ਤਾਂ ਹੱਥ ਵਿਚ ਰਬਾਬ ਫੜਨ ਭੀ ਨਹੀਂ ਜਾਣਦਾ ਸੀ, ਰਾਗ ਅਲਾਪਣਾ ਤਾਂ ਕਿਤੇ ਰਿਹਾ। ਨਿਰੰਕਾਰੀ ਰਬਾਬ ਦੇਖਣ ਸਾਰ ਹੀ ਠਠੰਬਰ ਗਇਆ। ਗੁਰੂ ਬਾਬੇ ਨੇ ਨਦਰ ਮੇਹਰ ਦੀ ਕ੍ਰਿਸ਼ਮ-ਕਉਤਕੀ-ਕਲਾ ਵਰਤਾਈ, ਤਾਂ ਛਿਨ ਮਾਤਰ ਵਿਚਿ ਮੁਘਧ ਅਜਾਣ ਮਰਦਾਨਾ ਇਕ ਸੁਘੜ ਸੁਜਾਣ ਰਾਗ-ਪਰਬੀਨ ਅਗਮ-ਤ੍ਰੰਗ-ਸਰੋਦੀ-ਕੀਰਤਨੀਆ ਬਣ ਗਇਆ।

## ਸਤਿਗੁਰੂ ਵਲੋਂ ਕੀਰਤਨ ਦੀ ਦਾਤਿ—

ਸੱਚ ਮੁੱਚ ਕੇਵਲ ਸ਼ਬਦ-ਤਰੰਗੀ ਰਸ-ਜੋਤਿ-ਵਿਗਾਸੀ ਗੁਰਮੁਖ ਜਨਾਂ ਦੇ ਰੋਮ ਰੋਮ ਅੰਦਰਿ ਹੀ ਹਰਿ-ਕੀਰਤਨ ਦਾ ਸੋਮਾ ਸਫੁਟ ਹੁੰਦਾ ਹੈ। ਪ੍ਰੇਮਾ ਭਗਤੀ ਦੇ ਰੰਗਾਂ ਵਿਚਿ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅਗੇ ਪਿਛੇ ਰਾਗ ਨਾਦ ਹੱਥ ਬੰਨ੍ਹੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿਚਿ ਆਈਦਾ ਹੈ ਅਤੇ ਇਹਨਾਂ ਰੰਗਾਂ ਵਿਚਿ ਕੀਰਤਨ ਅਰੰਭ ਹੁੰਦਾ ਹੈ ਤਾਂ ਅਜ਼ਗੈਬੀ ਰਾਗ ਆਪੇ ਹੀ ਆ ਸਫੁਰਨ ਹੁੰਦੇ ਹਨ। ਉਦਾਹਰਨ ਤਾਂ ਹੱਡਬੀਤੀ ਕੀਰਤਨ ਕਹਾਣੀ ਦੇ ਬਹੁਤ ਹਨ, ਪਰ ਇਥੇ ਇਕ ਅੱਧ ਹੱਡ ਵਰਤਿਆ ਕੀਰਤਨ-ਚੋਜ ਦੀ ਪਾਰਸ-ਕਲਾ ਦਾ ਨਜ਼ਾਰਾ ਹੂ-ਬ-ਹੂ ਦਸਣਾ ਆਤਮ ਅਨੰਦ ਤੋਂ ਖ਼ਾਲੀ ਨਹੀਂ ਹੋਵੇਗਾ।

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਸੂਧੇ ਸਾਦੇ ਕੀਰਤਨ ਦੇ ਚਾਉ ਚਈਲੇ ਸਮੂਹ ਕੀਰਤਨੀ ਸਿੰਘਾਂ ਸੰਯੁਕਤ ਪਿੰਡ ਧਾਂਦਰੇ ਜ਼ਿਲਾ ਲੁਧਿਆਣਾ ਵਿਖੇ ਸ਼ਬਦ ਅਭਿਆਸ ਆਨੰਦ ਮਸਤ ਹੋਏ ਕੀਰਤਨ ਕਰ ਰਹੇ ਸੀ ਕਿ ਜੋੜੀ ਬਜਾਵਣਹਾਰਾ ਰਾਗ ਵਿਦਿਆ ਦਾ ਪਰਬੀਨ ਸੂਰਮਾ ਸਿੰਘ ਕਿਧਰੋਂ ਆ ਕੇ ਜੋੜੀ ਬਜਾਉਣ ਲਗ ਗਇਆ। ਅਸੀਂ ਓਦੋਂ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਭੀ ਐਵੇਂ ਹੀ ਸਾਰ ਲੈਂਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੁਛ ਸੂਝ ਬੂਝ ਨਹੀਂ ਸੀ ਅਤੇ ਨਾ ਹੀ ਹੁਣ ਹੈ। ਐਵੇਂ ਵੇਹਲੀ ਡੀਂਗ ਮਾਰੀਏ ਤਾਂ ਕੀ ਫ਼ਾਇਦਾ। ਕੀਰਤਨ ਦੇ ਬਾਲ-ਸੁਭਾਈ ਚਾਉ ਵਿਚਿ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਅਤੇ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਮੁਢ ਤੋਂ ਮੁਖ ਰਖਿਆ। ਗੁਰੂ ਮਹਾਰਾਜ ਦੀ ਕਿਰਪਾ ਦੁਆਰਾ ਐਨਾ ਮਹਿਸੂਸ ਜ਼ਰੂਰ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਇਆ। ਰਸ ਬਝੇ ਦਾ ਅਹਿਸਾਸ ਪ੍ਰਤੀਤ ਹੋਏ ਬਿਨਾਂ ਅਸੀਂ ਕੀਰਤਨ ਲੇਖੇ ਲਗਿਆ ਨਹੀਂ ਸਾਂ ਸਮਝਦੇ। ਅਤੇ ਕੀਰਤਨ ਕਰਦੇ ਭੀ ਆਤਮ ਰਸ ਲੈਣ ਲਈ, ਲੋਕਾਂ ਨੂੰ ਦਿਖਾਵਣ ਰੀਝਾਵਣ ਦਾ ਕੋਈ ਤਾਤਪਰਜ ਨਹੀਂ ਸੀ ਹੁੰਦਾ, ਨਾ ਅਜ ਤਕ ਹੋਇਆ ਹੈ। ਰਸ ਪ੍ਰਾਇਣ ਹੁੰਦੇ ਹੋਇਆਂ ਘੰਟਿਆਂ ਬਧੀ ਅਤੇ ਕਈ ਕਈ ਪਹਿਰ ਕੀਰਤਨ ਕਰੀ ਜਾਣਾ, ਥਕਣਾ ਹੀ ਨਾ। ਕੀਰਤਨ ਦੇ ਰੰਗ ਦੂਣ-ਸਵਾਏ ਖਿੜੀ ਜਾਣੇ। ਏਸ ਖਿੜਾਉ ਦੀ ਟੀਸੀ ਵਿਚ ਕੀਰਤਨੀ ਜੱਥਾ ਝੂਮ ਝਾਮ ਕੇ ਕੀਰਤਨ ਕਰ ਰਹਿਆ ਸੀ ਜਦ ਓਹ ਰਾਗ-ਪਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ। ਖ਼ੂਬ ਕੀਰਤਨ ਹੋਇਆ ਅਤੇ ਉਸ ਨੇ ਜੋੜੀ ਭੀ ਬੜੀ ਬੜ੍ਹ ਚੜ੍ਹ ਕੇ ਵਜਾਈ। ਉਸ ਦੀ ਹੈਰਾਨੀ ਦੀ ਕੋਈ ਹੱਦ ਨ ਰਹੀ, ਜਦ ਉਸ ਨੇ ਜੱਥੇ ਨੂੰ ਸੁਰ ਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਪਸਚਾਤ ਉਸ ਨੇ ਇਕ ਰਾਗ ਦੇ ਜਾਣੂ ਕੀਰਤਨ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਹਨੀ ਅਰੰਭੀ। ਉਸ ਨੂੰ ਇਹ ਪਤਾ ਨਹੀਂ ਸੀ ਕਿ ਜੱਥੇ ਵਿਚੋਂ ਕੋਈ ਕੀਰਤਨੀਆ ਸਜਣ ਉਸ ਦੀ ਇਹ ਕੀਰਤਨ-ਸ਼ਲਾਘਾ ਵਾਲੀ ਗੱਲ ਸੁਣਿ ਰਹਿਆ ਹੈ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ ਰਾਗ-ਵਿਦਿਆ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਗਇਆ ਸੀ ਕਿ ਇਹ ਜੱਥਾ ਸੰਘ ਪਾੜਨ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ, ਪਰ ਅਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤੁੰਗ-ਤ੍ਰਾਨਿਆਂ ਵਿਚ ਇਸ ਜੱਥੇ ਤੋਂ ਸੁਣ ਕੇ ਉਹ ਆਨੰਦ ਆਇਆ, ਜਿਹੜਾ ਅਗੇ ਕਦੇ ਕਿਸੇ ਰਾਗੀ ਤੋਂ ਸੁਣ ਕੇ ਨਹੀਂ ਆਇਆ। ਬੜੀ ਖ਼ੂਬੀ ਇਹ ਕਿ ਵਕਤ ਵੇਲਾ ਭੀ ਬਿਲਾਵਲ ਰਾਗ ਦੇ ਅਲਾਪ ਦਾ ਸੀ। ਸੁਣ ਸੁਣ ਕੇ ਆਪਣੇ ਮਨ ਹੀ ਮਨ ਅੰਦਰ ਅਸੀਂ ਹਸੀਏ ਅਤੇ ਹੈਰਾਨ ਹੋਈਏ, ਕਿਉਂਕਿ ਸਾਨੂੰ ਤਾਂ ਇਹ ਭੀ ਪਤਾ ਨਹੀਂ ਸੀ ਕਿ ਬਿਲਾਵਲ ਰਾਗ ਕਿਹੜਾ ਹੈ ਅਤੇ ਕਿਵੇਂ ਗਾਈਦਾ ਹੈ ਅਤੇ ਕਿਸ ਵੇਲੇ ਗਈਦਾ ਹੈ। ਅਸੀਂ ਕਿਸੇ ਨੇ ਭੀ

ਕਿਸੇ ਰਾਗ ਵਿਦਿਆ ਦੀ ਟਕਸਾਲ ਤੋਂ ਰਾਗ ਅਲਾਪਣਾ ਭੀ ਨਹੀਂ ਸਿਖਿਆ ਸੀ। ਉਸ ਨੇ ਪੂਜ ਕੇ ਰਾਗ-ਪ੍ਰਬੀਨਤਾ ਦੀ ਸ਼ਲਾਘਾ ਕੀਤੀ। ਉਸ ਦੇ ਭਾ ਦਾ ਸਾਰਾ ਜੱਥਾ ਕਿਸੇ ਖ਼ਾਸ ਰਾਗ ਪ੍ਰਬੀਨ ਰਾਗ ਵਿਦਿਆ ਟਕਸਾਲ ਵਿਖੇ ਰਾਗ ਵਿਦਿਆ ਸਿਖ ਕੇ ਆਇਆ ਹੈ। ਅਸੀਂ ਉਸ ਦੀਆਂ ਇਹ ਗੱਲਾਂ ਗੁਪਤੋ ਗੁਪਤ ਹੀ ਸੁਣੀਆਂ ਅਤੇ ਉਸ ਨੂੰ ਜਣਾਇਆ ਤਕ ਵੀ ਨਹੀਂ ਕਿ ਅਸੀਂ ਕੁਛ ਸੁਣਿਆ।

ਪਰ ਸਾਨੂੰ ਇਹ ਪੂਰਾ ਯਕੀਨ ਸੀ ਕਿ ਅਸਾਡੇ ਵਿਚਿ ਰਾਗ ਵਿਦਿਆ ਦਾ ਕੋਈ ਭੀ ਗੁਣ ਨਹੀਂ ਸੀ (ਨਾ ਹੀ ਹੁਣ ਹੈ), ਸਗੋਂ ਸਾਨੂੰ ਇਹ ਨਿਸਚਿਤ ਹੋਇਆ ਅਤੇ ਪਹਿਲੇ ਦਿਨ ਇਸ ਗੱਲ ਉਤੇ ਭਰੋਸਾ ਬਝਾ ਕਿ ਆਪਣਾ ਕੀਰਤਨ ਸਤਿਗੁਰੂ ਆਪ ਕਲਾ ਵਰਤਾਇ ਕੇ ਕਰਾਉਂਦਾ ਹੈ। ਪ੍ਰੇਮ-ਰਸਕ-ਵੈਰਾਗੀਆਂ ਦੇ ਕੀਰਤਨ ਵਿਚ ਸਤਿਗੁਰੂ ਆਪਿ ਸਹਾਈ ਹੁੰਦਾ ਹੈ। ਅਤੇ ਅਨਾਚਿਤ ਹੀ ਰਾਗਾਂ ਨਾਦਾਂ ਦੀ ਗਿਆਤ ਸਫੁਰ ਆਉਂਦੀ ਹੈ। ਲਖ ਲਖ ਸ਼ੁਕਰ ਹੈ ਗੁਰੂ ਅੰਤਰਯਾਮੀ ਦਾ ਕਿ ਆਪਣੇ ਸੇਵਕਾਂ ਤੋਂ ਆਪੇ ਹੀ ਕਲਾ-ਕੀਤਤਨੀ-ਸੇਵਾ ਲੈਂਦਾ ਹੈ। ਅਸੀਂ ਮੂਰਖ ਮੁਗਧ ਅਜਾਣ ਭੀ ਨਦਰ ਦ੍ਰਿਸ਼ਟ ਦੇ ਪਾਤਰ ਹੋ ਗਏ। ਧੰਨਿ ਸਤਿਗੁਰ ਨਾਨਕ ਨਿਰੰਕਾਰੀ ਧੰਨ!

**ਕੀਰਤਨ ਸਭ ਤੋਂ ਸ੍ਰੇਸ਼ਟ ਕਰਮ ਹੈ—**

ਗੁਰਬਾਣੀ ਦਾ ਗਾਵਣਾ, ਅਰਥਾਤ ਹਰਿ-ਕੀਰਤਨ ਕਰਨਾ ਸਦਾ ਹੀ ਸਫਲ ਅਤੇ ਸੁਖਦਾਈ ਹੈ। ਯਥਾ ਗੁਰਵਾਕ :—

ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ...॥
(੨॥੧੭॥੮੧) ਸੋਰਠਿ ਮ: ੫, ਪੰਨਾ ੬੨੯

ਸਤਿਸੰਗ ਸਮਾਗਮ ਵਿਚ ਹਰਿ-ਕੀਰਤਨ ਅਥਵਾ ਗੁਰਬਾਣੀ ਰੂਪੀ ਹਰਿ ਗੁਣ ਗਾਉਣ ਦਾ ਲਾਹਾ ਅਪਰ ਅਪਾਰ ਹੈ। ਯਥਾ ਗੁਰਵਾਕ :—

ਸਾਧ ਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ॥
ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ॥੧॥
(੨॥੪॥੩੦) ਦੇਵ ਗੰਧਾਰੀ ਮ: ੫, ਪੰਨਾ ੫੩੪

ਤਥਾ—ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ...੧॥
(੪॥੪॥੭) ਸੂਹੀ ਮ: ੫ ਛੰਤ, ਪੰਨਾ ੭੮੧

ਅਗੇ ਫੇਰ ਗੁਰਬਾਣੀ ਗਾਵਣ ਦੀ ਪਾਰਸ-ਕਲਾ ਗੁਰ-ਸ਼ਬਦ-ਪ੍ਰਮਾਣ ਇਸ ਬਿਧਿ ਨਿਰੂਪਣ ਕਰਾਉਂਦੇ ਹਨ :

ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ॥

ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ ॥੧॥ਰਹਾਉ॥
(੨॥੧੧॥੭੫) ਬਿਲਾਵਲੁ ਮ: ੫, ਪੰਨਾ ੮੧੯

ਹਰਿ-ਕੀਰਤਨ ਗੁਰਬਾਣੀ ਗਾਵਣ ਦੀ ਪਾਰਸ-ਕਲਾ ਦੇ ਅਨੇਕ ਉਦਾਹਰਨੀ ਗੁਰ ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਹਰਿ-ਕੀਰਤਨ ਹੀ ਸਿਰ ਕਰਮਨ ਕੇ ਕਰਮਾ ਹੈ ਅਤੇ ਕਲਜੁਗੀ ਜੀਵਾਂ ਦੇ ਉਧਾਰ ਦਾ ਸਹਿਜ ਵਸੀਲਾ ਕੇਵਲ ਹਰਿ-ਕੀਰਤਨ ਹੀ ਹੈ। ਜਿਹਾ ਕਿ :-

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥
(੧॥੩) ਸੋਰਠਿ ਮ: ੫ ਅਸਟ, ਪੰਨਾ ੬੪੨

## ਕੀਰਤਨ ਤੇ ਰਾਗ ਦਾ ਫ਼ਰਕ-

ਹਰਿ-ਕੀਰਤਨ ਦੀ ਪ੍ਰੇਮਾ ਭਗਤੀ ਛਡ ਕੇ ਕੇਵਲ ਰਾਗਾਂ ਪਿਛੇ ਹੀ ਰੀਝਣਾ ਗੁਰਮਤਿ ਪ੍ਰਤਿਕੂਲ ਹੈ। ਰਾਗ-ਪਰਬੀਨਤਾ ਜਿਸ ਨੇ ਪ੍ਰਾਪਤ ਕਰਨੀ ਹੋਵੇ ਸੋ ਪਿਆ ਕਰੇ। ਪਰ ਹਰਿ-ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿਦਿਆ ਦੇ ਸ਼ੌਕੀਨਾਂ ਨੂੰ ਪ੍ਰਾਚੀਨ ਸਮੇਂ ਅਨਮੱਤ ਵਿਦਿਆ ਘੋਖਣ ਨਮਿਤ ਕਾਸ਼ੀ ਜਾ ਕੇ ਵਿਦਿਆ ਅਤੀ ਮਹਿੰਗੀ ਪਈ। ਵਿਦਿਆ ਘੋਖਣ ਗਏ ਵਿਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿਦਿਆ ਦੇ ਅਭਿਮਾਨੀ ਹੋ ਕੇ ਕੂਪੀ ਵਿਚਿ ਰੋੜ ਖੜਕਾਉਣ ਜੋਗੇ ਹੀ ਰਹਿ ਗਏ ਅਤੇ ਗੁਰਮਤਿ ਦੇ ਤਤਸਾਰ ਨਾਮ ਅਭਿਆਸ ਤੋਂ ਨਿਕੋਰ ਸਖਣ ਹੀ ਰਹਿ ਗਏ; ਮਾਨੋ ਉਕਤ ਵਿਦਿਆ ਅਵਿਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸਖਣੀ ਨਿਰੀ ਰਾਗ ਵਿਦਿਆ ਰੋਗ ਰੂਪ ਹੈ, ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ। ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪ੍ਰੇਡੇ ਰਖਦੀ ਹੈ।

## ਕੀਰਤਨ ਨਿਹਚਲ ਤੇ ਸਚਖੰਡ ਵਿਚ ਜਮ੍ਹਾਂ ਹੁੰਦਾ ਹੈ-

ਕੇਵਲ ਹਰਿ-ਕੀਰਤਨ ਹੀ ਕਲਿਆਣ-ਕਾਰੀ ਹੈ । ਹਰਿ ਕੀਰਤਨ ਦੀ ਮਹਿਮਾ ਅਪਰ ਅਪਾਰ ਹੈ। ਗੁਰਬਾਣੀ ਅੰਦਰਿ ਕੀਰਤਨ-ਮਹਿਮਾ ਅਨਿਕ ਭਾਂਤ ਕਰ ਗਾਈ ਗਈ ਹੈ,

ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥
ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥
ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥(੪॥੨੪॥੩੫)
ਰਾਮਕਲੀ ਮ: ੫, ਪੰਨਾ ੮੯੩-੯੪

ਹਰਿ-ਕੀਰਤਨ ਐਸਾ ਨਿਹਚਲ ਧਨ ਪਦਾਰਥ ਹੈ, ਜੋ ਐਥੇ ਓਥੇ ਲੋਕ ਪਰਲੋਕ ਵਿਖੇ ਸਦਾ ਸੰਗ ਸਹਾਈ ਰਹਿੰਦਾ ਹੈ—

ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ ॥
ਹਰਿ ਕੀਰਤਨੁ ਆਧਾਰ ਨਿਹਚਲੁ ਏਹੁ ਧਨੋੁ ॥੨॥(੪॥੯॥੧੧੧)
ਆਸਾ ਮ: ੫, ਪੰਨਾ ੩੯੮

ਸਦਾ ਨਿਹਚਲ ਰਹਿਣ ਵਾਲੇ ਪਦਾਰਥਾਂ ਵਿਚੋਂ ਇਕ ਅਮੋਲਕ ਪਦਾਰਥ ਹਰਿ-ਕੀਰਤਨ ਹੈ। ਉਕਤ ਨਿਹਚਲ ਰਹਿਣ ਵਾਲੇ ਪਦਾਰਥ ਗੁਰਬਾਣੀ ਅੰਦਰ ਇਸ ਬਿਧਿ ਨਿਰੂਪਣ ਹੋਏ ਹਨ। ਯਥਾ ਗੁਰਵਾਕ :—

ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ ॥
ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ ॥
ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ ॥
ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ ॥
ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ ॥
ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ ਟਲਾਧਾ ॥
ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਦਾ ਸਦਾ ਆਰਾਧਾ ॥੧੯॥
ਵਾਰ ਮਾਰੂ ਡਖਣੇ ਮ: ੫, ਪੰਨਾ ੧੧੦੧

ਇਸ ਗੁਰਵਾਕ ਅੰਦਰਿ "ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ" ਵਾਲੀ ਤੁਕ ਸਪੱਸ਼ਟ ਸਿਧ ਕਰਦੀ ਹੈ ਕਿ ਗੁਰਮੁਖਾਂ ਨਾਮ-ਰਸੀਆਂ ਦਾ ਗਾਵਿਆ ਹੋਇਆ ਗੁਣ-ਗੋਵਿੰਦੀ-ਕੀਰਤਨ ਸਦਾ ਸਦਾ ਨਿਹਚਲ ਰਹਿੰਦਾ ਹੈ। ਇਸ ਨਿਹਚਲ ਕੀਰਤਨ ਦੀਆਂ ਧੁਨੀਆਂ ਸਚਖੰਡ ਵਿਖੇ ਵੀ ਨਿਹਚਲ ਰਹਿੰਦੀਆਂ ਹਨ। ਯਥਾ ਗੁਰਵਾਕ:—

ਸਹਜ ਸਿਫਤਿ ਭਗਤਿ ਤਤੁ ਗਿਆਨਾ ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥੭॥(੮॥੪)
ਗਉੜੀ ਮ: ੫, ਪੰਨਾ ੨੩੭

 www.sikhbookclub.com

ਗੁਰਬਾਣੀ-ਕੀਰਤਨ-ਧੁਨੀਆਂ ਦੀ ਅੰਮ੍ਰਿਤ ਬਰਖਾ ਨਾਮ-ਰਸ-ਜੋਤਿ-ਵਿਗਾਸੀਏ-ਕੀਰਤਨੀ ਜਨਾਂ ਦੇ ਨਭ ਨਾਭ ਕੰਵਲ ਅੰਦਰ ਅਹਿਨਿਸ ਹੁੰਦੀ ਰਹਿੰਦੀ ਹੈ । ਅਖੰਡ ਕੀਰਤਨ ਦੇ ਅਨਹਦ ਆਖਾੜੇ ਹਰਿ-ਕੀਰਤਨੀਏ ਗੁਰਮੁਖ ਜਨਾਂ ਦੇ ਦਸਮ ਦੁਆਰੇ ਵਿਖੇ ਸਦੀਵ-ਕਾਲ ਹੀ ਖੁਲ੍ਹੇ ਰਹਿੰਦੇ ਹਨ, ਜੋ ਹਰ ਛਿਨ ਤਿਨ੍ਹਾਂ ਭਗਤ ਜਨਾਂ ਨੂੰ ਆਨੰਦ ਮਗਨ ਰਖਦੇ ਹਨ। ਊਠਤ ਬੈਠਤ ਸੋਵਤ ਜਾਗਤ ਤਿਨ੍ਹਾਂ ਦੀ ਲਿਵਤਾਰ-ਡੋਰੀ ਇਸੇ ਦਸਮ ਦੁਆਰੀ ਅਖੰਡ ਅਤੇ ਅਗਮ ਕੀਰਤਨ ਦੁਆਰਾ ਛਿਨ ਛਿਨ ਗੋਬਿੰਦ ਚਰਨਨ ਸੰਗਿ ਜੁੜੀ ਰਹਿੰਦੀ ਹੈ । ਇਹ ਗੁਰਬਾਣੀ ਦਾ ਅਖੰਡ ਕੀਰਤਨ ਹੀ ਹੈ, ਜੋ ਗੁਰਮੁਖਾਂ ਨੂੰ ਜੀਵਨ-ਮੁਕਤ ਬਿਵਸਥਾ ਵਿਖੇ ਤਤਪਰ ਅਤੇ ਅਸਥਿਰ ਰਖਦਾ ਹੈ। ਇਹ ਹਰਿ-ਕੀਰਤਨ ਹੀ ਹੈ ਜੋ ਗੁਰਸਿਖਾਂ ਨੂੰ ਸੱਚਾ ਸਹਿਜ ਜੋਗ ਪ੍ਰਵਾਣ ਗ੍ਰਿਹਸਤ ਉਦਾਸ ਨਿਰਬਾਣ ਪਦ ਪ੍ਰਾਪਤ ਕਰਾਉਣ ਨੂੰ ਸਮਰੱਥ ਹੈ। ਯਥਾ ਗੁਰਵਾਕ :—

ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥(੪॥੬॥੫੭)

ਆਸਾ ਮ: ੫, ਪੰਨਾ ੩੮੫

ਧੰਨ ਗੁਰ ਨਾਨਕ, ਜਿਨਿ ਇਹ ਹਰਿ-ਕੀਰਤਨ ਦਾਤਿ ਗੁਰਸਿਖਾਂ ਨੂੰ ਬਖਸ਼ੀ। ਇਸ ਹਰਿ-ਕੀਰਤਨ ਦੀ ਬਦੌਲਤ ਗੁਰੂ ਨਾਨਕ ਜੀ ਸਾਹਿਬ ਸੱਚੇ ਪਾਤਸ਼ਾਹ ਨੇ ਇਸ ਮਾਤ ਲੋਕ ਵਿਖੇ ਹੀ ਰਹਿੰਦੇ ਹੋਇਆਂ ਬੈਕੁੰਠ ਧਾਮ ਆਨੰਦ ਅਖਾੜੇ ਬਣਾ ਦਿਤੇ। ਯਥਾ ਗੁਰਵਾਕ:—

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥

(੪॥੮॥੫੫)ਸੂਹੀ ਮ: ੫, ਪੰਨਾ ੭੪੯

ਧੰਨ ਹੈਂ ਤੂੰ ਸ਼ਰਧਾ ਲਾਵਣ-ਹਾਰਿਆ, ਸੱਚਿਆ ਸਾਹਿਬਾ! ਧੰਨ ਹੈਂ ਤੂੰ ਕੀਰਤਨ ਕਰਾਵਣ-ਹਾਰਿਆ, ਗੁਰੂ ਨਾਨਕ ਪਾਤਸ਼ਾਹ ! ਧੰਨ ਹੈਂ ਤੂੰ ਕੀਰਤਨ-ਕ੍ਰਿਸ਼ਮ-ਕਲਾ ਵਰਤਾਵਣ-ਹਾਰਿਆ, ਚੋਜੀ ਸਤਿਗੁਰੂ !

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥

ਗਉੜੀ ਬੈਰਾ: ਮ: ੪, ਪੰਨਾ ੧੬੭


www.sikhbookclub.com

੧੩

# ਸੰਗੀਤ-ਰਸ ਅਤੇ ਕੀਰਤਨ-ਰਸ

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ-ਰਸ ਅਰਥਾਤ ਗਾਇਨ-ਰਸ ਭਾਵੇਂ ਕਿੰਨਾ ਹੀ ਉੱਚਾ ਹੋਵੇ, ਫੇਰ ਭੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉੱਚਾ ਰਸ ਹੈ, ਪਰ ਹੈ ਤਾਂ ਸਰੀਰਕ ਵਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਕਾ ਗਤੰਤਰੀ ਰਸਾਂ ਵਾਲਾ ਸੰਗੀਤ ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆਂ ਸੱਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰੱਥ ਹੈ। ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਤਾ ਨਹੀਂ ਦਿਤੀ ਜਾ ਸਕਦੀ।

ਸੁੰਦਰਤਾ ਦੇ ਅਚਾਨਕ ਝਲਕਾ ਵੱਜਣ ਤੋਂ, ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਦੇ ਊਰਧ-ਗਾਮੀ ਹੋ ਜਾਣ ਤੋਂ ਯਾ ਸੰਗੀਤ ਆਦਿ ਦੇ ਪ੍ਰਭਾਵ ਤੋਂ ਗੁਰਮਤਿ ਵਿਸਮਾਦ ਰਸ ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ।

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਐਸਾ— ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥੨੪॥
ਸਲੋਕ ਮ: ੪, ਵਾਰਾਂ ਤੇ ਵਧੀਕ, ਪੰਨਾ ੧੪੨੩

ਸੋ ਐਸਾ ਰਾਗ ਯਾ ਸੰਗੀਤ ਕੇਵਲ ਹਰਿ-ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ ਕੀਰਤਨ ਵਾਲੇ ਰਾਗ, ਅਰਥਾਤ ਸ਼ਬਦ ਦੁਆਰਾ ਕੀਤੇ ਰਾਗ ਨਾਦ ਹੀ


www.sikhbookclub.com

ਸੋਹਣੇ ਹਨ :–

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥

ਨਹੀਂ ਤਾਂ– ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥੨॥(੧)

ਮ: ੩, ਵਾਰ ਬਿਲਾਵਲ, ਪੰਨਾ ੮੪੯

ਪੁਨਾ– ਨ ਭੀਜੈ ਰਾਗੀ ਨਾਦੀ ਬੇਦਿ ॥੨॥(੧)

ਮ: ੧, ਵਾਰ ਸਾਰੰਗ, ਪੰਨਾ ੧੨੪੭

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ ਨਾਦ ਦੀ ਧੁਰੋਂ ਬਣੀ-ਬਣਾਈ ਵਿਉਂਤ ਵਿਚ ਕੀਤਾ ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ ।

## ੧੪

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੧)

ਸ੍ਰੀ ਦਸਮੇਸ਼ ਜੀ ਦੇ ਇਸ ਉਪਰ ਅਨਵਾਨੇ ਮੁਖਵਾਕ ਦੀ ਟੇਕ ਲੈ ਕੇ ਅਸਾਡੇ ਅੱਜ ਕਲ੍ਹ ਦੇ ਲਾ-ਮਜ਼ਹਬ ਭਰਾ, ਮਜ਼ਹਬ ਤੋਂ ਮੁਨਕਰ ਯਾ ਮਜ਼ਹਬ ਤੋਂ ਲਾ-ਪ੍ਰਵਾਹ ਪਰ ਸਿਖ ਸ਼ਕਲ ਸੂਰਤਿ ਵਾਲੇ ਸਜਨ ਅਕਸਰ ਇਹ ਆਖਿਆ ਕਰਦੇ ਹਨ ਕਿ– ''ਮਜ਼ਹਬ ਦੀ ਕੈਦ ਵਿਚ ਰਹਿਣ ਦੀ ਕੋਈ ਲੋੜ ਨਹੀਂ। ਸਾਰੇ ਮਜ਼ਹਬ ਇਕ-ਸਾਰ ਹੀ ਹਨ। ਦੇਖੋ ਸ੍ਰੀ ਦਸਮੇਸ਼ ਜੀ ਮਜ਼ਹਬ ਦੇ ਜਨੂਨੀਆਂ ਲਈ ਕਿਆ ਸੋਹਣੀ ਸਿਖਸ਼ਾ ਦਿੰਦੇ ਹਨ–

ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸ਼ਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ...॥੧੫॥੮੫॥

ਅਕਾਲ ਉਸਤਤਿ, ਪਾ: ੧੦

ਇਸ ਪ੍ਰਕਾਰ ਦੇ ਗੁਰ-ਪ੍ਰਮਾਣ ਦੇ ਦੇ ਕੇ ਓਹ ਇਹ ਸਿੱਧ ਕਰਦੇ ਹਨ ਕਿ ਸਿਖ ਮਜ਼ਹਬ ਦੀ ਮਿੱਲਤ-ਪ੍ਰਸਤੀ ਭੀ ਇਕ ਕੈਦ ਹੈ। ਸ੍ਰੀ ਦਸਮੇਸ਼ ਜੀ ਨੇ ਮਜ਼ਹਬ ਰੂਪੀ ਫ਼ਿਰਕਾ-ਪ੍ਰਸਤੀ ਦੀ ਕੈਦ ਤੋਂ ਸਿਖਾਂ ਨੂੰ ਨਜਾਤ ਦੇ ਕੇ ਸੰਮਿੱਲਤ ਕੌਮ-ਪ੍ਰਸਤੀ ਦੀ ਵਸੀਅ ਆਜ਼ਾਦ-ਖ਼ਿਆਲੀ ਦਾ ਉਪਦੇਸ਼ ਦਿਤਾ ਸੀ। ਮਜ਼ਹਬ ਦੇ ਦਾਇਰੇ ਵਿਚ ਹੀ ਮਹਿਦੂਦ ਨਹੀਂ ਰਖਿਆ।

ਅਸੀਂ ਏਥੋਂ ਤਾਈਂ ਤਾਂ ਓਹਨਾਂ ਦੇ ਨਾਲ ਮੁਤਫ਼ਿਕ ਹਾਂ ਕਿ ਸ੍ਰੀ ਦਸਮੇਸ਼ ਜੀ ਨੇ ਮਾਨਸ ਮਾਤਰ ਦੀ ਆਜ਼ਾਦੀ ਦਾ ਦਾਇਰਾ ਤੰਗ ਨਹੀਂ ਰਖਿਆ। ਬਲਕਿ ਓਹਨਾਂ ਦੀ ਖ਼ਿਆਲੀ ਆਜ਼ਾਦੀ ਵਾਲੇ ਅਨਮਾਨ ਤੋਂ ਬੜ੍ਹ ਚੜ੍ਹ ਕੇ ਸ੍ਰੀ ਦਸਮੇਸ਼ ਜੀ ਨੇ ਕੁਲ ਕਾਇਨਾਤ, ਖ਼ਾਲਕ ਦੀ ਸਾਰੀ ਮਖ਼ਲੂਕਾਤ ਦੀ ਆਜ਼ਾਦੀ ਦੇ ਆਦਰਸ਼ ਨੂੰ ਸਨਮੁਖ ਰਖਿਆ। ਨਾ ਸਿਰਫ਼ ਹਿੰਦੁਸਤਾਨ ਭਰ ਦੀ 'ਮਾਨਸ ਕੀ ਜਾਤ' ਨੂੰ 'ਸਬੈ ਏਕੈ ਪਹਿਚਾਨਬੋ' ਦੇ ਮਹਿਦੂਦ ਖ਼ਿਆਲੀ ਉਪਦੇਸ਼ ਵਾਲੀ ਆਜ਼ਾਦੀ ਦਿਤੀ, ਬਲਕਿ ਦੇਸ ਮੁਲਕ ਦੀ ਹਦ ਕੈਦ ਤੋਂ ਅਪਰੰਪਰ ਕੁਲ ਖ਼ਲਕ ਖ਼ੁਦਾਈ ਦੀ ਮਾਨਸ ਮਾਤਰੀ ਜਨਮ ਜਾਤੀ ਦੀ ਆਜ਼ਾਦੀ ਦੇ ਆਦਰਸ਼ ਨੂੰ ਦ੍ਰਿੜ੍ਹਾਇਆ।

ਪਰ ਅਸੀਂ ਓਹਨਾਂ ਨਾਲਿ ਇਸ ਗੱਲ ਵਿਚ ਉੱਕਾ ਹੀ ਇਤਫ਼ਾਕ ਨਹੀਂ ਰਖਦੇ ਕਿ ਸ੍ਰੀ ਦਸਮੇਸ਼ ਜੀ ਨੇ ਮਜ਼ਹਬ ਨੂੰ ਆਜ਼ਾਦੀ ਦਾ ਬਾਧਕ, ਅਰਥਾਤ ਆਜ਼ਾਦੀ ਲਈ

 www.sikhbookclub.com

ਬੰਧਨ ਰੂਪ ਦਸਿਆ ਹੈ। ਸ੍ਰੀ ਦਸਮੇਸ਼ ਜੀ ਦੇ ਉਦੇਸ਼ ਆਦਰਸ਼ ਅਨੁਸਾਰ ਹੀ ਮਨੁੱਖ ਮਾਤਰ ਨੂੰ ਸੱਚੀ ਆਜ਼ਾਦੀ ਮਜ਼ਹਬ ਦੁਆਰਾ ਹੀ ਮਿਲ ਸਕਦੀ ਹੈ, ਪਰ ਸੱਚੇ ਮਜ਼ਹਬ ਦੁਆਰਾ, ਖ਼ਾਲਸ ਮਜ਼ਹਬ ਦੁਆਰਾ । ਇਸੇ ਉਦੇਸ਼ ਹਿਤ, ਖ਼ਾਲਸ ਧਰਮ ਰੂਪੀ ਸੱਚਾ ਮਜ਼ਹਬ ਚਲਾਵਨ ਹਿਤ ਸ੍ਰੀ ਦਸਮੇਸ਼ ਜੀ ਨੇ ਅਵਤਾਰ ਧਾਰਿਆ। ਇਸੀ ਹੇਤ ਸ੍ਰੀ ਅਕਾਲ ਪੁਰਖ ਜੀ ਨੇ ਇਹ ਹੁਕਮ ਦੇ ਕੇ ਸ੍ਰੀ ਦਸਮੇਸ਼ ਜੀ ਨੂੰ ਇਸ ਜਗ ਮਾਹਿ ਪਠਾਇਆ—

ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਉ ਸਾਜਾ ॥
ਜਾਹਿ ਤਹਾ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥
ਬਚਿਤ੍ਰ ਨਾਟਕ, ਅਧਿਆਇ ੬

ਅਕਾਲ ਪੁਰਖ ਦੇ ਇਸ ਫ਼ੁਰਮਾਨ ਦੇ ਉਤਰ ਵਿਚ ਸ੍ਰੀ ਦਸਮੇਸ਼ ਜੀ ਨੇ ਇਹ ਬਚਨ ਉਚਾਰਿਆ :—

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੩੦॥
ਚੌਪਈ— ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥ ਅਉਰ ਕਿਸੂ ਤੇ ਬੈਰ ਨ ਗਹਿਹੋਂ ॥
੩੧॥ ਬਚਿਤ੍ਰ ਨਾਟਕ; ਅਧਿਆਇ ੬

ਇਹਨਾਂ ਸ੍ਰੀ ਮੁਖ-ਵਾਕਾਂ ਤੋਂ ਸਾਫ਼ ਸਿਧ ਹੁੰਦਾ ਹੈ ਕਿ ਸ੍ਰੀ ਦਸਮੇਸ਼ ਜੀ ਨੇ ਐਨ ਅਕਾਲ ਪੁਰਖ ਦੀ ਹੁਕਮ-ਰਜ਼ਾ ਅਨੁਸਾਰ ਜਹਾਂ ਤਹਾਂ ਇਸ ਸੰਸਾਰ ਵਿਚ ਧਰਮ ਚਲਾਵਨ ਹਿਤ ਅਤੇ ਲੋਕਾਂ ਨੂੰ ਕੁਬੁਧ ਕਮਾਵਨ ਤੋਂ ਹਟਾਵਨ ਹਿਤ ਹੀ ਖਾਲਸਾ ਪੰਥ ਸਾਜਿਆ ਅਤੇ ਸਾਜ ਕੇ ਇਸੇ ਨਿਰੋਲ ਧਰਮ-ਧੁਜੀ ਸੱਚੇ ਪੰਥ ਦਾ ਪ੍ਰਚਾਰ ਕੀਤਾ। ਅਕਾਲ ਪੁਰਖ ਦੀ ਹੁਕਮ-ਰਜ਼ਾ ਅਨੁਸਾਰ ਹੀ ਇਹ ਪੰਥ ਪ੍ਰਚੁਰ ਹੈ, ਤਾਂ ਹੀ ਤੇ ਇਹ ਖਾਲਸਾ ਨਿਰੋਲ ਅਕਾਲੀ ਪੰਥ ਹੈ। ਇਹ ਅਕਾਲੀ ਪੰਥ ਕੇਵਲ ਧਰਮ ਚਲਾਵਨ ਹਿਤ ਅਤੇ ਲੋਕਾਂ ਨੂੰ ਕੁਬੁਧ ਕਮਾਵਨ ਤੋਂ ਹਟਾਵਨ ਹਿਤ ਹੀ ਸ੍ਰੀ ਦਸਮੇਸ਼ ਜੀ ਨੇ ਪ੍ਰਚਲਤ ਕੀਤਾ ਅਤੇ ਇਹ ਖਾਲਸਾ ਪੰਥ ਨਿਰੋਲ ਸੱਚਾ ਧਰਮ ਪ੍ਰਤਿਪਾਦਿਕ ਅਤੇ ਅਧਰਮ ਕੁਬੁਧ ਕਮਾਵਨਹਾਰੇ ਲੋਕਾਂ ਨੂੰ ਸੋਧਨ ਸੁਧਾਰਨ ਹਿਤ ਹੀ ਪ੍ਰਚਲਤ ਕੀਤਾ ਹੈ । ਲੋਕਾਂ ਨੂੰ ਸੱਚਾ ਧਰਮ ਪ੍ਰਦਾਨ ਕਰ ਕੇ ਪ੍ਰਾਣੀਆਂ ਨੂੰ ਸੱਚੇ ਆਤਮ-ਜੀਵਨ ਵਾਲੇ ਨਵ-ਜੀਵਨੀ-ਜਨਮ ਵਿਚ ਜੀਆਇ ਕੇ ਸੁਰਜੀਤ ਕਰਨਾ ਇਹ ਸੱਚੇ ਸੁਧਾਰ ਦਾ ਸ੍ਰੀ ਦਸਮੇਸ਼-ਆਦਰਸ਼ ਹੈ। ਇਸੇ ਆਦਰਸ਼ਕ ਸੁਧਾਰ ਵਿਚ ਸੱਚੀ ਜ਼ਿੰਦਗੀ ਹੈ। ਇਸੇ ਜ਼ਿੰਦਗੀ ਵਿਚ ਹੀ ਸੱਚੀ ਆਜ਼ਾਦੀ ਹੈ।

ਅਜਿਹੇ ਸ੍ਰੀ ਦਸਮੇਸ਼-ਆਦਰਸ਼ ਦੁਆਰਾ 'ਉਧਰੇ ਸੁਧਰੇ ਹੋਏ ਆਤਮ-ਸੁਤੰਤ੍ਰੀ-

ਜੀਵਨਾਂ ਵਾਲੇ ਧਰਮੀ ਬੰਦੇ ਹੀ ਦੇਸ਼ ਅਤੇ ਕੌਮ, ਸਗੋਂ ਸੰਸਾਰ ਦੇ ਪ੍ਰਾਣੀ ਮਾਤ੍ਰ ਨੂੰ ਆਜ਼ਾਦ ਕਰਾ ਸਕਦੇ ਹਨ। ਸ੍ਰੀ ਦਸਮੇਸ਼ ਜੀ ਨੇ ਅਜਿਹੇ ਧਰਮੀ ਬੰਦਿਆਂ ਦੇ ਪੁੰਜ ਦਾ ਨਾਮ ਹੀ ਖ਼ਾਲਸਾ ਪੰਥ ਰਖਿਆ ਹੈ।

ਤਾਂਤੇ ਇਹ ਕਹਿਣਾ ਅਤੇ ਖਿਆਲ ਕਰਨਾ ਭੁੱਲ ਹੈ ਕਿ ਸ੍ਰੀ ਦਸਮੇਸ਼ ਜੀ ਨੇ ਧਰਮ ਚਲਾ ਕੇ ਅਤੇ ਗੁਰਸਿਖਾਂ ਨੂੰ ਖਾਲਸ ਧਰਮੀ ਬੰਦੇ ਬਣਾ ਕੇ ਮਜ਼ਹਬ ਰੂਪੀ ਬੰਧਨਾਂ ਵਿਚ ਪਾਇਆ, ਸਗੋਂ ਗੁਰੂ ਸਾਹਿਬ ਨੇ ਖ਼ਾਲਸਾ ਧਰਮ ਰੂਪੀ ਸੱਚਾ ਪੰਥ ਪ੍ਰਚਲਤ ਕਰ ਕੇ ਪ੍ਰਾਣੀ ਮਾਤ੍ਰ ਨੂੰ ਆਜ਼ਾਦ ਕਰਨ ਦਾ ਸੱਚਾ ਧੁਰਵਾ ਬੰਨ੍ਹਿਆ ਹੈ। ਜੀਅ-ਦਾਨ-ਦਾਤਾਰ ਦੀ ਸੱਚੀ ਆਤਮ-ਆਜ਼ਾਦੀ ਦਾ ਪਾਤਰ ਅਤੇ ਅਧਿਕਾਰੀ, ਕਰਤੇ ਪੁਰਖ ਦੀ ਰਚੀ ਸ੍ਰਿਸ਼ਟੀ ਦੇ ਮਨੁਖ ਮਾਤਰ ਨੂੰ ਬਣਾਇਆ ਹੈ। ਕਿਸੇ ਨੂੰ ਇਸ ਆਜ਼ਾਦੀ ਦਾ ਅਨ-ਅਧਿਕਾਰੀ ਅਤੇ ਕੁਪਾਤਰ ਨਹੀਂ ਜਾਣਿਆ ਜਣਾਇਆ। ਇਸ ਆਤਮ-ਜੀਵਨੀ-ਆਜ਼ਾਦੀ ਦੇ ਅਧਿਕਾਰ ਦਾ ਸਾਂਝੀਵਾਲ ਜੀਵ ਮਾਤ੍ਰ ਨੂੰ ਬਣਾਇਆ—

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥
(੪॥੨॥੯॥) ਮਾਝ ਮ: ੫, ਪੰਨਾ ੯੭

ਅਤੇ ਏਸੇ ਸਾਂਝੀਵਾਲਤਾ ਦਾ ਅਧਿਕਾਰ ਜਣਾਉਣ ਹਿਤ ਹੀ ਸ੍ਰੀ ਦਸਮੇਸ਼ ਜੀ ਨੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਾਲਾ ਵਾਕ ਸ੍ਰੀ ਮੁਖੋਂ ਉਚਾਰਨ ਕੀਤਾ, ਭਾਵ ਖਾਲਸਾ ਧਰਮ ਧਾਰਨ ਲਈ ਕੁਲ ਨਸਲੇ-ਇਨਸਾਨ ਦਾ ਅਧਿਕਾਰ ਸਮਸਰ ਹੀ ਹੈ! ਖਾਲਸਾ ਸਜਣ ਦਾ, ਖਾਲਸਾ ਧਰਮ ਵਿਚ ਆਉਣ ਦਾ ਹੱਕ ਹਰ ਇਕ ਇਨਸਾਨ ਮਾਤਰ ਦਾ ਸਾਂਝਾ ਹੈ। ਖਾਲਸਾ ਧਰਮ ਅੰਦਰ ਜ਼ਾਤ ਪਾਤ ਦੀ ਕੋਈ ਕਾਣ ਕਣੌਡ ਨਹੀਂ। ਮਨੁਖੀ ਜਾਮੇ ਵਿਚ ਜਨਮੇ ਪ੍ਰਾਣੀ ਸਾਰੇ ਇਕ-ਸਾਰ ਹੀ ਖਾਲਸਾ ਧਰਮ ਦੇ ਅਧਿਕਾਰੀ ਹਨ।

ਇਸ ਦਾ ਇਹ ਭਾਵ ਨਹੀਂ ਕਿ ਮਨੁਖੀ ਜਾਮੇ ਵਿਚ ਜੰਮੇ ਜਣੇ ਜਣਾਤੇ ਸਾਰੇ ਪ੍ਰਾਣੀ ਬਣੇ ਬਣਾਤੇ ਆਪੇਂ ਹੀ ਪੁਜੇ ਪੁਜਾਤੇ ਖਾਲਸਾ ਧਰਮੀ ਬੰਦੇ ਹਨ। ਉਹਨਾਂ ਨੂੰ ਖਾਲਸਾ ਧਰਮ ਧਾਰਨ ਕਰਨ ਦੀ ਲੋੜ ਨਹੀਂ। ਐਸਾ ਹੁੰਦਾ ਤਾਂ ਸ੍ਰੀ ਦਸਮੇਸ਼ ਜੀ ਨੂੰ ਅਵਤਾਰ ਧਾਰਨ ਦੀ ਕੀ ਲੋੜ ਸੀ, ਮਾਨਸ ਜਾਤੀ ਤਾਂ ਆਪੇਂ ਹੀ ਉਧਰੀ ਉਧਰਾਈ ਹੋਈ ਸੀ। ਸੰਸਾਰ ਅੰਦਰ ਧਰਮ ਉਕਾ ਹੀ ਅਲੋਪ ਸੀ। ਸ੍ਰੀ ਨਾਨਕ-ਦਸਮੇਸ਼ ਜੀ ਦਾ ਆਗਮਨ ਹੀ ਧਰਮ ਹੇਤ ਹੋਇਆ। ਯਥਾ ਸ੍ਰੀ ਮੁਖਵਾਕ ਹੈ—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ...॥੪੩॥

ਸ੍ਰੀ ਨਾਨਕ-ਦਸਮੇਸ਼ ਜੀ ਤੋਂ ਪਹਿਲਾਂ ਧਰਮ ਮਾਰਗ ਤੇ ਚਲਾਵਣਹਾਰ ਕੋਈ ਔਲੀਆ ਅਵਤਾਰ ਨਹੀਂ ਹੋਇਆ। ਜੋ ਹੋਇਆ, ਸੋ ਸਭ ਕੋਈ ਸੱਚ ਧਰਮ ਵਿਥਾਰਨੋਂ ਫ਼ੇਅਲ ਹੋ ਗਿਆ। ਜੈਸਾ ਕਿ ਦਸਮੇਸ਼ ਸ੍ਰੀ ਮੁਖਵਾਕ ਹੈ :—

ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ ॥
ਪ੍ਰਭ ਦੋਖੀ ਕੋਈ ਨ ਬਿਦਾਰਾ ॥ ਧਰਮ ਕਰਮ ਕੋ ਰਾਹੁ ਨ ਡਾਰਾ ॥੪੪॥
ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ ॥
ਮਹਾਪੁਰਖ ਕਾਹੂ ਨ ਪਛਾਨਾ ॥ ਕਰਮ ਧਰਮ ਕੋ ਕਛੂ ਨ ਜਾਨਾ ॥੪੫॥

ਬਚਿਤ੍ਰ ਨਾਟਕ, ਅਧਿਆਇ ੬

ਏਹਨਾਂ ਸ੍ਰੀ ਮੁਖਵਾਕਾਂ ਤੋਂ ਸਿੱਧ ਹੋਇਆ ਕਿ ਸੱਚੇ ਧਰਮ ਕਰਮ ਦੀ ਪਛਾਣ ਹੀ ਕਿਸੇ ਨੂੰ ਨਹੀਂ ਸੀ। ਤਾਂਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਾਲੀ ਸ੍ਰੀ ਮੁਖ-ਪੰਗਤੀ ਤੋਂ ਇਹ ਭਾਵ ਕਢ ਲੈਣਾ ਕਿ ਸਾਰੇ ਮਾਨਸ ਜਨਮ ਤੋਂ ਹੀ ਬਣੇ ਤਣੇ ਧਰਮੀ ਬੰਦੇ ਹਨ, ਮਹਾਂ ਅਗਿਆਨਤਾ ਹੈ। ਬਲਕਿ ਇਸ ਪੰਗਤੀ ਦਾ ਤਾਤਪਰਜ ਇਹ ਹੈ ਕਿ ਖਾਲਸਾ ਧਰਮ ਦੇ ਤਤ-ਪਰਚਾਰ ਦਾ ਮੈਦਾਨ ਇਤਨਾ ਵਸੀਅ ਹੈ ਕਿ ਇਸ ਧਰਮ ਧਾਰਨ ਦਾ ਸਾਂਝੀਵਾਲ ਹਰ ਫ਼ਰਦੇ-ਬਸ਼ਰ (ਮਨੁਖ ਮਾਤਰ) ਹੋ ਸਕਦਾ ਹੈ। ਚਾਹੇ ਕਿਸੇ ਦੇਸ ਕੌਮ ਕਬੀਲੇ ਕਿਸੇ ਨਸਲ ਕੁ-ਨਸਲ ਵਿਚੋਂ ਹੋਵੇ। ਚਾਹੇ ਕਿਸੇ ਭੇਖ ਮਜ਼ਹਬ ਦਾ ਹੋਵੇ, ਸਭ ਕਿਸੇ ਨੂੰ ਗੁਰਮਤਿ ਖਾਲਸ ਧਰਮ ਵਿਚ ਆਵਣ ਦਾ ਅਧਿਕਾਰ ਹੈ। ਅਤੇ ਸਭਸ ਦਾ ਛੁਟਕਾਰਾ ਨਿਸਤਾਰਾ ਭੀ ਏਸੇ ਖਾਲਸਾ ਗੁਰਮਤਿ ਧਰਮ ਦੇ ਧਾਰਨ ਕੀਤਿਆਂ ਹੀ ਹੋਵਣਾ ਹੈ। ਭਾਵੇਂ ਕੋਈ ਮੁੰਡੀਆ ਸੰਨਿਆਸੀ ਬਣਿਆ ਫਿਰੇ, ਭਾਵੇਂ ਕੋਈ ਜੋਗੀ ਜਟਾਧਾਰੀ, ਜਤੀ ਬ੍ਰਹਮਚਾਰੀ, ਆਪਣੇ ਆਪ ਨੂੰ ਅਨੁਮਾਨ ਕਰੀ ਫਿਰੇ। ਚਾਹੇ ਕੋਈ ਹਿੰਦੂ ਹੋਵੇ,ਚਾਹੇ ਤੁਰਕ ਹੋਵੇ,ਚਾਹੇ ਰਾਫ਼ਜ਼ੀ ਇਮਾਮ ਸ਼ਾਫੀ ਆਪਣੇ ਆਪ ਨੂੰ ਕਹਾਉਂਦਾ ਫਿਰੇ। ਇਸ ਬਿਧਿ ਮਾਨੁਖੀ ਅੰਸ ਨਸਲ ਵਿਚ ਕੋਈ ਵਿਤ੍ਰੇਕ ਨਹੀਂ ਪੈਂਦਾ। ਮਾਨੁਖ ਦਾ ਅਸਲਾ ਤਾਂ ਇਕੋ ਹੀ ਹੈ। ਕਾਦਰੇ ਕੁਦਰਤ ਤੋਂ ਉਪੰਨੇ ਸਭ ਬੰਦੇ ਇੱਕੋ ਜਿਹੇ ਹਨ। ਜਾਤ ਜਨਮ ਕਰਕੇ ਕਉਣ ਭਲੇ ਅਤੇ ਕਉਣ ਮੰਦੇ ਹਨ। ਸਭ ਇਕ ਸਮਾਨ ਹੀ ਹਨ। ਇਹਨਾਂ ਕੁਦਰਤ ਦੇ ਬੰਦਿਆਂ ਦਾ ਕਰਤਾ ਕਰੀਮ ਇਕੋ ਸੋਈ ਅਕਾਲ ਪੁਰਖ ਹੈ। ਏਹਨਾਂ ਦਾ ਰਾਜ਼ਕ ਰਹੀਮ ਭੀ ਇਕੋ ਅਤੇ ਓਹੀ ਅਕਾਲ ਪੁਰਖ ਹੈ। ਸੋ ਸਭਨਾਂ ਦਾ ਰਾਜ਼ਕ ਖ਼ਾਲਕ ਪਾਲਕ ਇਕੋ ਸਾਂਝਾ ਅਕਾਲ ਪੁਰਖ ਹੈ, ਹੋਰ ਦੂਜਾ ਕੋਈ ਨਹੀਂ। ਇਸ ਦੁਜਾਇਗੀ ਦਾ ਭੇਦ-ਭਰਮ ਭੁਲ ਕੇ ਭੀ ਨਹੀਂ ਮੰਨਣਾ ਚਾਹੀਦਾ, ਭਾਵ ਮੂਲੋਂ ਹੀ ਮਿਟਾ ਦੇਣਾ ਚਾਹੀਦਾ ਹੈ। ਸਭਨਾਂ ਨੂੰ ਇਕੋ ਅਕਾਲ ਪੁਰਖ ਦੀ ਸੇਵਾ-ਭਗਤੀ ਦਾ ਅਧਿਕਾਰ ਹੈ। ਸਭਨਾਂ ਦਾ ਗੁਰਦੇਵ ਭੀ ਇਕੋ ਗੁਰੂ ਅਕਾਲ ਪੁਰਖ ਹੈ। ਸਭੋ ਇਕੋ ਅਕਾਲ ਪੁਰਖ ਦੇ ਸਰੂਪ ਤੋਂ ਉਪਜੇ ਹਨ ਅਤੇ ਇਕੋ ਅਕਾਲ ਪੁਰਖ ਦੀ ਜੋਤਿ ਦਾ ਹੀ ਅੰਸ ਹਨ। ਇਹ ਸਾਰਾ ਭਾਵ ਹੇਠਲੇ ਸਮੁਚੇ ਸ੍ਰੀ ਮੁਖਵਾਕ ਕਬਿੱਤ ਦਾ ਹੈ।

ਯਥਾ ਗੁਰਵਾਕ--

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸ਼ਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਬ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥ ਅਕਾਲ ਉਸਤਤਿ

ਤਾਂਤੇ ਇਸ ਸ੍ਰੀ ਮੁਖਵਾਕ ਅੰਦਰਿ ਮਨੁੱਖ ਮਾਤਰ ਨੂੰ ਇਕੋ ਅਕਾਲ ਪੁਰਖ ਦੀ ਉਪਾਸ਼ਨਾ ਤੇ ਇਬਾਦਤ ਦਾ ਗੁਰਮਤਿ ਦੁਆਰਾ ਸਾਂਝਾ ਅਧਿਕਾਰ ਜਣਾਇਆ ਹੈ ਅਤੇ ਕੇਵਲ ਇਕੋ ਗੁਰਮਤਿ-ਆਦਰਸ਼ੀ ਅਕਾਲ ਪੁਰਖ ਦੀ ਉਪਾਸ਼ਨਾ ਦੇ ਅਧਾਰ ਉਤੇ ਹੀ ਪ੍ਰਾਣੀ ਮਾਤਰ ਦਾ ਸੱਚਾ ਉਧਾਰ ਸੁਧਾਰ ਸਿਧ ਕੀਤਾ ਹੈ । ਹੋਰ ਕਿਸੇ ਵੇਦ-ਕਤੇਬੀ ਮਤ ਮਜ਼ਹਬ ਦੁਆਰਾ ਪ੍ਰਾਣੀ ਮਾਤ੍ਰ ਦਾ ਉਧਾਰ ਨਹੀਂ ਹੋ ਸਕਦਾ । ਵੇਦ-ਕਤੇਬੀ ਮਤਾਂ ਪ੍ਰਥਾਇ ਤਾਂ ਗੁਰੂ ਦਸਮੇਸ਼ ਜੀ ਦੇ ਸ੍ਰੀ ਮੁਖਵਾਕ ਇਸ ਬਿਧਿ ਆਉਂਦੇ ਹਨ । ਯਥਾ:—

ਕੋਈ ਪੜ੍ਹਤ ਕੁਰਾਨ ਕੋ, ਕੋਈ ਪੜ੍ਹਤ ਪੁਰਾਨ ॥
ਕਾਲ ਨ ਸਕਤ ਬਚਾਇ ਕੈ ਫੋਕਟ ਧਰਮ ਨਿਦਾਨ ॥੪੭॥

ਵੇਦ-ਕਤੇਬੀ ਦੋਈ ਮਤ ਇਸ ਸ੍ਰੀ ਮੁਖਵਾਕ ਦੁਆਰਾ ਫੋਕਟ ਧਰਮ ਹੀ ਸਿਧ ਕੀਤੇ ਹਨ । ਤਥਾ:—

ਕਈ ਕੋਟਿ ਮਿਲਿ ਪੜ੍ਹਤ ਕੁਰਾਨਾ ॥ ਬਾਚਤ ਕਿਤੇ ਪੁਰਾਨ ਅਜਾਨਾ ॥
ਅੰਤਿ ਕਾਲ ਕੋਈ ਕਾਮ ਨ ਆਵਾ ॥ ਦਾਵ ਕਾਲ ਕਾਹੂ ਨ ਬਚਾਵਾ॥੪੮॥
ਬਚਿਤ੍ਰ ਨਾਟਕ, ਅਧਿਆਇ ੬

ਸੋ ਇਹਨਾਂ ਕੁਰਾਨ-ਪੁਰਾਨੀ, ਵੇਦ-ਕਤੇਬੀ ਧਰਮ-ਕਰਮਾਂ ਦਾ ਪ੍ਰੀਤਿਆਗ ਦਸ ਕੇ ਸ੍ਰੀ ਦਸਮੇਸ਼ ਜੀ ਨੇ ਨਾਲ ਲਗਦਾ ਹੀ ਖਾਲਸ-ਤਤ-ਧਰਮੀ ਸ੍ਰੀ ਅਕਾਲ ਪੁਰਖ ਜੀ ਦਾ ਗੁਰਮਤਿ ਜਪ-ਜਾਪ ਸਰਬ ਕਾਇਨਾਤੀ ਜੀਵਾਂ ਲਈ ਕਲਿਆਣ-ਕਾਰੀ ਸਿਧ ਕੀਤਾ ਹੈ । ਯਥਾ:—

ਕਿਉਂ ਨ ਜਪੋ ਤਾ ਕੌ ਤੁਮ ਭਾਈ ॥ ਅੰਤਕਾਲ ਜੋ ਹੋਇ ਸਹਾਈ ॥
ਫੋਕਟ ਧਰਮ ਲਖੋ ਕਰਿ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ ॥੪੯॥
ਭਜੋ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥੩੭॥

ਬਿਅੰਤ ਨਾਮੁ ਧਿਆਇ ਹੋਂ ॥ ਪਰਮ ਜੋਤਿ ਪਾਇ ਹੋਂ ॥
ਨ ਧਿਆਨ ਆਨ ਕੋ ਧਰੋਂ ॥ ਨ ਨਾਮ ਆਨ ਉਚਰੋਂ ॥੩੮॥
ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥
ਪਰੱਮ ਧਿਆਨ ਧਾਰੀਯੰ ॥ ਅਨੰਤ ਪਾਪ ਟਾਰੀਯੰ ॥੩੯॥
ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥
ਤਵੱਕ ਨਾਮ ਉਚਾਰਿਯੰ ॥ ਅਨੰਤ ਦੂਖ ਟਾਰਿਯੰ ॥੪੦॥

ਪੁਨਾ— ਜਿਨ ਜਿਨ ਨਾਮੁ ਤਿਹਾਰੋ ਧਿਆਇਆ ॥
ਦੂਖ ਪਾਪ ਤਿਨ ਨਿਕਟ ਨ ਆਇਆ ॥
ਜੇ ਜੇ ਅਉਰ ਧਿਆਨ ਕੋ ਧਰਹੀਂ ॥
ਬਹਿਸ ਬਹਿਸ ਬਾਦਨ ਤੇ ਮਰਹੀਂ ॥੪੧॥

ਬਚਿਤ੍ਰ ਨਾਟਕ, ਅਧਿਆਇ ੬

ਤਾਂਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਸਮੁਚੇ ਸ੍ਰੀ ਮੁਖਵਾਕ ਦਾ ਆਸਰਾ ਲੈ ਕੇ ਜੋ ਲੋਗ ਇਸ ਵਾਕ ਦੇ ਸਿਧਾਂਤ ਤੋਂ ਉਲਟ ਪਰਚਾਰ ਕਰਦੇ ਹਨ, ਉਹ ਗ਼ਲਤ ਰਸਤੇ ਤੇ ਚਲਦੇ ਹਨ ਅਤੇ ਲੋਕਾਂ ਨੂੰ ਚਲਾਉਂਦੇ ਹਨ। ਓਹ ਭੀ ਭਰਮ-ਭੁਲੇਖੇ ਵਿਚ ਹਨ ਜੋ ਲੋਗ ਕਿ ਇਸ ਤੋਂ ਇਹ ਸਿੱਟਾ ਕਢਦੇ ਹਨ ਕਿ ਧਰਮ ਧਾਰਨ ਕਰਨ ਦੀ ਲੋੜ ਹੀ ਨਹੀਂ, ਆਪੋਂ ਸੁਤੇ ਸਿਧ ਹੀ ਸਭ ਦਾ ਉਧਾਰ ਹੋਇਆ ਪਇਆ ਹੈ। ਅਤੇ ਓਹ ਲੋਗ ਭੀ ਭਰਮੇ ਹੋਏ ਹਨ ਅਤੇ ਮੁਗ਼ਾਲਤੇ ਵਿਚ ਪਏ ਹੋਏ ਹਨ ਜੋ ਕਹਿੰਦੇ ਹਨ ਕਿ ਸਭ ਮਜ਼ਹਬ ਇਕ-ਸਾਰ ਹੀ ਕਲਿਆਨਕਾਰੀ ਅਤੇ ਸਰਬ ਜੀਆਂ ਉਧਾਰੀ ਹਨ। ਬਲਕਿ ਇਸ ਸ੍ਰੀ ਮੁਖਵਾਕ ਦੁਆਰਾ ਇਹੋ ਹੀ ਦ੍ਰਿੜ੍ਹਾਇਆ ਗਿਆ ਹੈ ਕਿ:— ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ...॥੪॥(੮॥੩)

ਬਸੰਤੁ ਮ: ੧, ਪੰਨਾ ੧੧੮੮

ਅਰਥਾਤ, ਇਕੋ ਹੀ ਗੁਰਮਤਿ ਧਰਮ ਸੱਚਾ ਧਰਮ ਹੈ, ਜੋ ਜੁਗਾਂ ਜੁਗਾਂਤਰੀ ਪੂਰਾ ਉਤਰਦਾ ਹੈ। ਇਸ ਨੂੰ ਭਾਵੇਂ ਕੋਈ ਧਾਰਨ ਕਰ ਲਵੇ। ਸਭਸ ਨੂੰ ਇਸ ਦੇ ਧਾਰਨ ਕਰਨੇ ਦਾ ਅਧਿਕਾਰ ਹੈ। ਹਿੰਦੂ, ਤੁਰਕ, ਈਸਾਈ, ਮੂਸਾਈ, ਅਤੇ ਕਹਾਉਤੀ ਅਛੂਤ ਜਾਤੀਆਂ ਸਭਨਾਂ ਲਈ ਹੀ ਗੁਰਮਤਿ ਖਾਲਸ ਧਰਮ ਦਾ ਦਰ ਖੁਲ੍ਹਾ ਹੈ। ਜੋ ਇਸ ਖਾਲਸ ਧਰਮ ਨੂੰ ਦ੍ਰਿੜ੍ਹ ਕਰਿ ਧਾਰਨ ਕਰੇਗਾ, ਸਭਸ ਦਾ ਉਧਾਰ ਹੋ ਜਾਏਗਾ। ਇਹ ਭਾਵ ਹਰਗਿਜ਼ ਨਹੀਂ ਕਿ ਅਧਰਮੀਆਂ ਅਨਮਤੀਆਂ ਦਾ ਐਵੇਂ ਹੀ (ਖਾਲਸ ਧਰਮ ਧਾਰਨ ਕੀਤੇ ਬਿਨਾਂ ਹੀ) ਉਧਾਰ ਹੋ ਜਾਇਗਾ।

ਇਤੁ ਭਉਜਲਿ ਰਹਣੁ ਕੁਢੰਗਾ ॥੯॥

ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੯

## ੧੫

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ (੨)

ਬਹੁਤ ਸਾਰੇ ਸੱਜਣ ਸੁਖ-ਰਹਿਣੀ ਰਹਿਤ ਦੇ ਗਿੱਝੇ ਹੋਏ ਸ੍ਰੀ ਦਸਮੇਸ਼ ਜੀ ਦੀ ਦ੍ਰਿੜਾਈ ਅਤੇ ਦ੍ਰਿੜ੍ਹਾਈ ਤੱਤ ਗੁਰਮਤਿ ਦੇ ਉਲਟ ਇਹ ਅਨੁਮਾਨ ਲਾਉਣ ਲਗ ਪੈਂਦੇ ਹਨ ਕਿ ਉੱਪਰ ਦਿੱਤੇ ਅਨਵਾਨ ਵਾਲਾ ਸਾਰਾ ਗੁਰਵਾਕ ਉਨ੍ਹਾਂ ਦੇ ਖ਼ਿਆਲ ਅਨੁਸਾਰ ਨੀਵੀਂ ਘਟਨਾ ਉੱਪਰ ਘਟਦਾ ਹੈ । ਉਹ ਇਸ ਨੀਵੀਂ ਘਟਨਾ ਅਨੁਸਾਰ ਦੇਹੁਰੇ ਅਤੇ ਮਸੀਤ ਵਿਚ ਜਾਣ ਨੂੰ ਇਕਸਾਰ ਹੀ ਸਮਝ ਲੈਂਦੇ ਹਨ, ਹਾਲਾਂ ਕਿ ਸ੍ਰੀ ਦਸਮੇਸ਼ ਜੀ ਦਾ ਗੁਰਮਤਿ ਤੱਤ ਭਾਵ ਐਨ ਇਸ ਦੇ ਉਲਟ ਹੈ।

ਕਸੂਤੀ ਗੇਹਝ ਦੇ ਗਿੱਝੇ ਹੋਏ ਪੁਰਸ਼ ਇਹ ਅਨੁਮਾਨ ਲਾ ਬੈਠਦੇ ਹਨ ਕਿ ਬੇਸ਼ਕ ਕੋਈ ਦੇਹੁਰਾ ਮਸੀਤ ਆਦਿਕ ਕੁਸੰਗ ਅਸਥਾਨਾਂ ਵਿਖੇ ਭਰਮਦਾ ਫਿਰੇ, ਉਸ ਨੂੰ ਅਜਿਹੇ ਭ੍ਰਮਣ ਕਰਮ ਦਾ ਕੋਈ ਲੇਸ ਨਹੀਂ ਲਗਦਾ । ਹਾਲਾਂਕਿ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਏਸੇ ਤੱਤ ਗੁਰਮਤਿ ਭਿੰਨੇ ਗੁਰਵਾਕ ਅਨੁਸਾਰ ਇਨ੍ਹਾਂ ਆਨਮਤੀ ਕੁਸੰਗ-ਮੰਡਲਾਂ ਵਿਚ ਜਾਣਾ ਜ਼ਾਹਰਾ ਤੌਰ ਤੇ ਰੋਕਦੇ ਹਨ ਅਤੇ ਸਪੱਸ਼ਟ ਤੌਰ ਤੇ ਵਰਜਦੇ ਹਨ ਕਿ ਇਨ੍ਹਾਂ ਕੁਸੰਗ-ਮਈ ਗਿਝਾਵਿਆਂ ਵਿਚ ਹਰਗਿਜ਼ ਨ ਪਵੋ ।

ਸ੍ਰੀ ਦਸਮੇਸ਼ ਪਾਤਸ਼ਾਹ ਨੂੰ ਹਰਗਿਜ਼ ਇਹ ਗੱਲ ਮਨਜ਼ੂਰ ਨਹੀਂ ਕਿ ਉਨ੍ਹਾਂ ਦੇ ਤੱਤ-ਗੁਰਮਤੀ-ਗੁਰਸਿੱਖ ਐਵੇਂ ਆਵਾਗੌਣ ਹੀ ਇਹਨਾਂ ਆਨਮਤੀ ਅਸਥਾਨਾਂ ਤੇ ਭਰਮਦੇ ਭਟਕਦੇ ਫਿਰਨ । ਜੇਕਰ ਐਸਾ ਹੀ ਹੁੰਦਾ ਤਾਂ ਸ੍ਰੀ ਦਸਮੇਸ਼ ਜੀ ਬਚਿੱਤਰ ਨਾਟਕ ਸ੍ਰੀ ਮੁਖਵਾਕ ਬਾਣੀ ਦੇ ਛੇਵੇਂ ਅਧਿਆਇ ਵਿਚ ਆਨਮਤੀ ਪੂਜਾ ਤੋਂ ਆਪਣੇ ਗੁਰਸਿੱਖਾਂ ਨੂੰ ਕਦੇ ਨਾ ਵਰਜਦੇ । ਜੈਸਾ ਕਿ "ਕਿਸ਼ਨ ਬਿਸ਼ਨ" ਆਦਿਕ ਸਾਰੇ ਦੇਵਤਿਆਂ ਅਤੇ ਮੁਹੰਮਦ ਆਦਿਕ ਪੈਗੰਬਰਾਂ ਨੂੰ ਬਣਾ ਕੇ ਸੋਧਿਆ ਹੈ, ਜੋ ਇਨ੍ਹਾਂ ਵਾਕਾਂ ਤੋਂ ਪ੍ਰਸਿੱਧ ਹੈ:—

ਮਹਾਂਦੇਵ ਅਚੁੱਤ ਕਹਾਯੋ ॥ ਬਿਸ਼ਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮੁ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥

ਤਥਾ:— ਜੋ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ॥੧੪॥
ਪਰਮ ਪੁਰਖ ਕਿਨਹੂੰ ਨਹ ਪਾਯੋ ॥ ਬੈਰ ਬਾਦ ਅਹੰਕਾਰ ਬਢਾਯੋ...॥੧੫॥

ਤਥਾ:— ਜਿਨ ਜਿਨ ਤਨਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥


www.sikhbookclub.com

ਪੁਨਾ:—ਜੋ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨਿ ਤਿਨਿ ਕ੍ਰਿਆ ਬ੍ਰਹਮ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ॥੧੮॥
ਬ੍ਰਹਮਾ ਚਾਰੇ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ॥੧੯॥
ਪੁਨਾ:—ਮਹਾਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥੨੬॥
ਤਿਨ ਭੀ ਏਕ ਪੰਥ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂੰ ਨ ਦ੍ਰਿੜ੍ਹਾਯੋ ॥੨੭॥
ਸਬ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂੰ ਨਾ ਪਛਾਨਾ...॥੨੮॥
ਬਚਿਤ੍ਰ ਨਾਟਕ, ਅਧਿਆਇ ੬

ਜਦੋਂ ਸ੍ਰੀ ਦਸਮੇਸ਼ ਮੁਖਵਾਕ ਸਪੱਸ਼ਟ ਤੌਰ ਤੇ ਇਉਂ ਦ੍ਰਿੜ੍ਹਾਉਂਦੇ ਹਨ ਕਿ ਉਪਰ ਦੱਸੇ ਅਨੁਸਾਰ ਬੇਦ ਕਤੇਬੀ ਕ੍ਰਿਆ ਸਭ ਖੰਡਨ ਰੂਪ ਹੈ, ਤਾਂ ਫੇਰ ਇਹ ਕਦੋਂ ਹੋ ਸਕਦਾ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਓਸੇ ਸ੍ਰੀ ਦਸਮੇਸ਼ ਮੁਖਵਾਕ ਵਿਖੇ ਦੇਹੁਰਾ ਤੇ ਮਸੀਤ ਆਦਿਕ ਆਨਮਤ ਅਸਥਾਨਾਂ ਦੀ ਪੂਜਾ ਪ੍ਰਤਿਪਾਦਨ ਕੀਤੀ ਗਈ ਹੋਵੇ।

ਅਸਲ ਬਾਤ ਇਹ ਹੈ ਕਿ ਸ੍ਰੀ ਦਸਮੇਸ਼ ਜੀ ਨੇ ਇਸ ਸ੍ਰੀ ਮੁਖਵਾਕ ਦੁਆਰਾ ਸਪੱਸ਼ਟ ਤੌਰ ਤੇ ਇਹ ਸਿੱਧ ਕੀਤਾ ਹੈ ਕਿ ਹਰ ਪ੍ਰਾਣੀ ਮਾਤ੍ਰ ਜਿਸ ਜਿਸ ਮੱਤ-ਮਤਾਂਤਰ ਵਿਖੇ ਹੈ, ਸਭ ਕੋਈ ਗੁਰ-ਉਪਦੇਸ਼ ਦਾ ਅਧਿਕਾਰੀ ਹੈ। ਜੈਸਾ ਕਿ ਇਸ ਗੁਰਵਾਕ ਤੋਂ ਭੀ ਪ੍ਰਸਿੱਧ ਹੈ:—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥
੪॥੩॥੫੦॥ ਸੂਹੀ ਮ: ੫, ਪੰਨਾ ੭੪੭-੪੮

ਤੱਤ ਭਾਵ ਸ੍ਰੀ ਦਸਮੇਸ਼ ਜੀ ਦੇ ਉੱਪਰ ਦੱਸੇ ਮੁਖਵਾਕਾਂ ਦਾ ਭੀ ਇਹੀ ਹੈ ਕਿ ਗੁਰਮਤਿ ਅੰਦਰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ"* ਵਾਲੀ ਹੀ ਘਟਨਾ ਘਟਾਈ ਗਈ ਹੈ। ਇਹਨਾਂ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਭਾਵ ਹਰਗਿਜ਼ ਨਹੀਂ, ਜੈਸਾ ਕਿ ਆਨਮਤ-ਗ੍ਰਸੇ ਢਿੱਲੜ ਪੁਰਸ਼ ਲਿਆ ਕਰਦੇ ਹਨ ਕਿ ਮਨੁੱਖ ਮਾਤ੍ਰ ਦੀ ਜਾਤੀ ਜਿੱਥੇ ਭੀ ਖੜੋਤੀ ਹੈ, ਉੱਥੇ ਹੀ ਉਸ ਦੀ ਮੁਕਤ ਹੈ, ਚਾਹੇ ਕਿਸੇ ਵੀ ਮੱਤ-ਮਤਾਂਤਰ ਵਿਖੇ ਕਿਉਂ ਨਾ ਹੋਵੇ। ਸ੍ਰੀ ਗੁਰੂ ਦਸਮੇਸ਼ ਜੀ ਦਾ ਇਨ੍ਹਾਂ ਉੱਪਰ ਦੱਸੇ ਵਾਕਾਂ ਅਨੁਸਾਰ ਇਹ ਭਾਵ ਉੱਕਾ ਹੀ ਨਹੀਂ ਕਿ ਬਿਨਾਂ ਅੰਮ੍ਰਿਤ ਛਕਾਏ ਦੇ ਹਰ ਕੋਈ ਮਤ-ਮਤਾਂਤਰ, ਪ੍ਰਾਣੀ ਮਾਤ੍ਰ ਗੁਰਮਤਿ ਦ੍ਰਿੜ੍ਹਾਈ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ।

*ਮਾਝ ਮ: ੫, ॥੩॥(੪॥੨॥੯) ਪੰਨਾ ੯੭

ਜੋ ਜਨ ਡਰਪੋਕ ਹਨ ਅਤੇ ਬਣੇ ਬਣਾਤੇ ਮੋਮਨ ਰਹਣਾ ਚਾਹੁੰਦੇ ਹਨ, ਉਹ ਪੁਰਸ਼ ਐਸਾ ਭਾਵ ਇਨ੍ਹਾਂ ਗੁਰਵਾਕਾਂ ਦੀ ਰੌਸ਼ਨੀ ਵਿਚੋਂ ਕੱਢ ਲਿਆ ਕਰਦੇ ਹਨ ਕਿ ਹਰੇਕ ਮੱਤ ਅੰਦਰ ਹੁੰਦਿਆਂ ਹੋਇਆਂ ਹਰ ਪ੍ਰਾਣੀ ਨੂੰ ਕਲਿਆਣ-ਗਤੀ ਪ੍ਰਾਪਤ ਹੋ ਸਕਦੀ ਹੈ। ਤਿਨ੍ਹਾਂ ਭੱਦਰ ਪੁਰਸ਼ਾਂ ਨੂੰ ਇਹ ਗੱਲ ਨਿਸਚੇ ਹੀ ਨਹੀਂ ਕਿ ਬਿਨਾਂ ਗੁਰਮਤਿ ਦੀ ਸੱਚੀ ਰੌਸ਼ਨੀ (Light) ਦੇ ਗ੍ਰਹਿਣ ਕੀਤੇ ਦੇ (ਜੋ ਗੁਰੂ ਘਰ ਤੋਂ ਅੰਮ੍ਰਿਤ ਛਕੇ ਤੇ ਹੀ ਪ੍ਰਾਪਤ ਹੋ ਸਕਦੀ ਹੈ) ਕਿਵੇਂ ਕੋਈ ਪੁਰਸ਼ ਸੱਚੜੀ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ। ਏਸੇ ਬਿਧਿ ਅਕਸਰ ਰਾਗੀ ਅਤੇ ਉਪਦੇਸ਼ਕ, ਜੋ ਗੁਰੂ ਘਰ ਦੇ ਸ਼ਰਧਾਲੂ ਸਦਾਉਂਦੇ ਹਨ, ਅਕਸਰ ਇਹੀ ਤਾਤਪਰਜ ਲੈ ਕੇ, ਏਸੇ ਪ੍ਰਕਾਰ ਦੇ ਸ੍ਰੀ ਦਸਮੇਸ਼-ਬਚਨਾਂ ਨੂੰ ਉਚਾਰਿਆ ਕਰਦੇ ਹਨ, ਜਿਨ੍ਹਾਂ ਤੋਂ ਆਮ ਲੋਕਾਂ ਨੂੰ ਇਹੀ ਟਪਲਾ ਲੱਗੇ ਕਿ ਹਰ ਕੋਈ ਆਪੋ ਆਪਣੇ ਮੱਤ ਅਨੁਸਾਰ ਨਿਸਤਰ ਸਕਦਾ ਹੈ, ਹਾਲਾਂਕਿ ਸ੍ਰੀ ਦਸਮੇਸ਼-ਵਾਕਾਂ ਦੀ ਕਦਰ ਕੀਮਤ ਐਨ ਪਹਿਲੀਆਂ ਪਾਤਸ਼ਾਹੀਆਂ ਦੇ ਗੁਰਵਾਕਾਂ ਅਨੁਸਾਰ ਹੈ। ਸ੍ਰੀ ਦਸਮੇਸ਼ ਜੀ ਦੇ ਉਚਰੇ ਹੋਏ ਸ੍ਰੀ ਮੁਖਵਾਕਾਂ ਵਿਖੇ ਦੁਚਿਤਾਈ ਅਤੇ ਭਿੰਨ ਭਿੰਨ ਭਾਵ ਭੇਤਤਾਈ ਨਹੀਂ ਹੋ ਸਕਦੀ। ਉੱਪਰ ਦੱਸੀ ਵਿਆਖਿਆ ਅਨੁਸਾਰ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਸਦਰਸ਼ ਸਾਰੇ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਹੀ ਭਾਵ ਹੈ ਜੈਸਾ ਕਿ ਉੱਪਰ ਦਰਸਾਇਆ ਗਿਆ ਹੈ। ਗੁਰੂ ਘਰ ਦੇ ਰਾਗੀ ਅਤੇ ਉਪਦੇਸ਼ਕ ਕਹਾਉਣ ਵਾਲੇ, ਸੁਖ ਰਹਿਣੀਏ ਸਜਨ ਕੇਵਲ ਆਪਣੇ ਮਨ ਦੀ ਨੀਵੀਂ ਦਸ਼ਾ ਹੀ ਪ੍ਰਗਟਾਉਂਦੇ ਹਨ, ਜਦੋਂ ਕਿ ਇਸ ਪ੍ਰਕਾਰ ਦਸਦੇ ਹਨ ਕਿ ਹਰੇਕ ਮੱਤ-ਮਤਾਂਤਰ ਦਾ ਪ੍ਰਾਣੀ ਆਪੋ ਆਪਣੇ ਥਾਉਂ ਖਲੋਤਾ ਤੱਤ ਮੋਖਸ਼ ਨੂੰ ਪ੍ਰਾਪਤ ਹੋ ਸਕਦਾ ਹੈ।

ਗੁਰਮਤਿ ਭਾਵ ਐਸੇ ਗੂੜ੍ਹ ਹਨ ਕਿ ਉਨ੍ਹਾਂ ਦੀ ਤੱਤ ਸਮ-ਦਰਸਤਾ ਘਟਾਉਣੀ ਬੜੀ ਔਖੀ ਹੋ ਜਾਂਦੀ ਹੈ; ਪ੍ਰੰਤੂ ਸ੍ਰੀ ਦਸਮੇਸ਼ ਜੀ ਦੇ ਮਹਾਂ ਸ੍ਰੀ ਮੁਖਵਾਕ ਖੂਬ ਤੱਤ ਨਿਰਣਾ ਕਰ ਦਿੰਦੇ ਹਨ। ਕਈ ਭੱਦਰ ਪੁਰਸ਼ ਸ੍ਰੀ ਗੁਰੂ ਨਾਨਕ ਸਾਹਿਬ ਪਹਿਲੀ ਪਾਤਸ਼ਾਹੀ ਦੇ ਏਸ ਗੁਰਵਾਕ ਦਾ ਬੜੀ ਉਲਟੀ ਦਸ਼ਾ ਵਿਚ ਭਾਵਾਰਥ ਕਰਦੇ ਹਨ। ਯਥਾ :—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ...੧॥(੧੦)

ਸਲੋਕ ਮ: ੩, ਵਾਰ ਬਿਲਾਵਲ, ਪੰਨਾ ੮੫੩

ਏਸ ਦਾ ਭਾਵ ਉਹ ਪੁਰਸ਼ ਇਉਂ ਲੈ ਲੈਂਦੇ ਹਨ ਕਿ ਗੁਰੂ ਸਾਹਿਬ ਨੇ ਸਾਫ਼ ਦਰਸਾਇਆ ਤੇ ਦ੍ਰਿੜ੍ਹਾਇਆ ਹੈ ਕਿ ਉਧਰਨ ਦੇ ਦੁਆਰ ਅਨੇਕ ਹਨ। ਦੇਖੋ ਗੁਰੂ ਸਾਹਿਬ ਜੀ ਲਿਖਦੇ ਹਨ ਕਿ "ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ ॥" ਓਹ ਲੋਕ ਸਮਝਦੇ ਹਨ ਕਿ ਇਸ ਗੁਰਵਾਕ ਦੁਆਰਾ ਸ੍ਰੀ ਗੁਰੂ ਸਾਹਿਬ ਨੇ ਖੁਲ੍ਹ


www.sikhbookclub.com

ਦਿੱਤੀ ਹੈ ਕਿ ਗੁਰਮਤਿ ਨੂੰ ਛੱਡ ਕੇ ਹੋਰ ਦੁਆਰੇ ਭੀ ਸਹੇੜੇ ਜਾ ਸਕਦੇ ਹਨ, ਪ੍ਰੰਤੂ ਉਨ੍ਹਾਂ ਨੂੰ ਇਹ ਸੂਝ ਬੂਝ ਨਹੀਂ ਕਿ ਇਸ ਗੁਰਵਾਕ ਦਾ ਤੱਤ ਭਾਵ ਕੀ ਹੈ ?

ਸ੍ਰੀ ਗੁਰੂ ਸਾਹਿਬ ਜੀ ਦਾ ਦਰਸਾਇਆ ਦੁਆਰਾ ਇੱਕੋ ਹੀ ਹੈ, ਅਨੇਕ ਨਹੀਂ । ਗੁਰਮਤਿ ਦੁਆਰੇ ਜੋ ਗੁਰਮੁਖਿ ਜਗਿਆਸੂ ਦੇ ਗ੍ਰਹਿਣ ਕਰਨ ਜੋਗ ਹਨ, ਓਹ ਏਸੇ ਗੁਰਵਾਕ ਦੇ ਭਾਵ ਅਨੁਸਾਰ ਅਨੇਕ ਨਹੀਂ । ਗੁਰਮਤਿ ਅਨੁਸਾਰ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਣਾ ਭੀ ਇਕ ਵਸੀਲਾ (ਦੁਆਰਾ) ਹੈ, ਵਾਹਿਗੁਰੂ ਦੇ ਪਾਉਣ ਦਾ । ਗੁਰਸਿੱਖਾਂ ਦੀ ਸੇਵਾ ਕਰਨੀ ਭੀ ਇੱਕ ਜ਼ਰੀਆ (ਦੁਆਰਾ) ਹੈ ਵਾਹਿਗੁਰੂ-ਪ੍ਰਾਪਤੀ ਦਾ । ਪ੍ਰੰਤੂ ਦਰ-ਅਸਲ ਗੁਰਮਤਿ ਵਸੀਲਾ (ਦੁਆਰਾ) ਇੱਕ ਹੀ ਹੋਇਆ ਨਾ ਕਿ ਅਨੇਕ ? ਜੇ ਅਨੇਕ ਹੋਰ ਦੁਆਰੇ ਅਨਮਤੀ ਦੁਆਰੇ ਭੀ ਹੁੰਦੇ ਤਾਂ "ਹੋਰੁ ਦੁਆਰਾ ਕੋਇ ਨ ਸੂਝੈ"* ਭਾਵ ਵਾਲੇ ਵਾਕ ਅੰਕਤ ਕਿਉਂ ਹੁੰਦੇ ਅਤੇ ਸ੍ਰੀ ਗੁਰੂ ਦਸਮੇਸ਼ ਜੀ ਇਉਂ ਉਚਾਰਨ ਕਿਉਂ ਕਰਦੇ "ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ" ? ਜਿਸ ਤੋਂ ਸਾਫ਼ ਸਪੱਸ਼ਟ ਹੈ ਕਿ ਸੱਚੇ ਪਾਤਸ਼ਾਹ ਨੇ ਇੱਕੋ ਅਕਾਲ ਪੁਰਖ ਦਾ ਦੁਆਰਾ ਹੀ ਦਸਿਆ ਹੈ। ਸੋਈ ਗੁਰਮਤਿ ਅਨੁਸਾਰ ਤੱਤ ਦੁਆਰਾ ਹੈ। ਸ੍ਰੀ ਗੁਰੂ ਦਸਮੇਸ਼ ਜੀ ਹੋਰ ਭੀ ਇਸ ਗੱਲ ਨੂੰ ਅੱਗੇ ਚਲ ਕੇ ਸਪੱਸ਼ਟ ਕਰਦੇ ਹਨ:—

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ ॥੮੬੩॥

ਰਾਮਾ ਅਵਤਾਰ, ਦਸਮ ਗ੍ਰੰਥ

ਇਸ ਗੁਰਵਾਕ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਗੁਰਮਤਿ-ਮਾਰਗ, ਬੇਦ ਕਤੇਬੀ ਮਤ ਤੋਂ ਉੱਕਾ ਹੀ ਨਿਆਰਾ ਅਤੇ ਵਿਲੱਖਣ ਹੈ। ਏਥੇ ਉਹ ਕੋਈ ਭੀ ਗੁੰਜਾਇਸ਼ ਨਹੀਂ ਬੇਦ ਕਤੇਬ ਰਾਮ ਰਹੀਮ ਦੇ ਪੂਜਣ ਦੀ।

ਕਈ ਮਿਲਗੋਭਾਪਣ ਦੇ ਪੁਜਾਰੀ "ਹਮ ਏਕ ਨਾ ਜਾਨਯੋ" ਵਾਲੀ ਤੁਕ ਦਾ ਅਨੁਵਾਦ ਇਸ ਪ੍ਰਕਾਰ ਭੀ ਕਰ ਲਿਆ ਕਰਦੇ ਹਨ ਅਤੇ ਜਾਣ ਬੁੱਝ ਕੇ ਕਰਦੇ ਹਨ ਕਿ ਗੁਰੂ ਸਾਹਿਬ ਨੇ ਤਾਂ ਜਾਣਿਆ ਹੀ ਨਹੀਂ, ਭਾਵ ਉਨ੍ਹਾਂ ਨੂੰ ਪਤਾ ਕੁਝ ਨਹੀਂ ਸੀ। ਇਹ ਉਨ੍ਹਾਂ ਦੀ ਸਪੱਸ਼ਟ ਭੁੱਲ ਹੈ ਤੇ ਨਿਰਾ ਮੋਮਨਪੁਣਾ ਹੈ। ਸਿਵਾਏ ਗੁਰਮਤਿ ਦੁਆਰੇ ਦੇ ਹੋਰ ਕੋਈ ਭੀ ਦੁਆਰਾ ਨਹੀਂ, ਪ੍ਰਾਣੀਆਂ ਦੇ ਉੱਧਾਰ ਕਰਨ ਲਈ । ਤਾਂਤੇ ਇਹ ਗੱਲ ਸਪੱਸ਼ਟ ਸਿੱਧ ਹੋ ਗਈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਭਾਵ ਗੁਰਮਤਿ ਅਨਕੂਲ ਤਦੇ ਹੀ ਬਣਦਾ ਹੈ ਜੇਕਰ ਸ੍ਰੀ ਗੁਰੂ ਦਸਮੇਸ਼ ਜੀ

*ਮਾਰੂ ਸੋਲਹੇ ਮ: ੫,॥੪॥(੧੫॥੨॥੭) ਪੰਨਾ ੧੦੭੮

ਦੇ ਤੱਤ ਗੁਰਮਤਿ ਆਸ਼ੇ ਨੂੰ ਸਪੱਸ਼ਟ ਤੌਰ ਤੇ ਸਮਝਿਆ ਜਾਵੇ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ...॥੧੫॥੮੫॥

ਅਕਾਲ ਉਸਤਤਿ ਪਾ: ੧੦

ਏਸ ਪੰਗਤੀ ਦਾ ਹਰਗਿਜ਼ ਇਹ ਭਾਵ ਨਹੀਂ ਜੈਸਾ ਕਿ ਅਕਸਰ ਮੋਮਨਪੁਣੇ ਦੁਆਰਾ ਸਮਝਿਆ ਜਾਂਦਾ ਹੈ ਕਿ ਮਨੁੱਖ ਦੀ ਜਾਤਿ ਸਭ ਏਕੋ ਹੀ ਹੈ, ਚਾਹੇ ਕੋਈ ਜਤੀ ਬਣਿਆ ਰਹੇ, ਸੰਨਿਆਸੀ ਅਥਵਾ ਜੋਗੀ ਜਾਂ ਬ੍ਰਹਮਚਾਰੀ ਬਣਿਆ ਰਹੇ।

ਆਨਮਤੀ ਜੋਗੀਆਂ, ਸੰਨਿਆਸੀਆਂ, ਬ੍ਰਹਮਚਾਰੀਆਂ ਆਦਿ ਨੂੰ ਸਾਰੇ ਗੁਰੂ ਸਾਹਿਬਾਨ ਨੇ ਚੰਗੀ ਤਰ੍ਹਾਂ ਸੋਧਿਆ ਹੈ। ਤਦ ਅਸੀਂ ਮੋਮਨਾਂ ਦੇ ਕਹੇ ਤੇ ਇਹ ਗੱਲ ਕਿਵੇਂ ਮੰਨ ਲਈਏ ਕਿ ਜੋਗੀ ਜਤੀ ਸੰਨਿਆਸੀ ਸਭ ਆਨਮਤੀਆਂ ਦਾ ਤੱਤ ਗੁਰਮਤਿ ਅਨੁਸਾਰ ਨਿਸਤਾਰਾ ਹੈ। ਬਲਕਿ ਸ੍ਰੀ ਗੁਰੂ ਸਾਹਿਬ ਜੀ ਦਾ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਦੁਆਰਾ ਸਾਰੇ ਆਨ-ਮਤੀਆਂ ਲਈ ਖੁਲ੍ਹਾ ਹੈ ਅਤੇ ਅੰਮ੍ਰਿਤ ਛਕਾਏ ਤੇ ਹੀ ਉਨ੍ਹਾਂ ਦਾ ਨਿਸਤਾਰਾ ਹੋਣਾ ਹੈ। ਅਗਲੀ ਤੁਕ, ਜੋ ਇਉਂ ਕਥਨ ਹੈ :—

ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ...॥੮੫॥

ਅਕਾਲ ਉਸਤਤਿ ਪਾ: ੧੦

ਹਿੰਦੂ ਤੁਰਕ ਸਾਰੇ ਹੀ ਆਨਮਤਿ ਰਾਫ਼ਜੀ ਇਮਾਮ ਸਾਫ਼ੀ ਵਾਲੇ ਤੱਤ ਗੁਰਮਤਿ ਅਨੁਸਾਰ ਸੋਧੇ ਬਿਨਾਂ ਕਦੇ ਭੀ ਰਾਹੇ-ਰਾਸਤ ਤੇ ਨਹੀਂ ਆ ਸਕਦੇ। ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਜੀ ਨੇ ਇਹਨਾਂ ਆਨਮਤੀ ਕੁਸੰਗਤੀਆਂ ਦੀ ਖ਼ੂਬ ਹੀ ਬਣਾ ਕੇ ਸੋਧਣਾ ਕੀਤੀ ਹੈ। ਦੇਖੋ ਇਹਦਾ ਉਲਟਾ ਅਰਥ ਲੈਣ ਵਾਲੇ ਆਪਣੀ ਹੀ ਕਨਿਸ਼ਟ ਬੁਧੀ ਅਨੁਸਾਰ ਹੋਰ ਦਾ ਹੋਰ ਹੀ ਭਾਵ ਬਣਾ ਲੈਂਦੇ ਹਨ। ਜੈਸਾ ਕਿ ਸ੍ਰੀ ਗੁਰੂ ਦਸਮੇਸ਼ ਜੀ ਨੇ :—

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ॥੧॥੨੧॥

ਅਕਾਲ ਉਸਤਤਿ ਪਾ: ੧੦

ਇਸ ਸ੍ਰੀ ਮੁਖਵਾਕ ਦੁਆਰਾ ਸਪੱਸ਼ਟ ਤੌਰ ਤੇ ਸਾਰੇ ਮੱਤਾਂ ਦੇ ਆਨਮਤੀ ਸਾਧਾਂ ਸੰਤਾਂ ਨੂੰ ਨੀਵਾਂ ਜਣਾਇਆ ਹੈ। ਪ੍ਰੰਤੂ ਮੋਮਨ ਪੁਰਸ਼ ਅਜੇ ਭੀ ਇਸ ਵਾਕ ਦੀ ਦੂਜੀ ਤੁਕ ਦਾ ਇਹ ਅਨਵਾਦ ਕਰਦੇ ਸੰਗਦੇ ਨਹੀਂ ਕਿ ਮਹਾਰਾਜ ਨੇ ਅਨੇਕ ਮੱਤੀਆਂ ਦੇ

ਸੰਤਾਂ ਨੂੰ ਇਕੋ ਸ਼੍ਰੇਣੀ ਵਿਚ ਰਖਿਆ ਹੈ ਅਤੇ ਉਹ ਹਰੇਕ ਮੱਤ ਅਨੁਸਾਰ ਹੀ ਨਿਸਤਾਰੇ ਜਾ ਸਕਦੇ ਹਨ। ਇਹ ਰੰਚਕ ਮਾਤ੍ਰ ਭੀ ਨਹੀਂ ਵੀਚਾਰਦੇ ਕਿ ਇਹ ਆਪੇ ਬਣ ਬੈਠੇ ਸ੍ਰੇਵੜੇ ਸਿੱਧ ਸਾਧਿਕ ਆਦਿਕਾਂ ਵਿਚੋਂ ਭੀ ਕੋਈ ਭੀ ਪਖੰਡੀ ਪੁਰਸ਼ ਪ੍ਰਮਾਤਮਾ ਪ੍ਰਾਣਪਤੀ ਨੂੰ ਨਹੀਂ ਪਾ ਸਕਦਾ ਅਤੇ ਨਾ ਹੀ ਕੋਈ ਦੇਖ ਸਕਦਾ ਹੈ। ਵਾਹਿਗੁਰੂ ਦੀ ਸੱਚੀ ਪ੍ਰੀਤੀ ਬਿਨਾਂ, ਇਕ ਰਤੀ ਬਿਨਾਂ ਇਹ ਸਾਰੇ ਮੱਤ-ਮਤਾਂਤਰ ਕਿਸੇ ਕੌਡੀ ਦੇ ਲੇਖੇ ਵੀ ਨਹੀਂ ਪੈਂਦੇ। ਇਹ ਸਾਫ਼ ਸਿੱਟਾ ਗੁਰੂ ਸਾਹਿਬ ਨੇ ਕੱਢ ਦਿੱਤਾ ਹੈ। ਇਸੇ ਪ੍ਰਕਾਰ ਹੀ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲਾ ਸਾਰਾ ਸ੍ਰੀ ਮੁਖਵਾਕ ਤੱਤ ਗੁਰਮਤਿ ਅਨੁਸਾਰ ਵੀਚਾਰ ਲਵੋ ਕਿ ਇਸ ਗੁਰਵਾਕ ਅੰਦਰ ਕਿਤੇ ਭੀ ਆਨਮਤੀ-ਪੂਜਾ, ਕਿਸੇ ਭੀ ਮੱਤ ਦੀ ਨਹੀਂ ਦਰਸਾਈ ਦ੍ਰਿੜ੍ਹਾਈ। ਬਲਕਿ ਸੱਚੇ ਪਾਤਸ਼ਾਹ ਦਾ ਸਾਫ਼ ਇਹੋ ਭਾਵ ਹੈ ਕਿ ਗੁਰਮਤਿ ਅੰਦਰ ਜਾਤ ਪਾਤ ਦਾ ਕੋਈ ਵਿਤਕਰਾ ਨਹੀਂ। ਅੰਮ੍ਰਿਤ ਛਕ ਕੇ ਸਭ ਵਰਨਾਂ ਦੇ ਇਕੋ ਭਾਈ, ਗੁਰਮਤਿ ਜਾਤ ਦੇ ਇਕੋ ਭਾਈ ਬਣ ਜਾਂਦੇ ਹਨ।

ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ, ਭੂਲ ਭ੍ਰਮ ਮਾਨਬੋ...੧੫॥੮੫॥

ਅਕਾਲ ਉਸਤਤਿ ਪਾ: ੧੦

ਕੇਵਲ ਭੁੱਲੇ ਭ੍ਰਮੇ ਹੋਏ ਪੁਰਖ ਹੀ ਇਸ ਮਾਨਸ ਜਾਤੀ ਦੇ ਭੇਦ ਨੂੰ ਮੰਨਦੇ ਹਨ। ਲੋਕ ਬਣੇ ਬਣਾਤੇ ਹੀ ਆਨ-ਮੱਤ ਪੂਜਾ ਨੂੰ ਗੁਰਮਤਿ ਅੰਦਰ ਥਾਉਂ ਦਿੰਦੇ ਹਨ। ਗੁਰੂ ਪਾਤਸ਼ਾਹ ਦਾ ਸਪੱਸ਼ਟ ਭਾਵ ਇਹ ਹੈ ਕਿ ਇਹ ਭ੍ਰਮ ਭੇਦ ਤਦੇ ਹੀ ਮਿਟਦਾ ਹੈ ਜੇਕਰ ਗੁਰਮਤਿ ਦਾਇਰੇ ਵਿਚ ਆ ਕੇ ਸਾਰੇ ਪ੍ਰਾਣੀ ਆਨਮੱਤਾਂ ਦੇ, ਅੰਮ੍ਰਿਤ ਛਕ ਕੇ ਇੱਕੋ ਹੀ ਹੋ ਜਾਣ।

"ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ, ਸਬੈ ਏਕੈ ਜੋਤਿ ਜਾਨਬੋ"* ਵਾਲੀ ਗੁਰਵਾਕ-ਪੰਗਤੀ ਸਪੱਸ਼ਟ ਫ਼ੈਸਲਾ ਕਰਦੀ ਹੈ ਕਿ ਸਾਰੇ ਪ੍ਰਾਣੀਆਂ ਦਾ ਇੱਕੋ ਹੀ ਗੁਰਦੇਵ ਹੋ ਸਕਦਾ ਹੈ। ਇਹ ਤਦੇ ਹੀ ਹੋ ਸਕਦਾ ਹੈ ਜੇਕਰ ਸਭ ਪ੍ਰਾਣੀ ਅੰਮ੍ਰਿਤ ਛਕ ਕੇ ਇਕੋ ਗੁਰਮਤਿ ਵਾਲੀ ਮਤਿ ਦੇ ਹੋ ਜਾਣ। ਸਾਰਿਆਂ ਦਾ ਇਕੋ ਗੁਰਦੇਵ ਤਦੇ ਹੋ ਸਕਦਾ ਹੈ ਜੇ ਪ੍ਰਮਾਰਥਕ ਵਿਧੀ ਅਨੁਸਾਰ ਪ੍ਰਮਾਰਥੀ ਬਣ ਕੇ ਗੁਰਦੇਵ ਧਾਰਨ। ਨਹੀਂ ਤਾਂ ਔਝੜ ਪਏ ਹੋਏ ਗੁਰਮਤਿ ਵਿਹੂਣੇ ਚੋਟਾਂ ਹੀ ਖਾਣਗੇ। ਇਸੇ ਪ੍ਰਕਾਰ ਅਗਲੇ ਸਮੁੱਚੇ ਸ੍ਰੀ ਦਸਮੇਸ਼ ਵਾਕ ਇਹ ਹੀ ਦ੍ਰਿੜ੍ਹਾਉਂਦੇ ਹਨ ਕਿ ਗੁਰਮਤਿ ਤੱਤ ਅਨੁਸਾਰ ਹਰੇਕ ਪ੍ਰਾਣੀ ਦਾ ਨਿਸਤਾਰਾ ਤਦੇ ਹੋ ਸਕਦਾ ਹੈ ਜੇਕਰ ਉਹ ਸਾਉ ਬਣ ਕੇ, ਸੁੱਚਮਤਾ ਧਾਰਨ ਕਰ ਕੇ ਸੱਚੇ ਗੁਰੂ ਦਾ ਦੁਆਰਾ ਗ੍ਰਹਿਣ ਕਰ

*ਅਕਾਲ ਉਸਤਤਿ ਪਾ: ੧੦, ਅੰਕ ੧੫॥੮੫॥

 www.sikhbookclub.com

ਲਣ, ਨਹੀਂ ਤਾਂ ਉਨ੍ਹਾਂ ਦਾ ਠਿਕਾਣਾ ਹੀ ਕੋਈ ਨਹੀਂ। ਹਰ ਪ੍ਰਾਣੀ ਮਾਤ੍ਰ ਦੇ ਇਕਸਾਰ ਨੈਨ ਬੈਨ ਕੰਨ ਆਦਿਕ ਹਨ। ਇਨ੍ਹਾਂ ਵਿਤਕਰਿਆਂ ਵਿੱਚ ਪੈ ਕੇ ਉਹ ਆਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ।

ਗੁਰੂ ਘਰ ਅੰਦਰ ਕੋਈ ਭੀ ਭੇਦ ਨਹੀਂ। ਆਨਮਤਿ ਦੇ ਗਾਹਕ ਢਿੱਲੜ ਪੁਰਸ਼ ਇਹਨਾਂ ਗੁਰਵਾਕਾਂ ਦਾ ਭਾਵ ਢਿੱਲਾ ਹੀ ਲੈਂਦੇ ਹਨ ਅਤੇ ਇਹੋ ਹੀ ਦ੍ਰਿੜ੍ਹ ਕਰੀ ਬੈਠੇ ਹਨ ਕਿ ਮਨੁੱਖ ਮਾਤਰ ਦਾ ਕਲਿਆਣ ਇਵੇਂ ਹੀ ਹੋ ਸਕਦਾ ਹੈ, ਜੋ ਉਨ੍ਹਾਂ ਦੀ ਫੋਕੀ ਡੀਂਗ ਹੈ।

ਇਸੇ ਫੋਕੀ ਡੀਂਗ ਦੇ ਅਧੀਨ ਹੋ ਕੇ ਪ੍ਰਸਿੱਧ ਪੁਲੀਟੀਕਲ ਨੇਤਾ ਫੋਕੀਆਂ ਡੀਂਗਾਂ ਮਾਰਨੋਂ ਸੰਕੋਚਦੇ ਨਹੀਂ ਕਿ ਮੁਲਕ ਦਾ ਭਲਾ ਇਸੇ ਵਿਚ ਹੀ ਹੈ ਕਿ ਉਹ ਉਨ੍ਹਾਂ ਦੀ ਹਦਾਇਤ ਅਨੁਸਾਰ ਜਾਤ ਪਾਤ ਦੇ ਵਿਤਕਰੇ ਨੂੰ ਛੱਡ ਕੇ ਅਕਾਲ ਪੁਰਖ ਤੋਂ ਮੁਨਕਰ ਹੋ ਬੈਠਣ, ਅਰਥਾਤ ਉਹ ਇਹ ਚਾਹੁੰਦੇ ਹਨ ਕਿ ਹਰ ਪ੍ਰਾਣੀ ਮਾਤ੍ਰ ਆਪੇਂ ਹੀ ਜਾਤ ਪਾਤ ਦੀ ਰੰਗਣਾਂ ਵਿਚ ਰੰਗੀਜਿਆ ਜਾ ਸਕਦਾ ਹੈ। ਇਸੇ ਖ਼ਿਆਲ ਨੂੰ ਮੁੱਖ ਰੱਖ ਕੇ ਹਰੀਜਨਾਂ ਦੀ ਲਹਿਰ ਚਲਾਈ ਗਈ। ਉਨ੍ਹਾਂ ਦੇ ਖ਼ਿਆਲ ਅੰਦਰ ਇਹ ਜਚਿਆ ਹੋਇਆ ਹੈ ਕਿ ਹਰੀਜਨ ਆਪੇਂ ਹੀ ਉਧਰ ਸਕਦੇ ਹਨ। ਇਹ ਇਕ ਪ੍ਰਕਾਰ ਪ੍ਰਮਾਤਮਾ ਦੇ ਨਾਲ ਪੂਰੀ ਹਮਸਰੀ (ਬਰਾਬਰੀ) ਦਾ ਖ਼ਿਆਲ ਹੈ। ਇਸੇ ਕੋਝੇ ਖ਼ਿਆਲ ਕਰਕੇ ਉਨ੍ਹਾਂ ਨੇ ਹਰੀਜਨਾਂ ਨੂੰ ਉਭਾਰਨ ਲਈ ਰੀਜ਼ਰਵ ਸੀਟਾਂ ਆਪਣੇ ਪੁਲੀਟੀਕਲ ਏਜੰਡੇ ਵਿੱਚ ਰੱਖੀਆਂ ਹੋਈਆਂ ਹਨ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਇਹੀ ਲੋਕ ਕੋਝਾ ਅਰਥ ਬਣਾਉਂਦੇ ਹਨ ਕਿ ਹਰੇਕ ਮੱਤ-ਮਤਾਂਤਰੀ ਅਵਸਥਾ ਵਾਲੇ ਪ੍ਰਾਣੀ ਮਾਤ੍ਰ, ਬਿਨਾਂ ਪ੍ਰਮਾਤਮਾ ਦੀ ਪ੍ਰਮਾਰਥੀ ਸਹਾਇਤਾ ਦੇ ਹੀ, ਉਧਰ-ਪੁਧਰ ਸਕਦੇ ਹਨ। ਇਸ ਗੱਲ ਨੂੰ ਉਹ ਉੱਕਾ ਹੀ ਨਹੀਂ ਵਿਚਾਰਦੇ ਕਿ ਪ੍ਰਮਾਤਮਾ ਨੇ ਤਿਨ੍ਹਾਂ ਹਰੀਜਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਹੀ ਉਨ੍ਹਾਂ ਨੂੰ ਕਿਸੇ ਜਨਮ-ਜਾਤੀ ਅੰਦਰ ਪੈਦਾ ਕੀਤਾ, ਜਿਸਦੇ ਉਹ ਮੁਸਤਹਿਕ ਸਨ।

ਇਨ੍ਹਾਂ ਖ਼ਿਆਲਾਂ ਵਾਲੇ ਹੀ ਸਿੱਖ ਨੇਤਾ ਜਨ ਅਜਿਹੇ ਪੁਲੀਟੀਕਲ ਨੇਤਾਵਾਂ ਦੀ ਰੀਸੇ ਘੜੀਸੇ ਆਪਣੇ ਪ੍ਰਸਿੱਧ ਅਕਾਲੀ ਮੱਤ ਅੰਦਰ ਭੀ ਓਹੀ ਕੁੱਛ ਘਸੋੜ ਰਹੇ ਹਨ ਅਤੇ ਇਸ ਮੱਤ ਦੇ ਰਾਗੀ ਉਪਦੇਸ਼ਕ ਸਦਾਉਣ ਵਾਲੇ ਆਗੂ ਭੀ ਅਕਸਰ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਉੱਪਰ ਦੱਸੇ ਅਰਥ ਕਰਿਆ ਕਰਦੇ ਹਨ, ਕਰਨੋਂ ਸੰਕੋਚਦੇ ਹੀ ਨਹੀਂ। ਸ੍ਰੀ ਗੁਰੂ ਦਸਮੇਸ਼ ਜੀ ਦੀ ਦੱਸੀ ਖਾਲਸਈ ਰਹਿਤ ਬਹਿਤ ਤੇ ਸਮੱਗਰ ਗੁਰੂ ਸਾਹਿਬਾਨ ਦੀ ਦ੍ਰਿੜ੍ਹਾਈ ਰਹਿਤ ਬਹਿਤ ਨੂੰ ਪਿੱਠ ਦਿੰਦੇ ਹੋਏ, ਸਮੱਗਰ ਪੰਥਕ ਸ਼੍ਰੇਣੀ ਨੂੰ ਗੁਰੂ ਸਾਹਿਬਾਨ ਦੀ ਸੱਚੀ ਬਖ਼ਸ਼ਸ਼ ਤੋਂ ਬੇਮੁੱਖ ਕਰਾ ਕੇ ਮਿਲ-ਗੋਭਾ-ਪੰਥੀ ਬਣਾ ਰਹੇ ਹਨ। ਇਸ ਪ੍ਰਕਾਰ ਉਹ ਨਵੀਨ ਕਾਂਗਰਸੀ ਨੇਤਾਵਾਂ ਦੀ ਨਿਖੜੰਮੀ ਚਾਲ ਤੇ ਚੱਲ ਰਹੇ ਹਨ।

 www.sikhbookclub.com

ਇਸ ਨਵੀਂ ਚਾਲ ਢਾਲ ਦਾ ਅਕਾਲੀ ਲੀਡਰਾਂ ਉੱਤੇ ਐਸਾ ਅਸਰ ਪਿਆ ਹੈ ਕਿ ਉਹ ਭੀ ਪੁਲੀਟੀਕਲ ਨੇਤਾਵਾਂ ਦੀ ਪ੍ਰਸਿੱਧ ਚਾਲ ਢਾਲ ਅਨੁਸਾਰ ਖ਼ੁਦ ਭੀ ਚਲ ਰਹੇ ਹਨ ਅਤੇ ਸਾਰੇ ਪੰਥ ਨੂੰ ਚਲਾ ਰਹੇ ਹਨ। ਤਿਨ੍ਹਾਂ ਅਕਾਲੀ ਲੀਡਰਾਂ ਦੇ ਖ਼ਿਆਲ ਅੰਦਰ ਇਹ ਗੱਲ ਪੱਕੇ ਤੌਰ ਤੇ ਸਮਾ ਗਈ ਹੋਈ ਹੈ ਕਿ ਜੋ ਕੁਛ ਭੀ ਨਵੀਨ ਕਾਂਗਰਸੀ ਨੇਤਾ ਆਪਣੀ ਕੁਬੁੱਧੀ ਅਨੁਸਾਰ ਦ੍ਰਿੜ੍ਹਾ ਦਰਸਾ ਰਹੇ ਹਨ, ਓਹੀ ਸੱਚੀ ਗੁਰਮਤਿ ਹੈ। ਇਸੇ ਕਰਕੇ ਇਨ੍ਹਾਂ ਲੀਡਰਾਂ ਦਾ ਨਿਰਭੈ ਹੋ ਕੇ ਇਹ ਪ੍ਰਚਾਰ ਚਲ ਰਿਹਾ ਹੈ। ਜੈਸਾ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਅਨੁਸਾਰ ਉੱਪਰ ਦਰਸਾਇਆ ਗਿਆ ਹੈ। ਪਰ ਯਾਦ ਰਖੋ ਕਿ ਨਾ ਹੀ ਇਹ ਅਕਾਲੀ ਲੀਡਰ ਅਤੇ ਨਾ ਹੀ ਕਾਂਗਰਸੀ ਨੇਤਾ ਅਕਾਲ ਪੁਰਖ ਦੀ ਸੱਚੀ ਚਲਾਈ ਹੋਈ ਰੀਤ ਅਨੁਸਾਰ ਚੱਲ ਸਕਦੇ ਹਨ। ਅਕਾਲ ਪੁਰਖ ਸੱਚੇ ਪਾਤਸ਼ਾਹ ਪ੍ਰਮਾਤਮਾ ਦੇਵ ਨੂੰ ਜਿੱਥੇ ਜਿੱਥੇ ਮਨਜ਼ੂਰ ਸੀ ਤਿਥੇ ਤਿਥੇ ਹੀ ਸਭ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਜਨਮ ਦਾਨ ਦਿੱਤਾ। ਹਰੀਜਨਾਂ ਨੂੰ ਕੋਈ ਭੀ ਸੰਸਾਰਕ ਨੇਤਾ, ਚਾਹੇ ਕਿਤਨਾ ਹੀ ਵੱਡਾ ਕਹਾਉਣ ਵਾਲਾ ਹੋਵੇ, ਉੱਚਾ ਨਹੀਂ ਕਰ ਸਕਦਾ। "ਨੀਚਹੁ ਊਚ ਕਰੈ ਮੇਰਾ ਗੋਬਿੰਦ"* ਗੁਰਵਾਕ ਦੇ ਭਾਵ ਅਨੁਸਾਰ ਇਹ ਕੇਵਲ ਗੁਰੂ ਅਕਾਲ ਪੁਰਖ ਹੀ ਹੈ ਜੋ ਸੱਚਰਾ ਜੀਅ-ਦਾਨ ਦੇ ਕੇ ਹਰ ਪ੍ਰਕਾਰ ਦੀ ਸ਼੍ਰੇਣੀ ਵਿੱਚੋਂ ਹਰ ਪ੍ਰਾਣੀ ਨੂੰ ਉੱਧਾਰ ਸਕਦਾ ਹੈ।

ਹੁਣ ਤਾਈਂ ਧੁਰੰਧੁਰੋਂ ਇਹ ਸੱਚੀ ਸੁਰੀਤ ਗੁਰੂ ਘਰ ਵਿਚ ਚਲੀ ਆਉਂਦੀ ਹੈ ਕਿ ਹਰ ਪ੍ਰਾਣੀ ਮਾਤ੍ਰ ਨੂੰ ਅੰਮ੍ਰਿਤ ਛਕ ਕੇ ਹੀ ਗੁਰੂ ਕੇ ਲੰਗਰ ਵਿਖੇ ਰਲਣ ਮਿਲਣ ਦਾ ਅਧਿਕਾਰ ਸੀ। ਖ਼ਾਸ ਕਰ ਅੱਜ ਕੱਲ੍ਹ ਦੇ (So called) ਹਰੀਜਨਾਂ ਨੂੰ ਅੰਮ੍ਰਿਤ ਦਾ ਬਾਟਾ ਛਕਾਏ ਬਿਨਾਂ ਗੁਰੂ ਘਰ ਦੇ ਲੰਗਰ ਵਿੱਚ ਇੱਕ-ਮਿੱਕ ਹੋਣ ਦਾ ਅਧਿਕਾਰ ਨਹੀਂ ਸੀ। ਅੱਜ ਕੱਲ੍ਹ ਐਸੀ ਮਾਰ ਵਗੀ ਹੋਈ ਹੈ ਕਿ ਅਸਾਡੇ ਅਕਾਲੀ ਜਨ ਭੀ ਨਵੀਨ ਨੇਤਾਵਾਂ ਦੀ ਸ਼ਹਿ ਅਨੁਸਾਰ ਬਿਨਾਂ ਅੰਮ੍ਰਿਤ ਛਕਾਏ ਹੀ ਗੁਰੂ ਕੇ ਲੰਗਰ ਵਿਖੇ ਸ਼ਾਮਲ ਕਰ ਰਹੇ ਹਨ।

ਇਨ੍ਹਾਂ ਅਕਾਲੀ ਜਨਾਂ ਦੇ ਖ਼ਿਆਲ ਅੰਦਰ ਭੀ ਕਾਂਗਰਸੀ ਪ੍ਰਸਿੱਧ ਨੇਤਾਵਾਂ ਦੀ ਨਿਆਈਂ ਇਹੋ ਗੱਲ ਸਮਾਈ ਹੋਈ ਹੈ ਕਿ ਹਰੀਜਨਾਂ ਨੂੰ ਅੰਮ੍ਰਿਤ ਛਕਾਉਣ ਦੀ ਲੋੜ ਹੀ ਕੋਈ ਨਹੀਂ। ਇਸੇ ਸੁਖ-ਰਹਿਣੀ ਰਹਿਤ ਵਾਲੇ ਢਿੱਲੜ ਖ਼ਿਆਲਾਂ ਦੇ ਅਧੀਨ ਹੋ ਕੇ ਲੋਕ ਹਰੀਜਨਾਂ ਨੂੰ ਆਪੋਂ ਹੀ ਉਧਰਿਆ ਹੋਇਆ ਦੇਖਿਆ ਲੋੜਦੇ ਹਨ। ਹਾਲਾਂ ਕਿ ਇਨ੍ਹਾਂ ਹਰੀਜਨਾਂ ਨੇ ਗੁਰੂ ਪੰਥ ਦਾ ਕੱਖ ਭੀ ਨਹੀਂ ਸੰਵਾਰਨਾ, ਓੜਕ ਆਪੋਂ ਖ਼ੁਰਦ ਬੁਰਦ ਹੋ ਜਾਣਗੇ ਤੇ ਇਨ੍ਹਾਂ ਦੀਆਂ ਰੀਜ਼ਰਵ ਰੱਖੀਆਂ ਹੋਈਆਂ ਸੀਟਾਂ ਭੀ ਰੁਲ ਖੁਲ ਜਾਣਗੀਆਂ, ਜਿਸ ਦੀ ਕਨੌਡ ਅਨੁਸਾਰ ਉਹ ਅੱਜ ਫੁੱਲੇ ਨਹੀਂ ਸਮਾਉਂਦੇ।

*ਮਾਰੂ ਰਵਿਦਾਸ ਜੀ ॥੧॥(੨॥੧), ਪੰਨਾ ੧੧੦੬

 www.sikhbookclub.com

ਬਨੀ-ਨੌ-ਇਨਸਾਨ (ਮਨੁੱਖ ਮਾਤਰ) ਦਾ ਨਿਜ਼ਾਮ ਜੋ ਅਕਾਲ ਪੁਰਖ ਕਰਤੇ ਪੁਰਖ ਨੂੰ ਮਨਜ਼ੂਰ ਹੈ, ਓਹ ਇਨ੍ਹਾਂ ਅਲਪੱਗ ਇਨਸਾਨਾਂ ਤੋਂ ਹਰਗਿਜ਼ ਹੋ ਨਹੀਂ ਸਕਦਾ। ਅੱਜ ਕੱਲ੍ਹ ਜੋ ਪਰਪਾਟੀ ਅਜਾੜੇ ਅਕਾਲੀ ਲੀਡਰਾਂ ਅੰਦਰ ਭੀ ਪਈ ਹੋਈ ਹੈ ਓਹ ਕੇਵਲ ਇਸੇ ਗੱਲ ਦੀ ਤਰਜਮਾਨੀ ਕਰਦੀ ਹੈ ਕਿ ਜੋ ਕੁਛ ਭੀ ਪੁਲੀਟੀਕਲ ਦਾਇਰੇ ਅੰਦਰ ਹੋ ਰਿਹਾ ਹੈ, ਓਸੇ ਅਨੁਸਾਰ ਹੀ ਚੱਲਿਆਂ ਸਭ ਦੀ ਕਲਿਆਣ ਹੈ । ਅਤੇ ਇਸੇ ਗੱਲ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਦਸਮੇਸ਼ ਜੀ ਦੀ ਦੱਸੀ ਅਤੇ ਦ੍ਰਿੜ੍ਹਾਈ ਸੱਚੀ ਰਹਿਤ ਬਹਿਤ ਤੋਂ ਉੱਕੀ ਬੇਮੁਖਤਾਈ ਹੋ ਰਹੀ ਹੈ । ਇਨ੍ਹਾਂ ਹੀ ਰੰਗਾਂ ਵਿਚ ਰੰਗੀਜ ਕੇ ਸ੍ਰੀ ਗੁਰੂ ਸਾਹਿਬਾਨ ਦੀ ਨਾਮ ਬਾਣੀ ਦੀ ਅਨੁਸਾਰਤਾ ਨੂੰ ਤਾਂ ਤਿਲਾਂਜਲੀ ਦੇ ਕੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਉਲਟੇ ਪੁਲਟੇ ਭਾਵ-ਅਰਥ ਲਗਾਏ ਜਾ ਰਹੇ ਹਨ ।

ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਜੀ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਅੰਦਰ ਸਪੱਸ਼ਟ ਤੌਰ ਤੇ ਇਹ ਦ੍ਰਿੜ੍ਹਾਇਆ ਹੈ ਕਿ ਹਰ ਪ੍ਰਾਣੀ ਮਾਤ੍ਰ ਦਾ ਸੱਚੜਾ ਉੱਧਾਰ ਸੱਚੀ ਸਿੱਖਿਆ ਤੇ ਚੱਲਿਆਂ ਹੀ ਹੋ ਸਕਦਾ ਹੈ, ਅਰਥਾਤ ਹਰੇਕ ਇਨਸਾਨ ਨੂੰ ਗੁਰੂ ਕਾ ਅੰਮ੍ਰਿਤ ਛਕਣ ਦੀ ਗੁਰੂ ਘਰ ਵਿਖੇ ਖੁਲ੍ਹ ਹੈ। ਖੁਲ੍ਹੇ ਖ਼ਿਆਲਾਂ ਵਾਲੇ ਤੱਤ ਗੁਰਮਤਿ ਤੋਂ ਹੀਣ, ਮੀਣੇ ਮੋਮਨ ਇਹ ਅਨੁਮਾਨ ਆਪਣੇ ਵਿੱਲੜ ਖ਼ਿਆਲਾਂ ਅਨੁਸਾਰ ਲਾਇਆ ਕਰਦੇ ਹਨ ਕਿ ਗੁਰੂ ਘਰ ਅੰਦਰ ਹਰੇਕ ਮੱਤ-ਮਤਾਂਤਰੀ ਬਿਵੱਸਥਾ ਵਾਲੇ ਦਾ ਉੱਧਾਰ ਹੋਇਆ ਪ੍ਰਮਾਣੀਕ ਹੈ । ਹਾਲਾਂਕਿ ਸ੍ਰੀ ਗੁਰੂ ਦਸਮੇਸ਼ ਜੀ ਦੀ ਦਰਸਾਈ ਬਾਣੀ ਇਨ੍ਹਾਂ ਵਿੱਲੜ ਖ਼ਿਆਲਾਂ ਦੇ ਖ਼ੂਬ ਪਰਖ਼ਚੇ ਉਡਾਉਂਦੀ ਹੈ । ਦੇਖੋ ਸ੍ਰੀ ਗੁਰੂ ਦਸਮੇਸ਼ ਜੀ ਦੀ ਬਾਣੀ ਕਿਸ ਪ੍ਰਕਾਰ ਆਨਮੱਤੀ ਖ਼ਿਆਲਾਂ ਵਾਲੇ ਉੱਪਰ ਦੱਸੇ ਵਿੱਲੜਾਂ ਦੀ ਗਤੀ ਕਰਦੀ ਹੈ । ਯਥਾ ਗੁਰਵਾਕ :—

ਜੋਗੀ ਜਟਾਧਾਰੀ, ਸਤੀ ਸਾਚੇ ਬਡੇ ਬ੍ਰਹਮਚਾਰੀ
ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈਂ ॥
ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ
ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈਂ ॥
ਮਾਨਵ ਫਨਿੰਦ ਦੇਵ ਦਾਨਵ ਨ ਪਾਵਹਿ ਭੇਦ
ਬੇਦ ਔ ਕਤੇਬ ਨੇਤ ਨੇਤ ਕੈ ਕਹਤ ਹੈਂ ॥੫॥੭੫॥

ਅਕਾਲ ਉਸਤਤਿ ਪਾ: ੧੦

ਇਸੇ ਪ੍ਰਕਾਰ ਸਾਰੀ ਗੁਰਬਾਣੀ ਅੰਦਰ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਸ੍ਰੀ ਮੁਖਵਾਕ-ਉਪਦੇਸ਼ਾਂ ਦੁਆਰਾ ਜੋ ਕੁਝ ਦ੍ਰਿੜ੍ਹਾਇਆ ਹੈ ਕਿ ਆਨਮਤੀ

ਬੇਦ ਕਤੇਬਾਂ ਆਦਿਕ ਨਿਉਲੀ ਕਰਮਾਂ ਵਾਲਿਆਂ ਦੀ ਓਦੋਂ ਤਾਈਂ ਅਧੋਗਤੀ ਹੀ ਰਹੇਗੀ ਜਦੋਂ ਤਾਈਂ ਕਿ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਨਹੀਂ ਸਜ ਜਾਂਦੇ। ਸ੍ਰੀ ਗੁਰੂ ਦਸਮੇਸ਼ ਜੀ ਦੀ ਸਮੱਗਰ ਬਾਣੀ "ਆਨ ਦੇਵ ਸੇਵ ਟੇਵ" ਦੀ ਪਖੰਡ-ਕਿਰਿਆ ਨੂੰ ਰੱਦ ਕਰ ਕੇ ਸਭਨਾਂ ਦੇ ਸੀਸ ਉੱਪਰ ਸੱਚੀ ਗੁਰਮਤਿ ਦਾ ਸੱਚਾ ਅੰਕਸ ਮਾਰ ਕੇ ਇਕ ਦੀ ਪੂਜਾ ਖ਼ੂਬ ਦ੍ਰਿੜ੍ਹਾਉਂਦੀ ਹੈ। ਅਸਾਡੇ ਮੋਮਨ ਖ਼ਿਆਲਾਂ ਵਾਲੇ ਅਤੇ ਗੁਰਮਤਿ-ਹੀਣੇ ਇਸ ਸੱਚੀ ਗੁਰਮਤਿ ਤੋਂ ਬਿਪਰਜੇ, ਢਿੱਲੜ ਖ਼ਿਆਲਾਂ ਵਾਲੀ ਕੁਰੀਤੀ ਨੂੰ ਹੀ ਮੁੱਖ ਰਖਾਉਂਦੇ ਹਨ। ਜੈਸਾ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦੇ ਭਾਵ ਅੰਦਰ ਭਲੀ ਬਿਧਿ ਦ੍ਰਿੜ੍ਹਾਇਆ ਗਿਆ ਹੈ।

ਇਸ ਲੇਖ ਪ੍ਰਥਾਇ ਅੱਗੇ ਬਹੁਤ ਕੁਝ ਲਿਖਿਆ ਗਿਆ ਹੈ। ਸ੍ਰੀ ਦਸਮੇਸ਼ ਜੀ ਦੀ ਬਾਣੀ ਵਿਖੇ ਇਕੋ ਹੀ ਸ਼ਬਦ ਅੰਦਰ "ਗੁਰਮਤਿ ਮੰਡਨ ਅਤੇ ਆਨਮਤਿ ਖੰਡਨ" ਦੇ ਇਸ਼ਾਰੇ ਮਿਲਦੇ ਹਨ। ਜਿੱਥੇ ਸ੍ਰੀ ਦਸਮੇਸ਼ ਜੀ ਨੇ ਆਪਣੀ ਬਾਣੀ ਅੰਦਰ ਇਹ ਦਰਸਾਇਆ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ", ਉਸੇ ਸਵਯੇ ਅੰਦਰ ਹੀ ਸ੍ਰੀ ਦਸਮੇਸ਼ ਜੀ ਨੇ ਆਪਣੀ ਬਾਣੀ ਦੁਆਰਾ ਏਸ ਗੁਰਮਤਿ ਖ਼ਿਆਲ ਦਾ ਮੰਡਨ ਕੀਤਾ ਹੈ ਕਿ ਗੁਰਮਤਿ ਅਨੁਸਾਰ ਸੱਚਾ ਗਿਆਨ ਗੁਰੂ ਸਾਹਿਬ ਨੇ ਤਿਸੇ ਗੁਰਸਿੱਖ ਨੂੰ ਬਖਸ਼ਿਆ ਹੈ ਜੋ ਗੁਰਸਿੱਖ ਸ੍ਰੀ ਦਸਮੇਸ਼-ਦਰਸਾਈ ਰਹਿਤ-ਰਹਿਣੀ ਅਨੁਸਾਰ ਅੰਮ੍ਰਿਤ ਛਕ ਕੇ ਹੀ, ਅੰਮ੍ਰਿਤਧਾਰੀ ਸਿੱਖ ਬਣ ਕੇ ਹੀ ਪਿੱਛੋਂ ਇਸ ਗੁਰੂ-ਗਿਆਨ-ਕਲਾ ਨੂੰ ਪ੍ਰਾਪਤ ਹੁੰਦਾ ਹੈ। ਉਸ ਦੇ ਨਜ਼ਦੀਕ ਮਾਨਸ ਦੀ ਜ਼ਾਤ ਸਭ ਏਕੈ ਹੀ ਪਹਿਚਾਨੀ ਜਾਂਦੀ ਹੈ। ਇਹ ਹਰਗਿਜ਼ ਸ੍ਰੀ ਦਸਮੇਸ਼ ਜੀ ਦਾ ਭਾਵ ਨਹੀਂ ਹੈ ਕਿ ਬਿਨਾਂ ਅੰਮ੍ਰਿਤ ਛਕੇ ਦੇ ਉਸ ਗੁਰਸਿੱਖ ਨੂੰ ਗੁਰੂ-ਗਿਆਨ-ਕਲਾ ਪ੍ਰਾਪਤ ਹੋ ਜਾਂਦੀ ਹੈ। ਰਾਮ ਰਹੀਮ ਆਨ-ਮੱਤ ਦੀ ਉਪਾਸ਼ਨਾ ਨੂੰ ਸ੍ਰੀ ਗੁਰੂ ਸਾਹਿਬ ਸ੍ਰੀ ਗੁਰੂ ਦਸਮੇਸ਼ ਜੀ ਨੇ ਹਰਗਿਜ਼ ਗੁਰਮਤਿ ਦਾ ਵਿਧਾਨ ਨਹੀਂ ਦਿੱਤਾ।

ਸ੍ਰੀ ਦਸਮੇਸ਼ ਫ਼ਿਲਾਸਫ਼ੀ ਅਨੁਸਾਰ ਇਹ ਹਰਗਿਜ਼ ਇਨ੍ਹਾਂ ਕਬਿਤਾਂ ਦਾ ਭਾਵ ਨਹੀਂ ਕਿ ਮਾਨੁੱਖ ਜਾਤੀ ਹਰੇਕ ਫ਼ਰਦੇ ਬਸ਼ਰ (ਮਨੁੱਖ ਮਾਤਰ) ਆਪੋਂ ਹੀ ਯਾ ਆਨਮਤਿ-ਦਰਸਾਈ-ਗਿਆਨ-ਘੋਟਨੀ ਦੁਆਰਾ ਉਸ ਪਦਵੀ ਨੂੰ ਪਹੁੰਚ ਸਕਦਾ ਹੈ ਜੋ ਅੱਜ ਕੱਲ੍ਹ ਦੇ ਵਿਗੜੇ ਹੋਏ ਚੁੰਚ ਗਿਆਨੀ ਧਿੰਗੋਜ਼ੋਰੀ ਆਪਣੇ ਆਪ ਨੂੰ ਬਿਨਾਂ ਗੁਰਮਤਿ ਰਹਿਤ-ਰਹਿਣੀ ਦੇ ਪਹੁੰਚਿਆਂ ਹੋਇਆਂ ਸਿੱਧ ਕਰਦੇ ਹਨ।

"ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ"* ਵਾਲੇ ਕਬਿਤ ਅੰਦਰ ਗੁਰੂ ਸਾਹਿਬ ਨੇ ਤਿਨ੍ਹਾਂ ਆਨਮਤੀਆਂ ਦੀ ਆਪੋਂ ਦਰਸਾਈ ਅਤੇ ਆਨਮਤਿ ਮਹਿਕਾਈ ਸਿੱਖਿਆ ਦੁਆਰਾ ਉੱਚੀ ਟੇਰ ਪੁਕਾਰ ਕਰ ਕੇ ਆਨਮਤੀਆਂ ਵਾਲੀ ਮਨ-ਮੰਨੀ

* ਅਕਾਲ ਉਸਤਤਿ ਪਾ: ੧੦, ਅੰਕ ੧੩॥੮੩॥

ਪੁਕਾਰ ਦਾ ਖੰਡਨ ਕੀਤਾ ਹੈ। ਇਸਦਾ ਹਰਗਿਜ਼ ਭਾਵ ਇਹ ਨਹੀਂ ਕਿ ਉੱਚੀ ਉੱਚੀ ਨਾਮ ਜਪਣਾ ਨਹੀਂ ਚਾਹੀਦਾ। ਅਸੀਂ ਇਕੋ ਮਿਸਾਲ ਦੁਆਰਾ ਇਸ ਭਾਵ ਨੂੰ ਭਲੀ ਪ੍ਰਕਾਰ ਖੋਲ੍ਹ ਦਿੰਦੇ ਹਾਂ।

ਅਸਾਡੇ ਪਿੰਡਾਂ ਅੰਦਰ ਇੱਕ ਨਗਨ ਵੈਰਾਗੀ ਬੀਆਬਾਨ ਉੱਦਿਆਨ ਵਿਚ ਰਹਿੰਦਾ ਹੁੰਦਾ ਸੀ। ਉਹ ਆਪਣੀ ਪ੍ਰਭਤਾ ਵਧਾਉਣ ਲਈ ਇਕ ਅੱਧੀ ਵਾਰ ਹੀ ਉਸ ਨਗਨ ਦਸ਼ਾ ਵਿਚ ਘੁੱਘ ਗਿਰਾਵਾਂ ਵਿੱਚ ਭਿੱਖਿਆ ਮੰਗਣ ਲਈ ਆਉਂਦਾ ਹੁੰਦਾ ਸੀ। ਅਤੇ ਇਕ ਥਾਉਂ ਇਕ ਪਰਸ਼ਾਦਾ ਹੀ ਲੈ ਕੇ ਸਬਰ ਸਬੂਰੀ ਜਣਾਉਂਦਾ ਹੁੰਦਾ ਸੀ। ਇਕ ਵਾਰ ਆਪਣੀ ਪ੍ਰਭਤਾ ਵਧਾਉਣ ਖ਼ਾਤਰ ਉਸ ਨੇ ਉਹ ਇੱਕੋ ਪਰਸ਼ਾਦਾ ਭਿੱਖਿਆ ਮੰਗਿਆ ਹੋਇਆ ਕੁੱਤੇ ਨੂੰ ਸਿੱਟ ਦਿੱਤਾ ਕਿ ਅਸਾਡੇ ਨਾਲੋਂ ਤਾਂ ਇਹੋ ਚੰਗਾ ਹੈ। ਬੱਸ ਇਹ ਪਖੰਡ ਦਰਸਾਉਣ ਦੀ ਦੇਰ ਸੀ ਕਿ ਦੁਨੀਆ ਉਹਦੇ ਪਿੱਛੇ ਪਹੁੰਚਿਆ ਹੋਇਆ ਸਮਝ ਕੇ ਪੈ ਗਈ। ਉੱਥੋਂ ਉਠ ਕੇ ਉਹ ਪਿੰਡ ਗੁੱਜਰਵਾਲ ਵਿਚ ਬਣੀ ਹੋਈ ਇਕਾਂਤ ਕੁਟੀਆ ਵਿਚ ਵਾਸ ਕਰ ਕੇ ਉੱਚੀ ਉੱਚੀ "ਰਾਮ ਜੀ, ਰਾਮ ਜੀ" ਦੀ ਟੇਰ ਪੁਕਾਰ ਕਰਿਆ ਕਰੇ। ਦੁਨੀਆ ਉਸ ਦੇ ਹੋਰ ਭੀ ਪਿੱਛੇ ਲੱਗ ਗਈ। ਅਸੀਂ ਉਸ ਨੂੰ ਗੁਰਮਤਿ ਅਨੁਸਾਰ ਖ਼ੂਬ ਸੋਧਿਆ ਪ੍ਰਬੋਧਿਆ ਕਿ ਇਸ ਪ੍ਰਕਾਰ ਦੀ ਆਨਮਤਿ ਟੇਰ ਪੁਕਾਰ ਦੁਆਰਾ ਉਸ ਦੀ ਕਲਿਆਣ ਹਰਗਿਜ਼ ਨਹੀਂ ਹੋਵੇਗੀ, ਜਦ ਤਾਈਂ ਉਹ ਗੁਰਮਤਿ ਅਨੁਸਾਰ ਅੰਮ੍ਰਿਤ ਛਕ ਕੇ ਗੁਰਦੀਖਿਆ ਨਹੀਂ ਪ੍ਰਾਪਤ ਕਰ ਲੈਂਦਾ। ਉਸਦੀ ਆਪੋਂ ਮਨ-ਮੰਨੀ ਉੱਚੀ ਉੱਚੀ ਟੇਰ ਪੁਕਾਰ ਕਰਨੀ ਬਿਰਥੀ ਹੈ।

ਸੋ "ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ" ਅੰਦਰ ਸ੍ਰੀ ਗੁਰੂ ਦਸਮੇਸ਼ ਜੀ ਦਾ ਇਹ ਭਾਵ ਹੈ ਕਿ ਇਸ ਹਿਸਾਬ ਨਾਲ ਉੱਚੀ ਉੱਚੀ ਟੇਰ ਪੁਕਾਰ ਕਰਨ ਵਾਲੇ ਗਿੱਦੜ ਆਦਿਕਾਂ ਦੀ ਭੀ ਕਲਿਆਣ ਹੋ ਜਾਣੀ ਚਾਹੀਦੀ ਹੈ, ਜੋ ਹਰਗਿਜ਼ ਨਹੀਂ ਹੋ ਸਕਦੀ।

ਇੱਕ ਹੋਰ ਕਬਿਤ ਅੰਦਰ ਭੀ ਗੁਰੂ ਦਸਮੇਸ਼ ਜੀ ਨੇ ਇਸੇ ਭਾਵ ਨੂੰ ਦ੍ਰਿੜਾਇਆ ਹੈ ਕਿ ਮੱਲ (ਪਹਿਲਵਾਨ) ਲੋਕਾਂ ਦਾ ਡੰਡ ਪੇਲਨਾ ਡੰਡਉਤ-ਬੰਦਨਾ ਨਹੀਂ ਕਹਾ ਸਕਦੀ ਅਤੇ ਅਸ਼ਟਾਂਗ ਡੰਡਉਤ ਦੀ ਪਦਵੀ ਨਹੀਂ ਦਿਵਾ ਸਕਦੀ, ਜਦ ਤਕ ਕਿ ਸ੍ਰੀ ਦਸਮੇਸ਼ ਜੀ ਦੇ ਗੁਰਮਤਿ-ਮੰਡਨੀ ਅਤੇ ਆਨਮਤਿ ਖੰਡਨੀ ਪਦਵੀ ਅਨਕੂਲ ਹਰੇਕ ਪ੍ਰਾਣੀ, ਖ਼ਾਸ ਕਰ ਗੁਰਮਤਿ ਜਗਿਆਸੂ ਜਨ ਸ੍ਰੀ ਗੁਰੂ ਦਸਮੇਸ਼-ਦਰਸਾਏ ਗੁਰ-ਗਿਆਨ-ਕਲਾ ਵਾਲੇ ਪਦਵੇ ਨੂੰ ਪ੍ਰਾਪਤ ਨਹੀਂ ਹੋ ਜਾਂਦਾ।

ਸ੍ਰੀ ਗੁਰੂ ਦਸਮੇਸ਼ ਜੀ ਦੇ ਇਨ੍ਹਾਂ ਸਵੱਯਾਂ ਅੰਦਰ ਵਿੱਦਤਾਏ ਗੂੜ੍ਹ ਭਾਵ ਅਨੁਸ਼ਾਰ ਕਦੇ ਵੀ ਇਸ ਗੱਲ ਦੀ ਸੂਚਨਾ ਨਹੀਂ ਹੋ ਸਕਦੀ ਕਿ ਮਨੁੱਖ ਦੀ ਜਾਤੀ

 www.sikhbookclub.com

ਬਣੀ ਬਣਾਤੀ ਹੀ ਗੁਰਮਤਿ-ਗਿਆਨ-ਕਲਾ ਵਾਲੇ ਪਦਵੇ ਨੂੰ ਪ੍ਰਾਪਤ ਹੋ ਸਕਦੀ ਹੈ, ਜੈਸੇ ਕਿ ਅੱਜ ਕੱਲ੍ਹ ਦੇ ਚੁੰਚ ਗਿਆਨੀ ਰਾਗੀ ਉਪਦੇਸ਼ਕ ਮਨ-ਮੰਨੇ ਭਾਵ ਕੱਢਿਆ ਕਰਦੇ ਹਨ। ਜਿੱਥੇ ਤਿਨ੍ਹਾਂ ਮਨ-ਮਤੀਆਂ ਦਾ ਇਹ ਆਨਮੱਤ-ਗੁਸਿਆ ਹੋਇਆ ਭਾਵ ਹੁੰਦਾ ਹੈ ਉੱਥੇ ਸ੍ਰੀ ਦਸਮੇਸ਼ ਦ੍ਰਿੜ੍ਹਾਈ ਗੂੜ੍ਹ ਗੁਰਮਤਿ ਫ਼ਿਲਾਸਫ਼ੀ ਦਾ ਸਪੱਸ਼ਟ ਅਭਿੱਪਰਾ ਇਹ ਹੁੰਦਾ ਹੈ ਕਿ ਗੁਰਮਤਿ-ਦ੍ਰਿੜ੍ਹਾਏ ਆਸ਼ੇ ਅਨੁਸਾਰ ਚੱਲਣ ਕਰਕੇ ਹੀ ਗੂੜ੍ਹ ਗੁਰਮਤਿ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਵਿਸ਼ੇ ਪ੍ਰਥਾਇ ਅਸੀਂ ਹੋਰ ਬਹੁਤਾ ਲਿਖਣਾ ਨਹੀਂ ਚਾਹੁੰਦੇ। ਇਤਨਾ ਹੀ ਕਾਫ਼ੀ ਹੈ, ਗੁਰਮਤਿ ਖੋਜੀਆਂ ਨੂੰ ਇਸ਼ਾਰਾ ਹੀ ਬਥੇਰਾ ਹੈ।

 www.sikhbookclub.com

## ੧੬

# ਕੌਮੀਅਤ ਅਤੇ ਰੂਹਾਨੀਅਤ

ਅਜ 'ਕੌਮੀਅਤ' ਤੇ ਕੌਮ-ਪ੍ਰਸਤੀ ਦੀ ਕੂਕ ਪੁਕਾਰ ਸੁਣ ਕੇ ਹਰ ਇਕ ਨੂੰ 'ਕੌਮ-ਪ੍ਰਸਤ' ਕਹਾਉਣ ਦੀ ਲਾਲਸਾ ਲਗ ਰਹੀ ਹੈ। ਕੌਮ-ਪ੍ਰਸਤ ਕਹਾਉਣ ਦੀ ਲਾਲਸਾ ਰਖਣ ਵਾਲਿਆਂ ਵਿਚੋਂ ਬਹੁਤਿਆਂ ਨੂੰ ਮਜ਼ਹਬ ਨੂੰ ਨਿੰਦਣ ਤੇ ਮਜ਼ਹਬ-ਪ੍ਰਸਤਾਂ ਨੂੰ ਭੰਡਣ ਦਾ ਮੇਨੀਆ ਭੀ ਲਗ ਰਿਹਾ ਹੈ। ਤੇ ਇਹ ਇਕ ਐਸਾ ਕੋਝਾ ਵਤੀਰਾ ਤੁਰ ਪਿਆ ਹੈ, ਜੋ ਇਥੇ ਤਕ ਵਧ ਗਿਆ ਹੈ ਕਿ ਅਜਿਹੇ ਕੌਮ-ਪ੍ਰਸਤ ਕਹਾਉਣ ਵਾਲੇ ਮਜ਼ਹਬ ਤੇ ਮਜ਼ਹਬ-ਪ੍ਰਸਤਾਂ ਨੂੰ ਬੁਰਾ ਕਹਿਣਾ ਭੀ ਕੌਮ-ਪ੍ਰਸਤੀ ਹੀ ਸਮਝਦੇ ਹਨ। ਉਹ ਹਰ ਮਜ਼ਹਬ ਦੇ ਬਾਨੀਆਂ ਨੂੰ ਭੀ ਬੁਰਾ ਕਹਿਣਾ ਫ਼ਖ਼ਰ ਸਮਝਦੇ ਹਨ। ਉਹ ਕਿਸੇ ਮਜ਼ਹਬ ਦੀ ਚੰਗੀ ਤੋਂ ਚੰਗੀ ਗੱਲ ਨੂੰ ਸੁਣਨਾ ਭੀ ਕੌਮੀਅਤ ਤੇ ਕੌਮ-ਪ੍ਰਸਤੀ ਤੋਂ ਗਿਰਨਾ ਖ਼ਿਆਲ ਕਰਦੇ ਹਨ।

ਪਤਾ ਨਹੀਂ ਕਿ ਉਹ ਕੌਮੀਅਤ ਕਿਸ ਗੱਲ ਨੂੰ ਸਮਝਦੇ ਹਨ। ਇਕ ਦੇਸ ਯਾ ਦੀਪ ਅੰਦਰ ਜਨਮੀਆਂ ਯਾ ਸਦੀਆਂ ਤੋਂ ਬਦੇਸੋਂ ਆਈਆਂ ਰੂਹਾਨੀਅਤ ਤੋਂ ਖ਼ਾਲੀ ਕਈ ਤਰ੍ਹਾਂ ਦੀਆਂ ਇਨਸਾਨੀ ਕਲਬੂਤ ਦੀਆਂ ਮੁਰਦਾ ਨਸਲਾਂ ਦਾ ਇਕੱਠ, ਮਹਿਜ਼ ਰਾਜਗੀਰੀ ਦੀ ਇੱਛਾ ਤੇ ਲਾਲਚ ਵਿਚ ਕਿਸੇ ਰਾਜ ਨੂੰ ਰੋੜ੍ਹਨ ਦੇ ਨਿਰੇ ਦਮਗਜ਼ੇ ਮਾਰਨ ਨੂੰ ਜੇ ਕੌਮੀਅਤ ਤੇ ਕੌਮ-ਪ੍ਰਸਤੀ ਕਹੇ ਤਾਂ ਇਸ ਦਾ ਕੋਈ ਲਾਭ ਨਹੀਂ। ਐਸੀ ਕੌਮੀਅਤ ਤੋਂ ਸੌਰਨਾ ਭੀ ਕੀ ਹੈ?

ਜਿਸ ਕੌਮ ਤੇ ਕੌਮੀਅਤ ਅੰਦਰ ਰੂਹਾਨੀਅਤ ਵਾਲੀ ਜੀਵਨ-ਕਣੀ ਨਹੀਂ, ਐਸੇ ਨਿਰੇ ਰਾਜ-ਸਾਜ ਦੀ ਇੱਛਾ ਵਾਲਿਆਂ ਨੂੰ ਦੈਵਨੇਤ ਨਾਲ ਰਾਜ-ਸਾਜ ਮਿਲ ਵੀ ਜਾਵੇ ਤਾਂ ਇਸ ਬਾਤ ਦੀ ਕੀ ਗਰੰਟੀ ਹੈ ਕਿ ਉਨ੍ਹਾਂ ਦਾ ਬੁਲ-ਹਵਸੀ-ਰਾਜ ਕਿਸੇ ਪਹਿਲੇ ਕਾਇਮ ਸ਼ੁਦਾ ਰਾਜ ਨਾਲੋਂ ਚੰਗੇਰਾ ਤੇ ਪਰਜਾ ਲਈ ਅਧਿਕ ਭਲੇਰਾ ਹੋਵੇਗਾ। ਜਿਸ ਕੌਮੀਅਤ ਅੰਦਰ ਵਜ਼ੀਰੀਆਂ ਸਾਂਭਣ ਦੀ ਲਾਲਸਾ ਲਗੀ ਹੋਈ ਹੋਵੇ, ਜਿਸ ਕੌਮੀਅਤ ਦੇ ਕੌਮ-ਪ੍ਰਸਤ ਆਗੂ ਕੌਂਸਲਾਂ ਤੇ ਡਿਸਟ੍ਰਿਕਟ ਬੋਰਡਾਂ, ਮਿਉਨਿਸਪਲ ਕਮੇ-ਟੀਆਂ ਦੀਆਂ ਮੈਂਬਰੀਆਂ ਦੀ ਪ੍ਰਾਪਤੀ ਖ਼ਾਤਰ ਆਮ ਜਨਤਾ ਨੂੰ ਸੱਭਿਅਤਾ-ਹੀਣ ਤੇ ਇਖ਼ਲਾਕੋਂ ਗਿਰੇ ਹੋਏ ਲਾਲਚ ਦੇ ਦੇ ਕੇ ਕੌਮੀਅਤ ਦੇ ਸ਼ੀਰਾਜ਼ੇ ਨੂੰ ਪਾਸ਼ ਪਾਸ਼ ਕਰਨ ਉਤੇ ਆ ਉਤਰਨ, ਉਨ੍ਹਾਂ ਨੇ ਭਲਾ ਬਣਨ ਵਾਲੀ ਰਾਜਗੀਰੀ ਦੇ ਅਹੁਦੇ ਹਾਸਲ

ਕਰ ਕੇ ਕੀ ਪੂਰੀਆਂ ਪਾਉਣੀਆਂ ਹਨ ? ਅਜਿਹੇ ਪੁਰਸ਼ਾਂ ਦੇ ਹੱਥ ਆਈ ਰਾਜਗੀਰੀ ਝਬਦੇ ਹੀ ਰਾਜਗਰਦੀ ਵਿਚ ਪਲਟ ਜਾਏਗੀ। ਅਜਿਹੀ ਹਾਲਤ ਵਿਚ ਦੇਸ਼ ਤੇ ਕੌਮ ਦਾ ਕੀ ਭਲਾ ਹੋ ਸਕੇਗਾ ? ਆਪਾ-ਪ੍ਰਸਤਾਂ ਤੋਂ ਕੌਮ-ਪ੍ਰਸਤੀ ਨਹੀਂ ਹੋ ਸਕਦੀ। ਸੁਆਰਥੀਆਂ ਪਾਸੋਂ ਪਰਸੁਆਰਥ ਤੇ ਪਰਉਪਕਾਰ ਕਦੇ ਨਹੀਂ ਹੋ ਸਕਦਾ। ਖ਼ੁਦ-ਗ਼ਰਜ਼ੀ ਲਈ ਆਪਣੇ ਭਾਈਆਂ ਨੂੰ ਪਛਾੜ ਲਤਾੜ ਕੇ ਛੋਟੀਆਂ ਛੋਟੀਆਂ ਸਿਕਦਾਰੀਆਂ ਤੇ ਅਹੁਦੇਦਾਰੀਆਂ ਨੂੰ ਜੱਫਾ ਮਾਰਨ ਵਾਲਿਆਂ ਤੋਂ ਇਹ ਆਸ ਤੱਕਣੀ ਕਿ ਉਹ ਕੌਮ, ਦੇਸ ਯਾ ਜਨਤਾ ਦੇ ਭਲੇ ਲਈ ਕੁਝ ਕਰਨਗੇ, ਨਿਰੀ ਖ਼ਾਮ-ਖਿਆਲੀ ਹੈ। ਇਹ ਤਾਂ ਸਗੋਂ ਆਪਾ-ਪ੍ਰਸਤੀ ਤੇ ਅਹੁਦਾ-ਪ੍ਰਸਤੀ ਹੈ। ਆਪਾ-ਪ੍ਰਸਤੀ ਸਰਕਾਰ-ਪ੍ਰਸਤੀ ਨਾਲੋਂ ਕੋਈ ਨਵੀਂ ਤੇ ਚੰਗੀ ਚੀਜ਼ ਨਹੀਂ। ਜਿਸ ਸਮੇਂ ਵਿਚ ਜੋ ਸਰਕਾਰ (ਗੌਰਮੈਂਟ) ਬਰਸਰੇ ਇਕਤਦਾਰ ਹੋਵੇਗੀ, ਇਹ ਖ਼ੁਦਗ਼ਰਜ਼ ਸੁਆਰਥੀ ਉਸੇ ਦੇ ਝੋਲੀਚੁਕ ਤੇ ਪੁਜਾਰੀ ਬਣ ਜਾਣਗੇ। ਜੋ ਸੁਆਰਥੀ ਲੋਕ ਨਿਰੀਆਂ ਮੈਂਬਰੀਆਂ ਖ਼ਾਤਰ ਇਨਸਾਨੀਅਤ ਤੇ ਇਖ਼ਲਾਕੀ ਮਿਆਰ ਤੋਂ ਹੇਠਾਂ ਡਿਗਣ ਨੂੰ ਅਯੋਗ ਨਹੀਂ ਸਮਝਦੇ, ਉਹ ਮੈਂਬਰ ਬਣ ਕੇ ਭੀ ਕੀ ਸਵਾਰ ਸਕਣਗੇ ?

ਇਸ ਤਰ੍ਹਾਂ ਦੀ ਹਾਲਤ ਤੇ ਅਜਿਹੀਆਂ ਸੁਆਰਥੀ ਚਾਲਾਂ ਨਾਲ ਪ੍ਰਾਪਤ ਕੀਤੇ ਸੂਰਾਜ ਤੇ ਕੌਮੀ ਰਾਜ ਤੋਂ ਕੋਈ ਲਾਭ ਨਹੀਂ ਹੋ ਸਕਦਾ ਤੇ ਨਾ ਇਨਸਾਨੀਅਤ, ਇਖ਼ਲਾਕ, ਅਣਖ, ਪਰਉਪਕਾਰ ਆਦਿ ਗੁਣਾਂ ਤੋਂ ਸਖਣੇ ਪੁਰਸ਼ਾਂ ਦੇ ਇਕੱਠ ਦਾ ਨਾਮ ਕੌਮ ਯਾ ਕੌਮੀਅਤ ਹੋ ਸਕਦਾ ਹੈ।

ਦੇਸ ਦੇ ਭਲੇ ਤੇ ਕੌਮ ਦੀ ਖ਼ਾਤਰ ਕੁਝ ਚਾਹੁਣ ਵਾਲੇ ਤਾ ਵਿਰਲੇ ਹੀ ਹੋਣਗੇ, ਨਹੀਂ ਤਾਂ ਸੂਰਾਜ ਮੰਗਣ ਵਾਲਿਆਂ ਵਿਚ ਐਸੇ ਬਹੁਤ ਹਨ, ਜਿਨ੍ਹਾਂ ਨੂੰ ਆਪਣਾ ਸੁਆਰਥ ਮੁਖ ਹੈ। ਸੂਰਾਜ ਪਦ ਦਾ ਅਰਥ ਭੀ ਅਸਲ ਆਦਰਸ਼ ਤੋਂ ਊਰਾ ਹੈ। ਆਮ ਤੌਰ ਤੇ ਸੂਰਾਜ ਦਾ ਅਰਥ ਇਹ ਕੀਤਾ ਜਾਂਦਾ ਹੈ ਕਿ 'ਆਪਣਾ ਰਾਜ', ਅਰਥਾਤ 'ਆਪਣੇ ਦੇਸ ਦਾ ਰਾਜ ਅਸੀਂ ਆਪ ਕਰੀਏ।' ਰਾਜ-ਲਾਲਸਾ ਦੀ ਇਹ ਅਪਣੱਤ ਜੇ ਤਾਂ ਰਾਜ-ਸਾਜ ਕਮਾਉਣ ਦੀ ਸਾਂਝੀਵਾਲਤਾ ਵਿਚ ਰਹੇ, ਤਦ ਤਾਂ ਕੁਝ ਗੁਣਕਾਰੀ ਹੋ ਸਕਦੀ ਹੈ, ਨਹੀਂ ਤਾਂ ਆਪਾ-ਧਾਪੀ ਵਿਚ ਖਿਚ ਕੇ ਲੈ ਜਾਂਦੀ ਹੈ, ਪਰ ਸਾਂਝੀਵਾਲਤਾ ਵਾਲੀ ਕੌਮੀਅਤ ਰੂਹਾਨੀਅਤ ਤੋਂ ਬਿਨਾਂ ਪੈਦਾ ਹੋਣੀ ਤੇ ਕਾਇਮ ਰਹਿਣੀ ਅਸੰਭਵ ਹੈ। ਕਿਥੇ "ਅਪਨਾ ਬਿਗਾਰਿ ਬਿਰਾਨਾ ਸਾਂਢੈ"* ਵਾਲੀ ਉਚ ਆਦਰਸ਼ੀ ਰੂਹਾਨੀਅਤ ਅਤੇ ਕਿਥੇ 'ਪਰਾਇਆ ਬਿਗਾੜ ਆਪਣਾ ਹੱਕ ਮਾਂਡੇ' ਵਾਲੀ ਆਪਾ-ਧਾਪੀ।

ਸਭੁ ਕੋ ਆਸੇ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰ ਹੈ ਵੂਠਾ ॥

---

* ਗੋਂਡ ਰਵਿਦਾਸ ਜੀ, ॥੩॥(੪॥੨॥੫੧) ਪੰਨਾ ੮੭੫


www.sikhbookclub.com

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥
(੪॥੨॥੯) ਮਾਝ ਮ: ੫, ਪੰਨਾ ੯੭

ਗੁਰਵਾਕ ਦੇ ਭਾਵ ਅਨੁਸਾਰ ਨਾਮ ਦੀ ਪ੍ਰੇਮ-ਤਾਰ-ਲੜੀ ਵਿਚ ਇਕ-ਸਾਥ ਪਰੋਤੇ ਸਾਂਝੀਵਾਲਾਂ ਦੀ ਸਾਂਝੀਵਾਲਤਾ ਹੀ ਬਣ ਸਕਦੀ ਹੈ। ਜਿਨ੍ਹਾਂ ਨੂੰ ਆਪੋ ਆਪਣੀ ਪਈ ਹੋਵੇ, ਜੋ ਆਪਣੇ ਆਪਣੇ ਸੁਆਰਥ ਦੇ ਬੰਦੇ ਹੋਣ, ਉਨ੍ਹਾਂ ਦੀ ਸਾਂਝੀਵਾਲਤਾ ਕਿਵੇਂ ਬਣ ਸਕਦੀ ਹੈ ? ਰੂਹਾਨੀਅਤ ਤੋਂ ਖ਼ਾਲੀ ਸੁਆਰਥੀਆਂ ਦੀ ਸਾਂਝੀਵਾਲਤਾ, ਨਾਸਤਕਾਂ ਤੇ ਮਾਦਾ-ਪ੍ਰਸਤਾਂ ਦਾ ਇਕੱਠ, ਇਤਫ਼ਾਕ ਤੇ ਅਮਲ ਕੁਝ ਦਿਨਾਂ ਦਾ ਚਮਤਕਾਰ ਤੇ ਐਵੇਂ ਲਫ਼ਾਫ਼ਾ ਹੀ ਹੁੰਦਾ ਹੈ। ਅਸਲ ਵਿਚ ਇਹ ਅੰਤਰਗਤੀ ਖਹਿ ਖਹਿ ਮਰਨ ਵਾਲੀ ਖਿਚੋਤਾਣ ਹੀ ਹੈ। ਮਾਦਾ-ਪ੍ਰਸਤ ਮੁਲਕਗੀਰ ਕੌਮਾਂ ਦਾ ਪਾਜ ਓੜਕ ਉਘੜਨਾ ਹੀ ਹੈ। ਮਲੇਛਤਾ ਦੀ ਸਪਿਰਿਟ ਨੇ ਖੈ ਹੋਣਾ ਹੀ ਹੈ। ਹਉਮੈ ਖ਼ੁਦਗਰਜ਼ੀਆਂ ਨਾਲ ਲੱਥ ਪੱਥ ਹੋਏ ਜੀਵਾਂ ਦੇ ਇਕੱਠ ਨਾਲ ਕੌਮੀਅਤ ਨਹੀਂ ਬਣਦੀ। ਗੁਰੂ ਨਾਨਕ ਸਾਹਿਬ ਜੀ ਨੇ ਦੇਸ-ਦੇਸਾਂਤਰਾਂ ਵਿਚ ਰਟਨ ਕਰ ਕੇ ਫੇਰ ਨੌਂ ਜਾਮੇ ਧਾਰ, ਅਧਿਕਾਰੀ ਯੋਗ ਰੂਹਾਂ ਅੰਦਰ ਸੱਚੀ ਅਤੇ ਸਦਾ ਕਾਇਮ ਰਹਿਣ ਵਾਲੀ ਰੂਹਾਨੀਅਤ ਭਰੀ। ਫੇਰ ਦਸਵੇਂ ਜਾਮੇ ਅੰਦਰ ਖ਼ੁਦ-ਪ੍ਰਸਤੀ ਤੇ ਮਾਦਾ-ਪ੍ਰਸਤੀ ਤੋਂ ਸਾਫ਼ ਮੁਬੱਰਾ (ਪਾਕ) ਖ਼ਾਲਸਾ ਧਰਮੀ ਤੇ ਪਰਉਪਕਾਰੀ ਪੁਰਸ਼ਾਂ ਦੀ ਸਾਰੀ ਸ੍ਰਿਸ਼ਟੀ ਦਾ ਭਲਾ ਚਾਹੁਣ, ਭਲਾ ਦੇਖਣ ਤੇ ਭਲਾ ਕਰਨ ਵਾਲੀ ਖਾਲਸਾ ਕੌਮ ਸਾਜੀ ਅਤੇ ਇਸ ਤਰ੍ਹਾਂ ਰੂਹਾਨੀਅਤ ਵਾਲੀ ਖਾਲਸਾ ਕੌਮੀਅਤ ਦੀ ਨੀਂਹ ਰੱਖੀ। ਪਰ ਨਿਰਾ ਰਾਜ ਭਾਗ ਭੁਗਤਾਉਣ ਹਿਤ ਨਹੀਂ, ਸਗੋਂ 'ਜੀਅ ਦਾਨੁ ਦੇ ਭਗਤੀ' ਲਾਉਣ ਹਿਤ, ਅਕਾਲ ਪੁਰਖ ਨਾਲ ਮੇਲ ਮਿਲਾਉਣ ਹਿਤ, ਆਤਮਿਕ ਔਜ ਦੀ ਰੂਹਾਨੀਅਤ ਦ੍ਰਿੜ੍ਹਾਇ ਕੇ, ਖਾਲਸ ਜਨਾਂ ਦੇ ਰੋਮ ਰੋਮ ਅੰਦਰ ਇਹ ਰੂਹਾਨੀਅਤ ਰੁਮਕਾ ਕੇ, ਪਰਉਪਕਾਰੀ ਜਨ ਬਣਾ ਕੇ, ਸੱਚੀ ਸ੍ਰੇਸ਼ਟ ਅਤੇ ਖਾਲਸ ਤੱਤ ਕੌਮੀਅਤ ਦੀ ਸਾਜਣਾ ਸਾਜੀ। ਨਿਰੀ ਸੁਰਾਜ ਦੀ ਇੱਛਾ ਲਈ ਨਹੀਂ, ਸਗੋਂ ਧਰਮ ਦਾ ਰਾਜ ਵਿਥਾਰਨ ਲਈ, ਜ਼ੁਲਮ ਤੇ ਦੁਸ਼ਟ ਦੀ ਜੜ੍ਹ ਉਖਾੜਨ ਲਈ। ਰਾਜ-ਕਾਮਨਾ ਤੋਂ ਰਹਿਤ ਨਿਰੋਲ ਧਰਮ ਉਪਕਾਰ ਦਾ ਔਜ-ਪ੍ਰਮਾਰਥੀ ਅਤੇ ਆਤਮ-ਸੁਤੰਤਰੀ-ਹਲੇਮੀ ਰਾਜ ਵਿਥਾਰਨ ਲਈ ਏਸ ਰੂਹਾਨੀਅਤ ਸੰਜੀਵਨੀ ਕੌਮੀਅਤ ਦੀ ਅਬਚਲ ਨੀਂਹ ਧਰੀ।

ਅੱਜ ਉਸ ਉੱਚੇ ਆਦਰਸ਼ ਤੋਂ ਘੁੱਥੇ ਖ਼ੁਸ਼ਕ ਗੇਫ਼ਾਰਮਰਾਂ ਦੇ ਮਗਰ ਲਗ ਕੇ ਲੋਕਾਂ ਵਿਚ ਫੋਕੀ ਕੂਕ-ਪੁਕਾਰ ਕੌਮੀਅਤ ਦੀ ਹੋ ਰਹੀ ਹੈ। ਇਸੇ ਪੁਕਾਰ ਦੇ ਸਿਲਸਿਲੇ ਵਿਚ ਧਰਮ ਅਤੇ ਰੂਹਾਨੀਅਤ ਨੂੰ ਕੌਮੀਅਤ ਦਾ ਦੁਸ਼ਮਨ ਸਮਝਿਆ ਜਾ ਰਿਹਾ ਹੈ। ਇਹੋ ਦੇਸ਼ ਤੇ ਦੇਸ਼-ਵਾਸੀਆਂ ਦੀ ਅਧੋਗਤੀ ਦਾ ਕਾਰਨ ਬਣ ਰਿਹਾ ਹੈ।

ਅੱਜ ਦੀ ਘੜੀ ਕੌਮੀਅਤ ਦੇ ਦਮਗਜੇ ਮਾਰਨ ਦੀ ਲੋੜ ਨਹੀਂ। ਸਵਰਾਜ

ਦੇ ਸੁਪਨੇ ਲੈਣ ਤੇ ਇਤਫ਼ਾਕ-ਸਮਝੌਤਿਆਂ ਦੇ ਫ਼ਿਕਰ ਵਿਚ ਪੈਣ ਦੀ ਲੋੜ ਨਹੀਂ। ਪੰਥ ਅਤੇ ਕੌਮ ਦੀ ਉਨਤੀ ਦੇ ਫੋਕੇ ਵਹਿਮਾਂ ਵਿਚ ਵਹਿਣ ਦੀ ਜ਼ਰੂਰਤ ਨਹੀਂ, ਕੌਮ ਦੀ ਫੁੱਟ ਦੇ ਸੰਸਿਆਂ ਵਿਚ ਪੈ ਕੇ ਚਿੰਤਾਤੁਰ ਹੋਣ ਦੀ ਲੋੜ ਨਹੀਂ। ਲੋੜ ਹੈ, ਮੁੜ ਆਪਣੇ ਜੀਵਨਾਂ ਦੀ ਰੂਹਾਨੀਅਤ ਕਾਇਮ ਕਰਨ ਦੀ, ਆਪਣੀ ਆਤਮ-ਬਿਵਸਥਾ ਨੂੰ ਚੜ੍ਹਦੀਆਂ ਕਲਾਂ ਵਿੱਚ ਲੈ ਜਾਣ ਦੀ।

ਪਰ ਇਹ ਲੇਖੇ ਵਾਲੀ ਅਸਲ ਗੱਲ, ਗਲੀਂ-ਬਾਤੀਂ ਪੂਰੀ ਨਹੀਂ ਹੁੰਦੀ। ਏਸ ਦੇ ਹਾਸਲ ਕਰਨ ਲਈ ਅਤੁੱਟ ਕਮਾਈਆਂ ਦੀ ਲੋੜ ਹੈ। ਇਹ ਆਤਮ-ਕਮਾਈਆਂ ਕਿਵੇਂ ਹੋ ਸਕਦੀਆਂ ਹਨ, ਇਹ ਕਿਸੇ ਵਖਰੇ ਲੇਖ ਵਿਚ ਨਿਰਣੇ ਹੋ ਸਕੇਗਾ। ਪਹਿਲਾਂ ਤਾਂ ਆਤਮ-ਕਮਾਈਆਂ ਲਈ ਤਤਪਰ ਹੋ ਕੇ ਕਮਰਕਸੇ ਕਰ ਲੈਣ ਦੀ ਦ੍ਰਿੜ੍ਹ ਧਾਰਨਾ ਧਾਰ ਲੈਣੀ ਰੂਹਾਨੀਅਤ ਵਾਲੀ ਕੀਮੀਅਤ ਦੇ ਦਰ ਖੋਲ੍ਹਣ ਦੇ ਤਿਆਰੇ ਹਨ। ਜੇ ਕਰ ਲਈਏ ਤਾਂ ਅਹੋ ਭਾਗ!

 www.sikhbookclub.com

# ੧੭

## ਦਸਮੇਸ਼ ਪਿਤਾ ਦ੍ਰਿੜ੍ਹਾਈ ਸੱਚੀ ਅਤੇ ਸੁੱਚੀ ਸਾਂਝੀਵਾਲਤਾ

ਜਿਨ੍ਹਾਂ ਜਨਾਂ ਨੂੰ ਪ੍ਰਮਾਰਥ ਦੇ ਸੱਚੇ ਰੰਗਾਂ ਦਾ ਪ੍ਰੇਮ-ਰੰਗ ਨਹੀਂ ਚੜ੍ਹਿਆ, ਉਹ ਕੀ ਜਾਣਨ ਸਾਰ ਸੱਚੀ ਸਾਂਝੀਵਾਲਤਾ ਦੀ। ਇਸ ਜ਼ਮਾਨੇ ਦੇ ਚਾਰ-ਦਿਵਸੀ ਚੋਜਾਂ ਅੰਦਰ ਜਿਨ੍ਹਾਂ ਨੂੰ ਧੁਰ ਧੁਰੰਦਰੋਂ ਆਈ ਸੱਚੀ ਸਾਂਝੀਵਾਲਤਾ ਦਾ ਰੰਗ ਨਹੀਂ ਚੜ੍ਹਿਆ, ਉਹ ਇਸ ਓਪਰੀ ਜਿਹੀ ਨਾਸਤਕਤਾ ਦੇ ਹੋਛੇ ਰੰਗਾਂ ਵਿਚ ਹੀ ਮੁੱਠੇ ਜਾਂਦੇ ਹਨ। ਓੜਕ ਓਹ ਨਾਸਤਕਾਂ ਦੇ ਮੰਡਲ ਵਿਚ ਹੀ ਫਿਰਨ ਲਗ ਪੈਂਦੇ ਹਨ। ਪਰੰਤੂ ਯਾਦ ਰਹੇ ਕਿ ਇਹ ਹੋਛੀ ਠਗਮੂਰੀ ਖਾ ਕੇ, ਠੱਗੇ ਹੋਏ ਮੁੜ ਘਿੜ ਕੇ, ਫੇਰ ਗੇੜਾ ਖਾ ਕੇ ਗੁਰੂ ਘਰ ਵਿਚ ਆਵਣਗੇ। ਜਿਨ੍ਹਾਂ ਨੇ ਬੜੇ ਦਰਦ ਵਿਚ ਆ 'ਦਰਦ-ਸੁਨੇਹੇ' ਲਿਖੇ ਸਨ, ਉਹ ਜ਼ਮਾਨੇ ਦੀ ਹਵਸ ਅਨੁਸਾਰ ਚਾਹੇ ਕੁਛ ਕਾਲ ਲਈ ਨਾਸਤਕਤਾ ਦਾ ਗੇੜ ਖਾ ਕੇ ਗੁਰੂ ਘਰ ਦੀ ਸੱਚੀ ਸਾਂਝੀਵਾਲਤਾ ਤੋਂ ਦੂਰ ਹੋ ਗਏ ਹਨ, ਪਰ ਜਿਸ ਦਿਨ ਵੀ ਇਹ ਗੇੜ ਮੁਕ ਗਿਆ, ਜ਼ਰੂਰ ਪਰ ਜ਼ਰੂਰ ਮੁੜ ਆਵਣਗੇ। ਇਹ ਨਾਸਤਕਤਾ ਦੀ ਹਵਾ ਚਾਰ ਦਿਨ ਵਾਸਤੇ ਵਗੀ ਹੈ ਅਤੇ ਇਸ ਜ਼ਮਾਨੇ ਦੇ ਗੇੜ ਅੰਦਰ ਜਦੋਂ ਵੀ ਮੁਕ ਗਈ, ਓਹ ਬਜਾਏ ਨਾਸਤਕਤਾ ਦਾ ਪਰਚਾਰ ਕਰਨ ਦੇ ਸੱਚੀ ਸਾਂਝੀਵਾਲਤਾ ਨੂੰ ਗ੍ਰਹਿਣ ਕਰ ਲੈਣਗੇ। ਹੁਣ ਤਾਂ ਕਰਾਂਝਾਂ ਬ੍ਰਾਹਮਣਾਂ ਦੇ ਪੈਰ ਹੇਠ ਬਟੇਰਾ ਆਵਣ ਦੀ ਕਹਾਵਤ ਅਨੁਸਾਰ ਸਾਰੇ ਹੀ ਸ਼ਿਕਾਰੀ ਬਣ ਬੈਠੇ ਹਨ। ਜਦੋਂ ਵੀ ਸਮਾਂ ਆ ਗਿਆ ਤਾਂ ਇਕ ਵਾਰੀ ਹੀ ਸਾਰੇ ਨਾਸਤਕਤਾ ਦੇ ਪੁਜਾਰੀਆਂ ਸਮੇਤ ਮੁੜ ਘਿੜ ਕੇ ਸੱਚੀ ਸਾਂਝੀਵਾਲਤਾ ਦਾ ਰਸ ਰਖਣਗੇ।

ਇਹ ਕਹਿਣਾ ਬਿਲਕੁਲ ਹੀ ਗ਼ਲਤ ਹੈ ਕਿ ਸ੍ਰੀ ਦਸਮੇਸ਼ ਪਿਤਾ ਜੀ ਦੀ ਸਾਂਝੀ-ਵਾਲਤਾ ਪਹਿਲੇ ਗੁਰੂ ਸਾਹਿਬ ਤੋਂ ਵਿਲੱਖਣ ਸੀ। "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"* ਵਾਲੀ ਸਪਿਰਿਟ ਤਾਂ ਹੁਣ ਵੀ ਦਸਮੇਸ਼ ਪਿਤਾ ਦੇ ਪਰਚਾਰ ਅੰਦਰ ਮੌਅਜਜ਼ਨ (ਠਾਠਾਂ ਮਾਰ ਰਹੀ) ਹੈ। ਸੋ ਸ੍ਰੀ ਦਸਮੇਸ਼ ਪਿਤਾ ਹੀ ਹੁਣ ਵੀ ਸੱਚੀ ਸਾਂਝੀਵਾਲਤਾ ਦੀ ਅਸਲ ਸਪਿਰਿਟ ਦੇ ਵਿਮਥਾਰ-ਕਰਤਾ ਹਨ। ਜਿਉਂ ਜਿਉਂ ਅੰਨ੍ਹੇ ਆਗੂਆਂ ਵਾਂਗੂੰ ਉਨ੍ਹਾਂ ਦੇ ਪਿਛ-ਲੱਗਾਂ ਨੂੰ ਸੁਰਤ ਆਉਂਦੀ ਗਈ, ਤਿਉਂ ਤਿਉਂ ਉਹ ਆਪੇ ਹੀ ਸੱਚਾ ਪਸਚਾਤਾਪ ਕਰ ਕੇ ਮੁੜ ਗੁਰੂ ਘਰ ਵਿਚ ਆਵਣਗੇ।

---

*ਮਾਝ ਮ: ੫, ॥੩॥(੪॥੨॥੯), ਪੰਨਾ ੯੭

 www.sikhbookclub.com

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਜ ਦੀ ਚਲ ਰਹੀ ਲਹਿਰ ਵਿਚ ਘੁੱਘੂ ਮੱਟ ਵਾਸੀਆਂ ਨੂੰ ਕੁਝ ਸੁਝਦਾ ਬੁਝਦਾ ਨਹੀਂ, ਪਰ ਸਮਾਂ ਆਵਣ ਵਾਲਾ ਹੈ ਕਿ ਸਭ ਨੂੰ ਸੂਝ ਬੂਝ ਆ ਜਾਵੇਗੀ।

ਸ੍ਰੀ ਦਸਮੇਸ਼ ਜੀ ਵਾਸਤਵ ਵਿਚ ਸੱਚੀ ਅਤੇ ਸੁੱਚੀ ਸਾਂਝੀਵਾਲਤਾ ਦੇ ਆਦੀ ਹਨ ਅਤੇ ਉਨ੍ਹਾਂ ਦੀ ਵਿਸਥਾਰ ਕੀਤੀ ਹੋਈ ਲਹਿਰ ਜ਼ਰੂਰ ਆਪਣਾ ਰੰਗ ਲਿਆਵੇਗੀ ਅਤੇ ਸਭ ਵਾਦੀਆਂ ਬੇਵਾਦੀਆਂ ਨੂੰ ਸੱਚੇ ਰਸਤੇ ਲਿਆਵੇਗੀ। ਅੱਜ ਕੱਲ੍ਹ ਇਹ ਰਿਵਾਜ ਹੀ ਹੋ ਗਿਆ ਹੈ ਕਿ ਜਣਾ ਖਣਾ ਉਠ ਕੇ ਕਮਿਊਨਿਸਟ ਬਣ ਬਹਿੰਦਾ ਹੈ। ਇਹ ਕਮਿਉਨਿਜ਼ਮ ਵੀ ਥੋੜੇ ਦਿਨਾਂ ਦੀ ਹੀ ਪ੍ਰਾਹੁਣੀ ਜਾਪਦੀ ਹੈ।

ਬਹੁਤਾ ਤਾਂ ਇਹ ਗੁਰੂ-ਡੰਮ ਵਾਲੇ ਸੰਤਾਂ ਨੇ ਘਾਟਾ ਪਹੁੰਚਾਇਆ ਹੈ। ਸਾਨੂੰ ਅੱਛੀ ਤਰ੍ਹਾਂ ਯਾਦ ਹੈ ਇਕ ਓਪਰਾ ਜਿਹਾ ਸੰਤ ਉਪਰੋਂ ਗੁਰੂ-ਸੰਤ ਬਣਿਆ ਹੋਇਆ ਸੀ, ਅੰਦਰੋਂ ਕਮਿਊਨਿਜ਼ਮ ਦਾ ਪ੍ਰਚਾਰ ਕਰਦਾ ਸੀ। ਹੱਡੀ ਦਾ ਚਸਕਾ ਉਸ ਨੂੰ ਕਮਿਊਨਿਜ਼ਮ ਦਾ ਇਹੋ ਜਿਹਾ ਪਿਆ ਹੋਇਆ ਸੀ ਕਿ ਉਸ ਦੇ ਸੰਗ ਸਾਥ ਰਹਿਣ ਵਾਲੇ ਸਾਰੇ ਮੋਨੇ ਕਮਿਊਨਿਸਟ ਸਨ। ਉਪਰੋਂ ਉਪਰੋਂ ਸੰਤ-ਡੰਮ੍ਹ ਦਾ ਪ੍ਰਚਾਰ ਕਰੀ ਜਾਂਦੇ ਸਨ, ਕਿਉਂਕਿ ਉਨ੍ਹਾਂ ਦਾ ਸਰਦਾ ਨਹੀਂ ਸੀ, ਅੰਦਰੋਂ ਪੁਜ ਕੇ ਵੱਡੇ ਕਮਿਊਨਿਸਟ ਸਨ।

ਇਨ੍ਹਾਂ ਗੁਰੂ-ਡੰਮ੍ਹੀਆਂ ਨੇ ਸਾਂਝੀਵਾਲਤਾ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਸ੍ਰੀ ਦਸਮੇਸ਼ ਜੀ ਨੇ ਇਸ ਗੁਰੂ-ਡੰਮ੍ਹ ਦਾ ਫਸਤਾ ਵੱਢ ਦਿੱਤਾ ਸੀ; ਪਰ "ਘਰ ਘਰ ਹੋਇ ਬੈਠ ਹੈਂ ਰਾਮਾ॥ ਤਿਨ ਤੇ ਸਰੇ ਨ ਕੋਊ ਕਾਮਾ"* ਦੇ ਵਾਕਾਂ ਅਨੁਸਾਰ ਇਹ ਸੰਤ-ਡੰਮ੍ਹੀਏ ਕੁਛ ਵੀ ਸਵਾਰ ਨਹੀਂ ਸਕਦੇ। ਸਿਵਾਏ ਇਸ ਦੇ ਕਿ ਢਾਹ ਲਾਈ ਹੋਈ ਹੈ ਗੁਰੂ ਦਸਮੇਸ਼ ਜੀ ਦੇ ਸੱਚੇ ਮਿਸ਼ਨ ਨੂੰ। ਇਹ ਸੰਤ-ਡੰਮ੍ਹੀਏ ਗੁਰੂ ਦਸਮੇਸ਼ ਜੀ ਦੀ ਸੰਚਾਲਕ ਸਾਂਝੀਵਾਲਤਾ ਨੂੰ ਬੜੀ ਢਾਹ ਲਾ ਰਹੇ ਹਨ। ਇਹ ਆਪ ਹੀ ਖੈ ਹੋ ਜਾਣਗੇ। ਚਾਰ ਦਿਨ ਕੀ ਚਾਂਦਨੀ ਫੇਰ ਹਨੇਰੀ ਰਾਤ।

ਕਮਿਊਨਿਸਟਾਂ ਦੀ ਸਾਂਝੀਵਾਲਤਾ ਨਿਰੋਲ ਆਰਥਕ ਏਕਤਾ ਉਤੇ ਜ਼ੋਰ ਦਿੰਦੀ ਹੈ; ਸਾਰੀ ਫ਼ੌਜ ਦੇ ਸਿਪਾਹੀਆਂ ਨੂੰ ਜਾਂ ਕਿਸੇ ਦਫ਼ਤਰ ਦੇ ਕਲਰਕਾਂ ਨੂੰ ਇਕੋ ਜਿੰਨੀ ਤਨਖ਼ਾਹ ਮਿਲਦੀ ਹੈ। ਪਰ ਇਸ ਆਰਥਕ ਏਕਤਾ ਨਾਲ ਕੋਈ ਮਾਨਸਕ ਤੇ ਆਤਮਕ ਸਾਂਝੀਵਾਲਤਾ ਨਹੀਂ ਪੈਦਾ ਹੋ ਜਾਂਦੀ। ਤੱਤ ਸਾਂਝੀਵਾਲਤਾ "ਖਾਲਸਾ" ਪੰਥ ਵਿਚ ਹੈ, ਜਿਥੇ ਕਿ ਗੁਰਸਿੱਖੀ ਵਿੱਚ ਕਦਮ ਰਖਦਿਆਂ ਘਟ ਘਟ ਅੰਦਰ ਜੋਤੀਸ਼ ਵਾਹਿਗੁਰੂ ਨਜ਼ਰ ਆਉਂਦਾ ਹੈ। ਅਪਣੱਤ ਜਾਂ ਪਰਾਇਆ ਹੱਕ ਮਾਰਨ ਦੀ ਲਾਲਸਾ ਉੱਕੀ ਹੀ ਮਿਟ ਜਾਂਦੀ ਹੈ। ਵੈਰ ਵਿਰੋਧ ਤੇ ਖ਼ੁਦਗਰਜ਼ੀਆਂ ਦਾ ਨਿਸ਼ਾਨ ਹੀ ਨਹੀਂ ਰਹਿੰਦਾ। ਹਰ ਪ੍ਰਾਣੀ ਮਾਤ੍ਰ ਵਿਚ, ਹਰ ਜੀਵ ਵਿਚ ਗੁਰਮੁਖ ਵਿਅਕਤੀਆਂ ਨੂੰ ਵਾਹਿਗੁਰੂ ਦੀ

*ਦਸਮ ਗ੍ਰੰਥ, ਕਲਕੀ ਅਵਤਾਰ, ਅੰਕ ੧੨-੪

ਜੋਤਿ ਨਜ਼ਰ ਆਉਂਦੀ ਹੈ। "ਏਕੁ ਪਿਤਾ ਏਕਸ ਕੇ ਹਮ ਬਾਰਿਕ"* ਵਾਲਾ ਰਿਸ਼ਤਾ ਉਸ ਦਾ ਸਾਰੀ ਮਾਨਵ-ਸ੍ਰਿਸ਼ਟੀ ਨਾਲ ਗੰਢਿਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁਣ ਵਾਲਾ ਖਾਲਸਾ, ਸਾਰੀ ਸ੍ਰਿਸ਼ਟੀ ਦਾ ਦੁਖ ਹਰਨ ਲਈ ਤੱਤਪਰ ਰਹਿੰਦਾ ਹੈ। ਜਿਥੇ ਕਿਤੇ ਵੀ ਪਾਪ ਦਾ ਪਸਾਰਾ ਹੋਵੇ, ਓਥੇ ਉਹ ਧਰਮ ਤੇ ਸੱਚਾਈ ਲਈ ਲੜਨ ਲਈ ਤਿਆਰ ਰਹਿੰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਤੋਂ ਅੱਜ ਸਾਡੇ ਬਹੁਤ ਸਾਰੇ ਸਿਖ ਹੀ ਖੁੰਝੇ ਫਿਰਦੇ ਹਨ। ਉਹ ਇਸ ਲਈ ਕਿ ਉਹ ਆਤਮਕ ਜੀਵਨ ਤੋਂ ਵਾਂਞੇ ਹਨ। ਕਮਿਊਨਿਜ਼ਮ ਵਿਚ ਵੀ ਉਹ ਆਪਣੇ ਪੁਲੀਟੀਕਲ ਭੁੱਸ ਲਈ ਤੇ ਖ਼ਾਹਸ਼ਾਂ ਦੀ ਪੂਰਤੀ ਲਈ ਰੁਲਦੇ ਹਨ। ਉਨ੍ਹਾਂ ਦੀ ਮਾਨਸਕ ਤਸੱਲੀ ਜਾਂ ਆਤਮਕ ਤ੍ਰਿਪਤੀ ਪੂਰੀ ਨਹੀਂ ਹੁੰਦੀ। ਬਾਹਰੋਂ ਬਾਹਰੋਂ ਸਿੱਖ ਪੰਥ ਦੇ ਭਲੇ ਦੇ ਭੀ ਢੌਂਗ ਰਚਦੇ ਹਨ, ਅੰਦਰੋਂ ਉਹ ਪੂਰੇ ਨਹੀਂ ਤਾਂ ਅੱਧੇ ਨਾਸਤਕ ਜ਼ਰੂਰ ਹੁੰਦੇ ਹਨ। ਧਰਮ ਦੇ ਨਾਮ ਤੇ ਅਧਰਮ ਤੇ ਨਾਸਤਕਤਾ ਦਾ ਪਰਚਾਰ ਕਰਨਾ ਲੋੜਦੇ ਹਨ।

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫ਼ਰਤ ਹੈ, ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿਥੋਂ ਹੋ ਸਕਦੀ ਹੈ? ਬੇਗਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇਗਰਜ਼ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਸਭ ਆਦਮੀ ਵੈਰੀ ਹੀ ਨਜ਼ਰ ਆਉਂਦੇ ਹਨ। ਜ਼ੋਰ ਜ਼ੁਲਮ ਨਾਲ ਕਮਿਊਨਿਸਟ ਨਜ਼ਾਮ ਖੜਾ ਕਰਨਾ ਉਨ੍ਹਾਂ ਦਾ ਮੁਖ ਅਕੀਦਾ ਹੁੰਦਾ ਹੈ। ਜਿਥੇ ਜ਼ੋਰ ਜ਼ੁਲਮ ਹੋਵੇ ਓਥੇ ਸੱਚਾਈ ਕਾਹਦੀ, ਧਰਮ ਕਾਹਦਾ? ਓਥੇ ਤਾਂ ਸਹਿਮ ਵਿਚ ਗ਼ੁਲਾਮ ਹੋਈ ਪਰਜਾ ਦੀ ਬਣਾਉਟੀ ਸਾਂਝੀਵਾਲਤਾ ਹੀ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸਮੇਸ਼ ਜੀ ਦੇ ਪਰਮ ਪਵਿੱਤਰ ਸਮਾਜਕ ਤੇ ਅਧਿਆਤਮਕ ਅਸੂਲਾਂ ਤੇ ਹੀ ਹੋ ਸਕਦੀ ਹੈ। ਏਸ ਸਾਂਝੀਵਾਲਤਾ ਦੇ ਸਦਕੇ ਹੀ ਹਰ ਪਛੜੀ ਸ਼ਰੇਣੀ ਵਿਚੋਂ ਸਜੀਆਂ ਖਾਲਸਾ ਰੂਹਾਂ ਨੇ ਸਦੀਆ ਦੀ ਜੰਮੀ ਮੁਗਲ ਸਲਤਨਤ ਦਾ ਤਖ਼ਤਾ ਉਲਟਾ ਦਿਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰ ਕੇ ਹਰ ਦੀਨ ਦੁਖੀ ਦੀ, ਬਿਨਾਂ ਰਾਜਸੀ ਗ਼ਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉਤੇ ਕੋਈ ਸੁਭਾਈ ਸਾਂਝੀਵਾਲਤਾ ਹੋਈ, ਉਹ ਦਸਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

---

*ਸੋਰਠਿ ਮ: ੫ ਘਰੁ ੨, ਪੰਨਾ ੬੧੧

 www.sikhbookclub.com

## ੧੮

# ਇਸ਼ਕ-ਮਜਾਜ਼ੀ ਤੇ ਇਸ਼ਕ-ਹਕੀਕੀ

ਜੋ ਪੁਰਸ਼ ਜਜ਼ਬਾਤੀ ਅਤੇ ਨਫ਼ਸਾਨੀ ਇਸ਼ਕ ਮੁਹੱਬਤ ਦੇ ਕਾਇਲ ਹਨ ਉਨ੍ਹਾਂ ਨੇ ਤਾਂ ਨਫ਼ਸਾਨੀ ਇਸ਼ਕ ਜਜ਼ਬੇ ਦੇ ਮੋਹ ਮਮਤਾ ਮਈ ਖ਼ਿਆਲ ਪ੍ਰਗਟ ਕਰਨੇ ਹੀ ਸਨ, ਪ੍ਰੰਤੂ ਜੋ ਜਨ ਇਸ਼ਕ-ਹਕੀਕੀ ਦੇ ਕਾਇਲ ਸਦਾਂਦੇ ਹਨ ਉਹ ਭੀ ਆਪਣੇ ਲੇਖਾਂ ਅੰਦਰ, ਆਪਣੇ ਖ਼ਿਆਲਾਂ ਅੰਦਰ ਸ਼ਹਿਵਤੀ (ਕਾਮ-ਉਪਜਾਊ) ਅਤੇ ਜਜ਼ਬਾਤੀ ਨਫ਼ਸ ਦੇ ਹੀ ਖ਼ਿਆਲ ਪ੍ਰਗਟ ਕਰਦੇ ਹਨ। ਐਸਾ ਜਾਪਦਾ ਹੈ ਕਿ ਤਿਨ੍ਹਾਂ ਅੰਦਰ ਗੁਰਮਤਿ-ਪਰਮਾਰਥ-ਭਿੰਨੇ ਇਸ਼ਕ ਹਕੀਕੀ ਦਾ ਸੱਚਾ ਜਜ਼ਬਾ ਹੀ ਉਤਪੰਨ ਨਹੀਂ ਹੋਇਆ। ਤਿਨ੍ਹਾਂ ਦੀ ਖ਼ੁਦ-ਸਾਖ਼ਤ ਇਬਾਰਤ-ਅਰਾਈ (ਨਿਜ-ਘੜੀ ਲੇਖਣੀ) ਭੀ ਬੜੀ ਹੀ ਗਿਰੀ ਹੋਈ ਜਜ਼ਬਾਤੀ ਕਵਿਤਾਵਾਂ ਨਾਲ ਭਰੀ ਹੋਈ ਹੋਵੰਦੀ ਹੈ।

ਅਸਾਡੇ ਪੰਥਕ ਪੇਪਰਾਂ ਦੇ ਐਡੀਟਰ ਅਜਿਹੇ ਵਹਿਣਾ ਵਿਚ ਹੀ ਰੁੜ੍ਹੇ ਹੋਏ ਹਨ। ਉਨ੍ਹਾਂ ਦੇ ਇਸ ਰੁੜ੍ਹਾਉ ਨੂੰ ਦੇਖ ਕੇ ਸਾਨੂੰ ਬੜੀ ਹੀ ਸ਼ਰਮ ਆਉਂਦੀ ਹੈ ਕਿ ਉਨ੍ਹਾਂ ਦੀ ਸੀਰਤੀ (ਅੰਦਰਲੀ) ਕਰਤੂਤ ਨਿਰੀ ਹੀ ਇਸ਼ਕ-ਮਜਾਜ਼ੀ ਦੇ ਖਿਆਲਾਂ ਵਾਲੀ ਭਰੀ ਹੋਈ ਹੁੰਦੀ ਹੈ। ਐਸਾ ਪ੍ਰਤੀਤ ਹੁੰਦਾ ਹੈ ਕਿ ਤਿਨ੍ਹਾਂ ਨੂੰ ਸੱਚੇ ਗੁਰਮਤਿ ਪ੍ਰਮਾਰਥੀ ਇਸ਼ਕ-ਹਕੀਕੀ ਦਾ ਲੇਸ ਮਾਤਰ ਹੀ ਨਹੀਂ ਲਗਿਆ ਹੁੰਦਾ। ਅਜਿਹੇ ਅਖੌਤੀ ਪ੍ਰਮਾਰਥੀ ਆਗੂ ਨਿਰੇ ਹੀ "ਬਿਖੁ ਭੂਲੇ ਲੇਖਾਰੀ" ਹੀ ਹੁੰਦੇ ਹਨ ਅਤੇ ਨਿਰਲੱਜ ਹੋ ਕੇ ਬਿਖੈ ਰਸ ਦੇ ਨਫ਼ਸਾਨੀ ਜਜ਼ਬੇ ਵਾਲੇ ਸ਼ਿਅਰ ਲਿਖੀ ਜਾਂਦੇ ਹਨ ਅਤੇ ਇਸ ਬਿਧਿ ਲਿਖੀ ਜਾਣ ਨੂੰ ਬੜਾ ਪ੍ਰਮਾਰਥੀ ਫ਼ਖ਼ਰ ਸਮਝਦੇ ਹਨ। ਇਹ ਲੋਗ ਵਾਰਸਸ਼ਾਹ ਵਾਲੇ ਹੀਰ ਰਾਂਝੇ ਦੇ ਜਜ਼ਬਾਤੀ ਇਸ਼ਕ ਵਾਲੇ ਖ਼ਿਆਲਾਤ ਲਿਖਣੋਂ ਨਹੀਂ ਸੰਕੋਚਦੇ। ਨਿਰੀ ਜ਼ਬਾਨਦਾਨੀ ਨੂੰ ਮੁਖ ਰਖਦੇ ਹੋਏ ਹਾਸ਼ਮ ਆਦਿਕ ਕਵੀਸ਼ਰਾਂ ਦੇ ਬਣਾਏ ਹੋਏ ਸੱਸੀ ਪੁੰਨੂੰ ਦੇ ਕਿੱਸਿਆਂ ਵਿਚ ਆਏ ਘਟੀਆ ਸ਼ਿਅਰ-ਓ-ਸੁਖ਼ਨ ਲਿਖੀ ਜਾਣ ਨੂੰ ਗੁਰਬਾਣੀ ਦੀ ਤੁਲਤਾ ਦੇਣਾ ਹੀ ਮਨ ਬਚਨ ਕਰਮ ਕਰਕੇ ਸਮਝੀ ਬੈਠੇ ਹਨ। ਗੁਰੂ ਨਾਨਕ ਸਾਹਿਬ ਦੇ ਘਰ ਦੀ ਪ੍ਰਮਾਰਥੀ ਹਕੀਕਤ ਉਨ੍ਹਾਂ ਦੇ ਨੇੜੇ ਹੀ ਨਹੀਂ ਢੁਕੀ। ਸੱਚੀ ਹਕੀਕਤ ਸੱਚਾ ਹਕੀਕੀ ਇਸ਼ਕ ਕੇਵਲ ਗੁਰੂ ਨਾਨਕ ਸਾਹਿਬ ਦੀ ਇਲਾਹੀ ਰਚਨਾ ਗੁਰਬਾਣੀ ਅੰਦਰ ਹੀ ਹੈ।

ਜਿਹੜੇ ਇਸ ਸੱਚੀ ਹਕੀਕਤ ਤੋਂ ਘੁਥੇ ਹੋਏ ਹਨ, ਉਹ ਆਪਣਾ ਇਸ਼ਕ-ਮਜਾਜ਼ੀ

 www.sikhbookclub.com

ਕੂੜਾਵਾ ਧੰਧਾ ਹੀ ਪਿੱਟਦੇ ਹਨ। ਤਿਨ੍ਹਾਂ ਅਖੌਤੀ (So called) ਪ੍ਰਮਾਰਥੀ ਆਗੂਆਂ ਦੇ ਅੰਦਰ ਗੁਰਮਤਿ-ਭਿੰਨੀ-ਇਸ਼ਕ-ਹਕੀਕੀ ਵਾਲੀ ਸੱਚੀ ਗੁਲਜ਼ਾਰ ਹੀ ਨਹੀਂ ਖਿੜੀ। ਓਹ ਲੋਕ ਐਵੇਂ ਗੁਜ਼ਾਰਾ ਹੀ ਕਰਦੇ ਹਨ ਅਤੇ ਜਜ਼ਬਾਤੀ ਇਸ਼ਕ ਦੀਆਂ ਕਵਿਤਾਵਾਂ ਲਿਖ ਲਿਖ ਕੇ ਹੀ ਆਪਣੇ ਲੇਖ ਭਰਦੇ ਹਨ। ਭਰਦੇ ਉਹ ਹਨ, ਸ਼ਰਮ ਸਾਨੂੰ ਆਉਂਦੀ ਹੈ ਕਿ ਗੁਰੂ ਸਾਹਿਬ ਦੇ ਸਿੱਖ ਸਦਾੱ ਕੇ ਐਸਾ ਕਿਉਂ ਕਰਦੇ ਹਨ। ਅਜਿਹੇ ਲੇਖ, ਪੜ੍ਹਾਕੂਆਂ ਨੂੰ ਇਸ ਪਰਕਾਰ ਦੇ ਜਜ਼ਬਾਤੀ ਲੇਖ ਪੜ੍ਹ ਪੜ੍ਹ ਕੇ ਇਹੋ ਖ਼ਿਆਲ ਉਪਜਦਾ ਹੈ ਕਿ ਗੁਰਮਤਿ ਅੰਦਰ ਪ੍ਰਮਾਰਥੀ ਇਸ਼ਕ ਹਕੀਕੀ ਦੇ ਅਜਿਹੇ ਹੀ ਘਟੀਆ ਦਰਜੇ ਦੇ ਨਿਕੰਮੇ ਖ਼ਿਆਲਾਤ ਹੋਣਗੇ।

ਇਹ ਰਿਵਾਜ ਆਮ ਤੌਰ ਤੇ ਅਨੇਕਾਂ ਹੀ ਗੁਰਮੁਖੀ ਅੱਖਰਾਂ ਵਿਚ ਲਿਖੇ ਹੋਏ ਰਸਾਲਿਆਂ ਅਤੇ ਹਫ਼ਤਾਵਾਰੀ, ਰੋਜ਼ਾਨਾ ਅਖ਼ਬਾਰਾਂ ਦੇ ਐਡੀਟਰਾਂ ਦਾ ਹੋ ਗਿਆ ਹੋਇਆ ਹੈ ਕਿ ਨਿਰੀ ਆਪ-ਬਣਾਈ ਹੋਈ ਕਵਿਤਾ ਨੂੰ ਗੁਰਬਾਣੀ ਦੀ ਤੁਲਣਾ ਦੇ ਕੇ ਨਿਰਾ ਹੀ ਕੁਫ਼ਰ ਕਮਾ ਰਹੇ ਹਨ। ਅਜਿਹੇ ਕਵੀਸ਼ਰ, ਜਿਨ੍ਹਾਂ ਦਾ ਇਹ ਵਤੀਰਾ ਹੋ ਗਿਆ ਹੈ ਕਿ ਗੁਰਬਾਣੀ ਜੈਸੀ ਇਲਾਹੀ ਬਾਣੀ ਨੂੰ ਭੀ ਨਿਰਾ ਕਵਿਤਾ ਦਾ ਦਰਜਾ ਹੀ ਦਿੰਦੇ ਹਨ, ਨਾ ਉਨ੍ਹਾਂ ਨੇ ਗੁਰਬਾਣੀ ਅੰਦਰ ਦਰਸਾਈ ਹੋਈ ਸੱਚੀ ਕਮਾਈ ਕੀਤੀ ਹੁੰਦੀ ਹੈ ਅਤੇ ਨਾ ਹੀ ਉਹ ਉਸ ਪੈਰਾਏ ਦੇ ਦਰਸਾਏ ਹੋਏ ਤੱਤ-ਹਕੀਕਤੀ ਗੁਰਮਤਿ ਖ਼ਿਆਲਾਂ ਤਾਈਂ ਅਪੜ ਸਕਦੇ ਹਨ। ਉਹ ਆਪਣੇ ਹੀ ਖ਼ਿਆਲਾਂ ਦੀ ਮਨੋ-ਮਨੀ ਬਣਾਈ ਗੁਰਮਤਿ ਖ਼ਿਆਲੀ ਉਤੇ ਹੀ ਧਿੰਙਾਣੇ ਆਫ਼ਰੇ ਫਿਰਦੇ ਹਨ ਅਤੇ ਆਨਮਤਾਂ ਦੀ ਰੀਸ ਕਰਦੇ ਹਨ । ਆਨਮਤਾਂ ਅੰਦਰ ਹਕੀਕੀ ਇਸ਼ਕ ਵਾਲਾ ਜਜ਼ਬਾ ਹੀ ਨਹੀਂ ਪਾਇਆ ਜਾਂਦਾ। ਉਹ ਘਟੀਆ ਦਰਜੇ ਦੇ ਆਪਣੇ ਨਫ਼ਸਾਨੀ ਖ਼ਿਆਲਾਤ ਦੀ ਉਪਜ ਨੂੰ ਹੀ ਹਕੀਕੀ ਇਸ਼ਕ ਦਾ ਦਰਜਾ ਦੇਈ ਫਿਰਦੇ ਹਨ। ਅਜਿਹੇ ਆਨਮਤੀ ਨਿਜ-ਘਾੜਤ-ਉਪਜ ਵਾਲੇ ਮਜ਼ਹਬਾਂ ਅੰਦਰ ਸੱਚੀ ਇਸ਼ਕ ਇਲਾਹੀ ਦਾ ਲੇਸ ਮਾਤਰ ਹੀ ਨਹੀਂ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਸ਼ਕ ਹਕੀਕੀ ਕਿਸ ਬਲੱਾ ਦਾ ਨਾਂ ਹੈ। ਸੱਚੀ ਹੱਕ-ਪ੍ਰਸਤੀ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰੋਂ ਆਈ ਇਲਾਹੀ ਬਾਣੀ ਵਿਚ ਦਰਸਾਈ ਹੈ। ਗੁਰਮਤਿ ਰੂਪੀ ਸੱਚਾ ਪ੍ਰਮਾਰਥ ਹੀ ਹਕੀਕੀ ਇਸ਼ਕ ਵਾਲਾ ਸੱਚਾ ਜਜ਼ਬਾ ਦਰਸਾਉਂਦਾ ਹੈ। ਜੋ ਕਚ-ਘਰੜ ਖ਼ਿਆਲਾਂ ਵਾਲੇ ਅਸਾਡੇ ਸਿੱਖ ਸਦਾਉਣ ਵਾਲੇ "ਬਿਖੁ ਭੂਲੇ ਲੇਖਾਰੀ" ਹਨ, ਉਨ੍ਹਾਂ ਨੂੰ ਭੀ ਸੱਚਾ ਈਮਾਨ ਗੁਰਬਾਣੀ ਦੇ ਸੱਚੇ ਰੁਅਜਾਨ (ਆਸ਼ੇ) ਉਪਰ ਨਹੀਂ ਆਇਆ। ਤਾਂਤੇ ਉਹ ਅਨਮਤੀਆਂ ਦੀ ਰੀਸੇ ਹੀ ਆਪਣਾ ਡੰਗ ਟਪਾਉਂਦੇ ਹਨ। ਗੁਰਬਾਣੀ ਅੰਦਰ ਦਰਸਾਈ ਸੱਚੀ ਫ਼ਜ਼ੀਲਤ (ਵਡਿਆਈ) ਨੂੰ ਨਹੀਂ ਜਾਂਚ ਸਕਦੇ। ਇਹ ਜਾਂਚ ਉਪਜਦੀ ਤਦ ਹੈ ਜੇ ਗੁਰਬਾਣੀ ਅੰਦਰ ਦਰਸਾਏ ਤੱਤ ਗੁਰਮਤਿ ਆਸ਼ੇ ਦੀ ਕਮਾਈ ਕੀਤੀ ਜਾਵੇ। ਅਸੀਂ ਸਾਫ਼ ਕਹਿਣ ਨੂੰ ਤਿਆਰ ਹਾਂ ਕਿ ਜਿਨ੍ਹਾਂ ਅਖੌਤੀ (So called)

ਸਿੱਖ ਸਦਾਉਣ ਵਾਲੇ ਆਗੂਆਂ ਨੇ ਇਹ ਤੱਤ ਗੁਰਮਤਿ ਕਮਾਈ ਨਹੀਂ ਕੀਤੀ ਹੁੰਦੀ ਉਹ ਕੱਚ-ਘਰੜ ਅਨਮਤੀਏ ਹੀ ਹਨ। ਤਿਨ੍ਹਾਂ ਨੂੰ ਸੱਚੀ ਗੁਰਮਤਿ ਦਾ ਮੁਸ਼ਕ ਮਾਤਰ ਭੀ ਨਹੀਂ ਆਇਆ। ਜੇ ਆਇਆ ਹੋਵੇ ਤਾਂ ਉਹ "ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ"* ਵਾਲੇ ਅੰਤ੍ਰੀਵੀ ਗੁਰਮਤਿ ਭਾਵ ਉਪਰ ਈਮਾਨ ਲਿਆਉਣ, ਅਤੇ ਲੋਕਾਂ ਨੂੰ ਆਪਣੇ ਮਨ-ਘਰੜ ਸੋਹਲੇ ਬਣਾ ਕੇ ਭਰਮ ਵਿਚ ਨਾ ਭੁਲਾਉਣ।

ਵਾਹਿਗੁਰੂ ਸੱਚੇ ਦੇ ਦਰ ਘਰ ਦੀ ਖ਼ਬਰ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਹੋਈ ਹੈ ਅਤੇ ਸੱਚੇ ਵਾਹਿਗੁਰੂ ਦੇ ਦਰ ਘਰ ਦੀ ਗੁਰਬਾਣੀ ਦੁਆਰਾ ਹੀ ਧੁਰੋਂ, ਹਕੀਕੀ ਦਰਬਾਰੋਂ ਸੱਚੇ ਇਸ਼ਕ ਹਕੀਕੀ ਦੀ ਸੱਚੀ ਸੂਝ ਬੂਝ ਲਿਆਏ ਹਨ। ਇਹ ਨਿਜ-ਉਚਾਰੀ ਗੁਰਬਾਣੀ ਦੁਆਰਾ ਹੀ ਲਿਆਏ ਹਨ। ਇਸ ਸੱਚੀ ਸੂਝ ਬੂਝ ਦੇ ਲਿਆਉਣਹਾਰਾ ਨਾ ਕੋਈ ਹੋਇਆ ਹੈ ਨਾ ਕੋਈ ਹੋਵੇਗਾ। ਇਹ ਤਾਂ ਗੁਣ ਹਨ ਗੁਰਬਾਣੀ ਵਿਖੇ। ਜਿਨ੍ਹਾਂ ਨੂੰ ਵਾਹਿਗੁਰੂ ਦੇ ਸੱਚੇ ਦਰ ਘਰ ਦੀ ਖ਼ਬਰ ਅਤੇ ਸਾਰ ਹੀ ਨਹੀਂ ਉਨ੍ਹਾਂ ਨੂੰ ਇਸ਼ਕ ਹਕੀਕੀ ਦੀ ਕੀ ਸਾਰ ਹੋ ਸਕਦੀ ਹੈ ?

ਜਿਤਨੀ ਵੀ ਕੱਚੀ ਬਾਣੀ ਹੈ, ਉਹ ਸਭ ਇਸ਼ਕ ਮਜਾਜ਼ੀ ਦੇ ਨਫ਼ਸਾਨੀ ਜਜ਼ਬੇ ਵਾਲੇ ਸ਼ਿਅਰ-ਔ-ਸੁਖ਼ਨ ਵਿਚ ਬਨਾਵਟੀ ਸ਼ਾਇਰਾਂ ਨੇ ਬਣਾਈ ਹੈ। ਇਸ ਕੱਚੀ ਕੁਬਾਣੀ ਨੂੰ ਇਹ ਇਸ਼ਕ-ਜਜ਼ਬੇ ਵਾਲੇ ਜਜ਼ਬਾਤੀ ਪੁਰਸ਼ ਇਸ਼ਕ ਹਕੀਕੀ ਵਾਲੀ ਸੱਚੀ ਇਲਾਹੀ ਬਾਣੀ ਦਾ ਦਰਜਾ ਦਿੰਦੇ ਹਨ ਅਤੇ ਇਸ ਕੱਚੀ ਬਾਣੀ ਨੂੰ ਤੁਲਤਾ ਦੇਂਦੇ ਹਨ ਸੱਚੀ ਹਕੀਕੀ ਇੰਸ਼ਕ ਵਾਲੀ ਬਾਣੀ ਦੀ। ਇਸ਼ਕ ਹਕੀਕੀ ਵਾਲੀ ਬਾਣੀ ਸੱਚੀ ਹਕੀਕਤ ਹੱਕ ਰੱਬਾਨੀ ਦੀ ਮਹਿਵੀਅਤ (ਰੰਗ-ਲੀਨਤਾ) ਵਿਚ ਮਹਿਵ (ਲੀਨ) ਹੋਏ ਸੱਚੇ ਗੁਰੂ ਨਾਨਕ ਦਸੇ ਜਾਮਿਆਂ ਬਾਝੋਂ ਹੋਰ ਕੋਈ ਨਹੀਂ ਲਿਖ ਸਕਦਾ, ਜੈਸਾ ਕਿ ਪਹਿਲਾਂ ਭੀ ਪਰਗਟ ਕੀਤਾ ਜਾ ਚੁਕਾ ਹੈ। ਬੜੇ ਅਫ਼ਸੋਸ ਵਾਲੀ ਗੱਲ ਤਾਂ ਇਹ ਹੈ ਕਿ ਇਸ ਹਕੀਕਤ ਤੋਂ, ਗੁਰੂ ਨਾਨਕ ਦੀ ਪ੍ਰਗਟਾਈ ਹੋਈ ਸੱਚੀ ਇਲਾਹੀ ਬਾਣੀ ਤੋਂ ਘੁੱਥੇ ਹੋਏ ਅਖੌਤੀ (So called) ਨਿਰੀ ਖ਼ੁਦਸਾਖ਼ਤ ਸ਼ਹਿਵਤੀ (ਨਿਜ-ਘੜੀ ਕਾਮ-ਉਪਜਾਊ) ਕੁਬਾਣੀ ਨੂੰ, ਆਪੋਂ ਬਣਾਏ ਹੋਏ ਸ਼ਿਅਰ-ਔ-ਸੁਖ਼ਨ ਨੂੰ, ਗੁਰਬਾਣੀ, ਸੱਚੀ ਬਾਣੀ ਦਾ ਦਰਜਾ ਦੇਈ ਬੈਠੇ ਹਨ। ਇਹ ਸੁਣ ਕੇ ਬੜਾ ਹੀ ਸ਼ਰਮਸਾਰ ਹੋਣਾ ਪੈਂਦਾ ਹੈ ਕਿ ਅਸਾਡੇ ਇਸ਼ਕ ਮਜਾਜ਼ੀ ਦੇ ਨਫਸਾਨੀ ਰੰਗ ਦੇ ਕੁਰੰਗੇ ਹੋਏ, ਨਿਰੀਆਂ ਰੰਗ-ਰਲੀਆਂ ਮਾਨਣ ਵਾਲੇ ਸ਼ਹਿਵਤੀ (ਕਾਮੀ) ਪੁਰਸ਼, ਸਿਨਮਿਆਂ ਵਿਚ ਆਈਆਂ ਅਤੇ ਨਿਰੇ ਜਜ਼ਬਾਤੀ ਇਸ਼ਕ ਵਿਚ ਪ੍ਰਗਟਾਈਆਂ, ਕੁਬਾਣੀਆਂ ਨੂੰ ਨਿਰੇ ਫੋਕੇ ਜ਼ਬਾਨ-ਦਾਨੀ ਦੇ ਭਰਮਾਂ ਵਿਚ ਭੁਲੇ ਹੋਏ ਇਸ਼ਕ ਮਜਾਜ਼ੀ ਦੇ ਵਿਚ ਨਫ਼ਸੁੱਟੇ ਹੋਏ (ਇੰਦਰਿਆਂ ਦੇ ਰਸਾਂ ਵਿਚ ਗ੍ਰਸੇ ਹੋਏ) ਪੁਰਸ਼ ਆਪਣੀ ਕੁਰਚਨਾ ਵਿਚ ਏਸੇ ਸਿਨਮਿਆਂ ਵਾਲੀ

---

* ਮਾਝ ਮ: ੪, ਅੰਕ ੪੫੭, ਪੰਨਾ ੯੬

ਕੁ-ਰਚਨਾ ਤੇ ਗੁਰਬਾਣੀ ਵਿਚ ਮਿਲਾ ਕੇ ਨਿਰੀ ਨਫ਼ਸਾਨੀਅਤ ਨੂੰ ਉਭਾਰਦੇ ਹਨ। ਬਹੁਤ ਸਾਰੇ ਅਖੌਤੀ (So called) ਸਿੱਖ-ਆਗੂ ਨਿਧੜਕ ਹੋ ਕੇ ਸਿਨਮਾਵੀ ਫ਼ਿਲਮਾਵਾਂ ਨੂੰ ਗੁਰਮਤਿ ਦੇ ਗੂੜ੍ਹ-ਰੰਗੇ ਹਕੀਕੀ ਘਟਨਾਵਾਂ ਵਾਲੇ ਜੀਵਨਾਂ ਪ੍ਰਥਾਇ ਵਰਤਣੋਂ ਭੀ ਨਹੀਂ ਸ਼ਰਮਾਂਦੇ ਤੇ ਖੁੱਲ-ਮ-ਖੁੱਲ੍ਹਾ ਗੁਰਮਤਿ ਜੀਵਨਾਂ ਵਾਲੇ ਸ੍ਰੇਸ਼ਟ ਗੁਰਮੁਖ ਜਨਾਂ ਦੀਆਂ ਫ਼ਿਲਮਾਂ ਉਤਾਰਨ ਤੋਂ ਭੀ ਨਹੀਂ ਸੰਕੋਚਦੇ। ਇਹ ਨਿਰੀ ਮਨਮਤਿ ਹੈ, ਜਿਸ ਨੂੰ ਕਿ ਬੜੇ ਫ਼ਖ਼ਰ ਨਾਲ ਪ੍ਰਚਾਰਦੇ ਹਨ । ਫ਼ਿਲਮੀ ਸਿਨਮੇ ਦੀਆਂ ਤਸਵੀਰਾਂ ਦੇਣੀਆਂ ਨਿਰੀ ਮਨ-ਮਤੀਆਂ ਦੀ ਰੀਸ ਹੈ, ਜਿਹੜੇ ਸਰਾਸਰ ਜਜ਼ਬਾਤੀ ਇਸ਼ਕ ਮਜਾਜ਼ੀ ਦੇ ਨਫ਼ਸ-ਪ੍ਰਸਤ ਖੋਟੇ ਰੰਗਾਂ ਵਿਚ ਹੀ ਲੱਥ ਪੱਥ ਹੋਏ ਪਏ ਹਨ । ਇਹ ਗੁਰਮਤਿ ਦਾ ਨਿੱਗਰ ਪ੍ਰਚਾਰ ਨਹੀਂ, ਉਲਟਾ ਪ੍ਰਹਾਰ ਹੈ । ਇਸ਼ਕ ਹਕੀਕੀ ਦੇ ਸੱਚੜੇ ਸੋਹਿਲੇ ਗਾਵਣਹਾਰੇ ਗੁਰਮੁਖਿ ਜਨ ਕਦੇ ਭੀ ਇਨ੍ਹਾਂ ਕੁਬਹਿਤਾਂ (ਕੁਰੀਤਾਂ) ਵਿਚ ਨਹੀਂ ਪੈ ਸਕਦੇ। ਆਨ-ਮੱਤੀਆਂ ਦੀ ਰੀਸੋ-ਰੀਸੀ ਉਨ੍ਹਾਂ ਨੂੰ ਹੋਰ ਕੁਝ ਸੁਝਦਾ ਹੀ ਨਹੀਂ। ਕੱਚ-ਘਰੜ ਜਜ਼ਬਿਆਂ ਵਾਲੇ, ਇਸ਼ਕ ਮਜਾਜ਼ੀ ਵਾਲੇ, ਮਨ-ਮੰਨੇ ਸ਼ਿਅਰ-ਓ-ਸੁਖ਼ਨ ਬਣਾਉਣ ਵਾਲੇ ਘਟੀਆ ਦਰਜੇ ਦੇ ਆਨ-ਮਤਿ ਗ੍ਰਸੇ ਖੋਟੇ ਪੁਰਸ਼ਾਂ ਨੂੰ ਹੀ ਇਹ ਖੋਟ ਭਰੀ ਕੁਬਹਿਤ ਪਈ ਹੋਈ ਹੈ। ਐਸਾ ਜਾਪਦਾ ਹੈ ਕਿ ਉਨ੍ਹਾਂ ਦੇ ਪੱਲੇ ਹੋਰ ਕੁਛ ਹੈ ਹੀ ਨਹੀਂ। ਤਾਂਤੇ ਉਹ ਆਨਮੱਤੀ ਜਜ਼ਬੇ ਵਾਲੇ ਪੁਰਸ਼ ਖੋਟੇ ਕੁਢੰਗਾਂ ਦੇ ਇਸ਼ਕ ਮਜਾਜ਼ੀ ਵਾਲੇ ਜਜ਼ਬੇ ਪ੍ਰਗਟਾਉਣ ਜਣਾਉਣ ਨੂੰ ਹੀ ਆਪਣੇ ਮਨ ਦੀ ਮਤਿ ਦੁਆਰਾ ਇਸ਼ਕ ਹਕੀਕੀ ਦਾ ਜਜ਼ਬਾ ਸਮਝੀ ਬੈਠੇ ਹਨ, ਜੋ ਨਿਰੀ ਭਿਆਨਕ ਭੁੱਲ ਹੈ । ਗੁਰਮਤਿ ਤੋਂ ਭੁੱਲੇ ਭਟਕੇ ਪੁਰਸ਼ ਤਾਂ ਇਨ੍ਹਾਂ ਭੁੱਲਾਂ ਵਿਚ ਪੈ ਜਾਣ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ, ਪ੍ਰੰਤੂ ਗੁਰਮਤਿ-ਭਿੰਨੇ ਸੱਚੀ ਇਸ਼ਕ ਹਕੀਕੀ ਤੋਂ ਜਾਣੂ ਗੁਰਮੁਖਿ ਜਨ ਕਦੇ ਭੀ ਇਨ੍ਹਾਂ ਭੁੱਲਾਂ ਵਿਚ ਨਹੀਂ ਪੈ ਸਕਦੇ। ਅਸਲ ਗੱਲ ਇਹ ਹੈ ਕਿ ਗੁਰਮਤਿ, ਸੱਚੀ ਗੁਰਮਤਿ ਤੋਂ ਰਹਿ ਖੜੋਤੇ ਹੋਏ ਅੰਞਾਣ ਪੁਰਸ਼ ਸ੍ਰਵਣਾਂ ਕਰਕੇ ਭੀ ਤੇ ਰਸਨਾ ਕਰਕੇ ਭੀ ਰਚੀਆਂ ਕੁਬਾਣੀਆਂ ਤੇ ਰਸਾਂ ਕਸਾਂ ਵਿਚ ਉਲਝੇ ਹੋਏ ਹਨ । ਗੁਰਬਾਣੀ ਦੇ ਇਸ ਗੁਰਵਾਕ ਅਨੁਸਾਰ :—

> ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
> ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥
> (੪॥੧॥੮੧) ਬਿਲਾਵਲੁ ਮ: ੫, ਪੰਨਾ ੮੨੦

ਇਸ ਗੁਰਵਾਕ ਅਨੁਸਾਰ ਆਪਣਾ ਜੀਵਨ ਢਾਲਣਹਾਰੇ ਪ੍ਰੇਮੀ ਜਨ ਕਦੇ ਭੀ ਕੱਚੀਆਂ-ਪਿਚੀਆਂ ਕੱਚੀਆਂ ਧੁਨੀਆਂ ਵਾਲੇ ਗੀਤਾਂ ਦੇ ਕਹਿਣ ਸੁਣਨ ਵਿਚ ਪ੍ਰਵਿਰਤ ਨਹੀਂ ਹੋ ਸਕਦੇ । ਸੱਚੇ ਇਸ਼ਕ ਹਕੀਕੀ ਤੋਂ ਘੁਥੇ ਹੋਏ ਨਿਰੇ ਇਸ਼ਕ ਮਜਾਜ਼ੀ ਦੇ ਪੁਤਲੇ ਨਿਸ਼ੰਗ ਹੋ ਕੇ ਸਾਰੀ ਸਾਰੀ ਰਾਤ ਧੂਤਕੜੇ ਪਾਉਂਦੇ ਹਨ, ਇਸ਼ਕ ਮਜਾਜ਼ੀ ਵਾਲੇ ਭੰਗੜੇ ਪਾਉਣ ਨੂੰ ਹੀ ਸੱਚੀ ਭਗਤੀ ਸਮਝੀ ਬੈਠੇ ਹਨ । ਸਾਰੀ ਸਾਰੀ ਰਾਤ

ਇਨ੍ਹਾਂ ਕੁਭਗੜਾ ਪਾਉਣ ਵਾਲੇ ਬੋਲ ਕੁਬੋਲੀ ਕੱਚੀਆਂ ਬਾਣੀਆਂ ਦੇ ਸੁਣਨ ਦਾ ਜਿਨ੍ਹਾਂ ਨੂੰ ਕੁਚਸਕਾ ਪਿਆ ਹੋਇਆ ਹੈ, ਉਹ ਇਨ੍ਹਾਂ ਭੰਗੜਾ ਪਾਉਣ ਵਾਲੇ ਕੁਭੰਗੜੀਆਂ ਨੂੰ ਹਟਾਉਂਦੇ ਛੋੜਦੇ ਹੀ ਨਹੀਂ । ਸਮਝ ਲਵੋ ਕਿ ਉਹ ਗੁਰਮਤਿ-ਰੰਗਾਂ ਵਾਲੀ ਸੱਚੀ ਹਕੀਕਤ (ਇਸ਼ਕ ਹਕੀਕੀ) ਤੋਂ ਬੜੇ ਹੀ ਪਰੇਡੇ ਗਏ ਹੋਏ ਹਨ । ਆਮ ਤੌਰ ਤੇ ਸ਼ਹਿਰਾਂ ਵਿਚ ਦੇਖੀਦਾ ਹੈ ਅਤੇ ਪਿੰਡਾਂ ਵਿਚ ਵੀ ਇਹ ਕੁਵਾਦੀ ਵਗ ਗਈ ਹੋਈ ਹੈ ਕਿ ਗ੍ਰਾਮੋਫੋਨ ਦੇ ਗੰਦੇ ਰੀਕਾਰਡ ਲਾਉਣ ਅਤੇ ਸੁਣਨ ਨੂੰ ਇਸ਼ਕ ਹਕੀਕੀ ਤੋਂ ਘੁਥੇ ਹੋਏ ਲੋਗ ਨਿਰਾ ਸਵਾਬ ਸਮਝੀ ਬੈਠੇ ਹਨ । ਹਾਲਾਂਕਿ ਨਿਰਾ ਹੀ ਕੁਸੰਗ ਇਨ੍ਹਾਂ ਵਿਚ ਭਰਿਆ ਪਿਆ ਹੁੰਦਾ ਹੈ । ਇਹ ਸੁਣ ਸੁਣ ਕੇ ਆਮ ਇਖ਼ਲਾਕੀ ਸਭ੍ਯ-ਲੋਕਾਈ ਵੀ ਬੜੀ ਸ਼ਰਮਿੰਦਾ ਹੁੰਦੀ ਹੈ । ਲੋਕਾਚਾਰੀ ਰੌਣਕਾਂ ਵਧਾਉਣ ਦੇ ਗੁਰਮਤਿ ਪ੍ਰਚਾਰ ਦੇ ਅਖੌਤੀ ਲੋਗ ਨਿਸੰਗ ਹੋ ਕੇ ਇਹ ਕੁਢੰਗ ਖੁਲ੍ਹ-ਮ-ਖੁਲ੍ਹਾ ਵਰਤਦੇ ਹਨ, ਜੋ ਜ਼ਾਹਿਰ ਕਰਦਾ ਹੈ ਕਿ ਇਨ੍ਹਾਂ ਦੇ ਅੰਦਰਿ ਸੱਚੀ ਗੁਰਮਤਿ ਦੇ ਜਜ਼ਬੇ ਵਾਲੀ, ਇਸ਼ਕ ਹਕੀਕੀ ਵਾਲੀ, ਮੁਸ਼ਕ ਮਾਤਰ ਖ਼ੁਸ਼ਬੂ ਵੀ ਨਹੀਂ । ਜੇ ਹੋਵੇ ਤਾਂ ਇਹਨਾਂ ਕੁਰੰਗ ਵਾਲੇ ਰੰਗ-ਤਮਾਸ਼ਿਆਂ ਵਿਚ ਕੁ-ਰਚਣ ਨੂੰ ਕਿਉਂ ਫ਼ਖ਼ਰ ਸਮਝਿਆ ਜਾਵੇ । ਗੁਰੂ ਨਾਨਕ ਸਾਹਿਬ ਦੀ ਦਰਸਾਈ ਹੋਈ ਇਸ਼ਕ ਇਲਾਹੀ ਦੇ ਜਜ਼ਬੇ ਵਾਲੀ ਸੱਚੜੀ ਗੁਰਮਤਿ ਵਿਚ ਪੈਣਾ ਆਮ ਲੋਕਾਚਾਰੀ ਲੋਗਾਂ ਲਈ ਬੜਾ ਹੀ ਕਠਨ ਹੈ । ਤਾਂਤੇ ਉਹ ਭਰਮ-ਭੂਲੇ ਹੋਏ ਲੋਗ ਇਨ੍ਹਾਂ ਕੁਸੰਗ ਭਰੇ ਗਰਾਮੋਫੋਨ ਅਤੇ ਸਿਨਮਾਲੋਨੀ ਕੁਸੰਗਾਂ ਵਿਚ ਹੀ ਟੱਕਰਾਂ ਮਾਰਦੇ ਫਿਰਦੇ ਹਨ । ਗੁਰੂ ਨਾਨਕ ਸਾਹਿਬ ਜੀ ਦੀ ਦਰਸਾਈ ਹੋਈ ਸੱਚੜੀ ਇਸ਼ਕ ਹਕੀਕੀ ਵਾਲੀ ਮੰਜ਼ਲ ਦੇ ਸੱਚੜੇ ਪਾਂਧੀ ਕਦੇ ਭੀ ਇਨ੍ਹਾਂ ਇੱਲਤਾਂ ਵਿਚ ਪੈ ਨਹੀਂ ਸਕਦੇ । ਅਸਾਡੇ ਪ੍ਰਚਾਰਕਾਂ ਉਤੇ ਇਨ੍ਹਾਂ ਖੋਟੜੀਆਂ ਕੁਬਹਿਤਾਂ ਦਾ ਬੜਾ ਬੁਰਾ ਅਸਰ ਪਿਆ ਹੋਇਆ ਹੈ । ਇਸ ਅਨਮਤਿ ਭਰੇ ਕੱਚੜੇ ਪਰਚਾਰ ਨੂੰ ਆਨਮੱਤਾਂ ਦੀ ਕੁਰੀਸੀਂ ਅਤੇ ਕੁਰੀਤੀਂ, ਦੇਖਾ-ਦੇਖੀ ਦੇ ਪ੍ਰਚਾਰਕ ਏਸੇ ਕੁਬਹਿਣ ਵਿਚ ਪੈਣ ਨੂੰ ਅਤੇ ਇਸ ਖੋਟੇ ਪ੍ਰਚਾਰ ਨੂੰ ਪ੍ਰਚਾਰਨ ਲਈ ਡੀਂਗ-ਮਾਰੂ ਹੋ ਕੇ ਪ੍ਰਚਾਰਦੇ ਹਨ ਅਤੇ ਨਿਰੇ ਹੀ ਏਸੇ ਕਪੋਲ ਕਿਰਿਆ ਵਾਲੇ ਇਸ਼ਕ ਮਜਾਜ਼ੀ ਦੇ ਜਜ਼ਬੇ ਵਿਚ ਰੁੜ੍ਹੇ ਹੀ ਚਲੇ ਜਾਂਦੇ ਹਨ, ਰੋਕੇ ਹੋਏ ਰੁਕਦੇ ਨਹੀਂ । ਸੱਚ ਪੁਛੋ ਤਾਂ ਉਨ੍ਹਾਂ ਦੇ ਪੱਲੇ ਹੀ ਕੁਛ ਨਹੀਂ ।

ਅਸਾਡਾ ਦਸਣ ਦਾ ਇਹੋ ਵਿਪਰਾ ਹੈ ਕਿ ਆਨਮੱਤੀਆਂ ਦੀ ਰੀਸੇ ਕੁਰੀਸੇ ਗੁਰਮਤਿ ਦੇ ਸੱਚੇ ਰੰਗਾਂ ਵਿਚ ਰੰਗੀਜੇ ਜਾਣ ਵਾਲੇ ਹਕੀਕੀ ਸਿੱਖ ਭੀ ਅਨਮਤਿ ਦੇ ਵਹਿਣਾਂ ਵਿਚ ਪੈਣ ਬਾਰੇ ਪ੍ਰਚਾਰ ਤੋਂ ਨਹੀਂ ਟਲਦੇ । ਉਪਰੋਕਤ ਗੁਰਵਾਕ ਅਨੁਸਾਰ ਸੱਚੜੇ ਇਸ਼ਕ ਹਕੀਕੀ ਵਾਲੇ ਸੱਚੜੇ ਜਜ਼ਬੇ ਦੂਜੇ ਭਾਵ ਦੇ ਕੱਚੜੇ ਕੁਵਹਿਣਾਂ ਵਿਚ ਕਦੇ ਨਹੀਂ ਪੈਂਦੇ ਤੇ ਇਸ਼ਕ ਮਜਾਜ਼ੀ ਵਾਲੀਆਂ ਗੱਲਾਂ ਟਾਹਰਾਂ ਸਮਝਦੇ ਹਨ । ਜਿਨ੍ਹਾਂ (So called) ਅਖੌਤੀ ਆਗੂਆਂ ਨੇ ਸੱਚੜੀ ਇਸ਼ਕ ਹਕੀਕੀ ਵਾਲੀ ਗੁਰਮਤ੍ਰਿ ਹਕੀਕਤ ਨੂੰ ਟਿੱਚ ਸਮਝਿਆ ਹੋਇਆ ਹੈ, ਉਹ ਆਪਣੀ ਮਨਮਤਿ ਭਰੀ ਕੁਰੰਗ ਕੁਰੀਤੀ ਨੂੰ ਪ੍ਰਚਾਰਨੋਂ

ਕਦੇ ਨਹੀਂ ਸੰਕੋਚਰਦੇ; ਬਲਕਿ ਮਨ-ਮੰਨੇ ਆਨਮਤੀ ਕੁਰੰਗਾਂ ਵਾਲੇ ਇਸ਼ਕ ਮਜਾਜ਼ੀ ਨੂੰ ਹੀ ਇਸ਼ਕ ਹਕੀਕੀ ਵਾਲਾ ਸੱਚਾ ਗੁਰਮਤਿ-ਮਾਰਗ ਥਾਪੀ ਬੈਠੇ ਹਨ।

ਗੁਰਮਤਿ ਅਨੁਸਾਰ ਸੱਚੀ ਹੱਕ-ਪ੍ਰਸਤੀ, ਵਾਹਿਗੁਰੂ ਪਰਵਦਗਾਰ ਦੀ ਸੱਚੀ ਪੂਜਾ-ਪ੍ਰਤਿਸ਼ਟਾ ਵਾਲਾ ਪ੍ਰੇਮ ਭਰਿਆ ਜਜ਼ਬਾ ਹੀ ਅਸਲ ਇਸ਼ਕ ਹਕੀਕੀ ਦੀ ਨਿਸ਼ਾਨੀ ਹੈ। ਇਹ ਪ੍ਰੇਮ-ਪੂਜਾ ਗੁਰੂ ਨਾਨਕ ਸਾਹਿਬ ਜੀ ਨੂੰ ਵਾਹਿਗੁਰੂ ਜੀ ਦਾ ਪਰਤੱਖ ਦਰਸ਼ਨ ਕਰ ਕੇ ਪ੍ਰਾਪਤ ਹੋਈ ਅਤੇ ਗੁਰੂ ਨਾਨਕ ਸਾਹਿਬ ਜੀ ਨੇ ਨਦਰ ਮੇਹਰ ਕਰ ਕੇ, ਇਸ ਪੂਜਾ-ਪ੍ਰੇਮ ਦੇ ਜਜ਼ਬੇ ਨੂੰ ਗੁਰਸਿਖਾਂ ਪ੍ਰਤੀ ਇਸ਼ਕ ਇਲਾਹੀ ਦੇ ਸੱਚੜੇ ਨਾਮ ਦੇ ਛੱਟੇ ਦੇ ਕੇ ਪ੍ਰਵਿਰਤ ਕੀਤਾ। ਨਾਮ ਦਵਾਰਾ ਹੀ ਵਾਹਿਗੁਰੂ ਦੀ ਪ੍ਰੇਮਾ ਭਗਤੀ ਪ੍ਰਗਟਾਈ। ਇਸ ਨਾਮ ਦੀ ਸੱਚੀ ਬਖਸ਼ਿਸ਼ ਹੀ ਸੱਚੀ ਹੱਕ-ਪ੍ਰਸਤੀ ਵਾਲਾ ਸੱਚੜਾ ਇਸ਼ਕ ਹਕੀਕੀ ਦਾ ਜਜ਼ਬਾ ਦ੍ਰਿੜ੍ਹਾਉਂਦੀ ਹੈ। ਸੱਚੜੇ ਨਾਮ ਦੀ ਪ੍ਰੇਮ-ਪੂਜਾ, ਅਭਿਆਸ ਦਾ ਖੰਡਾ ਖੜਕਾਉਣਾ ਹੀ ਸੱਚੀ ਇਸ਼ਕ ਇਲਾਹੀ ਦੀ ਧੁਨੀ ਨੂੰ ਅੰਤਰ-ਆਤਮੇ ਜਗਾਉਣਾ ਹੈ। ਵਾਹਿਗੁਰੂ ਅਕਾਲ ਪੁਰਖ ਨੇ ਆਪਣੇ ਵਜੂਦ ਦੀ ਉਤਪਤੀ ਦੇ ਨਾਲੋਂ ਨਾਲ ਹੀ ਇਸ ਨਾਮ ਰੂਪੀ ਖੰਡੇ ਦੇ ਉਪਜਾਉਣ ਦੀ ਨਦਰ ਮੇਹਰ ਕੀਤੀ। ਯਥਾ:—

> ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
> ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
>
> ਆਸਾ ਦੀ ਵਾਰ, ਪਉੜੀ ੧, ਪੰਨਾ ੪੬੩

ਇਹ ਅਖੰਡਾਕਾਰ ਨਾਮ ਹੀ ਵਾਹਿਗੁਰੂ ਅਕਾਲ ਪੁਰਖ ਦਾ ਨਿਜ ਸਰੂਪ ਹੈ। ਇਸ ਤੋਂ ਭਿਨਾਂ ਹੋਰ ਸਭ ਦੂਯੀ ਕੁਦਰਤ ਹੈ, ਜਿਸ ਦੀ ਉਤਪਤੀ ਨਾਮ ਦੇ ਆਸਰੇ ਹੋਈ ਅਤੇ ਸਦਾ ਨਾਮ ਦੇ ਆਸਰੇ ਹੀ ਰਹਿੰਦੀ ਹੈ। ਦੂਯੀ ਕੁਦਰਤ ਦੀ ਉਪਾਸ਼ਨਾ ਵਿਚ ਪੈਣਾ ਪੈਣ ਵਾਲਿਆਂ ਨੂੰ (Naturalist) ਬਣਾਉਂਦਾ ਹੈ। ਗੁਰੂ ਨਾਨਕ ਜੀ ਦੇ ਦਰਸਾਏ ਨਾਮ ਦੀ ਪ੍ਰੇਮ-ਪੂਜਾ ਬਾਝੋਂ ਸਾਰਾ ਸੰਸਾਰ ਇਸ ਦੂਜੇ ਭਾਵ ਦੀ ਕੁਦਰਤ-ਮਈ ਉਪਾਸ਼ਨਾ ਭਰੀ ਬੁੱਤ-ਪ੍ਰਸਤੀ ਹੀ ਕਰਦਾ ਹੈ। ਦ੍ਰਿਸ਼ਟਮਾਨ ਕੁਦਰਤ ਦੀ ਉਪਾਸ਼ਨਾ ਉਪਾਸ਼ਕਾਂ ਨੂੰ ਬੜੀ ਹੀ ਸੁਖਾਲੀ ਪ੍ਰਤੀਤ ਹੁੰਦੀ ਹੈ, ਪ੍ਰੰਤੂ ਇਹ ਇਸ਼ਕ ਹਕੀਕੀ ਵਾਲੇ ਗੁਰਮਤਿ ਤੱਤ ਜਜ਼ਬੇ ਤੋਂ ਦੁਰੇਡੇ ਲੈ ਜਾਂਦੀ ਹੈ। ਆਨਮਤੀ ਸੂਫੀਆਂ ਦਾ ਜਿਤਨਾ ਵੀ ਤਸੱਵਫ਼ (ਪ੍ਰਮਾਰਥ) ਹੈ, ਸਭ ਏਸੇ ਹੀ ਬੁੱਤ-ਪ੍ਰਸਤੀ ਵਾਲੇ ਵਹਿਣਾਂ ਵਿਚ ਰੁੜ੍ਹਿਆ ਹੋਇਆ ਹੈ। ਸੂਫੀ ਜਨ ਵੇਦਾਂਤੀਆਂ ਦੀ ਨਿਆਈਂ "ਹਮਾ ਓਸਤ" ਜਾਂ "ਓ ਹਮਾ ਅਸਤ" ਵਾਲੇ ਖ਼ਿਆਲਾਂ ਦੀ ਨਿਜ-ਘੜਤ ਪੁਸ਼ਟੀ ਹੈ। ਅਨੇਕਾਂ ਵੇਦਾਂਤੀ ਅਤੇ ਸੂਫੀ ਜਨ ਨਿਜ ਖ਼ਿਆਲੀ ਵਹਿਣ ਵਿਚ ਪੈ ਕੇ ਆਪਣੇ ਆਪ ਨੂੰ ਰੱਬ ਗਰਦਾਨੀ ਫਿਰਦੇ ਹਨ। ਤਾਂਤੇ ਸੂਫ਼ੀਆਂ ਦੀ ਹਕੀਕਤ-ਪ੍ਰਸਤੀ ਨਿਰਾ ਢੋਂਗ ਹੀ ਹੈ। ਸੂਫ਼ੀਆਂ ਦੇ ਮਸਲੇ ਅਨੁਸਾਰ ਨਿਜ-ਘੜੀ ਪ੍ਰਮਾਰਥ ਦੇ ਦਰਜੇ ਭੀ ਤਰੀਕਤ, ਹਕੀਕਤ ਅਤੇ ਮਾਰਫ਼ਤ ਬਣਾਏ ਹੋਏ ਹਨ। ਜਿਸ ਪਰਕਾਰ ਸੂਫ਼ੀਆਂ ਦੀ ਹਕੀਕਤ ਨਿਰਾ ਹੇਠਲ

ਦਰਜਾ ਹੀ ਹੈ, ਏਸੇ ਪਰਕਾਰ ਸੂਫ਼ੀਆਂ ਦੀ ਮਾਰਫ਼ਤ ਭੀ ਨਿਰੀ ਕਪੋਲ ਕਿਰਿਆ ਹੀ ਹੈ।

ਤਾਂਤੇ ਸੱਚੀ ਹਕੀਕਤ ਅਤੇ ਇਸ਼ਕ ਹਕੀਕੀ ਵਾਲਾ ਸੱਚਾ ਜਜ਼ਬਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਹੀ ਹੈ। ਗੁਰਮਤਿ-ਭਿੰਨੀ ਮਾਰਫ਼ਤ ਸੱਚੜੇ ਇਸ਼ਕ ਇਲਾਹੀ ਦੇ ਜਜ਼ਬੇ ਵਾਲੀ ਹਕੀਕਤ ਗੁਰਮਤਿ ਦਵਾਰਾ ਦਰਸਾਈ ਹੈ ਤ ਕੇਵਲ ਨਾਮ ਦੇ ਖੰਡੇ ਦਵਾਰਾ ਹੀ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਈ ਗਈ ਹੈ। ਏਸੇ ਨਾਮ ਦੇ ਖੰਡੇ ਨੂੰ ਦ੍ਰਿੜ੍ਹਾ ਦਰਸਾ ਕੇ ਹੀ ਅੰਦਰਲੇ ਬਾਹਰਲੇ ਦੂਤਾਂ ਦੈਂਤਾਂ ਦਾ ਬਿਨਾਸ਼ ਕਰਵਾਇਆ ਗਿਆ ਹੈ। ਗੁਰਮਤਿ-ਨਾਮ-ਭਿੰਨੜੇ ਜਪੁ ਨੀਸਾਣ ਦਾ ਖੰਡਾ ਖੜਕਦੇ ਹੀ, ਗੁਰਮਤਿ-ਨਾਮ ਦੇ ਪ੍ਰੇਮ-ਪਲੀਤੇ ਵਾਲੇ ਪੁਜਾਰੀ ਸਿੱਖ, ਅਕਾਲ ਪੁਰਖ ਦੀ ਦਰਗਾਹ ਵਿਚ ਸਿੱਧੇ ਹੀ ਜਾ ਵਾਰਦ (ਦਾਖ਼ਲ) ਹੁੰਦੇ ਹਨ। ਤਿਨ੍ਹਾਂ ਨੂੰ ਤੱਤ ਗੁਰਮਤੀ ਇਸ਼ਕ ਹਕੀਕੀ ਦੀ ਸੱਚੜੀ ਸਾਰ ਹੁੰਦੀ ਹੈ। ਇਸ ਸਾਰ ਬਿਹੂਣ ਸਾਰੇ ਮਾਇਕ ਬਿਉਪਾਰੀ ਕੁਦਰਤ ਦੇ ਬੰਦੇ ਇਸ ਇਸ਼ਕ ਹਕੀਕੀ ਵਾਲੇ ਜਜ਼ਬੇ ਤੋਂ ਵਾਸਤਵ ਵਿਚ ਅੰਧਲੇ ਹੀ ਹਨ। ਨਾਮ ਦਾ ਖੰਡਾ ਖੜਕਾ ਕੇ ਗੁਰੂ ਨਾਨਕ ਸਾਹਿਬ ਨੇ ਤੀਨ ਲੋਕ ਅਤੇ ਚੌਦ੍ਹਾਂ ਭਵਨਾਂ ਵਿਖੇ ਅਕਾਲੀ ਝੰਡਾ ਝੁਲਾਇਆ ਹੈ। ਜੋ ਗੁਰਮੁਖਿ ਜਨ ਇਸ ਖੰਡੇ ਦੇ ਅਨਿੰਨ ਉਪਾਸ਼ਕ ਹੋਏ ਹਨ ਓਹ ਵਿਸਮਾਦ ਮਈ ਇਸ਼ਕ ਹਕੀਕੀ ਵਿਚ ਜੀਊਂਦੇ ਜਾਗਦੇ ਹੀ ਲੀਨ ਹੋ ਜਾਂਦੇ ਹਨ। ਤਿਨ੍ਹਾਂ ਦੀ ਮਾਰਫ਼ਤ ਭੀ ਸੱਚੜੀ ਹਕੀਕਤ ਮਈ ਇਸ਼ਕ ਹਕੀਕੀ ਦਾ ਸੱਚਾ ਜਜ਼ਬਾ ਹੁੰਦਾ ਹੈ। ਗੁਰਮਤਿ ਦੇ ਦਰਸਾਏ ਅਤੇ ਦ੍ਰਿੜ੍ਹਾਏ ਇਸ ਅਖੰਡਾਕਾਰ ਨਾਮ ਤੋਂ ਘੁਥੇ ਹੋਏ ਹੋਰ ਸਾਰੇ ਮਨੋ-ਮਨੀ ਦੇ ਪ੍ਰਮਾਰਥੀ ਪੈਰੋਕਾਰ ਬਣੇ ਹੋਏ ਹਨ ਅਤੇ ਮਨੋ-ਮਨੀ ਦੀ ਹੀ ਹਕੀਕਤ ਦੇ ਕਾਇਲ ਹਨ। ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਹੋਏ ਅਤੇ ਦ੍ਰਿੜ੍ਹਾਏ ਹੋਏ ਨਾਮ ਰੂਪੀ ਸੱਚੇ ਖੰਡੇ ਅੰਦਰਿ ਉਹ ਅਕਰਖਣੀ ਕਲਾ ਹੈ, ਜਿਸ ਦਵਾਰਾ ਕਿ ਸੱਚੀ ਹਕੀਕਤ ਅਤੇ ਸੱਚੜੀ ਮਾਰਫ਼ਤ ਵਾਲਾ ਇਸ਼ਕ ਹਕੀਕੀਆ ਜਜ਼ਬਾ ਸੁਤੇ ਸਿੱਧ ਹੀ ਅਨਿੰਨ ਉਪਾਸ਼ਕ ਗੁਰਸਿੱਖਾਂ ਦੇ ਹਿਰਦੇ ਵਿਚ ਪਰਵੇਸ਼ ਹੋ ਜਾਂਦਾ ਹੈ। ਓਹ ਹੀ ਇਸ਼ਕ ਹਕੀਕੀ ਦੇ ਸੱਚੇ ਰੰਗਾਂ ਨੂੰ ਮਾਣਦੇ ਹਨ ਅਤੇ ਇਨ੍ਹਾਂ ਰੰਗਾਂ ਵਿਚ ਹੀ ਮਸਤੂਲ ਮਸਤ ਹੋ ਕੇ ਸੱਚੜੀ ਇਸ਼ਕ ਹਕੀਕਤ ਨੂੰ ਪਛਾਣਦੇ ਹਨ।

ਤਾਂਤੇ ਨਾਮ ਰੂਪੀ ਖੰਡੇ ਦੀ ਅਖੰਡਾਕਾਰ ਕਮਾਈ ਕਰਨਾ ਹੀ ਸੱਚੜੀ ਇਸ਼ਕ ਇਲਾਹੀ ਵਾਲੀ ਮਾਰਫ਼ਤ-ਭਿੰਨੀ ਹਕੀਕਤ ਹੈ। ਇਸ ਤੋਂ ਬਿਨਾਂ ਹੋਰ ਹਕੀਕਤ ਕੈਸੀ ?

ਮਹਿਜ਼ ਮਨ-ਘੜਤ ਮਾਰਫ਼ਤ ਅਤੇ ਮਨ-ਘੜਤ ਹਕੀਕਤ ਹੇਠਲੇ ਦਰਜੇ ਦੀ ਹਕੀਕਤ ਹੀ ਰਹਿ ਜਾਂਦੀ ਹੈ, ਜੋ ਵਾਸਤਵ ਵਿਚ ਹਕੀਕਤ ਕੋਈ ਨਹੀਂ। ਜਿਸ ਹਕੀਕਤ ਦੀ ਸੱਚੜੀ ਇਸ਼ਕ ਇਲਾਹੀ ਦੀ ਕਸੌਟੀ ਦਵਾਰਾ ਅੰਦਰਲੇ ਬਾਹਰਲੇ ਦੂਤਾਂ ਦੈਂਤਾਂ ਦਾ ਨਾਸ਼ ਨਹੀਂ ਹੁੰਦਾ, ਓਹ ਹਕੀਕਤ ਦਰ-ਅਸਲ ਨਾਸਤਕਤਾ ਵਾਲੀ ਪੁਠ ਹੀ ਹੁੰਦੀ ਹੈ, ਜਿਸ ਦਾ ਛਿਨ ਭੰਗਰੀ ਸਵਾਦ ਆਪਣੇ ਆਪ ਨੂੰ ਰੱਬ ਮੰਨਣ ਵਾਲਿਆਂ

ਦੇ ਦਿਲੋ-ਦਿਮਾਗ ਵਿਚ ਥੋੜਾ ਚਿਰ ਹੀ ਸੁਰਾਇਤ (ਪ੍ਰਵੇਸ਼) ਕਰੀ ਰਖਦਾ ਹੈ, ਓੜਕ ਫੋਕਾ ਪ੍ਰਤੀਤ ਹੋ ਕੇ ਰਹਿ ਜਾਂਦਾ ਹੈ। ਨਾਮ ਦੇ ਖੰਡੇ ਦੀ ਉਪਾਸ਼ਨਾ ਵਾਲੀ ਗੁਰਮਤਿ-ਕਸੌਟੀ ਤੋਂ ਉਰੇ ਰਹਿ ਜਾਣ ਵਾਲੇ ਅਖੌਤੀ (So called) ਸਿੱਖ ਭੀ ਨੀਵੇਂ ਦਰਜੇ ਦੀ ਬੁੱਤ-ਪ੍ਰਸਤੀ ਵਿਚ ਪੈ ਜਾਂਦੇ ਹਨ। ਜਿਸ ਦੇ ਕਾਰਨ ਓਹ ਇਸ਼ਕ ਜਜ਼ਬਾਤੀ ਵਾਲੇ ਸ਼ਿਅਰ-ਐ-ਸੁਖ਼ਨ ਨੂੰ ਉਚਾਰਨਾ ਜਾਣਦੇ ਹਨ ਅਤੇ ਜਾਣ ਬੁੱਝ ਕੇ ਐਸੇ ਨੀਵੇਂ ਦਰਜੇ ਦੀ ਇਸ਼ਕ ਜਜ਼ਬਾਤੀ ਵਾਲੀ ਬੁੱਤ-ਪ੍ਰਸਤੀ ਨੂੰ ਇਸ਼ਕ ਹਕੀਕੀ ਕਰਕੇ ਮੰਨੀ ਬੈਠੇ ਹਨ।

ਜਿਨ੍ਹਾਂ ਵਡਭਾਗੇ ਗੁਰਸਿੱਖਾਂ ਨੇ ਸੱਚੜੀ ਗੁਰਮਤਿ ਮੱਤੜੀ ਗ੍ਰਹਿਣ ਕੀਤੀ ਹੈ ਓਹ ਸੱਚੜੇ ਨਾਮ ਦਾ ਖੰਡਾ ਖੜਕਾਉਂਦੇ ਹੋਏ ਹੀ ਧੁਰ ਦਰਗਾਹ ਜਾ ਪਹੁੰਚਣਗੇ ਅਤੇ ਜਿਤਨੀ ਜੀਵਨੀ ਏਥੇ ਇਸ ਸੰਸਾਰ ਵਿਖੇ ਰਹਿ ਕੇ ਬਿਤਾਉਣਗੇ, ਉਹ ਵੀ ਸਾਰੀ ਦੀ ਸਾਰੀ ਸਮੁੱਚੀ ਹੀ ਇਸ਼ਕ ਹਕੀਕੀ ਦੇ ਸੱਚੜੇ ਜਜ਼ਬੇ ਵਾਲੀ ਸੱਚੜੀ ਜੀਵਨੀ ਹੋਵੇਗੀ। ਫੋਕੇ ਇਸ਼ਕ ਮਜਾਜ਼ੀ ਦੀਆਂ ਫੜ੍ਹਾਂ ਮਾਰਨ ਵਾਲੇ ਕਦੇ ਵੀ ਗੁਰਮਤਿ-ਤੱਤ-ਦਰਸੀ ਇਸ਼ਕ ਹਕੀਕੀ ਦੇ ਡੱਤ ਜਜ਼ਬੇ ਨੂੰ ਪ੍ਰਾਪਤ ਨਹੀਂ ਹੋ ਸਕਦੇ। ਏਸੇ ਹੀ ਨਫ਼ਸ-ਪ੍ਰਸਤੀ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਸਾਰੇ ਸੰਸਾਰ ਨੂੰ ਬਾਹਰ ਕੱਢਣ ਲਈ ਨਿਰੰਕਾਰੀ ਗੁਰੂ ਨਾਨਕ ਸਾਹਿਬ ਜੀ ਨੇ ਖੰਡਾ-ਖੜਕਾਰੀ-ਚੋਜ ਵਰਤਾਇਆ ਅਤੇ ਇਸ ਬਿਧਿ ਚੋਜ-ਚੋਜਾਰੀ ਗੁਰਸਿੱਖਾਂ ਉਪਰ ਗੁਰੂ ਕੇ ਹੁਕਮ ਮੰਨਣਹਾਰੀ ਬਰਕਤ ਬਰਸੀ। ਅਤੇ ਐਸੀ ਬਰਸੀ ਕਿ ਓਹ ਇਸ਼ਕ ਮਜਾਜ਼ੀ ਵਾਲੇ ਫੋਕਟ ਜਜ਼ਬੇ ਦੇ ਵਹਿਣ ਵਿਚ ਉੱਕੇ ਹੀ ਨਹੀਂ ਰੁੜ੍ਹੇ। ਨਿਰੰਕਾਰੀ ਚੋਜ-ਚੋਜਾਰੀ ਗੁਰਮਤਿ ਨਾਮ ਅਖੰਡਾਕਾਰੀ ਖੰਡੇ ਨੇ ਤਿਨ੍ਹਾਂ ਨੂੰ ਹੱਥ ਦੇ ਕੇ ਰੱਖ ਲਿਆ। ਗੁਰੂ ਸੱਚਾ ਪਾਤਸ਼ਾਹ ਮੇਹਰ ਕਰੇ ਆਪ, ਨਾਮ-ਧਰੀਕ ਇਸ਼ਕ ਮਜਾਜ਼ ਵਾਲੇ ਸਿੱਖਾਂ ਨੂੰ ਭੀ ਇਸ ਨਫ਼ਸਾਨੀ ਜਜ਼ਬੇ ਵਾਲੇ ਚਿੱਕੜ ਤੋਂ ਧੂਹ ਕੇ ਬਾਹਰ ਕੱਢ ਲਵੇ ਅਤੇ ਮੁੜ ਇਧਰ ਪ੍ਰਵੇਸ਼ ਹੋਣ ਹੀ ਨਾ ਦੇਵੇ ਅਤੇ ਪੂਰਨ ਦਿਆਲੂ ਹੋ ਕੇ ਪਤਿਤਾਂ ਨੂੰ ਉਧਾਰ ਲਵੇ। ਭਾਈ ਗੁਰਦਾਸ ਜੀ ਦੇ ਇਸ ਸੱਚੀ ਪ੍ਰਾਰਥਨਾ ਦੇ ਵਾਕ ਅਨੁਸਾਰ :—

ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ ॥੬੨੨॥

ਕਬਿਤ ਸਵੱਯੇ ਭਾਈ ਗੁਰਦਾਸ ਜੀ

ਵਾਲਾ ਸੱਚੜਾ ਨਗ਼ਮਾ ਗਾਉਣ ਦਾ ਇਹਨਾਂ ਮੇਹਰ-ਪਾਤਰਾਂ ਨੂੰ ਅਵਸਰ ਬਖ਼ਸ਼ੇ।


www.sikhbookclub.com

# ੧੯

## ਆਪੋ ਆਪਣੀ ਦੁਨੀਆ

ਦੁਨੀਆ ਅਜ ਤਕ ਸਾਰੀ ਕਿਸੇ ਨੇ ਨਹੀਂ ਦੇਖੀ। ਸਿਰਜਨਹਾਰ ਕਰਤਾਰ ਦੀ ਅਪਾਰ ਰਚਨਾ ਦਾ ਦੇਖਣਹਾਰ ਕੇਵਲ ਉਹ ਆਪ ਹੀ ਹੈ, ਯਥਾ ਗੁਰਵਾਕ:—

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਆਸਾ ਦੀ ਵਾਰ, ਪਉੜੀ ੧, ਪੰਨਾ ੪੬੩

ਤਥਾ— ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਆਸਾ ਮ: ੧, ਸੋ ਦਰੁ, ਪੰਨਾ ੩੪੭

ਕਰਨਹਾਰ ਕਰਤਾਰ ਦੇ ਕੀਤੇ ਜੀਵ ਜਦ ਸਿਰਜਨਹਾਰ ਦੀ ਸਿਰਜੀ ਸ੍ਰਿਸ਼ਟੀ ਦਾ ਪਾਰਾਵਾਰ ਨਹੀਂ ਪਾ ਸਕਦੇ ਤਦ ਭਲਾ ਕਰਤੇ ਦੀ ਗਤਿ ਮਿਤ ਨੂੰ ਕੀ ਜਾਣ ਸਕਦੇ ਹਨ ? ਜਿਹਾ ਕਿ:—

ਕਰਤੇ ਕੀ ਮਿਤਿ ਨ ਜਾਨੈ ਕੀਆ...॥੮॥੧੬)
ਗਉੜੀ ਸੁਖਮਨੀ ਮ: ੫, ਪੰਨਾ ੨੮੫

ਜੀਵਾਂ ਦਾ ਸ੍ਰਿਸ਼ਟੀ ਤੇ ਆਵਣ ਦਾ ਜਿਥੇ ਜਿਥੇ ਭੀ ਸੰਜੋਗ ਬਣਿਆ ਹੈ ਅਤੇ ਜਿਥੇ ਜਿਥੇ ਭੀ ਉਹਨਾਂ ਦੇ ਸੰਸਕਾਰਾਂ ਦੁਆਰਾ ਪ੍ਰਸਪਰ ਸਬੰਧ ਬਣੇ ਹਨ, ਓਥੇ ਓਥੇ ਹੀ ਉਹਨਾਂ ਦੇ ਸੰਸਕਾਰਾਂ ਨੇ ਆਪੋ ਆਪਣੀ ਰਚਨਾ ਅੱਡੋ ਅੱਡ ਰਚ ਲਈ ਹੈ। ਹਰ ਇਕ ਪ੍ਰਾਣੀ ਮਾਤਰ ਦੀ ਦੁਨੀਆ ਵਖੋ ਵਖ ਬਸੀ ਪਈ ਹੈ। ਉਹ ਕੇਵਲ ਏਸ ਆਪਣੀ ਦੁਨੀਆ ਵਿਚ ਬਸਦਾ ਹੈ, ਏਦੂੰ ਬਾਹਰ ਉਨ੍ਹਾਂ ਦੇ ਭਾ ਦੀ ਦੁਨੀਆ ਹੈ ਹੀ ਨਹੀਂ।

ਜੂਆਰੀ ਜੂਏ ਮਾਹਿ ਚੀਤੁ......॥੧॥(੪॥੨)
ਬਸੰਤ ਮ: ੫, ਪੰਨਾ ੧੧੮੦

ਗੁਰਵਾਕ ਅਨੁਸਾਰ ਜੂਆਰੀਆਂ ਦੇ ਸੰਸਕਾਰਾਂ ਦਾ ਮੰਡਲ ਅਹਿਨਿਸ ਜੂਏਬਾਜ਼ੀ ਹੈ। ਜਿਥੇ ਤਾਈਂ ਉਨ੍ਹਾਂ ਦਾ ਸਬੰਧ ਜੂਏਬਾਜ਼ੀ ਦੇ ਸੰਸਕਾਰਾਂ ਨਾਲ ਹੈ, ਓਥੇ ਤਾਈਂ ਹੀ ਉਨ੍ਹਾਂ ਦੀ ਦੁਨੀਆ ਦੀ ਹੱਦ ਹੈ। ਓਸ ਤੋਂ ਪਰੇ ਓਹਨਾਂ ਦੇ ਭਾ ਦਾ ਦੁਨੀਆ ਦਾ ਨਾਉਂ-

ਨਮੂਦ ਭੀ ਨਹੀਂ। ਉਠਦੇ ਬਹਿੰਦੇ ਸੌਂਦੇ ਜਾਗਦੇ ਬਸ ਓਹ ਓਸੇ ਦੁਨੀਆ ਅੰਦਰ ਹੀ ਵਰਤਦੇ ਹਨ। ਹਟਵਾਣੀਏ ਦੀ ਦੁਨੀਆ ਕੇਵਲ ਹੱਟ-ਬਾਜ਼ੀ ਤੇ ਦੁਕਾਨਦਾਰੀ ਵਿਚ ਹੀ ਬੱਝੀ ਪਈ ਹੈ। ਉਸੇ ਬਜ਼ਾਰ ਵਿਚ ਰਹਿੰਦੇ ਹੋਏ ਬਜ਼ਾਜ਼ ਦੀ ਦੁਨੀਆ ਉਸ ਤੋਂ ਭਿੰਨ ਬਜ਼ਾਜ਼ੀ ਵਿਚ ਹੈ। ਵਿਦਿਆਰਥੀ ਵਿਦਿਆ ਦੇ ਖ਼ਿਆਲਾਂ ਵਿਚ ਗਲਤਾਨ ਹੋ ਕੇ ਆਪੋ ਆਪਣੀ ਦੁਨੀਆ ਥਾਉਂ ਥਾਈਂ ਭਿੰਨ ਭਿੰਨ ਸਾਜੀ ਬੈਠੇ ਹਨ। ਗੱਲ ਕੀ, ਇਕੋ ਅਸਥਾਨ ਵਿਚ ਰਹਿੰਦੇ ਹੋਏ ਅਨੇਕਾਂ ਪ੍ਰਾਣੀ ਆਪੋ ਆਪਣੀ ਖ਼ਿਆਲੀ ਦੁਨੀਆ ਅੱਡੋ ਅੱਡ ਬੰਨ੍ਹੀ ਬੈਠੇ ਹਨ।

ਅਲਪੱਗ ਪ੍ਰਾਣੀ ਦੇ ਅਲਪ ਅਤੇ ਹੋਛੇ ਖ਼ਿਆਲਾਂ ਦੀ ਦੁਨੀਆ ਦੇ ਅੱਗੇ ਪਿੱਛੇ ਅੰਨ੍ਹੇਰਾ ਹੀ ਅੰਨ੍ਹੇਰਾ ਹੈ। ਜੋ ਦੁਨੀਆ ਇਕ ਦੇ ਸਾਹਮਣੇ ਹੈ, ਉਹ ਦੂਸਰੇ ਦੇ ਭਾ ਦੀ ਅੰਨ੍ਹੇਰੇ ਵਿਚ ਹੈ। ਜੋ ਦੁਨੀਆ ਦੂਜੇ ਦੇ ਸਾਹਮਣੇ ਹੈ, ਉਹ ਪਹਿਲੇ ਦੇ ਭਾ ਦਾ ਅੰਨ੍ਹੇਰ ਖਾਤਾ ਹੈ। ਇਕੋ ਪ੍ਰਾਣੀ ਦਿਨ ਵਿਚ ਹੋਰ ਦੀ ਹੋਰ ਦੁਨੀਆ ਘੜ ਲੈਂਦਾ ਹੈ। ਘੜੀ ਜਾਂਦਾ ਹੈ, ਘੜ ਕੇ ਫੇਰ ਮੇਟ ਲੈਂਦਾ ਹੈ, ਜਿਹੜੀ ਹੁਣ ਘੜੀ ਸੀ, ਉਹ ਛਿੰਨ ਭਰ ਵਿਚ ਮਲੀਆਮੇਟ ਹੋ ਕੇ ਅੰਨ੍ਹੇਰ ਖਾਤੇ ਵਿਚ ਜਾ ਪਈ ਅਤੇ ਜਿਸ ਨੇ ਏਸ ਹਟ-ਮਿਟੀ ਦੁਨੀਆ ਦਾ ਥਾਉਂ ਮੱਲਣਾ ਹੈ ਉਹ ਅਜੇ ਅੰਨ੍ਹੇਰੇ ਵਿਚ ਹੈ, ਜਦ ਖਿਨ ਮਾਤਰ ਖ਼ਿਆਲੀ ਸਾਜਨਾ ਦੁਆਰਾ ਖੜੀ ਕੀਤੀ ਗਈ, ਬਸ, ਉਹ ਦੁਨੀਆ ਸਾਹਮਣੇ ਆਈ ਤੇ ਬਾਦਲ ਛਾਈ ਬਣ ਗਈ।

ਇਸ ਤਰ੍ਹਾਂ ਸਾਰਾ ਜੱਗ 'ਧੂਏਂ ਕਾ ਪਹਾਰ' ਬਣ ਰਿਹਾ ਹੈ। ਇਸ ਧੁੰਧ-ਪਸਾਰੇ ਵਿਚੋਂ ਨਿਕਲ ਕੇ ਸੱਚੀ ਦੁਨੀਆ ਦਾ ਪ੍ਰਕਾਸ਼ ਸਦਾ-ਦੀ-ਹਸਤੀ ਸੱਚੇ ਸਤਿਗੁਰਾਂ ਦੇ ਸ੍ਵੈ-ਦੇਸੀ ਬਣਨ ਵਿਚ ਹੈ। ਸਤਿਗੁਰੂ ਦੇ ਗੁਰੂ ਸਰੂਪ ਦਿੱਬ-ਜੋਤੀ ਸੰਸਕਾਰਾਂ ਵਿਚ ਸਮਾਉਣਾ ਸਤਿਗੁਰੂ ਦੇ ਸੱਚੇ ਦੇਸ਼ ਸਤਿ-ਮੰਡਲ ਸਚਖੰਡ ਵਿਚ ਵਸਣਾ ਹੈ, ਜਿਥੇ ਕਦੇ ਹਨੇਰਾ ਨਹੀਂ, ਸਦਾ ਚਾਨਣਾ ਹੀ ਚਾਨਣਾ ਹੈ, ਕੋਟਾਨ ਕੋਟ ਸੂਰਜਾਂ ਦੇ ਉਜਿਆਰੇ ਤੋਂ ਭੀ ਵਧੀਕ ਉਜਿਆਰਾ ਹੈ। ਜੈਸੇ ਕਿ :—

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥(੨॥੩॥੪)
ਜੈਤਸਰੀ ਮ: ੫, ਪੰਨਾ ੭੦੦

ਗੁਰਵਾਕ ਸਾਖੀ ਭਰਦਾ ਹੈ। ਸਤਿਗੁਰ ਤੋਂ ਬੇਮੁਖ ਸੰਸਾਰੀਆਂ ਲਈ ਚਾਹੇ ਲੱਖ ਸੂਰਜ ਚੜ੍ਹਨ ਤਦ ਭੀ ਅੰਧੇਰ ਘੁਪ ਹੀ ਹੈ ਅਤੇ ਉਹ ਅੰਨ੍ਹੇਰੇ ਦੇ ਹੀ ਘੁੱਪ-ਮਟ-ਵਾਸੀ ਹਨ। ਕਿਉਂਕਿ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥(੧)
ਮਹਲਾ ੨, ਆਸਾ ਦੀ ਵਾਰ, ਪੰਨਾ ੪੬੩

ਸੋ ਅਤੀ ਮੰਦ ਭਾਗ ਉਨ੍ਹਾਂ ਦੇ ਹਨ ਜੋ ਸਤਿਗੁਰੂ ਰੂਪੀ ਸੱਚੇ ਸੂਰਜ ਦੇ ਪਰਗਟ ਹੋਣ ਪਰ ਭੀ ਧੁੰਦ-ਗੁਬਾਰੀ ਦੁਨੀਆ ਵਿਚ ਹੀ ਦੜੇ ਰਹਿਣ।

 www.sikhbookclub.com

# ਮਨ ਦੇ ਤ੍ਰੰਗ

ਬਹੁ-ਰੰਗੀ ਦੁਨੀਆ ਦੇ ਅਨੇਕ ਪ੍ਰਕਾਰ ਦੇ ਰੰਗਾਂ ਦਾ ਪਰਤੱਵ ਅਵੱਸ਼ ਹੀ ਪ੍ਰਾਣੀ ਦੇ ਮਨ ਉਤੇ ਆ ਪੈਂਦਾ ਹੈ। ਏਹਨਾਂ ਬਹੁ-ਪ੍ਰਕਾਰੀ ਰੰਗਾਂ ਵਿਚ ਹੋਦ ਕੇ, ਮਨ ਫੇਰ ਆਪਣੇ ਹੁਜਰੋਂ ਹੀ ਆ-ਮੁਹਾਰੇ ਤਰੰਗ ਆਪ ਛਡਣ ਲਗ ਪੈਂਦਾ ਹੈ, ਜੋ ਪ੍ਰਾਣੀ ਉਤੇ ਐਥੋਂ ਤੀਖ਼ ਪਰਬਲ ਪੈ ਜਾਂਦੇ ਹਨ ਕਿ ਪ੍ਰਾਣੀ ਨੂੰ ਮਨ ਦੇ ਉਨ੍ਹਾਂ ਤਰੰਗਾਂ ਦੇ ਅਧੀਨ ਹੀ ਹੋਣਾ ਪੈਂਦਾ ਹੈ। ਏਹਨਾਂ ਮਨ-ਮੰਨੇ ਤਰੰਗਾਂ ਨੂੰ ਰੋਕਣਾ ਕੋਈ ਸੁਖਾਲੀ ਜਿਹੀ ਗੱਲ ਨਹੀਂ:—

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥੧੦॥

ਥਿਤੀ ਗਉੜੀ ਮ: ੫, ਸਲੋਕ, ਪੰਨਾ ੨੯੮

ਗੁਰਵਾਕ ਦੇ ਭਾਵ ਅਨੁਸਾਰ ਕਰਤਾ ਦੀ ਪੂਰਨ ਕਿਰਪਾਲਤਾ ਦੁਆਰਾ ਹੀ ਮਨ ਵਸ ਵਿਚ ਆ ਸਕਦਾ ਹੈ।

ਮਨ ਦਾ ਵਸ ਵਿਚ ਆਵਣਾ ਮਨ ਦੇ ਅਨੇਕ ਪ੍ਰਕਾਰ ਦੇ ਫੁਰਨਿਆਂ ਸੰਕਲਪਾਂ ਵਿਕਲਪਾਂ ਦਾ ਅਭਾਵ ਹੋਣਾ ਹੈ। ਇਹ ਗੱਲ ਅਤੀ ਅਸੰਭਵ ਪ੍ਰਤੀਤ ਹੁੰਦੀ ਹੋਵੇਗੀ ਕਿ ਮਨ ਉੱਕਾ ਹੀ ਫੁਰਨਿਆਂ ਤੋਂ ਅਫੁਰ ਹੋ ਜਾਏ, ਪਰੰਤੂ ਇਹ ਗੱਲ ਗੁਰਮਤਿ ਅੰਦਰ ਕੋਈ ਅਲੌਕਿਕ ਗੱਲ ਨਹੀਂ।

ਮਨ ਦਾ ਆਪਣਾ ਨਿਜ ਸਰੂਪ (ਵਜੂਦ) ਕੋਈ ਨਹੀਂ, ਕਿਉਂਕਿ ਮਨ ਅਨੇਕ ਪ੍ਰਕਾਰ ਦੇ ਮਾਇਆਵੀ ਫੁਰਨਿਆਂ ਦਾ ਸੰਗਠਨ ਹੈ। ਪ੍ਰਾਣੀ ਉਤੇ ਕਰਤਾਰ ਦੀ ਪੂਰਨ ਕਿਰਪਾ ਇਹ ਹੈ ਕਿ ਪ੍ਰਾਣੀ ਗੁਰੂ ਦੇ ਭਾਣੇ ਅੰਦਰ ਆ ਜਾਏ। ਗੁਰੂ ਦੇ ਭਾਣੇ ਅੰਦਰ ਆਉਣਾ ਗੁਰੂ ਦਾ ਹਰ ਪ੍ਰਕਾਰ ਆਗਿਆਕਾਰੀ ਤੇ ਆਗਿਆ ਅਨੁਸਾਰੀ ਬਣਨਾ ਹੈ। ਇਸ ਬਿਧਿ ਗੁਰੂ ਦੇ ਭਾਣੇ ਅੰਦਰ ਆਏ ਪ੍ਰਾਣੀ ਦਾ ਮਨ, ਜੋ ਪਹਿਲਾਂ ਮਾਇਆਵੀ ਫੁਰਨਿਆਂ ਨਾਲ ਔਟਿਆ ਹੋਇਆ ਸੀ, ਗੁਰੂ ਦੇ ਸਰੂਪ ਵਿਚ ਲੀਨ ਹੋ ਕੇ ਜੋਤਿ ਸਰੂਪੀ ਮਨ ਹੋ ਜਾਂਦਾ ਹੈ। ਅਰਥਾਤ, ਮਨ ਦੇ ਮਾਇਆਵੀ ਫਉੜ ਕਟੇ ਜਾਣ ਪਰ ਹੇਠੋਂ ਸੁਧ ਅਤੇ ਨਿਰੋਲ ਦਿੱਬ ਆਤਮਾ ਹੀ ਆਤਮਾ ਝਲਕਾਰੇ ਮਾਰਨ ਲਗ ਪੈਂਦਾ ਹੈ, ਜਿਸ ਨੂੰ ਕੇਵਲ ਆਤਮ-ਅਨੰਦੀ-ਜਗਿਆਸੂ ਹੀ ਅਨਭਵ ਕਰ ਸਕਦੇ ਹਨ ਅਤੇ ਉਸ ਦੇ ਆਤਮਿਕ ਰਸ ਦੇ ਗਟਾਕ ਰਸ, ਬਸ, ਗੁੰਗੇ ਦੇ ਗੁੜ ਦੇ ਸੁਆਦ ਵਤ ਉਹ ਆਪ ਹੀ ਲੈ ਸਕਦੇ ਹਨ। ਇਉਂ ਮਨ ਦੇ ਤਰੰਗ ਆਤਮਿਕ ਤਰੰਗਾਂ ਵਿਚ ਪਲਟ ਜਾਂਦੇ ਹਨ।

 www.sikhbookclub.com

## ੨੧

# ਪ੍ਰੇਮ ਸੁਨੇਹੜਾ

ਪ੍ਰੇਮ ਦੇ ਰੰਗ ਵਿਚ ਰਤੜੇ 'ਰਾਂਗ ਰੰਗੀਲੜੇ' ਸਿਖਾਂ ਸਜਣਾਂ ਦੇ ਪਰਸਪਰ ਪ੍ਰੇਮ ਦੇ ਹੁਲਾਸ, ਅਤੇ ਨਾਇ-ਰਸੀਅੜੇ ਮਧੁਰ ਮਿਠ-ਬੋਲੜੇ ਪ੍ਰੇਮੀ ਜਨਾਂ ਦੇ ਪ੍ਰੇਮ-ਬਿਲਾਸ ਜੇ ਪ੍ਰੇਮਾ ਭਗਤੀ ਨਹੀਂ ਤਾਂ ਪ੍ਰੇਮ-ਕਹਾਣੀਆਂ ਤਾਂ ਜ਼ਰੂਰ ਹਨ । ਇਹਨਾਂ ਪ੍ਰੇਮ-ਕਹਾਣੀਆਂ ਦਾ ਕਹਿਣਾ ਕੀ ਹੈ ? ਪ੍ਰੇਮ ਦਾ ਗਹਿਣਾ ਪਹਿਰਨਾ ਹੈ । ਚਾਉ-ਚਈਲੀ ਅਤੇ ਰਸ-ਰਸੀਲੀ ਪ੍ਰੇਮ ਦੀ ਧੁਨੀ ਵਿਚ ਮਧੁਰ ਮਧੁਰ ਪ੍ਰੇਮ ਦੇ ਪੁਹਾਰੇ ਫੁਟ ਕੇ ਜਦ ਕਦੀ ਕਿ ਪ੍ਰੇਮੀਆਂ ਦੀ ਚਲੂਲੇ ਰੰਗਾਂ ਦੀ ਮਸਤ ਦਸ਼ਾ ਹੁੰਦੀ ਹੈ, ਉਸ ਨੂੰ ਦੇਖ ਕੇ ਦੇਖਣਹਾਰਾ ਅਜਿਹਾ ਕੋਈ ਨਹੀਂ ਹੁੰਦਾ ਹੋਵੇਗਾ ਜਿਸ ਦਾ ਹਿਰਦਾ ਅਨੰਦਤ ਨਾ ਹੁੰਦਾ ਹੋਵੇ । ਕੀਰਤਨ-ਮੰਡਲ ਵਿਚ ਪ੍ਰੇਮੀਆਂ ਦੇ ਪਰਸਪਰ ਜੁੜ ਜਾਣ ਦਾ ਸਮਾਗਮ, ਜਦ ਕਦੀ ਕਿ ਗੁਰੂ ਪ੍ਰੇਰਨਾ ਅਨੁਸਾਰ ਬਝਦਾ ਹੈ, ਉਸ ਦਾ ਵਰਨਣ ਹੋਣਾ ਅਤੀਅੰਤ ਅਲੌਕਿਕ ਗੱਲ ਹੈ :—

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

ਸਲੋਕ ਕਬੀਰ ਜੀ, ਪੰਨਾ ੧੩੭੦

ਵਾਲਾ ਗੁਰਪ੍ਰਮਾਣ ਏਥੇ ਘਟ ਜਾਏ ਤਾਂ ਭੀ ਅਸਚਰਜ ਨਹੀਂ । ਕੀਰਤਨੀ ਸਜਣਾਂ ਦੇ ਚੇਹਰਿਆਂ ਉਪਰ ਚੜ੍ਹੇ ਰੱਬੀ ਨੂਰ ਦੀ ਝਲਕਾਰ ਅਤੇ ਨਾਮ ਮਹਾਂ ਰਸ ਵਿਚ ਮਗਨ ਹੋਏ ਮਰਜੀਵੜਿਆਂ ਦੇ ਅੰਮ੍ਰਿਤ-ਭਿੰਨੇ ਲੋਇਣਾਂ ਦੀ ਤਾਰ ਅਤੇ ਪ੍ਰੇਮ ਦੀ ਲਹਿਰ ਵਿਚ ਨਿਮਗਨ ਹੋਏ ਅਭਿਆਸੀਆਂ ਦੀ ਅਕਲ-ਬਿਕਲੀ ਦਸ਼ਾ ਵਾਲੀ ਲੋਟ-ਪੋਟੀ ਹੁਲਾਰ ਇਹੋ ਗੁਰ-ਲੋਰੀ ਮੂੰਹੋਂ ਕਢਾਉਂਦੀ ਹੈ ਕਿ:—

ਹਰਿ ਅਮਿਉ ਰਸਾਇਣੁ ਪੀਵੀਐ ॥<br>
ਮੁਹਿ ਡਿਠੈ ਜਨ ਕੈ ਜੀਵੀਐ...॥੪॥(੮॥੪॥੩੮)

ਮਾਝ ਮ: ੫ ਘਰੁ ੨, ਪੰਨਾ ੧੩੨

ਨਾਮ ਦੀ ਪ੍ਰਮਾਰਥੀ ਚਮਕ ਨਾਲ ਚਮਕੀਲੇ ਕਉਤਕੀ ਚੇਹਰਿਆਂ ਉਤੇ ਹਰਿ ਰਸ ਟੂਲ ਟੂਲ ਪਉਂਦਾ ਪੇਖ ਕੇ ਸਹਿਜ ਸਮਾਧਿ ਦਾ ਸੱਚਾਵਾਂ ਅਰਥ ਸਮਝ ਵਿਚ ਆਉਂਦਾ ਹੈ । ਬਿਰਹੋਂ-ਬੇਧੇ ਹੀਅੜਿਆਂ ਵਿਚੋਂ ਨਿਕਸੇ ਪ੍ਰੇਮ ਦੇ ਤੀਰ, ਸਰੋਤੇ ਜਨਾਂ ਦੇ

 www.sikhbookclub.com

ਸੀਨਿਆਂ ਅੰਦਰ ਸਾਂਗ ਖੜੀ ਕਰਾਵੰਦੇ ਹਨ ਅਤੇ ਰੰਗ-ਰਤੜੀ ਦਸ਼ਾ ਦੇ ਕਉਤਕ ਕਟਾਖਸ਼, ਅਜਿਹੇ ਪ੍ਰੇਮ ਦੇ ਚਾਬਕ ਕਸ ਕਸ ਕੇ ਲਗਾਉਂਦੇ ਹਨ ਕਿ ਬਿਹਬਲ ਕੀਤੇ ਬਿਨਾਂ ਨਹੀਂ ਛਡਦੇ। ਇਹ ਸਾਰੇ ਚਮਤਕਾਰੀ ਕ੍ਰਿਸ਼ਮੇ ਕੋਈ ਮਿਣ ਮਿਥ ਕੇ ਨਹੀਂ ਖੇਡੇ ਜਾਂਦ, ਸਤਿਸੰਗ-ਮੰਡਲ ਦੇ ਇਹ ਸੁਤੇ-ਸੁਭਾਵੀ ਚੋਜ ਹਨ।

ਹਰਿ-ਕੀਰਤਨ ਵਿਚ ਜੁੜੇ ਹਰਿਨਾਮੇ ਕੇ ਜੋੜੀ ਗੁਰਮੁਖ ਜਨਾਂ ਦੇ ਅਨੰਦ ਹੁਲਾਸ ਦੀ ਇਹ ਗੋਝ ਕਥਾ ਹੈ। ਇਸ ਦਾ ਜਾਣੂ ਪਛਾਣੂ ਕੇਵਲ ਓਹੋ ਵਡਭਾਗਾ ਜਨ ਹੋ ਸਕਦਾ ਹੈ ਜਿਸ ਨੂੰ ਪੂਰਬ ਕਰਮਾਂ ਦੇ ਪਰਭਾਵ ਕਰਕੇ ਅਜਿਹੇ ਸਤਿਸੰਗ ਦੀ ਸਮੀਪਤਾ ਦਾ ਸ਼ੁਭ ਸਮਾਗਮ, ਅਰਥਾਤ ਅਵਸਰ ਪ੍ਰਾਪਤ ਹੋਇਆ ਹੋਵੇ, ਜੈਸਾ ਕਿ ਗੁਰਵਾਕ ਹੈ :—

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਿਨਾ ॥੮॥
(੧॥੩) ਸੋਰਠਿ ਮ: ੫ ਅਸ਼ਟ, ਪੰਨਾ ੬੪੨

ਅਜਿਹੇ ਅਖੰਡ ਸਤਿਸੰਗ ਅਤੇ ਅਖੰਡ ਕੀਰਤਨ ਦੇ ਸਮਾਗਮਾਂ ਤੋਂ ਵਿਛੜੇ ਦਰਸ-ਵੈਰਾਗੀ ਵੀਰਾਂ ਦੇ ਬਿਰਹੜੇ ਦੇਸ ਬਦੇਸੀਅੜੇ ਸਜਣਾਂ ਨੂੰ ਦੂਰ ਬੈਠੇ ਹੀ ਚੁੰਭਕ-ਤਾਰਾਂ ਪੁਚਾ ਕੇ, ਇਕ ਦੂਜੇ ਨੂੰ ਟੂੰਬ ਕੇ ਮਿਲਣ ਲਈ ਬੁਲਾ ਲੈਂਦੇ ਹਨ। ਗੱਲ ਕੀ, ਬਿਰਹਾ ਵਿਜੋਗ ਅਤੇ ਸਉਣ ਸੰਜੋਗ ਓਤ ਪੋਤ ਹੋ ਕੇ ਇਕ-ਤਾਰੀ ਅਕੱਥ ਕਹਾਣੀ ਬਣਾ ਦੇਂਦੇ ਹਨ।

ਪ੍ਰੇਮ ਮਾਰਗ ਦੇ ਪਾਂਧੀਆਂ ਦੇ ਪਰਸਪਰ ਮਿਲਣ ਦੇ ਪ੍ਰੇਮ-ਸਮਾਗਮਾਂ ਅੰਦਰ ਜੈਸੀ ਜੁੜਵੀਂ ਸਿੱਕ "ਇਕ ਪਿਆਰੇ" ਦੇ ਮਿਲਣ ਦੀ ਹੈ, ਤੈਸੀ ਹੀ ਬਿਰਹੋਂ-ਬੈਰਾਗੀਆਂ ਦੇ ਪਰਸਪਰ ਬਹੁੜ ਮਿਲ ਬੈਠਣ ਤੇ ਗਲ ਮਿਲਣ ਦੀ ਤਾਂਘ ਹੈ। ਸਮੂਹ ਹਾਲਤਾਂ ਵਿਚ ਸਮੁੱਚਾ "ਪ੍ਰੇਮ ਸੁਨੇਹੜਾ" ਸ਼ਬਦ ਦੀ ਇਹ ਧੁਨਕਾਰ ਉਠਾਉਂਦਾ ਹੈ :—

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤੁ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥
(੪॥੪) ਤੁਖਾਰੀ ਮ: ੧, ਪੰਨਾ ੧੧੧੧

 www.sikhbookclub.com

ਜਦ ਦੂਰ ਬੈਠੇ ਪ੍ਰੇਮ-ਸਨੇਹੀ ਪ੍ਰੇਮ-ਬੈਰਾਗੀ ਸਜਣਾਂ ਦੇ ਪ੍ਰੇਮ-ਸੰਦੇਸੇ ਕੇਵਲ ਪ੍ਰੇਮ ਦੀ ਤਾਰ ਦੁਆਰਾ ਹੀ ਇਕ ਦੂਜੇ ਪਾਸ ਪੁੱਜ ਪੈਣ ਤਦ ਨਿਕਟਵਰਤੀ, ਘਟ ਘਟ ਵਾਸੀ, ਨੇੜੇ ਹੂੰ ਤੇ ਨੇੜੇ ਵਸਣ ਵਾਲੇ ਸਜਣ ਪ੍ਰਤੀ ਪਰੁੰਨਿਆ 'ਪ੍ਰੇਮ ਸੁਨੇਹੜਾ' ਪੁੱਜ ਪੈਣ ਵਿਚ ਤਾਂ ਫੇਰਾ ਨਹੀਂ ਲਗ ਸਕਦਾ, ਕਿਉਂਕਿ ਉਹ ਸਾਜਨ ਤਾਂ ਅਜਿਹਾ ਜਾਨੀਅੜਾ ਸਾਜਨ ਹੈ। ਯਥਾ ਗੁਰਵਾਕ:—

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ॥੧॥
(੪॥੧) ਰਾਮਕਲੀ ਮ: ੫ ਛੰਤ, ਪੰਨਾ ੯੨੪

ਨੈਣ ਅਲੋਇਆ, ਨਿਕਟਿ ਖਲੋਇਆ ਅਤੇ ਘਟਿ ਘਟਿ ਸੋਹਿਆ ਸਾਜਣ ਦੇਸ ਬਦੇਸੀਅੜਾ ਕਿਉਂ ਬਣਿਆ ? ਅਤੇ ਸਾਨੇਹੜੇ ਦੇਣ ਦੀ ਲੋੜ ਤਿਸੁ ਸਾਜਨ ਨੂੰ ਕਿਉਂ ਪਈ ? ਏਸ ਬੁਝਾਰਤ ਦਾ ਬੁਝਣਾ ਪ੍ਰੇਮ-ਸਨੇਹੀ ਭੇਦਾਂ ਦੇ ਜਾਨਣਹਾਰੇ ਪਾਸੋਂ ਹੀ ਹੋ ਸਕਦਾ ਹੈ। ਪ੍ਰਿਉ ਪ੍ਰਿਉ ਉਚਾਰਨਹਾਰੇ ਬੰਬੀਹੇ ਬਾਬੀਹੇ ਦੀਆਂ ਕੋਕਲ-ਬਾਣੀਆਂ, ਬਾਬੀਹੇ ਦੇ ਬਿਗਸਣ ਅਤੇ ਬਿਲਲਾਉਣ ਅੰਦਰ ਇਕ-ਤਾਰ ਹੀ ਹੁੰਦੀਆਂ ਹਨ। ਸੋਈ ਅੱਖੀਆਂ ਹਰਿ ਹਰਿ ਨਾਮ ਨੂੰ ਪੇਖਣਹਾਰੀਆਂ ਪ੍ਰੇਮ-ਰੰਗ ਨੂੰ ਪੇਖਦੀਆਂ, ਪ੍ਰੇਮ ਨਾਲ ਕਸਾਈਆਂ ਜਾਂਦੀਆਂ ਹਨ ਅਤੇ ਸੋਈ ਅੱਖੜੀਆਂ ਜਾਨੀ ਦੇ ਪ੍ਰੇਮ-ਸੰਦੇਸੇ ਦੀ ਸਿਕ ਵਿਚ ਆਸ-ਉਡੀਣੀਆਂ ਇਕ-ਟਕ ਤਾਰ ਵਿਚ ਲਗ ਕੇ ਪ੍ਰੇਮ ਨਾਲ ਪ੍ਰੋਤੀਆਂ ਜਾਂਦੀਆਂ ਹਨ:—

''ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ''* ਵਾਲੇ ਗੁਰਵਾਕ ਦੇ ਭਾਵ ਦੀ ਦਸ਼ਾ :—

ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥
ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥੧॥(੫)
ਸਲੋਕ ਮ: ੪, ਵਾਰ ਗਉੜੀ, ਪੰਨਾ ੩੦੨

ਵਾਲੇ ਭਾਵ ਵਿਚ ਇਕ-ਮਿਕ ਹੋ ਕੇ ਲੀਨ ਹੋ ਜਾਂਦੀ ਹੈ। ਪ੍ਰਿਮ ਦੀ ਪੀਰ ਦੇ ਬੇਧੇ ਪ੍ਰੇਮ-ਸੰਜੋਗੀਆਂ, ਹਰਿ-ਕੀਰਤਨ ਦੇ ਅਹਾਰੀਆਂ, ਨਾਮ ਮਹਾ ਰਸ ਦੇ ਮੁਸ਼ਤਾਕ ਭਵਰਿਆਂ ਦੇ ਪਰਸਪਰ ਜੁੜਨ ਦੀ ਸੁਹਾਵੜੀ ਰੁਤ ਆਈ ਦੇਖ ਕੇ ਅਜਿਹਾ 'ਪ੍ਰੇਮ ਸੁਨੇਹੜਾ'

*ਮ: ੪, ਵਾਰ ਕਾਨੜਾ, ॥੨॥(੧੩), ਪੰਨਾ ੧੩੧੮

ਹੁਣ ਫੇਰ ਪਠਾ ਭੇਜਣਾ ਐਨ ਸਮੇਂ ਅਨੁਸਾਰ ਹੀ ਹੋਵੇਗਾ :–

ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ ॥੧॥ਰਹਾਉ॥
ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥੧॥
ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥੨॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥੩॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥੪॥
ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ ॥੫॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ ॥੬॥
ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ ॥੭॥
ਕਹੁ ਨਾਨਕ ਗੁਰਿ ਚਲਤੁ ਦਿਖਾਇਆ
ਮਨ ਮਧੇ ਹਰਿ ਹਰਿ ਰਾਵਨਾ ॥੮॥੨॥੫॥

ਮਾਰੂ ਮਹਲਾ ੫, ਪੰਨਾ ੧੦੧੮

 www.sikhbookclub.com

# ੨੨

# ਹੁਕਮ ਦੀ ਖੇਡ

ਜੋ ਵਰਤਾਰਾ ਸੰਸਾਰ ਵਿਚ ਵਰਤ ਰਿਹਾ ਹੈ, ਸਭ ਵਾਹਿਗੁਰੂ ਨਿਰੰਕਾਰ ਦੇ ਹੁਕਮ ਅੰਦਰ ਵਰਤ ਰਿਹਾ ਹੈ । ਪਰ ਇਸ ਹੁਕਮ ਨੂੰ ਬੁਝਣਾ, ਮਨ ਬਚਨ ਕਰਕੇ ਬੁਝਣਾ ਬੜਾ ਹੀ ਔਖਾ ਹੈ। ਜਿਸ ਕਿਸੇ ਪ੍ਰਾਣੀ ਨੇ ਇਸ ਹੁਕਮ ਨੂੰ ਬੁਝ ਲਿਆ ਉਸ ਦੀ ਹਉਮੈ ਉੱਕੀ ਹੀ ਮਿਟ ਗਈ । ਇਸ ਸੱਚੇ ਹੁਕਮ ਤੋਂ ਬਾਹਰ ਕੋਈ ਭੀ ਨਹੀਂ ਹੈ। ਯਥਾ ਗੁਰਵਾਕ:—

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ ਜਪੁਜੀ

ਹਉਮੈ ਤਿਸੇ ਦੀ ਮਿਟਦੀ ਹੈ ਜੋ ਮਨ ਬਚਨ ਕਰਮ ਕਰਕੇ ਹੁਕਮ ਨੂੰ ਬੁਝ ਲੈਂਦਾ ਹੈ। ਇਹ ਹੁਕਮ ਗੁਰਮਤਿ ਅਨੁਸਾਰ ਕੇਵਲ ਗੁਰੂ ਨਾਮ ਹੀ ਹੈ। ਯਥਾ ਗੁਰਵਾਕ:—

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
ਸਿਰੀਰਾਗੁ ਮ: ੧, ਪੰਨਾ ੭੨

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ"* ਵਾਲਾ ਗੁਰਵਾਕ ਸਪੱਸ਼ਟ ਦਸਦਾ ਹੈ ਕਿ ਹਉਮੈ ਤੇ ਨਾਮ ਦਾ ਪਰਸਪਰ ਵਿਰੋਧ ਹੈ, ਦੋਨੋਂ ਇਕ ਥਾਉਂ ਨਹੀਂ ਵਸ ਸਕਦੇ। ਜਿਥੇ ਨਾਉਂ ਹੈ ਉਥੇ ਹਉਮੈ ਵਸਦੀ ਨਹੀਂ। ਜਿਥੇ ਹਉਮੈ ਹੈ ਉਥੇ ਨਾਮ ਨਹੀਂ ਵਸ ਸਕਦਾ। ਨਾਮ ਦੇ ਹੁਕਮ ਨਾਲ ਸਮਸਰ ਅਰਥ ਰਖਣ ਦਾ ਸਪੱਸ਼ਟ ਭਾਵ ਉਪਰ ਵਰਨਣ ਹੋ ਚੁਕਾ ਹੈ। ਭਾਵ "ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥" ਜਿਸ ਦੀ ਹਉਮੈ ਬੁਝ ਗਈ, ਜੋ ਕੇਵਲ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਬੁਝਦੀ ਹੈ, ਉਹ ਹੀ ਨਾਮ-ਅਭਿਆਸੀ ਜਨ ਵਾਹਿਗੁਰੂ ਦੀ ਦਰਗਾਹ ਵਿਚ ਸਿੰਝਦਾ ਹੈ। ਯਥਾ ਗੁਰਵਾਕ:—

ਹਉਮੈ ਬੂਝੈ ਤਾ ਦਰੁ ਸੂਝੈ...॥੧॥(੭)
ਸਲੋਕੁ ਮ: ੧ ਆਸਾ ਦੀ ਵਾਰ, ਪੰਨਾ ੪੬੬

ਨਾਮ ਹੀ ਵਾਹਿਗੁਰੂ ਅਕਾਲ ਪੁਰਖ ਦਾ ਸੱਚਾ ਹੁਕਮ ਹੈ । ਨਾਮ ਹੀ ਸੱਚੇ ਵਾਹਿਗੁਰੂ-ਰਜ਼ਾਈ ਦੀ ਸੱਚੀ ਰਜ਼ਾ ਹੈ । ਵਾਹਿਗੁਰੂ ਦਾ ਹੁਕਮੀ ਸੱਚਾ ਬੰਦਾ ਉਹ ਹੀ

*ਵਡਹੰਸੁ ਮ: ੩, (੪॥੯), ਪੰਨਾ ੫੬੦

 www.sikhbookclub.com

ਹੈ ਜੋ ਉਸ ਦੇ ਹੁਕਮ ਅਨੁਸਾਰ ਚਲਦਾ ਹੈ:—

ਹੁਕਮੁ ਮੰਨੇ ਸੋ ਜਨੁ ਪਰਵਾਣੁ ॥
ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ਰਹਾਉ॥(੪॥੧੦)
ਬਸੰਤੁ ਮ: ੩, ਪੰਨਾ ੧੧੭੫

ਨਾਮ ਨੀਸ਼ਾਨ ਰੂਪੀ ਗੁਰ-ਸ਼ਬਦ ਹੀ ਸੱਚਾ ਹੁਕਮ ਹੈ। ਉਹ ਹੀ ਜਨ ਪਰਵਾਣ ਹੈ ਜ ਸੱਚੇ ਗੁਰ-ਸ਼ਬਦ ਨਾਮ-ਨੀਸ਼ਾਨੀ ਹੁਕਮ ਨੂੰ ਮੰਨਦਾ ਹੈ।

ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥
ਜਪਿ ਜਪਿ ਜੀਵਹਿ ਤੇਰਾ ਨਾਂਉ ॥ ਤੁਝ ਬਿਨੁ ਦੂਜਾ ਨਾਹੀ ਥਾਉ ॥੨॥
(੪॥੨॥੨੦) ਮਲਾਰ ਮ: ੫, ਪੰਨਾ ੧੨੭੦

ਨਾਮ ਜਪਿ ਜਪਿ ਜੀਵਣਾ ਹੀ ਸੱਚਾ ਹੁਕਮ-ਰਜ਼ਾਈ ਚਲਣਾ ਹੈ। ਗੁਰਵਾਕ —

ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥
ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥
ਬਸੰਤ ਮ: ੩, ਪੰਨਾ ੧੧੭੬

ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥
(੫॥੪) ਬਸੰਤੁ ਮ: ੩, ਪੰਨਾ ੧੧੬੯

ਵਾਲਾ ਗੁਰਵਾਕ ਸਾਫ਼ ਦਸਦਾ ਹੈ ਕਿ ਕਿ ਜੋ ਨਾਮ ਰੂਪੀ ਹੁਕਮ ਨੂੰ ਬੁੱਝ ਲੈਂਦਾ ਹੈ, ਉਹੀ ਗੁਰਮੁਖ ਜਨ ਸੱਚੇ ਵਾਹਿਗੁਰੂ ਨੂੰ ਪਾ ਲੈਂਦਾ ਹੈ। ਯਥਾ ਗੁਰਵਾਕ :—

ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ...॥੨॥(੨੪)
ਮ: ੧, ਵਾਰ ਮਲਾਰ, ਪੰਨਾ ੧੨੮੯

ਕੇਵਲ ਗੁਰੂ ਦੁਆਰਾ ਹੀ ਅਰਥਾਤ ਗੁਰੂ ਤੋਂ ਹੀ ਨਾਮ ਰੂਪ ਤਤੁ ਪਛਾਣਿਆ ਜਾਂਦਾ ਹੈ। ਗੁਰੂ ਕਿਰਪਾ (ਪਰਸਾਦਿ) ਦੁਆਰਾ ਹੀ ਇਹ ਤੱਤ ਹੁਕਮੀ ਨਾਮ ਬੁਝਾਇਆ ਜਾ ਸਕਦਾ ਹੈ, ਐਵੇਂ ਹਰਗਿਜ਼ ਨਹੀਂ। ਗੁਰੂ ਦੁਆਰਾ, ਕੇਵਲ ਗੁਰੂ ਨਾਨਕ ਸਾਹਿਬ ਦਾ ਹੀ ਦੁਆਰਾ ਹੈ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਏਜ਼ਦੀ (ਅਕਾਲੀ) ਹੁਕਮ ਅਨੁਸਾਰ "ਪੰਚ ਪਰਵਾਣ ਪੰਚ ਪਰਧਾਨ"* ਪਿਆਰਿਆਂ ਅੰਦਰ ਹੀ ਨਾਮ ਦੀ ਕਲਾ ਵਰਤਦੀ ਹੈ। ਹੋਰ ਕੋਈ ਐਰਾ ਗ਼ੈਰਾ ਸੰਤ ਸਾਧ ਇਕੱਲਾ ਹੀ ਕਦੇ ਗੁਰੂ ਨਹੀਂ ਕਹਾ ਸਕਦਾ, ਭਾਵੇਂ ਆਪਣੇ ਆਪ ਵਿਚ ਕਿਤਨਾ ਹੀ ਅਕੜਿਆ ਫਿਰਦਾ ਹੋਵੇ। ਯਥਾ ਗੁਰਵਾਕ :—

ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥

---

*ਜਪੁਜੀ, ਪਉੜੀ ੧੬

 www.sikhbookclub.com

ਹੁਕਮਿ ਰਹਾਏ ਆਪਣੇ ਮੂਰਖੁ ਆਪੁ ਗਣੇਇ ॥੧॥(੧੦)

ਸਲੋਕ ਮ: ੧, ਵਾਰ ਸਾਰੰਗ, ਪੰਨਾ ੧੨੪੧

ਮੂਰਖ ਲੋਕ ਆਪਣੇ ਆਪ ਹੀ ਆਪਣੀ ਹਉਮੈ ਦੀ ਤਾਣ ਅੰਦਰ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਹਨ, ਪਰ ਬਣਦਾ ਕੁਝ ਵੀ ਨਹੀਂ। "ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ"* ਵਾਲਾ ਗੁਰਵਾਕ ਸਪੱਸ਼ਟ ਦ੍ਰਿੜ੍ਹਾਉਂਦਾ ਹੈ ਕਿ ਇਕੋ ਵਾਹਿਗੁਰੂ ਤੇ ਵਾਹਿਗੁਰੂ ਨਾਮ ਨੂੰ ਪਛਾਨਣਹਾਰਾ ਹੀ ਸੱਚਾ ਹੁਕਮੀ ਬੰਦਾ ਹੈ। ਕੇਵਲ ਗੁਰਮੁਖ ਨਾਮ ਅਭਿਆਸੀ ਜਨ ਹੀ ਸੱਚੜੇ ਨਾਮ ਨੂੰ ਪਛਾਨਣਹਾਰਾ ਹੈ "ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ"† ਗੁਰਵਾਕ ਸਪੱਸ਼ਟ ਦਸਦਾ ਹੈ, ਜੋ ਸੱਚੇ ਖਸਮ ਵਾਹਿਗੁਰੂ ਦਾ ਨਾਮ ਰੂਪੀ ਹੁਕਮ ਪਛਾਣਦਾ ਹੈ, ਮਨ ਬਚਨ ਕਰਮ ਕਰਕੇ ਪਛਾਣਦਾ ਹੈ, ਉਹ ਹੀ ਗੁਰਮੁਖ ਜਨ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਕਰ ਸਕਦਾ ਹੈ।

ਤਾਂਤੇ ਹੁਕਮ ਪਛਾਨਣਾ ਹੁਕਮ-ਰਜ਼ਾਈ ਵਾਹਿਗੁਰੂ ਦੇ ਸੱਚੇ ਨਾਮ ਨੂੰ ਮੰਨਣਾ ਹੈ—"ਹੁਕਮੁ ਕਰਿ ਕੀਨੇ ਨਿਹਾਲ ॥ ਅਪਨੇ ਸੇਵਕ ਕਉ ਭਇਆ ਦਇਆਲੁ ॥"‡ ਅਤੇ "ਹੁਕਮੇ ਹੋਆ ਹੁਕਮੇ ਵਰਤਾਰਾ ॥"o ਵਾਲੇ ਵਾਕ ਸਪੱਸ਼ਟ ਸਪੱਸ਼ਟਾਉਂਦੇ ਹਨ ਕਿ ਸਭ ਕੁਝ ਹੁਕਮ ਅੰਦਰ ਹੀ ਵਰਤਦਾ ਹੈ ਤੇ ਹੁਕਮੀ ਪਾਤਸ਼ਾਹ ਸੱਚਾ ਵਾਹਿਗੁਰੂ ਨਾਮ ਰੂਪੀ ਹੁਕਮ ਕਰਿ ਵੇਖਦਾ ਵਿਗਸਦਾ ਰਹਿੰਦਾ ਹੈ।

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥(੧੬)

ਵਾਰ ਸਾਰੰਗ, ਸਲੋਕ ਮ: ੨, ਪੰਨਾ ੧੨੪੩

ਗੁਰਵਾਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਆਪਣੇ ਗੁਰਮੁਖ ਜਨਾਂ ਨੂੰ ਆਪਣੇ ਨਾਮ ਰੂਪੀ ਹੁਕਮ ਦੇ ਦਾਇਰੇ ਵਿੱਚ ਹੀ ਰੱਖਦਾ ਹੈ। ਉਸ ਨੂੰ ਹਉਮੈ ਕਦੇ ਨਹੀਂ ਵਿਆਪਦੀ ਅਤੇ ਘਾਲ ਕਮਾਈ ਉਸੇ ਦੀ ਲੇਖੇ ਲਗਦੀ ਹੈ। "ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ"() ਵਾਲਾ ਗੁਰਵਾਕ ਸਪੱਸ਼ਟ ਦ੍ਰਿੜ੍ਹਾਉਂਦਾ ਹੈ ਕਿ ਨਾਮ ਰੂਪੀ ਸ਼ਬਦ ਦੁਆਰਾ ਹੀ ਹਉਮੈ ਰੋਗ ਕੱਟਿਆ ਜਾ ਸਕਦਾ ਹੈ। "ਹਉਮੈ ਵਿਚਹੁ ਸਬਦਿ ਜਲਾਏ ॥ ਧਾਵਤੁ ਰਾਖੈ ਠਾਕਿ ਰਹਾਏ"[] ਵਾਲਾ ਗੁਰਵਾਕ ਭੀ ਏਸੇ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ। "ਹਉਮੈ ਵਿਚਹੁ ਸਬਦਿ

---

* ਪ੍ਰਭਾਤੀ ਕਬੀਰ ਜੀ ॥੩॥(੪॥੩), ਪੰਨਾ ੧੩੫੦

† ਵਾਰ ਸਾਰੰਗ, ਸਲੋਕ ਮ: ੪, ॥੧॥(੧੮), ਪੰਨਾ ੧੨੪੪

‡ ਬਸੰਤੁ ਮ: ੫, ॥੧॥(੪॥੪॥੧੭), ਪੰਨਾ ੧੧੮੪

o ਭੈਰਉ ਮ: ੩, ॥੧॥ਰਹਾਉ॥(੪॥੩), ਪੰਨਾ ੧੧੨੮

() ਪ੍ਰਭਾਤੀ ਅਸਟ: ਮ: ੧, ॥੬॥(੮॥੧), ਪੰਨਾ ੧੩੪੨

[] ਪ੍ਰਭਾਤੀ ਅਸਟ: ਮ: ੧, ॥੪॥(੮॥੨), ਪੰਨਾ ੧੩੪੨

ਜਲਾਏ ॥'' ਸ਼ਬਦ ਰੂਪੀ ਨਾਮ ਦੁਆਰਾ ਹੀ ਅੰਦਰੋਂ ਹਉਮੈ ਜਾਂਦੀ ਹੈ ਅਤੇ ਮੈਂ-ਮੇਰੀ ਮਿਟ ਜਾਂਦੀ ਹੈ । ਏਸੇ ਕਰਕੇ ਇਉਂ ਗੁਰਵਾਕ ਆਉਂਦਾ ਹੈ :–

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥
ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸੰਮ੍ਾਲਿ ॥੨॥(੪॥੩)
ਮਲਾਰ ਮ: ੩, ਪੰਨਾ ੧੨੫੮

''ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥ ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ''* ਵਾਲਾ ਗੁਰਵਾਕ ਸਾਫ਼ ਦ੍ਰਿੜਾਉਂਦਾ ਹੈ ਕਿ ਨਾਮ ਕੇਵਲ ਹੁਕਮ ਹੀ ਨਹੀਂ, ਬਲਕਿ ਅੰਮ੍ਰਿਤ-ਮਿਠ-ਰਸ ਭਰਿਆ ਸੱਚੜਾ ਅਹਿਲਾਦ ਹੈ, ਜੋ ਜਪਣਹਾਰੇ ਪ੍ਰਾਣੀ ਨੂੰ ਵਿਸਮਾਦ ਵਿੱਚ ਲੈ ਜਾਂਦਾ ਹੈ । ਇਸ ਬਿਧਿ ਸੱਚੜੇ ਹੁਕਮ ਦਾ ਗੁਰਮੁਖ ਜਨ ਨੂੰ ਧਾਰਨੀ ਬਣਾਉਂਦਾ ਹੈ । ਇਹ ਨਾਮ ਰੂਪੀ ਹੁਕਮ ਧੁਰ ਦਰਗਾਹੋਂ ਵਾਹਿਗੁਰੂ ਦੇ ਸੱਚੇ ਦਰਬਾਰ ਤੋਂ ਆਉਂਦਾ ਹੈ ਅਤੇ ਤਿਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੇ ਲੇਖਾਂ ਵਿੱਚ ਧੁਰ ਤੋਂ ਹੀ ਲਿਖਿਆ ਹੋਇਆ ਹੁੰਦਾ ਹੈ । ਜੋ ਜਨ ਹੁਕਮ ਦੀ ਕਾਰ ਕਮਾਉਂਦਾ ਹੈ, ਉਹ ਸੱਚੜੇ ਨਾਮ ਦੀ ਅਭਿਆਸ ਕਮਾਈ ਕਮਾਉਂਦਾ ਹੈ । ਜਿਉਂ ਜਿਉਂ ਗੁਰਮੁਖ ਜਨ ਸੱਚੜੇ ਨਾਮ ਦੀਆਂ ਸੱਚੜੀਆਂ ਅਭਿਆਸ-ਕਮਾਈਆਂ ਕਰਦਾ ਹੈ ਤਿਉਂ ਤਿਉਂ ਹੀ ਵਾਹਿਗੁਰੂ ਦੇ ਹੁਕਮ ਵਿੱਚ ਹੀ ਲੀਨ ਹੁੰਦਾ ਚਲਿਆ ਜਾਂਦਾ ਹੈ । ਹੁਕਮ ਦੀ ਪ੍ਰਬੀਨਤਾ ਹੀ ਨਾਮ ਦੀ ਲੀਨਤਾ ਹੈ, ਅਰਥਾਤ ਨਾਮ ਵਿਚ ਲੀਨ ਹੋਣਾ ਵਾਹਿਗੁਰੂ ਦਾ ਸੱਚਾ ਧਾਰਨੀ ਤੇ ਪ੍ਰਬੀਨ ਹੋਣਾ ਹੈ ।

ਤਾਂਤੇ ਗੁਰਮਤਿ ਅਨੁਸਾਰ ਨਾਮ ਅਤੇ ਹੁਕਮ ਦੀ ਖੇਡ ਵਿਚ ਰੰਚਕ ਭੀ ਭੇਦ ਨਹੀਂ । ਪ੍ਰੰਤੂ ਇਹ ਹੁਕਮ ਵਾਹਿਗੁਰੂ ਦਾ ਅਤਿਅੰਤ ਖਰਾ ਭਾਰਾ ਹੈ; ਕਿਸੇ ਗੁਰਮੁਖ ਜਨ ਨੂੰ ਹੀ ਇਹ ਹੁਕਮ ਬੁਝਾਉਂਦਾ ਹੈ ਅਤੇ ਵਾਹਿਗੁਰੂ ਆਪ ਮਨਾਉਂਦਾ ਹੈ । ਯਥਾ ਗੁਰਵਾਕ:–

ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ...੬॥
ਆਸਾ ਮਹਲਾ ੩ ਛੰਤ ਘਰ ੩, ਪੰਨਾ ੪੪੧

ਇਹ ਹੁਕਮ ਨਾਮ ਦਾ ਹੀ ਮੰਨਣਾ ਹੈ । ਜਿਨ੍ਹਾਂ ਨੂੰ ਵਾਹਿਗੁਰੂ ਨੇ ਸੱਚੜਾ ਹੁਕਮ ਮਨਾਇਆ ਹੈ, ਉਨ੍ਹਾਂ ਦੇ ਅੰਤਰ-ਆਤਮੇ ਗੁਰਮੰਤ੍ਰ ਰੂਪੀ ਸੱਚਾ ਸ਼ਬਦ ਵਸਾਇਆ ਹੈ । ਯਥਾ ਗੁਰਵਾਕ:–

ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੬॥
ਸਿਰੀਰਾਗੁ ਮ: ੧, ਪੰਨਾ ੭੨

---

*ਮਲਾਰ ਮ: ੩, ॥੫॥੪॥, ਪੰਨਾ ੧੨੫੬

ਜੋ ਵਾਹਿਗੁਰੂ ਨੂੰ ਭਾਉਂਦਾ ਹੈ ਸੋਈ ਹੁਕਮ ਉਸ ਦਾ ਕਹਾਉਂਦਾ ਹੈ। ਤਾਂਤੇ ਵਾਹਿਗੁਰੂ ਦੇ ਭਾਣੇ ਤੇ ਹੁਕਮ ਅੰਦਰ ਰੰਚਕ ਵੀ ਫ਼ਰਕ ਨਹੀਂ। ਯਥਾ ਗੁਰਵਾਕ:—

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ...॥੪॥(੪॥੭)

ਸਿਰੀ ਰਾਗੁ ਮ: ੧, ਪੰਨਾ ੧੭

ਹਰੇਕ ਜੀਅ ਜੰਤ ਦੀ ਸਾਜਨਾ ਵਾਹਿਗੁਰੂ ਆਪਣੇ ਹੁਕਮ ਅੰਦਰ ਕਰਦਾ ਹੈ ਅਤੇ ਆਪਣੇ ਹੁਕਮ ਵਿਚ ਹੀ ਸਭ ਨੂੰ ਰੱਖਦਾ ਹੈ। ਯਥਾ ਗੁਰਵਾਕ :—

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥(੧੫)

ਮ: ੧, ਵਾਰ ਮਾਝ, ਪੰਨਾ ੧੪੫

ਸੱਚਾ ਵਾਹਿਗੁਰੂ ਆਪਣੇ ਗੁਰਮੁਖ ਜਨਾਂ ਨੂੰ ਹੁਕਮੁ ਦਵਾਰਾ ਹੀ ਸਵਾਰਦਾ ਉਬਾਰਦਾ ਹੈ। ਉਨ੍ਹਾਂ ਦੇ ਸਵਾਰਨ ਉਬਾਰਨ ਵਿਚ ਚਸਾ ਮਾਤਰ ਭੀ ਢਿਲ ਨਹੀਂ ਕਰਦਾ। ਯਥਾ :—

ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥(੭॥੧)

ਸਿਰੀ ਰਾਗੁ ਮ: ੧, ਅਸ਼ਟ, ਪੰਨਾ ੫੩

ਹੁਕਮ ਦਵਾਰਾ ਹੀ ਵਾਹਿਗੁਰੂ-ਨਾਮ ਅੰਤ੍ਰ-ਆਤਮੇ ਵਸਦਾ ਹੈ ਅਤੇ ਹੁਕਮ ਦਵਾਰਾ ਹੀ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਸਮਾਉਂਦਾ ਹੈ। ਤਾਂਤੇ ਵਾਹਿਗੁਰੂ ਦੇ ਹੁਕਮ ਅਤੇ ਨਾਮ ਵਿਚ ਕੋਈ ਫ਼ਰਕ ਨਹੀਂ। ਯਥਾ ਗੁਰਵਾਕ :—

ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥(੮॥੩॥੨੦)

ਸਿਰੀ ਰਾਗੁ ਮ: ੩, ਪੰਨਾ ੬੬

ਹੁਕਮ ਦੀ ਖੇਡ ਅਤੇ ਨਾਮ ਦੀ ਖੇਡ ਇਕੋ ਹੈ। ਹੁਕਮ ਦੀ ਕਮਾਈ ਅਤੇ ਨਾਮ ਦੀ ਕਮਾਈ ਗੁਰਮਤਿ ਅੰਦਰ ਇਕੋ ਹੀ ਅਰਥ ਰਖਦੀ ਹੈ। ਯਥਾ ਗੁਰਵਾਕ:—

ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ...॥੫॥ ਪੰਨਾ ੬੬

ਜੋ ਉਸ ਦਾ ਨਾਮ ਰੂਪੀ ਹੁਕਮ ਨਹੀਂ ਮੰਨਦਾ ਉਹ ਭਰਮੇ ਭੂਲਾ ਸੱਟਾਂ ਖਾਂਦਾ ਹੈ ਤੇ ਚੁਰਾਸੀ ਵਿਚ ਪਿਆ ਭੌਂਦਾ ਹੈ। ਜੋ ਜਨ ਆਪਣੇ ਖਸਮ, ਵਾਹਿਗੁਰੂ ਖਸਮ ਦਾ ਨਾਮ ਨਹੀਂ ਜਪਦਾ ਉਹ ਵਾਹਿਗੁਰੂ ਦਾ ਹੁਕਮ ਵੀ ਨਹੀਂ ਮੰਨਦਾ। ਯਥਾ ਗੁਰਵਾਕ :—

ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੮॥

ਗਉੜੀ ਬੈਰਾਗਣਿ ਮ: ੧, ਪੰਨਾ ੧੫੭

ਇਹ ਵਡਿਆਈ ਨਾਮ ਰੂਪੀ ਹੁਕਮ ਨੂੰ ਜਪਣ ਦੀ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਜੋ ਜਨ ਸੱਚੇ ਵਾਹਿਗੁਰੂ ਦੇ ਨਾਮ ਰੂਪੀ ਹੁਕਮ ਨੂੰ ਪਛਾਣਦਾ ਹੈ ਉਹ ਹੀ ਹਰਿ-ਗੁਣ ਗਾਉਣ ਦੀ ਵਡਿਆਈ ਰਖ ਸਕਦਾ ਹੈ। ਗੁਰੂ ਦੇ ਗੁਰਦੀਖਿਆ

ਰੂਪੀ ਸ਼ਬਦ ਦਵਾਰਾ ਹੀ ਨਾਮ ਵਖਾਣ ਸਕੀਦਾ ਹੈ। ਯਥਾ :—

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥
ਗੁਰ ਕੈ ਸਬਦਿ ਨਾਮਿ ਨੀਸਾਣੈ...॥੩॥(੮॥੧)

ਮਾਝ ਅਸਟ: ਮ: ੧, ਪੰਨਾ ੧੦੯

ਨਾਮ ਰੂਪੀ ਸੱਚਾ ਜਪ-ਨੀਸਾਣ, ਗੁਰੂ ਦਵਾਰਿਓਂ ਮਿਲੀ ਸ਼ਬਦ ਗੁਰ-ਦੀਖਿਆ ਦਵਾਰਾ ਹੀ ਪਛਾਣ ਸਕੀਦਾ ਹੈ। ਤਾਂਤੇ ਹੁਕਮ ਅਤੇ ਨਾਮ ਦੀ ਖੇਡ ਇਕੋ ਹੀ ਹੈ। ਜੋ ਗੁਰਮੁਖ ਜਨ ਨਾਮ ਰੂਪੀ ਹੁਕਮ ਨੂੰ ਬੁਝਦਾ ਹੈ, ਉਸ ਨੂੰ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਗੁਰਮੁਖ ਜਨਾਂ, ਸੇਵਕਾਂ, ਨਾਮ ਦੇ ਪੁਜਾਰੀਆਂ ਨੂੰ 'ਸੱਚਾ ਨਾਮ' ਰੂਪੀ 'ਹੁਕਮੁ' ਦੇ ਬੁਝਣ ਵਿਚ ਹੀ ਪਰਮਗਤੀ ਦੀ ਪ੍ਰਾਪਤੀ ਹੈ। ਯਥਾ ਗੁਰਵਾਕ :—

ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮਪਦੁ ਪਾਈ ॥੪॥

(੨੨) ਗਉੜੀ ਸੁਖਮਨੀ ਮ: ੫, ਪੰਨਾ ੨੯੨

ਨਾਮ ਰੂਪੀ ਸ਼ਬਦ ਨੂੰ ਪਛਾਣ ਕੇ ਹੀ ਸੱਚੇ ਵਾਹਿਗੁਰੂ ਨਾਲ ਮੇਲ ਹੁੰਦਾ ਹੈ। ਯਥਾ ਗੁਰਵਾਕ :— "ਹੁਕਮ ਮੇਲੇ ਸਬਦਿ ਪਛਾਣੈ ॥"* ਨਾਮ ਰੂਪੀ ਹੁਕਮ ਦੇ ਪਰਤਾਪ ਨਾਲ ਅੰਮ੍ਰਿਤ-ਬਾਣੀ ਦਾ ਵਰਤਾਰਾ ਵਰਤਦਾ ਹੈ ਅਤੇ ਨਾਮ ਰੂਪੀ ਹੁਕਮ ਮਈ ਗੁਰਦੀਖਿਆ ਦੇ ਪਰਤਾਪ ਨਾਲ ਹੀ ਅਧਿਕਾਰੀ ਜਨਾਂ ਨੂੰ ਸੱਚਾ ਨਾਮ ਰੂਪੀ ਅੰਮ੍ਰਿਤ ਛਕਾਉਂਦਾ ਹੈ। ਯਥਾ ਗੁਰਵਾਕ :—

ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥

(੮॥੧੫॥੧੬)ਮਾਝ ਮ: ੩, ਪੰਨਾ ੧੧੮

ਜਦੋਂ ਮਿਹਰਵਾਨ ਵਾਹਿਗੁਰੂ ਦਾ ਹੁਕਮ ਹੁੰਦਾ ਹੈ, ਓਦੋਂ ਹੀ ਨਾਮ ਰੂਪੀ ਅੰਮ੍ਰਿਤ ਦੀ ਸੱਚੀ ਵਰਖਾ ਹੁੰਦੀ ਹੈ। ਇਹ ਹੁਕਮ ਦੀ ਖੇਡ ਵਾਸਤਵ ਵਿਚ ਅੰਮ੍ਰਿਤ ਨਾਮ ਦੀ ਹੀ ਖੇਡ ਹੈ। ਹੁਕਮ ਦੇ ਬਾਹਰ ਕੁਛ ਨਹੀਂ ਹੁੰਦਾ ਅਤੇ ਹੁਕਮ ਦਵਾਰਾ ਹੀ ਜੀਵਾਂ ਦਾ ਨਿਸਤਾਰਾ ਹੁੰਦਾ ਹੈ। ਸੱਚਾ ਨਿਸਤਾਰਾ ਨਾਮ ਰੂਪੀ ਸੱਚੇ ਹੁਕਮ ਦੇ ਆਸਰੇ ਹੀ ਹੁੰਦਾ ਹੈ। ਯਥਾ ਗੁਰਵਾਕ :—

ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ...॥੨॥(੫॥੨)

ਧਨਾਸਰੀ ਮ: ੧ ਛੰਤ, ਪੰਨਾ ੬੮੮

ਆਪਣੇ ਹੁਕਮ ਦੀ ਖੇਡ ਦੁਆਰਾ ਹੀ ਨਾਮ ਰੂਪੀ ਸੱਚੀ ਕਾਰ ਵਾਹਿਗੁਰੂ ਆਪ ਹੀ ਕਰਾਇੰਦਾ ਹੈ, ਗੁਰਮੁਖ ਜਨਾਂ ਪਾਸੋਂ। ਯਥਾ ਗੁਰਵਾਕ :—

ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥(੮॥੧੦॥੩੨)

ਆਸਾ ਮ: ੩, ਪੰਨਾ ੪੨੭

---

*ਗਉੜੀ ਮ: ੩ ਚਉਪਦੇ, ਪੰਨਾ ੧੫੭

ਹੁਕਮੀ ਵਾਹਿਗੁਰੂ ਦੇ ਹੁਕਮੁ ਮੰਨ ਕੇ ਹੀ ਸੱਚਾ ਗੁਰਮੰਤਰ ਨਾਮ ਰੂਪੀ ਸ਼ਬਦ ਪਛਾਣ ਸਕੀਦਾ ਹੈ। ਜੋ ਗੁਰਮੁਖ ਜਨ ਗੁਰ-ਦੀਖਿਆ ਰੂਪੀ ਸ਼ਬਦ ਦਵਾਰਾ ਗੁਰਮੰਤਰ ਨਾਮ ਰੂਪੀ ਸੱਚਾ ਹੁਕਮ ਪਛਾਣਦਾ ਹੈ, ਉਹੀ ਜਨ ਸੱਚੇ ਵਾਹਿਗੁਰੂ ਦੀ ਦਰਗਾਹ ਵਿਚ ਸੱਚਾ ਮਾਣ ਪਾਉਂਦਾ ਹੈ, ਮਾਣ ਰੂਪੀ ਸੱਚਾ ਸਿਰੋਪਾਉ ਪਹਿਨ ਕੇ ਵਾਹਿਗੁਰੂ ਦੀ ਦਰਗਾਹ ਅੰਦਰ ਪਹਿਨਿਆ ਪਚਰਿਆ ਜਾਂਦਾ ਹੈ। ਯਥਾ ਗੁਰਵਾਕ :—

ਹੁਕਮੈ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥੫॥(੮॥੩)
ਸੋਰਠਿ ਮ: ੧, ਪੰਨਾ ੬੩੬

ਵਾਹਿਗੁਰੂ ਨਾਮ ਤੇ ਵਾਹਿਗੁਰੂ ਦੇ ਹੁਕਮ ਦੇ ਭਾਵ ਵਿਚ ਕੋਈ ਭਿੰਨ-ਭੇਦ ਨਹੀਂ ਹੈ। ਜਿਸ ਪ੍ਰਕਾਰ ਕਿ ਹੇਠ ਲਿਖੇ ਗੁਰਵਾਕ ਅੰਦਰ ਇਸ ਪ੍ਰਕਾਰ ਅੰਕਿਤ ਹੈ। ਯਥਾ:—

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ...॥੫॥(੧੬)
ਗਉੜੀ ਸੁਖਮਨੀ ਮ: ੫, ਪੰਨਾ ੨੮੪

ਇਸੇ ਪ੍ਰਕਾਰ ਹੁਕਮ ਦੀ ਖੇਡ ਭੀ ਇਸੇ ਭਾਵ ਵਿਚ ਵਰਣਨ ਕੀਤੀ ਗਈ ਹੈ।

ਯਥਾ:— ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ...॥੨॥
ਜਪੁਜੀ, ਪੰਨਾ ੧

ਅਤੇ— ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥
ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥੧॥(੧੧)
ਗਉੜੀ ਸੁਖਮਨੀ ਮ: ੫, ਪੰਨਾ ੨੭੭

ਅਤੇ— ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ ਜਪੁਜੀ

ਦਾ ਭਾਵ ਵੀ ਸੋਈ ਹੈ ਜੋ ਉਪਰੂ ਵਰਣਨ ਕੀਤਾ ਗਿਆ ਹੈ। ਯਥਾ ਗੁਰਵਾਕ:—

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ...॥੮॥੪॥
ਸਿਰੀਰਾਗੁ ਮ: ੧, ਪੰਨਾ ੫੫

ਸਾਫ਼ ਸਿਧ ਹੋਇਆ ਕਿ ਸੱਚੇ ਬੇਪਰਵਾਹ ਵਾਹਿਗੁਰੂ ਹੁਕਮੀ ਦਾ ਹੁਕਮ ਹੀ ਸਭ ਵਰਤਾਰਾ ਵਰਤਾ ਰਿਹਾ ਹੈ। ਯਥਾ:—

ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹ ॥੩॥
ਜਪੁਜੀ, ਪੰਨਾ ੨

ਤਾਤੇ ਜੋ ਕੁਛ ਹੋ ਰਿਹਾ ਹੈ, ਹੁਕਮ-ਸੰਜੋਗਾਂ ਦੀ ਖੇਡ ਅੰਦਰ ਹੀ ਹੋ ਰਿਹਾ ਹੈ। ਇਸ ਜਗਿਆਸੂ ਪ੍ਰਾਣੀ ਦਾ ਇਹ ਹੀ ਫ਼ਰਜ਼ ਹੈ ਕਿ ਹੁਕਮ ਦੀ ਖੇਡ, ਅਰਥਾਤ ਵਾਹਿਗੁਰੂ-

ਹੁਕਮ ਦੀ ਰਜ਼ਾ ਅੰਦਰ ਹੀ ਚਲਦਾ ਰਹੇ। ਯਥਾ ਗੁਰਵਾਕ :—

ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ...॥੮॥੨੦॥

ਆਸਾ ਮ: ੧, ਪੰਨਾ ੪੨੧

ਸਾਫ਼ ਸਿੱਧ ਹੋਇਆ ਕਿ ਹੁਕਮ ਦੀ ਖੇਡ ਅਤੇ ਹੁਕਮ ਰਜ਼ਾ ਦੇ ਭਾਵ ਵਿਚ ਕੋਈ ਫ਼ਰਕ ਨਹੀਂ। ਯਥਾ ਗੁਰਵਾਕ :—

ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ...॥(੨)

ਪਉੜੀ, ਗੂਜਰੀ ਕੀ ਵਾਰ, ਪੰਨਾ ੫੦੯

ਇਹ ਜ਼ਰੂਰੀ ਨਹੀਂ ਕਿ ਵਾਹਿਗੁਰੂ ਹੁਕਮ-ਰਜ਼ਾਈ ਦੀ ਹੁਕਮ ਵਾਲੀ ਖੇਡ ਹਰ ਕੋਈ ਸੱਤ ਕਰਕੇ ਮੰਨਦਾ ਹੈ। ਇਹ ਕੇਵਲ ਗੁਰੂ ਵਰੋਸਾਏ ਗੁਰਮੁਖ ਜਨ ਹੀ ਹਨ ਜੋ ਹੁਕਮ ਵਾਲੀ ਖੇਡ ਨੂੰ ਸਤਿ ਕਰਕੇ ਮੰਨਦੇ ਹਨ । ਮਨਮੁਖ ਪੁਰਸ਼ ਹੁਕਮ ਮੰਨਣਾ ਤੇ ਹੁਕਮ ਤੇ ਅਮਲ ਕਰਨਾ ਜਾਣਦੇ ਹੀ ਨਹੀਂ । ਉਂਜ ਹੁਕਮ ਅੰਦਰ ਸਾਰਾ ਪਸਾਰਾ ਪਸਰਿਆ ਗਿਆ ਹੈ। ਯਥਾ ਗੁਰਵਾਕ:—

ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥
ਹੁਕਮੇ ਆਇਆ ਹੁਕਮਿ ਸਮਾਇਆ ॥ ਹੁਕਮੇ ਦੀਸੈ ਜਗਤੁ ਉਪਾਇਆ ॥
ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥
ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥
ਹੁਕਮਿ ਉਪਾਏ ਦਸ ਅਵਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥
ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥
ਆਪਿ ਨਾਥੁ ਨਥੀਂ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥

(੧੬॥੪॥੧੬)ਮਾਰੂ ਮਹਲਾ ੧, ਪੰਨਾ ੧੦੩੭

ਗੁਰਮਤਿ-ਨਾਮ-ਮਈ ਸੱਚਾ ਸਉਦਾ ਕੋਈ ਵਿਰਲਾ ਜਨ ਹੀ ਪਾਉਂਦਾ ਹੈ। ਜੋ ਜੋ ਗੁਰੂ ਵਰੋਸਾਇਆ ਗੁਰਮੁਖ ਜਨ ਹੈ, ਸੋ ਸੋ ਹੀ ਇਸ ਸੱਚੇ ਨਾਮ ਰੂਪੀ ਸਉਦੇ ਦੀ ਪ੍ਰਾਪਤੀ ਕਰਦਾ ਹੈ। ਸੱਚਾ ਗੁਰਮੁਖ ਜਨ ਉਹੀ ਹੀ ਹੈ ਜੋ ਨਾਮ ਰੂਪੀ ਸੱਚੇ ਹੁਕਮ ਨੂੰ ਪਾਲਦਾ ਹੈ, ਅਰਥਾਤ ਹੁਕਮ ਨੂੰ ਮੰਨਦਾ ਹੋਇਆ ਨਾਮ ਨਿਧਾਨ ਦਾ ਧਿਆਨ ਧਰਦਾ ਹੈ। ਇਸ ਨਾਮ ਮੰਨਣ ਮਈ ਹੁਕਮ ਨੂੰ ਕੋਈ ਗੁਰਮੁਖ ਜਨ ਹੀ ਮੰਨਦਾ ਹੈ ਅਤੇ

ਹੁਕਮ ਮੰਨ ਕੇ ਹੁਕਮ ਵਿਚ ਹੀ ਸਮੱਾ ਜਾਂਦਾ ਹੈ । ਨਾਮ ਹੀ ਹੁਕਮ ਹੈ । ਨਾਮ ਵਿਚ ਹੀ ਸਮਾਉਣਾ ਕੇਵਲ ਗੁਰਮੁਖ ਜਨਾਂ ਦਾ ਹੀ ਕੰਮ ਹੈ, ਨਹੀਂ ਤਾਂ ਬਥੇਰੇ ਵਾਹਿਗੁਰੂ ਦੇ ਹੁਕਮ ਅੰਦਰ ਆਉਂਦੇ ਜਾਂਦੇ ਹਨ । ਮਨਮੁਖਾਂ ਦਾ ਹੁਕਮ ਵਿਚ ਆਵਣਾ ਜਾਵਣਾ ਇਸ ਗੱਲ ਦਾ ਸਬੂਤ ਨਹੀਂ ਕਿ ਉਹ ਜ਼ਰੂਰੀ ਨਾਮ ਮਈ ਹੁਕਮ ਨੂੰ ਮੰਨਦੇ ਨਹੀਂ, ਇਸ ਕਰਕੇ ਹੁਕਮੀ ਵਾਹਿਗੁਰੂ ਤੋਂ ਵਿਛੜ ਕੇ ਚੋਟਾਂ ਖਾਂਦੇ ਹਨ ।

ਸਾਰਾ ਜਗਤ ਉਸ ਦੇ ਹੁਕਮ ਅੰਦਰ ਹੀ ਉਪਾਇਆ ਗਿਆ ਹੈ ਅਤੇ ਸਾਰੀ ਸ੍ਰਿਸ਼ਟੀ ਹੁਕਮੀ ਵਾਹਿਗੁਰੂ ਦੇ ਹੁਕਮ ਅੰਦਰ ਹੀ ਉਤਪੰਨ ਹੋਈ ਹੈ । ਹੁਕਮੀ ਵਾਹਿਗੁਰੂ ਦੇ ਹੁਕਮ ਅੰਦਰ ਹੀ ਸ੍ਰਿਸ਼ਟੀ-ਰਚਨਾ ਮਈ ਕਲਾ ਧਾਰੀ ਗਈ ਹੈ । ਉਸ ਦੇ ਹੁਕਮ ਅੰਦਰ ਹੀ ਧਰਤੀ ਉਪਾਈ ਗਈ ਹੈ । ਧਰਮ ਰੂਪੀ ਧਉਲ ਉਪਰ ਹੀ ਸਾਰੀ ਸਾਜਨਾ ਸਾਜੀ ਗਈ ਹੈ । ਹੁਕਮ ਅੰਦਰ ਹੀ ਪਉਣ ਪਾਣੀ ਤੇ ਗਗਨ ਸਾਜੇ ਗਏ ਹਨ। ਵਾਹਿਗੁਰੂ ਦੇ ਹੁਕਮ ਅੰਦਰ ਹੀ ਜੀਵਾਤਮਾ ਦਾ ਮਾਇਆ ਦੇ ਘਰ ਵਿਚ ਵਾਸਾ ਹੁੰਦਾ ਹੈ । ਹੁਕਮ ਅੰਦਰ ਹੀ ਗਗਨ ਰੂਪੀ ਅਕਾਸ਼ ਪੁਲਾੜ ਉਪਾਏ ਗਏ ਹਨ। ਹੁਕਮ ਅੰਦਰ ਹੀ ਜਲਾਂ ਥਲਾਂ ਅਤੇ ਤਿੰਨਾਂ ਭਵਨਾਂ ਦਾ ਵਾਸਾ ਹੁੰਦਾ ਹੈ । ਹੁਕਮ ਅੰਦਰ ਹੀ ਸਾਸ ਗਿਰਾਸ ਪ੍ਰਾਣੀ ਦੇ ਰਚੇ ਗਏ ਹਨ, ਸਦਾ ਲਈ ਰਚੇ ਗਏ ਹਨ। ਵਾਹਿਗੁਰੂ ਦੇ ਹੁਕਮ ਅੰਦਰ ਹੀ ਵਿਸ਼ਨੂੰ ਦੇ ਦਸ ਅਵਤਾਰ ਉਪਾਏ ਗਏ ਹਨ। ਪ੍ਰੰਤੂ ਵਾਹਿਗੁਰੂ ਦੀ ਦਰਗਾਹ ਅੰਦਰ ਸਿਰੋਪਾਉ ਸੇਤੀ ਪਹਿਨਿਆ ਪਚਰਿਆ ਸੋਈ ਜਨ ਜਾਂਦਾ ਹੈ ਜੋ ਉਸ ਦਾ ਨਾਮ ਰੂਪੀ ਹੁਕਮ ਮੰਨਦਾ ਹੈ, ਜਾਂ ਇਸ ਹੁਕਮ ਤੇ ਚਲਦਾ ਹੈ । ਹੁਕਮ ਅੰਦਰ ਹੀ ਇਹ ਪ੍ਰਾਣੀ ਛਤੀਹ ਜੁਗਾਂ ਅੰਦਰ ਭੌਂ ਕੇ ਫਿਰ ਵੀ ਕੋਰੇ ਦਾ ਕੋਰਾ ਹੀ ਰਹਿੰਦਾ ਹੈ, ਐਵੇਂ ਹੀ ਛਤੀਹ ਜੁਗ ਗੁਜ਼ਾਰ ਦਿੰਦਾ ਹੈ । ਹੁਕਮ ਅੰਦਰ ਹੀ ਅਨੇਕਾਂ ਸਿਧ ਸਾਧਕ ਆਪਣੀਆਂ ਮਨ-ਘੜਤ ਵੀਚਾਰਾਂ ਵੀਚਾਰ ਕੇ ਪਏ ਧੱਕੇ ਖਾਂਦੇ ਹਨ। ਸਾਰਿਆਂ ਦਾ ਨਾਥ ਵਾਹਿਗੁਰੂ, ਜਿਸ ਦੇ ਹੁਕਮ ਅੰਦਰ ਸਾਰੀ ਰਚਨਾ ਰਚੀ ਹੋਈ ਹੈ, ਉਸੇ ਗੁਰਮੁਖ ਜਨ ਨੂੰ ਮੁਕਤੀ ਦਾਨ ਦਿੰਦਾ ਹੈ ਜਿਸਦੇ ਉਪਰ ਉਸ ਦੀ ਨਦਰ ਕਰਮ ਹੁੰਦੀ ਹੈ। ਉਸੇ ਜਨ ਉਪਰ ਉਹ ਨਦਰੀ ਨਦਰ ਨਿਹਾਲ ਹੋ ਕੇ ਨਾਮ ਦੀ ਦਾਤਿ ਬਖ਼ਸ਼ਦਾ ਹੈ ਅਤੇ ਨਾਮ ਰੂਪੀ ਹੁਕਮ ਦੁਆਰਾ ਹੀ ਉਸ ਦਾ ਨਿਸਤਾਰਾ ਕਰਦਾ ਹੈ ।

ਐਨ ਇਸ ਪ੍ਰਕਾਰ ਹੀ ਗੁਰੂ ਦਸਵੇਂ ਪਾਤਸ਼ਾਹ ਨੇ ਹੁਕਮ ਦੀ ਖੇਡ ਦਰਸਾਈ ਹੈ । ਯਥਾ ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ:—

ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ—

ਚੌਪਈ—ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ ਰਚੇ ਦੁਸਟ ਦੁਖਦਾਈ ॥
ਤੇ ਭੁਜ ਬਲ ਬਵਰੇ ਹ੍ਵੈ ਗਏ ॥ ਪੂਜਤ ਪਰਮ ਪੁਰਖ ਰਹਿ ਗਏ ॥੬॥

 www.sikhbookclub.com

ਤੇ ਹਮ ਤਮਕਿ ਤਨਕ ਮੋ ਖਾਪੇ ॥ ਤਿਨ ਕੀ ਠਉਰ ਦੇਵਤਾ ਥਾਪੇ ॥
ਤੇ ਭੀ ਬਲਿ ਪੂਜਾ ਉਰਝਾਏ ॥ ਆਪਨ ਹੀ ਪਰਮੇਸਰ ਕਹਾਏ ॥੭॥
ਮਹਾਦੇਵ ਅਚੁੱਤ ਕਹਾਯੋ ॥ ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂ ਜਾਨਾ ॥੮॥
ਤਬ ਸਾਖੀ ਪ੍ਰਭ ਅਸਟ ਬਨਾਏ ॥ ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥੯॥
ਪਰਮ ਤਤ ਕੋ ਜਿਨ ਨਾ ਪਛਾਨਾ ॥ ਤਿਨ ਕਰਿ ਈਸਰ ਤਿਨ ਕਹੁ ਮਾਨਾ ॥
ਕੇਤੇ ਸੂਰ ਚੰਦ ਕਉ ਮਾਨੈ ॥ ਅਗਨਿ ਹੋਤ੍ਰ ਕਈ ਪਵਨ ਪ੍ਰਮਾਨੈ ॥੧੦॥
ਕਿਨਹੂ ਪ੍ਰਭੁ ਪਾਹਨ ਪਹਿਚਾਨਾ ॥ ਨ੍ਹਾਤ ਕਿਤੇ ਜਲ ਕਰਤ ਬਿਧਾਨਾ ॥
ਕੇਤਕ ਕਰਮ ਕਰਤ ਡਰਪਾਨਾ ॥ ਧਰਮਰਾਜ ਕੋ ਧਰਮ ਪਛਾਨਾ ॥੧੧॥
ਜੇ ਪ੍ਰਭ ਸਾਖ ਨਮਿਤ ਠਹਰਾਏ ॥ ਤੇ ਹਿਆਂ ਆਇ ਪ੍ਰਭ ਕਹਵਾਏ ॥
ਤਾ ਕੀ ਬਾਤ ਬਿਸਰ ਜਾਤੀ ਭੀ ॥ ਅਪਨੀ ਅਪਨੀ ਪਰਤ ਸੋਭ ਭੀ ॥੧੨॥
ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥ ਤਬ ਹਰਿ ਇਨ ਮਨੁੱਛਨ ਠਹਿਰਾਨਾ॥
ਤੇ ਭੀ ਬਸਿ ਮਮਤਾ ਹੁਇ ਗਏ ॥ ਪਰਮੇਸਰ ਪਾਹਨ ਠਹਰਏ ॥੧੩॥
ਤਬ ਹਰਿ ਸਿੱਧ ਸਾਧ ਠਹਿਰਾਏ ॥ ਤਿਨ ਭੀ ਪਰਮ ਪੁਰਖ ਨਹੀ ਪਾਏ ॥
ਜੇ ਕੋਈ ਹੋਤ ਭਯੋ ਜਗਿ ਸਿਆਨਾ॥ਤਿਨ ਤਿਨ ਅਪਨੋ ਪੰਥੁ ਚਲਾਨਾ॥੧੪॥
ਪਰਮ ਪੁਰਖ ਕਿਨਹੂ ਨਹ ਪਾਯੋ ॥ ਬੈਰ ਬਾਦ ਅਹੰਕਾਰ ਬਢਾਯੋ ॥
ਪੇਡ ਪਾਤ ਆਪਨ ਤੇ ਜਲੈ ॥ ਪ੍ਰਭ ਕੈ ਪੰਥ ਨ ਕੋਊ ਚਲੈ ॥੧੫॥
ਜਿਨਿ ਜਿਨਿ ਤਨਕ ਸਿਧ ਕੋ ਪਾਯੋ ॥ ਤਿਨਿ ਤਿਨਿ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥
ਪਰਮ ਤੱਤ ਕਿਨਹੂ ਨ ਪਛਾਨਾ ॥ ਆਪ ਆਪ ਭੀਤਰਿ ਉਰਝਾਨਾ ॥
ਤਬ ਜੇ ਜੇ ਰਿਖਰਾਜ ਬਨਾਏ ॥ ਤਿਨ ਆਪਨ ਪੁਨ ਸਿੰਮ੍ਰਿਤ ਚਲਾਏ ॥੧੭॥
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ॥ ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥
ਤਿਨ ਕੇ ਗੂੜ੍ਹ ਮੱਤ ਜੇ ਚਲਹੀ ॥ ਭਾਂਤਿ ਅਨੇਕ ਦੂਖਨ ਸੋ ਦਲ ਹੀ ॥੨੦॥
ਜੇ ਜੇ ਸਹਿਤ ਜਾਤਨ ਸੰਦੇਹਿ ॥ ਪ੍ਰਭ ਕੋ ਸੰਗਿ ਨ ਛੋਡਤ ਨੇਹ ॥
ਤੇਤੇ ਪਰਮ ਪੁਰੀ ਕਹ ਜਾਹੀ ॥ ਤਿਨ ਹਰਿ ਸਿਉ ਅੰਤਰੁ ਕਛੁ ਨਾਹੀ॥੨੧॥

ਜੇ ਜੇ ਜੀਯ ਜਾਤਨ ਤੇ ਡਰੈ ॥ ਪਰਮ ਪੁਰਖ ਤਜਿ ਤਿਨ ਮਗ ਪਰੈ ॥
ਤੇਤੇ ਨਰਕ ਕੁੰਡ ਮੋ ਪਰ ਹੀ ॥ ਬਾਰ ਬਾਰ ਜਗ ਮੋ ਬਪੁ ਧਰ ਹੀ ॥੨੨॥

ਤਬ ਹਰਿ ਬਹੁਰ ਦੱਤ ਉਪਜਾਇਓ ॥ ਤਿਨ ਭੀ ਅਪਨਾ ਪੰਥੁ ਚਲਾਇਓ ॥
ਕਰ ਮੋ ਨਖ ਸਿਰ ਜਟਾਂ ਸਵਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥੨੩॥

ਪੁਨਿ ਹਰਿ ਗੋਰਖ ਕੋ ਉਪਰਾਜਾ ॥ ਸਿਖ ਕਰੇ ਤਿਨਹੂ ਵਡ ਰਾਜਾ ॥
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ ॥ ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ॥੨੪॥

ਪੁਨਿ ਹਰਿ ਰਾਮਾਨੰਦ ਕੋ ਕਰਾ ॥ ਭੇਸ ਬੈਰਾਗੀ ਕੋ ਜਿਨ ਧਰਾ ॥
ਕੰਠੀ ਕੰਠਿ ਕਾਠ ਕੀ ਡਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਵਿਚਾਰੀ ॥੨੫॥

ਜੇ ਪ੍ਰਭੁ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ ॥
ਮਹਾਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥੨੬॥

ਤਿਨ ਭੀ ਏਕ ਪੰਥ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨ ਦ੍ਰਿੜ੍ਹਾਯੋ ॥੨੭॥
ਸਬ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ ॥

ਬਚਿਤ੍ਰ ਨਾਟਕ, ਅਧਿਆਇ ੬

ਇਸ ਸਮੁਚੇ ਸ੍ਰੀ ਦਸਮੇਸ਼ ਜੀ ਦੇ ਮੁਖਵਾਕ ਦਾ ਤੱਤ ਭਾਵ ਇਹ ਹੈ ਕਿ ਹੁਕਮ ਦੀ ਖੇਡ ਤਾਂ ਹਰੇਕ ਉਪਰ ਹੀ ਵਰਤਦੀ ਹੈ, ਪ੍ਰੰਤੂ ਹੁਕਮ ਦੀ ਤੱਤ-ਵਿਵੇਚਨੀ ਖੇਡ ਤੋਂ ਘੁਥੇ ਹੋਏ ਸਾਰੇ ਪੀਰ ਪੈਗੰਬਰ ਔਲੀਆ ਭਟਕਦੇ ਹੀ ਗਏ। ਸੇਈ ਪਾਰ ਪਏ ਜਿਨ੍ਹਾਂ ਨੇ ਹੁਕਮ ਦੀ ਖੇਡ ਨੂੰ ਮਨ ਬਚਨ ਕਰਮ ਕਰਿ ਮੰਨਿਆ। ਹੁਕਮ ਦੀ ਖੇਡ ਨੂੰ ਮੰਨਣਹਾਰੇ ਗੁਰੂ ਘਰ ਦੇ ਗੁਰਮੁਖ ਜਨ ਹੀ ਨਿਸਤਾਰੇ ਜਾਂਦੇ ਹਨ।

ਉਪਰਲੇ ਸ੍ਰੀ ਦਸਮੇਸ਼ ਗੁਰਵਾਕ ਦੇ ਭਾਵ ਤੋਂ ਸਾਫ਼ ਸਪੱਸ਼ਟ ਸਿੱਧ ਹੋਇਆ ਕਿ ਹੁਕਮ ਦੀ ਖੇਡ ਅਸਲ ਅਨੁਸਾਰੀ ਗੁਰੂ ਵਰੋਸਾਇ, ਗੁਰੂ ਘਰ ਦੇ ਗੁਰਮੁਖ ਜਨ ਹੀ ਹੋ ਸਕਦੇ ਹਨ, ਹੋਰ ਸਭ ਲੁਕਾਈ ਇਸ ਹੁਕਮ ਦੀ ਖੇਡ ਅਨੁਸਾਰਤਾ ਤੋਂ ਅਵੇਸਲੀ ਹੀ ਰਹਿੰਦੀ ਹੈ। ਨਾ ਕਿਸੇ ਨੂੰ ਨਾਮ ਪ੍ਰਾਪਤ ਹੁੰਦਾ ਹੈ, ਨਾ ਕਿਸੇ ਨੂੰ ਹੁਕਮ ਦੀ ਖੇਡ ਦਾ ਪਤਾ ਲਗਦਾ ਹੈ। ਇਹ ਗੁਰਮੁਖ ਜਨ ਹੀ ਹਨ ਜੋ ਨਾਮ ਰੂਪੀ ਹੁਕਮ ਦੀ ਖੇਡ ਦੀ ਸਾਰ ਨੂੰ ਮਨ ਬਚਨ ਕਰਮ ਕਰਕੇ ਹੀ ਪਛਾਣ ਸਕਦੇ ਹਨ। ਯਥਾ ਗੁਰਵਾਕ :—

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥
ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥

ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
ਨਾਨਕ ਕਿਰਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥
ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ...॥੧੯॥
ਸਲੋਕ ਮਃ ੪, ਵਾਰਾਂ ਤੇ ਵਧੀਕ, ਪੰਨਾ ੧੪੨੩

ਵਿਆਖਿਆ :– ਇਹ ਕੇਵਲ ਗੁਰਮੁਖ ਜਨ ਹੀ ਹਨ ਜੋ ਸੱਚੇ ਸਹੁ ਪਤੀ ਪ੍ਰਮੇਸੁਰ ਵਾਹਿਗੁਰੂ ਦਾ ਨਾਮ ਰੂਪੀ ਹੁਕਮ ਮੰਨਦੇ ਹਨ ਅਤੇ ਮੰਨ ਕੇ ਕਮਾਉਂਦੇ ਹਨ। ਅਤੇ ਉਨ੍ਹਾਂ ਨੂੰ ਹੁਕਮ ਦੇ ਮੰਨਣ ਵਿਚ ਹੀ ਸੱਚੇ ਸੁਖ ਦੀ ਪ੍ਰਾਪਤੀ ਹੈ। ਉਹ ਗੁਰਮੁਖ ਜਨ ਨਾਮ ਰੂਪੀ ਹੁਕਮ ਦੀ ਖੇਡ ਮੰਨ ਕੇ ਕਮਾਉਣ ਵਾਲੇ ਨਾਮ ਜਪਣ ਵਿਚ ਹੀ, ਅਰਥਾਤ ਨਾਮ ਰੂਪੀ ਹੁਕਮ ਕਮਾਉਣ ਵਿਚ ਹੀ ਸਦਾ ਸਾਵਧਾਨ ਰਹਿੰਦੇ ਹਨ ਤੇ ਹਰ ਦਮ ਨਾਮ ਨੂੰ ਹੀ ਸਿਮਰਦੇ ਰਹਿੰਦੇ ਹਨ। ਵੇਲੇ ਕੁਵੇਲੇ ਇਸ ਬਿਧਿ ਸਿਮਰਦੇ ਸਿਮਰਦੇ ਹੀ ਨਾਮ ਵਿਚ ਸਮਾੱ ਜਾਂਦੇ ਹਨ ਅਤੇ ਸਮਾਏ ਹੀ ਰਹਿੰਦੇ ਹਨ। ਉਨ੍ਹਾਂ ਗੁਰਮੁਖ ਜਨਾਂ ਦੇ ਨਿਕਟ ਹੁਕਮ ਹੀ ਵਰਤ ਨੇਮ ਸੁਚ ਸੰਜਮ ਆਦਿਕ ਕਰਮ ਹਨ। ਅਰਥਾਤ ਨਾਮ ਰੂਪੀ ਹੁਕਮ ਨੂੰ ਮੰਨਦੇ ਹੋਏ ਤਿਨ੍ਹਾਂ ਗੁਰਮੁਖ ਜਨਾਂ ਨੂੰ ਵਰਤ ਨੇਮ ਸੁਚ ਸੰਜਮ ਆਦਿਕ ਅਨਮਤੀ ਕਰਮਾਂ ਦੇ ਕਰਨ ਦੀ ਲੋੜ ਨਹੀਂ ਰਹਿੰਦੀ। ਕੇਵਲ ਨਾਮ ਰੂਪੀ ਹੁਕਮ ਨੂੰ ਬੁਝਣਹਾਰੇ, ਅਰਥਾਤ ਨਾਮ ਰੂਪੀ ਹੁਕਮ ਨੂੰ ਕਮਾਉਣਹਾਰੇ ਗੁਰਮੁਖ ਜਨ ਹੀ ਸਦ-ਸਦੀਵੀ ਸੁਹਾਗਵੰਤੇ ਹਨ। ਉਹ ਗੁਰਮੁਖ ਜਨ ਵਾਹਿਗੁਰੂ ਨੂੰ ਸੱਚੀ ਲਿਵਤਾਰ ਵਿਚ ਸੇਵੰਦੇ ਸਿਮਰਦੇ ਰਹਿੰਦੇ ਹਨ। ਜਿਨ੍ਹਾਂ ਗੁਰਮੁਖ ਜਨਾਂ ਉਪਰ ਗੁਰੂ ਨਾਨਕ ਸਾਹਿਬ ਦੀ ਸੱਚੀ ਮੇਹਰ-ਨਦਰ ਹੁੰਦੀ ਹੈ ਤਿਨ੍ਹਾਂ ਗੁਰਮੁਖ ਜਨਾਂ ਨੂੰ ਵਾਹਿਗੁਰੂ ਨਾਮ ਰੂਪੀ ਸੱਚੇ ਹੁਕਮ ਦਾ ਅਨੁਸਾਰੀ ਬਣਾ ਕੇ ਆਪਣੇ ਸਰੂਪ ਵਿਚ ਮਿਲਾ ਲੈਂਦਾ ਹੈ। ਹੋਰ ਸਾਰੀ ਲੁਕਾਈ ਇਸ ਨਾਮ ਰੂਪੀ ਹੁਕਮ ਦੀ ਕਮਾਈ ਤੋਂ ਘੁਥੀ ਹੀ ਫਿਰਦੀ ਰਹਿੰਦੀ ਹੈ। ਆਪੋ ਆਪਣੀ ਹਉਮੈ ਅਨੁਸਾਰੀ ਆਨਮਤੀ ਅਨਿਕ ਪ੍ਰਕਾਰ ਕਰਮਾਂ ਦੇ ਕਮਾਉਣ ਵਿਚ ਹੀ ਖਚਤ ਹੋਈ ਰਹਿੰਦੀ ਹੈ। ਨਿਤਾਪ੍ਰਤਿ ਨਾਮ ਰੂਪੀ ਹੁਕਮ ਦੀ ਖੇਡ ਤੋਂ ਵਾਂਵੇ ਹੋਏ ਜੀਵ ਹਉਮੈ ਦੇ ਕਰਮ ਹੀ ਕਮਾਉਂਦੇ ਹਨ। ਇਹ ਹਉਮੈ ਦੇ ਕਰਮ ਸਾਰੇ ਆਨਮਤੀ ਕਰਮ ਹੀ ਹਨ। ਸੱਚੀ ਗੁਰਮਤਿ ਕਰਨੀ ਤੋਂ ਘੁੱਥਿਆਂ ਹੋਇਆਂ ਮਨਮੁਖੀ ਜੀਵਾਂ ਨੂੰ ਕਦੇ ਸੱਚੇ ਸੁਖ ਪ੍ਰਾਪਤ ਹੀ ਨਹੀਂ ਹੁੰਦੇ ਅਤੇ ਉਹ ਅਭਾਗੇ ਹਉਮੈ ਗ੍ਰਸੇ ਮਨਮੁਖੀ ਪੁਰਸ਼ ਆਨਮਤੀ ਕਰਮ ਵਰਤ ਨੇਮ ਸੁੱਚ ਸੰਜਮ ਆਦਿਕ (ਜੋ ਨਿਰੇ ਪਖੰਡ ਕਰਮ ਹਨ) ਕਰਦੇ ਰਹਿੰਦੇ ਹਨ। ਇਨ੍ਹਾਂ ਦੇ ਕਰਨ ਕਰਕੇ ਇਨ੍ਹਾਂ ਮਨਮੁਖੀਆਂ ਦਾ ਹਉਮੈ ਰੂਪੀ ਭਰਮ ਜਾਂਦਾ ਹੀ ਨਹੀਂ। ਨਾਮ ਰੂਪੀ ਹੁਕਮ ਦੀ ਖੇਡ ਨੂੰ ਬੁਝਣਹਾਰੇ ਗੁਰਮੁਖ ਜਨ ਹੀ ਇਸ ਤੱਤ ਨੂੰ ਪਛਾਣ ਸਕਦੇ ਹਨ। ਇਹ ਹੁਕਮ ਦੀ ਖੇਡ ਰੂਪੀ ਨਾਮ ਪ੍ਰਸਾਦਿ ਕੇਵਲ ਸੱਚੋ ਸਤਿਗੁਰੂ,

ਸਤਿਗੁਰ ਨਾਨਕ ਸਾਹਿਬ ਦਵਾਰਾ ਹੀ ਜਾਣਿਆ ਜਾ ਸਕਦਾ ਹੈ। ਯਥਾ ਗੁਰਵਾਕ :—

ਹੁਕਮੈ ਬੂਝੈ ਤਤੁ ਪਛਾਣੈ ॥ ਇਹ ਪਰਸਾਦੁ ਗੁਰੂ ਤੇ ਜਾਣੈ...॥੨॥(੨੪)
ਮ: ੧, ਵਾਰ ਮਲਾਰ, ਪੰਨਾ ੧੨੮੯

ਜੋ ਪ੍ਰਾਣੀ ਇਸ ਹੁਕਮ ਰੂਪੀ ਸੱਚੀ ਖੇਡ ਤੋਂ ਮੁਨਹਰਫ਼ (ਮੁਨਕਰ) ਹਨ ਉਹ ਆਪਣੀ ਹਉਮੈ ਰੂਪੀ ਮੂਰਖਤਾ ਅਤੇ ਗਵਾਰਪੁਣੇ ਦੇ ਸਿਲਸਿਲੇ ਵਿਚ ਹੀ ਸਦਾ ਭੌਂਦੇ ਰਹਿੰਦੇ ਹਨ।

ਵਾਹਿਗੁਰੂ ਦੀ ਸੱਚੀ ਹੁਕਮ ਰੂਪੀ ਖੇਡ ਦੀ ਸਿਫ਼ਤ ਸਲਾਹ ਗੁਰੂ ਨਾਨਕ ਸਾਹਿਬ ਦੇ ਦਰਗਾਹੀ ਦਰਬਾਰ ਤੋਂ ਹੀ ਪ੍ਰਾਪਤ ਹੁੰਦੀ ਹੈ। ਇਹ ਸਭ ਹੁਕਮ ਦੀ ਖੇਡ ਤੋਂ ਭ੍ਰਮਣ ਦੇ ਹੀ ਕਾਰੇ ਹਨ। ਵਾਹਿਗੁਰੂ ਦੀ ਜਿਸ ਗੁਰਮੁਖ ਜਨ ਉਪਰ ਨਦਰਿ ਮਿਹਰ ਹੁੰਦੀ ਹੈ ਉਸ ਤੋਂ ਹੀ ਇਹ ਹਉਮੈ ਰੂਪੀ ਭਰਮ ਚੁਕਾਇਆ ਜਾਂਦਾ ਹੈ। ਅਜਿਹੀ ਮਨਮੁਖਤਾ ਰੂਪੀ ਭਰਮਾਂ ਦੇ ਬੰਧਨਾਂ ਤੋਂ ਜੋ ਗੁਰਮੁਖ ਜਨ ਮੁਕਤ ਹੋ ਜਾਂਦੇ ਹਨ, ਉਹੀ ਗੁਰਮੁਖ ਜਨ ਸੱਚੇ ਹੁਕਮ ਦੀ ਖੇਡ ਨੂੰ ਬੁਝ ਸਕਦੇ ਹਨ। ਤਿਨ੍ਹਾਂ ਹੁਕਮ ਦੀ ਖੇਡ ਨੂੰ ਸੱਚ-ਸਾਰਤਾ ਵਿਚ ਪਛਾਨਣਹਾਰੇ ਗੁਰਮੁਖ ਜਨਾਂ ਨੂੰ ਹੀ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ :—

ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥
ਬਸੰਤੁ ਮ: ੧, ਪੰਨਾ ੧੧੬੯

ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥(੫॥੪)
ਬਸੰਤੁ ਮ: ੩, ਪੰਨਾ ੧੧੬੯

ਇਸ ਹੁਕਮ ਦੀ ਖੇਡ ਨੂੰ ਬਿਨਾਂ ਬੁਝੇ ਤੇ ਜਾਣੇ ਦੇ ਸਭ ਕੋਈ ਇਕੋ ਅਕਾਲ ਪੁਰਖ ਦਾ ਆਪਣੀ ਮਨ-ਮੰਨੀ ਬੂਝ ਅਨੁਸਾਰ ਵਾਕਫ਼ਕਾਰ ਬਣਿਆ ਫਿਰਦਾ ਹੈ, ਪ੍ਰੰਤੂ ਜਿਸ ਗੁਰਮੁਖ ਜਨ ਨੂੰ ਇਸ ਹੁਕਮ ਰੂਪੀ ਖੇਡ ਦੀ ਸੱਚੀ ਬੁਝਾਰਤ ਗੁਰਦਵਾਰਿਓਂ (ਗੁਰੂ ਨਾਨਕ ਸਾਹਿਬ ਦੇ ਦਵਾਰਿਓਂ) ਆਉਂਦੀ ਹੈ ਤਿਸੇ ਗੁਰਮੁਖ ਜਨ ਨੂੰ ਇਹ ਸੱਚੀ ਬੁਝਾਰਤ ਰੂਪੀ ਮੁਹਾਰਤ ਦੀ ਸੱਚੀ ਸੰਞਾਣ ਹੁੰਦੀ ਹੈ ਅਤੇ ਉਹ ਵਡਭਾਗਾ ਗੁਰਮੁਖ ਜਨ ਹੁਕਮ ਦੀ ਸੱਚੀ ਖੇਡ ਨੂੰ ਬੁਝਦਾ ਹੋਇਆ ਇਕ ਅਕਾਲ ਪੁਰਖ ਦੀ ਸੱਚੀ ਮਾਹੀਅਤ (ਅਸਲੀਅਤ) ਨੂੰ ਪਛਾਣ ਸਕਦਾ ਹੈ ਅਤੇ ਇਕੋ ਅਕਾਲ ਪੁਰਖ ਦਾ ਮੰਨਣਹਾਰਾ ਬਣ ਸਕਦਾ ਹੈ। ਯਥਾ ਗੁਰਵਾਕ :—

ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
(੪॥੨॥੧੪) ਬਸੰਤੁ ਮ: ੩, ਪੰਨਾ ੧੧੭੬

ਓੜਕ ਇਸ ਹੁਕਮ ਦਵਾਰਾ ਹੀ ਸੱਚਾ ਨਿਬੇੜਾ ਹੁੰਦਾ ਹੈ। ਯਥਾ ਗੁਰਵਾਕ :—

ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ...॥੨॥(੫॥੨)
ਧਨਾਸਰੀ ਮ: ੧ ਛੰਤ, ਪੰਨਾ ੬੮੮

ਪ੍ਰੰਤੂ ਇਸ ਹੁਕਮ ਦੀ ਖੇਡ ਦੀ ਸੱਚੀ ਕਾਰ ਦਾ ਪਰਗਟ-ਪਹਾਰੇ ਜਾਪਣਾ ਵਿਰਲੇ ਗੁਰੂ-ਨਦਰਾਏ-ਗੁਰਮੁਖ ਜਨਾਂ ਨੂੰ ਹੀ ਨਸੀਬ ਹੁੰਦਾ ਹੈ, ਨਹੀਂ ਤਾਂ ਇਸ ਹੁਕਮ ਦੀ ਖੇਡ ਤੋਂ ਘੁੱਬੀ ਲੁਕਾਈ ਨੂੰ ਇਹ ਪਤਾ ਨਹੀਂ ਲਗਦਾ ਕਿ ਇਹ ਹੁਕਮ ਕੇਤੜਾ ਤੇ ਕੇਵਡ ਵੱਡਾ ਹੈ ਅਤੇ ਇਸ ਹੁਕਮ ਦੀ ਖੇਡ ਦੀ ਕਾਰ ਆਪੋਂ ਕਹੀ ਹੀ ਨਹੀਂ ਜਾ ਸਕਦੀ। ਯਥਾ ਗੁਰਵਾਕ :—

ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ...॥੧॥(੧੧)

ਵਾਰ ਸਾਰੰਗ, ਸਲੋਕੁ ਮ: ੧, ਪੰਨਾ ੧੨੪੧

ਗੁਰਮਤਿ ਨਾਮ ਦਾ ਧਿਆਵਣਾ ਹੀ ਸਭ ਤੋਂ ਵਡੀ ਕਾਰ ਹੈ ਅਤੇ ਹੁਕਮਨ ਸਿਰ ਹੁਕਮ ਵਾਲੀ ਸੱਚੀ ਖੇਡ ਹੈ। ਯਥਾ ਗੁਰਵਾਕ :—

ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ॥

ਸਿਰੀਰਾਗ ਕੀ ਵਾਰ, ਪਉੜੀ ੧੫, ਪੰਨਾ ੮੯

ਇਹ ਬੰਦਾ ਹੁਕਮ ਦਾ ਬੱਧਾ ਹੋਇਆ, ਹੁਕਮ ਦੀ ਖੇਡ ਦਾ ਰੁਧਾ ਹੋਇਆ, ਹੁਕਮੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਸੰਸਾਰ ਵਿਚ ਆਉਂਦਾ ਜਾਂਦਾ ਹੈ। ਵਾਹਿਗੁਰੂ ਨਾਮ ਰੂਪੀ ਖੇਡ ਦਵਾਰਾ ਹੀ ਸਭਨਾਂ ਜੀਵ ਜਗਿਆਸੂਆਂ ਨੂੰ ਸਵਾਰਦਾ ਉਧਾਰਦਾ ਹੈ। ਤਾਂਤੇ ਨਾਮ-ਭਿੰਨੜੀ ਹੁਕਮ ਵਾਲੀ ਖੇਡ ਹੀ ਸਭ ਤੋਂ ਅਫ਼ਜ਼ਲ (ਸਰਬੋਤਮ) ਹੈ। ਯਥਾ ਗੁਰਵਾਕ :—

ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ...॥੩॥(੫॥੨)

ਧਨਾਸਰੀ ਮ: ੧ ਛੰਤ, ਪੰਨਾ ੬੮੮

ਪੂਰੇ ਗੁਰੂ ਦਵਾਰਾ ਹੀ ਨਾਮ ਰੂਪੀ ਸੱਚੀ ਹੁਕਮ ਵਾਲੀ ਖੇਡ ਮਿਲਦੀ ਹੈ ਅਤੇ ਹੁਕਮ ਦੀ ਖੇਡ ਅੰਦਰ ਹੀ ਨਾਮ ਦੀ ਸੱਚੀ ਕਮਾਈ ਕਰ ਕੇ ਸੱਚੇ ਵਾਹਿਗੁਰੂ ਵਿਚ ਸਮਾਈਦਾ ਹੈ। ਯਥਾ ਗੁਰਵਾਕ :—

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੧॥

ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੦

ਹੁਕਮ ਦੀ ਖੇਡ ਵਾਲੀ ਗਤਿ ਮਿਤਿ ਨਾਮ ਗੁਰਮੰਤਰ-ਮਈ ਦੀਖਿਆ ਦਵਾਰਾ ਹੀ ਪਾਈਦੀ ਹੈ। ਗੁਰਮੁਖਾਂ ਵਾਲੀ ਸੱਚੀ ਕਾਰ ਨਾਮ ਰੂਪੀ ਸੱਚੀ ਖੇਡ ਹੀ ਹੈ, ਜਿਸ ਨਾਮ ਰੂਪੀ ਹੁਕਮ ਦਵਾਰਾ ਹੀ ਜਗਿਆਸੂ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਹੀ ਸਮੌਂ ਜਾਂਦਾ ਹੈ। ਤਾਂਤੇ ਨਾਮ ਮਈ ਸੱਚੀ ਹੁਕਮ ਦੀ ਖੇਡ ਦਵਾਰਾ ਹੀ ਆਉਂਦਾ ਜਾਂਦਾ ਹੈ। ਯਥਾ ਗੁਰਵਾਕ :—

ਹੁਕਮੇ ਆਵੈ ਹੁਕਮੇ ਜਾਵੈ ॥ ਬੂਝੈ ਹੁਕਮੁ ਸੁ ਸਾਚਿ ਸਮਾਵੈ ॥

 www.sikhbookclub.com

ਨਾਨਕ ਸਾਚੁ ਮਿਲੈ ਮਨ ਭਾਵੈ ਗੁਰਮੁਖਿ ਕਾਰ ਕਮਾਈ ਹੇ ॥੧੬॥੫॥
ਮਾਰੂ ਮ: ੧, ਪੰਨਾ ੧੦੨੫

ਇਹ ਵਾਹਿਗੁਰੂ ਦੇ ਹੁਕਮ ਦੀ ਖੇਡ ਹੀ ਹੈ ਕਿ ਜਗਿਆਸੂ ਨੂੰ ਦਿਨ ਰਾਤ ਸਾਸ ਗਿਰਾਸ ਨਾਮ ਜਪਾਂਦੀ ਹੈ। ਤਾਂਤੇ ਨਾਮ ਜਪਣਾ ਹੀ ਹੁਕਮ ਦੀ ਸੱਚੀ ਖੇਡ ਹੈ। ਹੁਕਮ ਦੀ ਖੇਡ ਵਾਲੀ ਸੱਚੀ ਦਾਤਿ ਤਿਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਉਪਰ ਗੁਰੂ ਨਾਨਕ ਸਾਹਿਬ ਦੀ ਨਦਰ ਹੋਵੇ। ਯਥਾ ਗੁਰਵਾਕ :–

ਹੁਕਮੇ ਨਾਮੁ ਜਪੈ ਦਿਨੁ ਰਾਤਿ ॥ ਨਾਨਕ ਜਿਸ ਨੋ ਹੋਵੈ ਦਾਤਿ...॥੨॥
(੧੧) ਮ: ੫, ਵਾਰ ਰਾਮਕਲੀ, ਪੰਨਾ ੯੬੨

ਤਾਂਤੇ ਇਹ ਭਲੀ ਪ੍ਰਕਾਰ ਸਿਧ ਹੋਇਆ ਕਿ ਨਾਮ ਅਰਾਧਣਾ ਹੀ ਹੁਕਮ ਦੀ ਸੱਚੀ ਖੇਡ ਵਿਚ ਪਾਜਣਾ ਹੈ (ਲਿਵਲੀਨ ਹੋਣਾ ਹੈ)। ਹੁਕਮ ਦੀ ਖੇਡ ਅਤੇ ਨਾਮ ਅਰਾਧਣ ਵਾਲੀ ਸੱਚੀ ਕਾਰ ਵਿਚ ਰੰਚਕ ਵੀ ਫਰਕ ਨਹੀਂ। ਜੋ ਗੁਰਮੁਖ ਜਨ ਨਾਮ ਜਪ ਜਪ ਕੇ ਵਾਹਿਗੁਰੂ ਨਾਮੀ ਵਿਚ ਸਮਾ ਜਾਂਦਾ ਹੈ ਉਹ ਜਨ ਹੁਕਮ ਦੀ ਖੇਡ ਵਾਲੀ ਹੀ ਸੱਚੀ ਕਾਰ ਕਮਾਂਵਦਾ ਹੈ। ਧੁਰੋਂ ਆਈ ਹੁਕਮ ਦੀ ਖੇਡ ਵਾਲੀ ਕਾਰ ਤੱਤ ਸਾਰ ਨਾਮ ਜਪਣਾ ਹੀ ਹੈ। ਤਾਂਤੇ ਜੋ ਗੁਰਮੁਖ ਜਨ ਨਾਮ ਜਪਣ ਵਾਲੀ ਸੱਚੀ ਕਾਰ ਕਮਾਉਂਦੇ ਹਨ ਉਹ ਵਾਸਤਵ ਵਿਚ ਹੁਕਮ ਦੀ ਖੇਡ ਵਿਚ ਹੀ ਜਾਇ ਸਮਾਉਂਦੇ ਹਨ। ਨਾਮ ਰੂਪੀ ਸੱਚੀ ਕਾਰ ਕਮਾਉਂਦੇ ਹੋਏ ਉਹ ਬੈਖ਼ੀਦ ਬੰਦੇ ਸਦਾ ਹੁਕਮ ਦੀ ਖੇਡ ਵਾਲੀ ਸੱਚੀ ਕਾਰ ਵਿਚ ਹੀ ਲੀਨ ਰਹਿੰਦੇ ਹਨ। ਸਾਹਿਬ ਸੱਚੇ ਵਾਹਿ-ਗੁਰੂ ਦਾ ਹੁਕਮ ਮਨ ਬਚਨ ਕਰਮ ਕਰਕੇ ਪਛਾਨਣਹਾਰੇ ਉਹੀ ਗੁਰਮੁਖ ਜਨ ਹਨ, ਜੋ ਹੁਕਮ ਦੀ ਸੱਚੀ ਖੇਡ ਨੂੰ ਪਛਾਣਦੇ ਹਨ। ਹੁਕਮ ਦੀ ਖੇਡ ਵਿਚ ਹੀ ਉਹ ਸਦਾ ਤ੍ਰਿਪਤਾਉਂਦੇ ਹਨ ਅਤੇ ਸਾਸ ਗਿਰਾਸ ਨਾਮ ਜਪਦੇ ਹੋਏ ਮੌਲਦੇ ਹੀ ਰਹਿੰਦੇ ਹਨ। ਸਫਲ ਕਮਾਈ ਤਿਨ੍ਹਾਂ ਗੁਰਮੁਖ ਜਗਿਆਸੂਆਂ ਦੀ ਹੀ ਥਾਇ ਪੈਂਦੀ ਹੈ ਜੋ ਨਾਮ ਕਮਾਵਣ ਰੂਪੀ ਹੁਕਮ ਦੀ ਸੱਚੀ ਖੇਡ ਨੂੰ ਇਕ-ਮਿਕ ਕਰਕੇ ਜਾਣਦੇ ਹਨ ਅਤੇ ਨਾਮ ਕਮਾਵਣ ਵਾਲੀ ਕਾਰ ਨੂੰ ਹੀ ਹੁਕਮ ਵਾਲੀ ਸੱਚੀ ਖੇਡ ਮਨ-ਬਚਨ-ਕਰਮ ਕਰਕੇ ਜਾਣਦੇ ਪਛਾਣਦੇ ਹਨ। ਗੁਰਮਤਿ ਅੰਦਰ ਹੁਕਮ ਦੀ ਖੇਡ ਅਤੇ ਗੁਰਮਤਿ ਨਾਮ ਕਮਾਵਣ ਵਾਲੀ ਕਾਰ ਭਿੰਨ ਭਿੰਨ ਨਹੀਂ, ਇਕੋ ਹੀ ਸਾਰ-ਗ੍ਰਾਹੀ ਅਰਥ ਦੋਹਾਂ ਦੇ ਹਨ। ਭਾਵ ਨਾਮ ਅਰਾਧਣਾ ਹੀ ਹੁਕਮ ਦੀ ਖੇਡ ਵਿਚ ਵਰਤਣਾ ਹੈ। ਜਿਨ੍ਹਾਂ ਗੁਰਮੁਖ ਜਨਾਂ ਤੋਂ ਗੁਰੂ ਵਾਹਿਗੁਰੂ ਨੇ ਨਾਮ ਜਪਾ ਲਿਆ ਤਿਨ੍ਹਾਂ ਨੂੰ ਹੁਕਮ ਮੰਨਣ ਵਾਲੀ ਸੱਚੀ ਖੇਡ ਵਿਚ ਸਮਾ ਲਿਆ।

ਹੁਕਮ ਮੰਨਣ ਵਾਲੇ ਗੁਰਮੁਖ ਜਨ ਹੀ ਇਸ ਸੰਸਾਰ ਸਾਗਰ ਦੀ ਸਾਰ-ਗ੍ਰਾਹੀ ਸੇਵਾ ਲਈ, ਸਿਮਰਨ ਸੇਵਨ ਵਾਲੇ, ਸੱਚੀ ਹੁਕਮ ਦੀ ਖੇਡ ਦੇ ਅਸਲ ਕਾਰਿੰਦੇ (ਕਾਰ ਕਮਾਵਣ ਵਾਲੇ) ਹਨ। ਸਭ ਕੁਛ ਵਾਹਿਗੁਰੂ ਦੇ ਹੁਕਮ ਦੀ ਖੇਡ ਵਿਚ ਹੀ

ਵਰਤ ਰਿਹਾ ਹੈ। ਸਭ ਤੋਂ ਉਚੇਰਾ ਹੁਕਮ ਵਾਹਿਗੁਰੂ ਦਾ ਨਾਮ ਜਪਣਾ ਹੀ ਹੈ।

ਤਾਂਤੇ ਗੁਰਬਾਣੀ ਅੰਦਰ ਜਿਥੇ ਕਿਥੇ ਵੀ ਹੁਕਮ ਦੀ ਖੇਡ ਵਾਲੇ ਵਰਤਾਰੇ ਦਾ ਜ਼ਿਕਰ ਆਉਂਦਾ ਹੈ ਉਸ ਤੋਂ ਸਪੱਸ਼ਟ ਭਾਵ ਨਾਮ ਦੇ ਜਪਣ ਅਰਾਧਣ ਦਾ ਹੀ ਹੈ। ਜਿਸ ਗੁਰਮੁਖ ਜਗਿਆਸੂ ਨੇ ਨਾਮ ਜਪਣ ਵਾਲੀ ਸੱਚੀ ਕਾਰ-ਕਮਾਈ ਕਰ ਲਈ ਉਸੇ ਨੇ ਹੀ ਹੁਕਮ ਦੀ ਖੇਡ ਵਾਲੀ ਸੱਚੜੀ ਦਾਤਿ ਵਰ ਲਈ। ਹੁਕਮ ਦੀ ਖੇਡ ਵਿਚ ਵਰਤਣਾ ਨਾਮ-ਨਿਧਾਨੀ ਸੱਚੜੀ ਕਾਰ-ਕਮਾਈ ਕਰਨਾ ਹੀ ਹੈ।

ਅੰਤੀ ਹੁਕਮ ਦੀ ਖੇਡ ਦਾ ਨਿਬੇੜਾ ਨਾਮ ਜਪਣ ਦੀ ਸੱਚੀ ਕਾਰ ਤੇ ਹੀ ਮੁਨਹੱਸਰ ਹੈ। ਇਸ ਨਿਬੇੜ ਦਵਾਰਾ ਹੀ ਸਮੁੱਚਾ ਭਰਮ ਚੁਕਿਆ ਜਾਂਦਾ ਹੈ। ਇਹ ਭਰਮ ਗੁਰੂ ਦਵਾਰਾ ਹੀ ਚੁਕਾਇਆ ਜਾ ਸਕਦਾ ਹੈ, ਗੁਰੂ ਦੇ ਹੁਕਮ ਵਾਲੀ ਖੇਡ ਮੰਨ ਕੇ ਹੀ। ਗੁਰੂ ਸੱਚਾ ਪਾਤਸ਼ਾਹ ਆਪਣੇ ਨਾਮ ਵਾਲੀ ਸੱਚੀ ਅਕੱਥ ਕਥਾ ਨੂੰ ਕਥ ਕੇ ਹੀ ਇਹ ਸਭ ਭਰਮ ਚੁਕਾਇੰਦਾ ਹੈ ਅਤੇ ਸੱਚ ਵਖਰ ਨਾਮ ਨੂੰ ਜਪਾ ਜਪਾ ਕੇ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਸਮਾਈ ਕਰਾਂਵਦਾ ਹੈ। ਆਪ ਹੀ ਵਾਹਿਗੁਰੂ ਸੱਚਾ ਪਾਤਸ਼ਾਹ ਹੁਕਮ ਵਾਲੀ ਸੱਚੀ ਖੇਡ ਨੂੰ ਉਪਾਇੰਦਾ ਹੈ, ਆਪ ਹੀ ਵਾਹਿਗੁਰੂ ਨਾਮ ਵਾਲੇ ਸੱਚੇ ਹੁਕਮ ਵਿਚ ਗੁਰਮੁਖ ਜਗਿਆਸੂ ਜਨ ਨੂੰ ਜਾਇ ਸਮਾਇੰਦਾ ਹੈ। ਸੋਈ ਜਨ ਹੀ ਹੁਕਮੀ ਵਾਹਿਗੁਰੂ ਦੇ ਸੱਚੇ ਹੁਕਮ ਦੀ ਖੇਡ ਨੂੰ ਹਕੀਕਤ ਵਿਚ ਪਛਾਣ ਸਕਦਾ ਹੈ। ਯਥਾ ਗੁਰਵਾਕ –

> ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥
> ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥
> ਆਪਿ ਉਪਾਇ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ...॥੨॥(ਪ॥੨)
> ਧਨਾਸਰੀ ਮ: ੧ ਛੰਤ, ਪੰਨਾ ੬੮੮

ਬੱਸ ਏਥੇ ਹੀ ਹੁਕਮ ਦੀ ਖੇਡ ਦਾ ਨਿਬੇੜਾ ਸਮਝਣਾ ਉਚਿਤ ਹੈ ਅਤੇ ਏਥੇ ਹੀ ਹੁਕਮ ਖੇਡ ਵਾਲੇ ਮਜ਼ਮੂਨ ਨੂੰ ਨਿਬੇੜਿਆ ਜਾਂਦਾ ਹੈ।

## ੨੩

# ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ

ਸਾਹਿਬੇ ਕਮਾਲ ਨਿਰੰਕਾਰ ਗੁਰੂ ਸਾਹਿਬ ਨੇ, ਗੁਰੂ ਅਵਤਾਰੀ ਧੁਰ ਅਰਸ਼ਾਰੀ, ਧੁਰ ਦਰਬਾਰੀ ਗੁਰੂ ਸਾਹਿਬ ਨੇ ਧੁਰ-ਧੁਰੰਧਰੀ ਜੈ-ਬਿਜੈ-ਨਿਸ਼ਾਨੀ ਨਿਰੰਕਾਰੀ ਝੰਡਾ ਝੁਲਾਇਆ। ਖਾਲਸਾ ਪੰਥ ਦੀ ਅਬਚਲ ਨੀਂਹ ਕਾਇਮ ਦਾਇਮ ਰਖਣ ਲਈ ਨਾਮ ਖੜਗੇਸ਼ੀ ਤੇ ਬੀਰਤਾ ਮੁਕਤੇਸ਼ੀ ਦੋ ਧਾਰਾਂ ਵਾਲੇ ਖੰਡੇ ਦੇ ਨਾਲ ਚਕ੍ਰਵਰਤੀ ਰਾਜ ਦਾ ਠਹਿਰਾਨ ਠਹਿਰਾਇਆ, ਜਿਥੇ ਗੁਰੂ ਬਾਬੇ ਨਾਨਕ ਨੇ ਨਵਾਂ ਖੰਡਾਂ ਵਿਚ ਹਲੇਮੀ ਰਾਜ ਪੱਕਾ ਕਰਨ ਦਾ ਧੁਰਵਾ ਵੀ ਬੰਨ੍ਹਿਆ। ਇਸੇ ਕਰਕੇ ਹੀ ਖਾਲਸਈ ਅਕਾਲੀ ਝੰਡਾ ਨਵਖੰਡੀ ਫਹਿਰਕੇ ਵਾਲਾ ਝੰਡਾ ਹੈ। ਫਹਿਰਕੇ ਦੇ ਬਸੰਤੀ ਤੇ ਸੁਰਮਈ ਰੰਗ ਦੇ ਝੁਲਾਰੇ ਪ੍ਰਮਾਰਥੀ ਅਤੇ ਸੁਰਮਤਾਈ ਜੈ-ਬਿਜੈ ਦੇ ਸੰਬੋਧਕ ਹਨ। ਇਹ ਖਾਲਸਈ ਝੰਡਾ ਹੈ ਕਿ ਦੀਨ ਦੁਨੀ ਦੀ ਧੁਜਾ ਹੈ।

ਸ੍ਰੀ ਗੁਰੂ ਸਾਹਿਬ ਜੀ ਦਾ ਹੁਕਮ-ਨਿਸ਼ਾਨੀ ਹੋਣ ਕਰਕੇ ਇਸ ਝੰਡੇ ਦਾ ਨਾਮ 'ਨਿਸ਼ਾਨ ਸਾਹਿਬ' ਹੈ। ਸਾਹਿਬ ਗੁਰੂ ਅਕਾਲ ਦਾ ਜੋ ਨਿਸ਼ਾਨ, ਸੋ ਕਹੀਏ ਨਿਸ਼ਾਨ ਸਾਹਿਬ। ਇਸੇ ਨੇ ਹੀ ਜੁਗੋ ਜੁਗ ਅਟੱਲ ਰਹਿਣਾ ਹੈ ਅਤੇ ਅਟੱਲਤਾ ਸਹਿਤ ਸਾਰੇ ਜਹਾਨ ਤੇ ਝੂਲਣਾ ਹੈ। ਇਹ ਸਾਰੇ ਜਹਾਨ ਦਾ ਸਾਂਝਾ ਜੈ-ਬਿਜਈ ਝੰਡਾ ਨਿਸ਼ਾਨ ਸਾਹਿਬ ਹੈ। ਸ੍ਰੀ ਅਕਾਲ ਤਖ਼ਤ ਤੇ ਸ੍ਰੀ ਸੱਚਖੰਡੀ ਹਰਿਮੰਦਰ ਸਾਹਿਬ ਦੇ ਵਿਚਕਾਰ ਤੇ ਸਨਮੁਖ "ਗਡ ਥੰਮ੍ਹ ਅਹਲੇ" ਹੋਣ ਕਰਕੇ ਇਹ ਖਾਲਸਾ ਜੀ ਦੀ ਮੀਰੀ ਤੇ ਪੀਰੀ ਦਾ ਤੇ "ਦੀਨ ਦੁਨੀ ਦੀ ਸਾਹਿਬੀ" ਦਾ ਸੱਚਾ ਪਾਤਸ਼ਾਹੀ ਨਿਸ਼ਾਨ ਸਾਹਿਬ ਹੈ। ਇਸ ਖਾਲਸਈ ਨਿਸ਼ਾਨ ਸਾਹਿਬ ਦੇ ਸਿਰਮੌਰੀ ਖੰਡੇ ਦੀਆਂ ਦੋਈ ਧਾਰਾਂ, ਦੋ ਜਹਾਨਾਂ ਦੇ ਸਰ ਕਰਨ ਲਈ ਚੜ੍ਹਦੀ ਕਲਾ ਦੀਆਂ ਲਖਾਇਕ ਹਨ।

ਇਸ ਨਿਸ਼ਾਨ ਸਾਹਿਬ ਦੇ ਸਾਇਆ ਤਲੇ (ਤਾਅਬੇ ਹੋ ਕੇ) ਘਟ-ਜੋਤਿ-ਜਗਾਰੀ ਤੇ ਜੁਝ-ਜੁਝਾਰੀ ਖਾਲਸਾ ਜੀ ਨੇ ਵਧਣਾ ਫੂਲਣਾ ਤੇ ਮੌਲਣਾ ਹੈ। ਖਾਲਸਾ ਜੀ ਦਾ ਜਾਹੋ-ਜਲਾਲ (ਤੇਜ ਪ੍ਰਤਾਪ) ਇਸੇ ਝੰਡੇ ਦੀ ਬਰਕਤ ਤੇ ਕਮਾਲ ਨਾਲ ਹੀ ਲਾਯਜ਼ਾਲ (ਸਦੈਵੀ) ਤੇ ਲਾਜ਼ਵਾਲ (ਅਸਥਿਰ) ਰਹਿਣਾ ਹੈ। ਕਦੇ ਜ਼ਵਾਲ ਆਉਣਾ ਹੀ ਨਹੀਂ। ਅਜਿਹੇ ਜ਼ੁਲ-ਜਲਾਲ ਅਕਾਲੀ ਝੰਡੇ ਦੇ ਤੁੱਲ ਮਾਨਵੀ ਕ੍ਰਿਤ ਦਾ ਹੋਰ ਕੋਈ ਝੰਡਾ ਨਹੀਂ

 www.sikhbookclub.com

ਹੋ ਸਕਦਾ। ਜਿਸ ਤਰ੍ਹਾਂ ਸਤਿਨਾਮ ਦੇ ਮੁਕਾਬਲੇ ਤੇ ਸਭ ਕਿਰਤਮ ਨਾਮ ਤੁੱਛ ਹਨ ਇਸੇ ਤਰ੍ਹਾਂ ਅਕਾਲੀ ਝੰਡੇ ਦੇ ਸਾਹਮਣੇ ਹੋਰ ਸਭ ਝੰਡੇ ਮਾਤ ਹਨ। ਖੰਡਾ ਕੀ ਹੈ, ਨਾਮ ਰੂਪ ਹੈ। "ਨਾਮ ਕੇ ਧਾਰੇ ਖੰਡ ਬ੍ਰਹਮੰਡ"* ਤੇ "ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ"† ਦਾ ਭਾਵ ਇਕ ਹੀ ਹੈ।

ਇਹ ਨਿਸਚੇ ਕਰਕੇ ਜਾਣੋ ਕਿ ਅਕਾਲੀ ਝੰਡਾ ਸਭ ਤੋਂ ਸ੍ਰੇਸ਼ਟ ਤੇ ਦੀਨ ਦੁਨੀਆ ਦੀ ਧੁਜਾ ਹੈ। ਇਹ ਝੰਡਾ ਅਕਾਲੀ ਹੈ ਤੇ ਅਕਾਲ ਦੇ ਹੁਕਮ ਨਾਲ ਹੀ ਸਾਜਿਆ ਗਿਆ ਹੈ। ਬਾਕੀ ਸਭ ਝੰਡੇ ਮਨੁੱਖੀ ਕ੍ਰਿਤ ਦੇ ਹੋਣ ਕਰਕੇ ਤੁੱਛ ਹਨ।

---

*ਗਉੜੀ ਸੁਖਮਨੀ ਮ: ੫, ਅੰਕ ੫ (੧੬) ਪੰਨਾ ੨੮੪

†ਚੰਡੀ ਦੀ ਵਾਰ, ਪਉੜੀ ੨

 www.sikhbookclub.com

## ੨੪

# ਨੌਂ-ਖੰਡੀ ਝੰਡਾ ਝੂਲੇ !

ਸੱਚੇ ਪਾਤਸ਼ਾਹ ਜੀ ਦਾ ਨੌਂ-ਖੰਡੀਂ ਝੰਡਾ ਝੁਲੇਗਾ, ਝੂਲ ਕੇ ਰਹੇਗਾ ।

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥

ਅਸਲ ਵਿਚ ਭਗਉਤੀ ਅਤੇ ਖੰਡੇ ਵਿਚ ਕੋਈ ਫ਼ਰਕ ਨਹੀਂ ਹੈ । ਪਹਿਲੇ ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ ਸਿਮਰ ਕੈ" ਖੰਡੇ ਦਾ ਹੀ ਹੈ । ਸੱਚੇ ਪਾਤਸ਼ਾਹ ਨੇ ਭਗਉਤੀ ਰੂਪੀ ਖੰਡਾ ਸਾਜ ਕੇ ਹੀ ਦੈਂਤਾਂ ਦਾ ਨਾਸ਼ ਕਰਾਇਆ । ਨਹੀਂ ਤਾਂ ਬਪੁੜੀ ਦੁਰਗਾ ਵਿਚ ਕੁਝ ਸਮ੍ਰਥਾ ਹੈ ਨਹੀਂ ਸੀ । ਉਨ੍ਹਾਂ ਨੂੰ ਨਾਸ ਕਰਾਵਣਹਾਰ ਸੱਚੇ ਪਾਤਸ਼ਾਹ ਦਾ ਖੰਡਾ ਹੀ ਸੀ ।

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥<br>
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥<br>
ਸਿੰਧ ਪਰਬਤ ਮੇਦਨੀ ਬਿਨੁ ਥੰਮਾਂ ਗਗਨਿ ਰਹਾਇਆ ॥<br>
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥<br>
ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ ॥<br>
ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਿਸਿਰੁ ਘਾਇਆ ॥<br>
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀਂ ਪਕੜਿ ਗਿਰਾਇਆ ॥<br>
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥<br>
ਕਿਨੀ ਤੇਰਾ ਅੰਤ ਨ ਪਾਇਆ ॥੨॥

ਚੰਡੀ ਦੀ ਵਾਰ, ਪਾ: ੧੦

ਸੱਚੇ ਪਾਤਸ਼ਾਹ ਦੇ ਖੰਡੇ ਦਾ ਭਾਵ ਅਤਿ ਵਡੇ ਵਡੇ ਦੇਵਤੇ ਨਹੀਂ ਲੈ ਸਕੇ । ਸੋਈ ਖੰਡਾ "ਪ੍ਰਥਮ ਭਗਉਤੀ" ਦੇ ਅਰਥ ਵਿਚ ਹੈ । ਤਾਂਤੇ ਪਹਿਲੀ ਭਗਉਤੀ ਦਾ ਅਰਥ ਸਾਫ਼ ਖੰਡਾ ਹੈ, ਜੋ ਜ਼ਰੂਰ ਖੜਕ ਕੇ ਰਹੇਗਾ । ਉਹ ਜੋ ਭਸੌੜੀਏ "ਪ੍ਰਿਥਮ ਭਗਉਤੀ" ਦਾ ਅਰਥ ਕਰਦੇ ਹਨ, ਉਹ ਬਿਲਕੁਲ ਅਨਰਥ ਹੈ । ਸਤਿਨਾਮ ਵਾਹਿਗੁਰੂ ! ਵਾਹਿਗੁਰੂ ਦਾ ਵਿਸ਼ੇਸ਼ਣ ਸਤਿਨਾਮ ਹੈ । ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ" ਦੇ ਅਰਥਾਂ ਵਿਚ ਤਦੇ ਫਬਦਾ ਹੈ ਕਿ ਸੱਚੇ ਪਾਤਸ਼ਾਹ ਦਸਮੇਸ਼ ਗੁਰੂ ਦੇ ਫਬਾਇਆ ਫਬਦਾ ਹੈ । ਇਸ ਭਗਉਤੀ ਦੇ ਅਰਥ ਖੰਡਾ ਲਏ ਜਾਣ । ਗੁਰੂ ਦਸਮੇਸ਼

 www.sikhbookclub.com

ਜੀ ਦਾ ਸਾਜਿਆ ਖੰਡਾ ਵਾਹਿਗੁਰੂ ਦਾ ਨਾਮ ਹੀ ਹੈ । ਗੁਰੂ ਨਾਨਕ ਸਾਹਿਬ ਜੀ ਨੇ ਏਸੇ ਖੰਡੇ "ਵਾਹਿਗੁਰੂ" ਨਾਮ ਨੂੰ ਧਿਆਇਆ। "ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ"। ਬਾਕੀ ਦਾ ਸ਼ਬਦ-ਅਰਥ ਇਸੇ ਵੀਚਾਰ ਨਾਲ ਵੀਚਾਰੋ, "ਪ੍ਰਿਥਮ ਭਗਉਤੀ ਸਿਮਰ ਕੈ" ਦਾ ਹੀ ਹੈ। ਬਪੁੜੀ ਦੁਰਗਾ ਅਤੇ ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਆਦਿਕ ਦੀ ਕੀ ਪ੍ਰੁਖੋਂ ਸੀ ਕਿ ਆਪੋਂ ਹੀ ਉਹ ਕੁਝ ਕਰ ਸਕਦੇ। ਇਹ ਗੁਰੂ ਦਸਮੇਸ਼ ਜੀ ਦੇ ਵਾਹਿਗੁਰੂ ਨਾਮ ਰੂਪੀ ਖੰਡੇ ਦਾ ਪ੍ਰਤਾਪ ਹੀ ਸੀ ਜਿਸ ਨੇ ਸਭ ਕਲਾ ਵਰਤਾਈ।

ਤਾਂਤੇ ਭਗਉਤੀ ਦਾ ਅਰਥ ਗੁਰ ਦਸਮੇਸ਼ ਜੀ ਦੇ ਦਰਸਾਏ ਅਰਥਾਂ ਵਿਚ ਨਿਰਾ ਨਾਮ ਰੂਪੀ ਖੰਡਾ ਹੀ ਹੈ, ਜੋ ਅਵੱਸ਼ ਝੂਲੇਗਾ ਅਤੇ ਝੂਲ ਕੇ ਰਹੇਗਾ। ਇਹ ਕੇਵਲ ਨਾਮ ਰੂਪੀ ਸੱਚੀ ਭਗਉਤੀ ਮਈ ਖੰਡੇ ਦਾ ਪ੍ਰਤਾਪ ਹੀ ਸੀ, ਜਿਸ ਨੇ ਦੁਰਗਾ ਆਦਿਕ ਬਪੁੜੀ ਨੂੰ ਸੱਚਾ ਬਲ ਬਖ਼ਸ਼ਿਆ । ਭਗਉਤੀ ਦੇ ਅਰਥਾਂ ਵਿਚ ਦੂਜੀ ਭਗਉਤੀ ਦੇਵੀ ਕੋਈ ਮਾਅਨੇ ਨਹੀਂ ਰਖਦੀ । ਕੀ ਦੁਰਗਾ ਨੇ ਸੱਚੇ ਖੰਡੇ ਦੇ ਨਾਮ ਦਾ ਬਲ ਹੁੰਦਿਆਂ ਹੋਇਆਂ ਦੂਜੀ ਭਗਉਤੀ "ਸ੍ਰੀ ਸਾਹਿਬ" ਹੱਥ ਵਿਚ ਲਈ ? ਕਦਾਚਿੱਤ ਨਹੀਂ । ਬਲਕਿ ਸ੍ਰੀ ਦਸਮੇਸ਼ ਪਾਤਸ਼ਾਹ ਦਾ ਬਲ-ਬੁੱਤਾ ਬਖ਼ਸ਼ੇ ਹੋਏ ਵਾਹਿਗੁਰੂ ਨਾਮ ਖੰਡੇ ਨੂੰ ਹੀ ਪ੍ਰਿਥਮ ਭਗਉਤੀ ਦਾ ਵਰ ਬਖ਼ਸ਼ਿਆ।

"ਲਈ ਭਗਉਤੀ ਦੁਰਗਸ਼ਾਹ"* ਦਾ ਅਰਥ ਹੀ ਕੋਈ ਨਹੀਂ ਰਹਿੰਦਾ। ਦਸਮੇਸ਼ ਸਾਹਿਬ ਜੀ ਦੇ ਗੁਰ-ਅਰਥਾਂ ਵਿਚ ਹੋਰ ਕੋਈ ਭਗਉਤੀ ਨਾਮ ਕਿਸ ਤਰ੍ਹਾਂ ਹੋ ਸਕਦੀ ਹੈ। ਤਾਂਤੇ "ਲਈ ਭਗਉਤੀ ਦੁਰਗਸ਼ਾਹ" ਐਵੇਂ ਕਹਾਵਤੀ ਹੋ ਜਾਂਦੀ ਹੈ। ਸ੍ਰੀ ਦਸਮੇਸ਼ ਪਾਤਸ਼ਾਹ ਦੇ ਅਰਥਾਂ ਵਿਚ ਬਖ਼ਸ਼ੀ ਹੋਈ ਭਗਉਤੀ ਨਾਮ ਰੂਪੀ ਭਗਉਤੀ ਹੀ ਹੈ । ਭਗਉਤੀ ਦੇ ਅਰਥਾਂ ਵਿਚ ਭਗਉਤੀ ਦੇਵੀ ਸ੍ਰੀ ਸਾਹਿਬ ਭਗਉਤੀ ਦੇ ਨਹੀਂ। ਭਸੌੜੀਆਂ ਦੀ ਫ਼ਜ਼ੂਲ ਜਿਹੀ ਕਾਢ ਹੈ।

ਭਗਉਤੀ ਨੇ "ਸ੍ਰੀ ਸਾਹਿਬ" ਭਗਉਤੀ ਕੀ ਫੜਨੀ ਸੀ। ਇਹ ਸਭ ਚਲਿਤ ਰਚਾਇਆ ਸ੍ਰੀ ਦਸਮੇਸ਼ ਜੀ ਨੇ, ਜਿਸ ਤਰ੍ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕਾ ਫੇਰ ਕੇ ਜ਼ਾਹਰ ਕਲਾ ਵਰਤਾਈ। ਅੱਜ ਕੱਲ੍ਹ ਦੇ ਨਵੀਨ ਕਾਢੂ ਇਹੋ ਕਹਿੰਦੇ ਹਨ, ਬੜੇ ਬੜੇ ਗਿਆਨੀ ਇਹੋ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਮੱਕਾ ਨਹੀਂ ਫੇਰਿਆ, ਲੋਕਾਂ ਦੇ ਦਿਲ ਫੇਰ ਦਿੱਤੇ। ਇਸ ਗੱਲ ਨੂੰ ਨਵੀਂ ਰੋਸ਼ਨੀ ਵਾਲੇ ਛੇਤੀ ਕਬੂਲ ਕਰ ਲੈਂਦੇ ਹਨ। ਸ੍ਰੀ ਗੁਰੂ ਨਾਨਕ ਸੱਚੇ ਪ੍ਰਾਤਸ਼ਾਹ ਨੇ ਦਿਲ ਆਦਿ ਨਹੀਂ ਫੇਰੇ, ਮੱਕਾ ਫੇਰ ਦਿਤਾ ਤੇ ਹੁਣ ਤਕ ਫਿਰਿਆ ਹੋਇਆ ਹੈ, ਤੇ ਜ਼ਾਹਰ ਕਲਾ ਦਿਸ

* ਚੰਡੀ ਦੀ ਵਾਰ, ਪਉੜੀ ਪ੩

 www.sikhbookclub.com

ਰਹੀ ਹੈ। ਗੁਰੂ ਨਾਨਕ ਸਾਹਿਬ ਦਾ ਰਾਜ ਨਵਾਂ ਖੰਡਾਂ ਵਿਚ ਫੈਲ ਰਿਹਾ ਹੈ ਅਤੇ ਹੁਣ ਤਕ ਫੈਲ ਰਿਹਾ ਹੈ, ਕਿਸੇ ਦਾ ਹਟਾਇਆ ਨਹੀਂ ਹਟ ਸਕਦਾ । ਇਸੇ ਤਰ੍ਹਾਂ ਗੁਰੂ ਦਸਮੇਸ਼ ਜੀ ਦਾ ਦਰਸਾਇਆ ਖੰਡਾ ਨਵਾਂ ਖੰਡਾਂ ਵਿਚ ਝੂਲੇਗਾ ਅਤੇ ਕਿਸੇ ਦਾ ਮਿਟਾਇਆ ਨਹੀਂ ਮਿਟ ਸਕਦਾ । ਦ੍ਰਿਸ਼ਟ ਕੂਟ ਦਾ ਲੱਖਣ ਗੁਰੂ ਨਾਨਕ ਦਸਮੇਸ਼ ਜੀ ਹੀ ਲਾ ਸਕਦੇ ਹਨ ਕਿ ਕਦੋਂ ਇਹ ਖੰਡਾ ਵਰਤੇਗਾ । ਸਾਡੇ ਪਾਸ ਤਾਂ ਇਨ੍ਹਾਂ ਸ਼ਬਦਾਂ ਦੀ ਰੌਸ਼ਨੀ ਵਿਚ ਹੀ ਇਹ ਸਬੂਤ ਕਾਫ਼ੀ ਹੈ ਕਿ ਨੌਂ-ਖੰਡੀ ਝੰਡਾ ਸ੍ਰੀ ਦਸਮੇਸ਼ ਜੀ ਦਾ ਜ਼ਰੂਰ ਵਰਤੇਗਾ ਅਤੇ ਐਸਾ ਵਰਤੇਗਾ ਕਿ ਇਕ ਦਿਨ ਦੁਨੀਆ ਯਾਦ ਕਰੇਗੀ। ਵਰਤਦਾ ਕਦੋਂ ਹੈ ਅਤੇ ਕਿਸ ਘੜੀ ਹੈ, ਇਸ ਗੱਲ ਦਾ ਟੀਚਾ ਗੁਰੂ ਨਾਨਕ ਦਸਮੇਸ਼ ਸੱਚੇ ਪਾਤਸ਼ਾਹ ਹੀ ਲਾ ਸਕਦੇ ਹਨ। ਸਾਨੂੰ ਤਾਂ ਇਤਨਾ ਯਕੀਨ ਹੀ ਕਾਫ਼ੀ ਹੈ ਕਿ ਖੰਡਾ ਜ਼ਰੂਰ ਵਰਤੇਗਾ ਅਤੇ ਨਵਾਂ ਖੰਡਾਂ ਵਿਚ ਵਰਤੇਗਾ।

## ੨੫

# ਭਗਉਤੀ ਸਬੰਧੀ ਮਹਾਂ ਅਗਿਆਨ ਭਰਿਆ ਭੁਲੇਖਾ

ਅੱਜ ਸਾਡੀਆਂ ਨਜ਼ਰਾਂ ਵਿਚ ਦੀ 'ਨਿਰਭੈ ਖਾਲਸਾ' ਦੇ ਐਡੀਟਰ ਮਾ: ਨਿਰੰਜਨ ਸਿੰਘ ਦਾ ਪਦ 'ਭਗਉਤੀ' ਦੇ ਗੁਮਰਾਹਕੁਨ ਭਾਵ-ਅਰਥਾਂ ਦਾ ਇੱਕ ਲੇਖ ਗੁਜ਼ਰਿਆ, ਜਿਸ ਨੂੰ ਪੜ੍ਹ ਕੇ ਲੇਖਕ ਦੀ ਅਗਿਆਨ ਬਿਰਤੀ ਤੇ ਬੜਾ ਹੀ ਤਰਸ ਆਇਆ। ਬਹੁਤਾ ਤਰਸ ਉਨ੍ਹਾਂ ਸਿੱਧੇ ਸਾਦੇ ਲੋਕਾਂ ਤੇ ਆਇਆ ਹੈ ਜਿਨ੍ਹਾਂ ਉਪਰ ਇਸ ਲੇਖ ਨੂੰ ਪੜ੍ਹ ਸੁਣ ਕੇ ਗੁਮਰਾਹੀ ਭਰਿਆ ਅਸਰ ਅਵੱਸ਼ ਹੋਇਆ ਹੋਵੇਗਾ। ਇਹ ਪੰਚ-ਖੰਡੀਆ ਅਗਿਆਨੀ ਮਾਸਟਰ ਇਕ ਪ੍ਰਕਾਰ ਸਮੂਹ ਪੰਥ ਦੇ ਮੰਨੇ ਦੰਨੇ ਅਰਦਾਸੇ ਉਪਰ ਅਟੈਕ ਕਰਦਾ ਹੈ; ਪਰ ਇਸ ਨੂੰ ਪਤਾ ਨਹੀਂ ਕਿ ਖਾਲਸਈ ਸਪਿਰਿਟ ਅਤੇ ਸੀਰਤ ਮੁੱਢੋਂ ਹੀ ਬੀਰਤਾ ਭਰੇ ਵਸਵਸੇ ਅਤੇ ਵਲਵਲੇ ਵਾਲੀ ਰਹੀ ਹੈ। ਇਸ ਨੂੰ ਸ੍ਰੀ ਦਸਮੇਸ਼ ਜੀ ਨੇ ਇਸ ਸ੍ਰੀ ਮੁਖਵਾਕ ਦੀ ਇਸ ਪਹਿਲੀ ਤੁਕ ਵਿਖੇ ਹੀ ਦਰਸਾ ਅਤੇ ਦ੍ਰਿਸ਼ਟਾ ਦਿਤਾ ਹੋਇਆ ਹੈ। ਯਥਾ :—

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥

ਕ੍ਰਿਸ਼ਨਾ ਅਵਤਾਰ, ਅੰਕ ੨੪੯੨

ਇਸ ਯੁੱਧ ਮਈ ਬੀਰਤਾ ਭਰੀ ਖਾਲਸਈ ਸਪਿਰਿਟ ਨੂੰ ਗੁਰੂ ਘਰ ਵਿਖੇ ਮੁੱਢ ਤੋਂ ਹੀ ਅਪਣਾਇਆ ਗਿਆ ਹੈ । ਭਾਵ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਭ ਗੁਰੂ ਪਾਤਸ਼ਾਹੀਆਂ ਨੇ ਪ੍ਰੋੜ੍ਹਤਾ ਕੀਤੀ ਹੈ। ਨਾਮ ਦਾ ਖੰਡਾ ਖੜਕਾ ਕੇ ਪਹਿਲੇ ਪਹਿਲ ਅਸੀਂ ਮਨ ਨਾਲ ਯੁੱਧ ਕਰਨਾ ਹੈ ਅਤੇ ਆਪਣੇ ਚਿਤ ਵਿਖੇ ਮਨ ਨੂੰ ਪ੍ਰਬੋਧਣ ਅਤੇ ਸੋਧਣ ਦੀ ਚੜ੍ਹਦੀ ਕਲਾ ਵਾਲੀ ਬਿਰਤੀ ਸਦਾ ਹੀ ਧਾਰੀ ਰੱਖਣੀ ਹੈ । ਇਹ ਨਾਮ ਰੂਪੀ ਖੰਡਾ ਹੀ ਸੱਚੀ ਭਗਉਤੀ ਹੈ। ਨਾਮ ਦਾ ਸਿਮਰਨ ਹੀ ਭਗਉਤੀ ਦਾ ਸਿਮਰਨ ਹੈ। ਗੁਰਮਤਿ ਨਾਮ ਇਕ ਅਜਿਹੀ ਅਕਲ ਕਲਾ ਮਈ ਸ਼ਕਤੀ ਹੈ ਜਿਸ ਨੂੰ ਕਿ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਵਿਖੇ ਇਸ ਬਿਧਿ ਵਿਦਤਾਇਆ ਹੈ। ਯਥਾ :—

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥...
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥(੧੬)

ਗਉੜੀ ਸੁਖਮਨੀ ਮ: ੫. ਪੰਨਾ ੨੮੪

ਜ਼ਰਾ ਗਹੁ ਕਰਕੇ ਦੇਖੋ ਕਿ ਇਸ ਗੁਰਵਾਕ ਵਿਖੇ ਨਾਮ ਅਭਿਆਸ ਰੂਪੀ ਖੰਡੇ ਦੀ ਕੈਸੀ ਆਕ੍ਰਖਣ ਸ਼ਕਤੀ ਦਰਸਾਈ ਗਈ ਹੈ। ਇਸ ਖੜਗੇਸ਼ੀ ਨਾਮ ਦੀ ਕਲਾ ਵਿਚ ਵਰਤਣ ਵਾਲੇ ਅਤੇ ਚੌਥੇ ਪਦ ਵਿਚ ਖੇਡਣ ਵਾਲੇ ਗੁਰਮੁਖਿ ਜਨ ਹੀ ਇਸ ਬੁਝਾਰਤ ਨੂੰ ਬੁਝ ਸਕਦੇ ਹਨ। ਸ਼ੁਸ਼ਕ ਬਿਰਤੀ ਵਾਲੇ ਅਲਪੱਗ ਅਗਿਆਨੀਆਂ ਨੂੰ ਇਸ ਪਦ ਦੇ ਬੋਧ ਦਾ ਕੀ ਪਤਾ ਲਗ ਸਕਦਾ ਹੈ! ਬੜੇ ਬੜੇ ਸਾਇੰਸਦਾਨ ਇਥੇ ਮਾਤ ਹਨ। ਉਹ ਆਪੋ ਆਪਣੀ ਅਲਪੱਗ ਬੁਧੀ ਦੁਆਰਾ ਕੇਵਲ ਇਤਨਾ ਹੀ ਅਨੁਮਾਨ ਲਾ ਸਕਦੇ ਹਨ ਕਿ ਇਹ ਜੋ ਆਗਾਸ ਪਾਤਾਲ ਅਤੇ ਤਾਰਾ-ਗਣ ਮਈ ਪੁਰੀਆਂ ਜੋ ਸਾਨੂੰ ਨਜ਼ਰ ਆਉਂਦੀਆਂ ਹਨ, ਇਹ ਕਿਸੇ ਅਗੰਮੀ ਆਕ੍ਰਖਣ ਕਲਾ ਦਵਾਰਾ ਹੀ ਧਾਰੀਆਂ ਖੜੋ-ਤੀਆਂ ਹਨ। ਪਰੰਤੂ ਇਹ ਕੇਵਲ ਗੁਰਮਤਿ ਪ੍ਰਬੋਧਨੀ ਹੀ ਸਰਬੱਗਤਾ ਹੈ ਕਿ ਜਿਸ ਦਵਾਰਾ ਸਪੱਸ਼ਟ ਸਿੱਧ ਹੋ ਜਾਂਦਾ ਹੈ ਕਿ ਨਾਮ ਰੂਪੀ ਕਲਾ ਦੇ ਤੁਫ਼ੈਲ ਹੀ ਇਹ ਸਾਰਾ ਆਕਾਰ ਬੰਨ੍ਹਿਆ ਖੜਾ ਹੈ ਤੇ ਅਸਮਾਨ ਵਿਚ ਦਿਸਣਹਾਰੇ ਸੂਰਜ, ਚੰਦ, ਤਾਰੇ ਏਸੇ ਹੀ ਨਾਮ-ਕਲਾ ਦੇ ਧਾਰੇ ਖੜੇ ਹਨ। ਵਾਕਈ ਨਾਮੀ (ਵਾਹਿਗੁਰੂ ਅਕਾਲ ਪੁਰਖ) ਅਤੇ ਨਾਮ ਵਿਚ ਕੋਈ ਭੇਦ ਨਹੀਂ। ਨਾਮੀ ਅਕਾਲ ਪੁਰਖ ਦਾ ਸਰਗੁਣ ਸਰੂਪੀ ਜ਼ਹੂਰ ਜੋ ਹੋਇਆ ਤਾਂ ਕੇਵਲ ਨਾਮ ਦੀ ਜੋਤਿ-ਖੜਗੇਸ਼ੀ-ਕਲਾ ਦਵਾਰਾ ਹੀ ਹੋਇਆ। ਐਨ ਏਸੇ ਭਾਵ ਨੂੰ ਦਰਸਾਉਂਦੇ ਹੋਏ ਸ੍ਰੀ ਦਸਮੇਸ਼ ਜੀ ਨੇ ਨਿਜ ਸ੍ਰੀ ਮੁਖਵਾਕ ਦਵਾਰਾ ਕਿਆ ਖ਼ੂਬ ਮੰਡਨ ਕੀਤਾ ਹੈ। ਯਥਾ :—

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭੁ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਿਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤ ਨ ਪਾਇਆ ॥੨॥

ਚੰਡੀ ਦੀ ਵਾਰ, ਪਾ: ੧੦

ਇਸ ਗੁਰਵਾਕ ਦੇ ਭਾਵ ਤੋਂ ਸਾਫ਼ ਸਿੱਧ ਹੋਇਆ ਕਿ ਅਕਾਲ ਪੁਰਖ ਜੀ ਨੇ ਇਸ ਸਾਰੀ ਕਾਇਨਾਤ ਦਾ ਮੂਲ ਉਪਾਵਣ ਲਈ, ਇਹ ਸਾਰੀ ਰਚਨਾ ਰਚਾਵਣ ਲਈ ਨਾਮ ਰੂਪੀ ਖੰਡੇ ਦੀ ਸਾਜਨਾ ਸਾਜੀ ਤੇ ਨਿਜ ਸਾਜਨਾ ਨਾਲੋਂ ਨਾਲ ਹੀ ਸਾਜੀ। ਜੈਸਾ ਕਿ ਸ੍ਰੀ ਆਸਾ ਜੀ ਦੀ ਵਾਰ ਦੇ ਇਸ ਗੁਰਵਾਕ ਦਾ ਭਾਵ ਹੈ। ਯਥਾ :—

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥

ਆਸਾ ਦੀ ਵਾਰ, ਪਉੜੀ ੧, ਪੰਨਾ ੪੬੩

ਸਾਫ਼ ਸਿਧ ਹੋਇਆ ਕਿ ਇਹ ਸਾਰਾ ਬਲ ਕਲਾ ਸ਼ਕਤੀ ਮਈ ਮੂਲ ਨਾਮ ਖੰਡੇ ਦਾ ਹੀ ਜ਼ਹੂਰ ਹੈ। ਏਸੇ ਨਾਮ ਮਈ ਖੰਡੇ ਸ਼ਕਤੀ ਮਈ ਭਗਉਤੀ ਨੂੰ ਹੀ ਗੁਰੂ ਕੇ ਸਿੱਖਾਂ ਅਤੇ ਸਿੰਘਾਂ ਨੇ ਹਰਦਮ ਸਿਮਰਨਾ ਹੈ ਅਤੇ ਸਭ ਤੋਂ ਪ੍ਰਿਥਮ ਮੁਖ ਕਰਕੇ ਏਸੇ ਖੰਡਾ-ਖੜਗੇਸ਼ੀ-ਸ਼ਕਤੀ (ਭਗਉਤੀ) ਨੂੰ ਸਨਮੁਖ ਰਖਣਾ ਹੈ।

ਸ੍ਰੀ ਦਸਮੇਸ਼ ਜੀ ਨੇ ਗੁਰਸਿੱਖਾਂ ਪ੍ਰਤੀ ਕਿਆ ਖ਼ੂਬ ਅਰਦਾਸ ਕਰਨੀ ਸਿਖਾਈ ਕਿ ਸੂਰਬੀਰਤਾ ਮਈ ਭਗਉਤੀ (ਕਲਾ) ਨੂੰ ਹੀ ਸਦਾ ਚੇਤੇ ਰੱਖੋ ਅਤੇ ਮੁਢ ਵਿਚ ਇਸੇ ਨਾਮ ਖੜਗੇਸ਼ੀ ਭਗਉਤੀ (ਕਲਾ) ਦਾ ਹੀ ਸਿਮਰਨ ਕਰੋ। ਏਸੇ ਭਗਉਤੀ-ਕਲਾ ਦਾ ਸਿਮਰਨ ਚਿਤ ਵਿਚ ਵਸਾਉਂਦੇ ਹੋਏ, ਹੇ ਖ਼ਾਲਸਾ ਜਨ ! ਤੂੰ ਗੁਰੂ ਨਾਨਕ ਦਾ ਧਿਆਨ ਧਰ।

"ਲਈ ਧਿਆਇ" ਪਾਠ ਸ਼ੁਧ ਨਹੀਂ ਹੈ, "ਲਈਂ ਧਿਆਇ" ਪਾਠ ਸ਼ੁਧ ਹੈ। ਏਸੇ ਪ੍ਰਕਾਰ ਏਸ ਅਰਦਾਸ ਵਿਚ ਆਏ ਸਾਰੇ ਗੁਰੂ ਸਾਹਿਬਾਨ ਨੂੰ ਧਿਆਵਣਾ ਹੈ। ਏਸੇ ਪ੍ਰਕਾਰ ਦਸੇ ਗੁਰੂ ਪਾਤਸ਼ਾਹੀਆਂ ਨਾਮ ਸਿਮਰਨਹਾਰੇ, ਨਾਮ ਦਾ ਖੰਡਾ ਖੜਕਾਣ-ਹਾਰੇ ਖ਼ਾਲਸਾ ਜੀ ਨੂੰ ਸਹਾਈ ਹੋਣਗੀਆਂ।

ਗੁਰੂ ਦਸਮੇਸ਼ ਪਾਤਸ਼ਾਹ ਨੇ ਅਕਾਲ ਪੁਰਖ ਨੂੰ "ਸਰਬ ਕਾਲ" ਅਤੇ "ਸਰਬ ਲੋਹ" ਦੇ ਨਾਮ ਨਾਲ ਸੰਕੇਤ ਕੀਤਾ ਹੈ ਅਤੇ "ਖੜਗ ਕੇਤ" ਦੇ ਨਾਮ ਨਾਲ ਵੀ ਸੰਕੇਤ ਕੀਤਾ ਹੈ। ਏਸੇ ਖੜਗਕੇਤੀ ਸੰਕੇਤਕ ਪਦ ਦਾ ਕਲਾਧਾਰੀ ਨਾਮ ਸ੍ਰੀ ਦਸਮੇਸ਼ ਜੀ ਨੇ 'ਭਗਉਤੀ' ਪਦ ਦੇ ਨਾਮ ਨਾਲ ਵਿਦਤਾਇਆ ਹੈ।

ਮੂੜ੍ਹ ਮਤ ਅਗਿਆਨੀਆਂ ਨੂੰ ਸ੍ਰੀ ਕਲਗੀਧਰ ਜੀ ਦੇ ਇਨ੍ਹਾਂ ਸੰਕੇਤੀ ਚੋਜਾਂ ਦੀ ਕੀ ਸਾਰ ! ਉਹ ਤਾਂ ਆਪੋ ਆਪਣੀ ਅਲਪੱਗ ਮਤਿ ਅਨੁਸਾਰ (ਜੋ ਨਿਰੀ ਮਨਮਤਿ ਹੈ), 'ਭਗਉਤੀ' ਪਦ ਦੇ ਦੇਵੀ ਆਦਿਕ ਅਰਥ ਲਾ ਕੇ ਆਮ ਸਿਖ-ਸ਼੍ਰੇਣੀ ਨੂੰ ਭੁਚਲਾ ਰਹੇ ਹਨ ਅਤੇ ਆਪ ਭੀ ਤੱਤ ਗੁਰਮਤਿ ਤੋਂ ਔਝੜ ਜਾ ਰਹੇ ਹਨ। ਖੰਡਾ-ਖੜਗੇਸ਼ੀ-ਗੁਰਮੁਖ-ਜਨਾਂ ਨੂੰ ਹੀ ਇਸ ਭਗਉਤੀ ਮਈ ਅਰਦਾਸ ਦੀ ਸਾਰ ਹੈ। ਮੂੜ੍ਹ ਮਤੀ ਅਗਿਆਨੀ ਜਨ ਕੀ ਸਾਰ ਜਾਣਨ !

ਤਾਂਤੇ ਸ੍ਰੀ ਦਸਮੇਸ਼ ਮੁਖਵਾਕ ਦਾ ਅਰਦਾਸਾ "ਪ੍ਰਿਥਮ ਭਗਉਤੀ ਸਿਮਰ ਕੈ

 www.sikhbookclub.com

ਗੁਰੂ ਨਾਨਕ ਲਈਂ ਧਿਆਇ'' ਤੋਂ ਅਰੰਭ ਹੋ ਕੇ ਕਾਇਮ ਦਾਇਮ ਹੈ। ਇਸ ਦੀ ਕਾਂਟ ਛਾਂਟ ਕਰਨੀ ਮਨਮੱਤੀਆਂ ਦਾ ਹੀ ਕੰਮ ਹੈ। 'ਭਗਉਤੀ' ਪਦ ਤੋਂ ਭਾਵ ਸਾਫ਼ ਨਾਮ ਰੂਪੀ ਖੰਡੇ ਦਾ ਹੈ। ਤਿਸ ਨੂੰ ਕੋਈ ਮਨਮਤੀ ਕਾਂਟ ਛਾਂਟ ਕਰ ਕੇ ਆਪਣੇ ਨਿਜ ਘੜਤ ਪਦਾਂ ਵਿਚ ਨਹੀਂ ਬਦਲ ਸਕਦਾ, ਜੈਸੇ ਇਹ ਮਨਮਤੀ ਪਰਪੰਚ ਖੰਡੀ ਬਦਲਣ ਦੀ ਹਮਾਕਤ ਕਰਦੇ ਹਨ ਅਤੇ ਆਪਣੇ ਅਲਪੱਗ ਬੁਧੀ ਵਾਲੇ ਅਰਥਾਂ ਦੀ ਇਬਾਰਤ ਤਰੋੜ ਮਰੋੜ ਕੇ ਮਨ-ਘੜਤ ਅਰਦਾਸਾ ਬਣਾਉਂਦੇ ਹਨ। ਗੁਰਮਤਿ ਭਾਵ ਵਾਲੀ ਭਾਵਨਾ ਤੋਂ ਦੂਰ ਜਾ ਰਹੇ ਹਨ ਤੇ ਲੋਕਾਂ ਨੂੰ ਔਝੜ ਪਾ ਰਹੇ ਹਨ। ਸ੍ਰੀ ਦਸਮੇਸ਼ ਜੀ ਦੇ ਮੁੱਢਲੇ ਅਸੂਲਾਂ ਪਰ ਕੁਹਾੜਾ ਚਲਾ ਰਹੇ ਹਨ। ਅਸੀਂ ਇਸ ਅਰਦਾਸ ਦੀ ਤੱਤ ਗੁਰਮਤਿ ਮਾਹੀਯਤ ਸੰਬੰਧੀ ਫਿਰ ਵੀ ਲੇਖ ਲਿਖਾਂਗੇ ਤੇ ਲਿਖਦੇ ਰਹਾਂਗੇ।

# ੨੬

## ਭਗਉਤੀ ਪਦ ਦਾ ਤੱਤ ਗੁਰਮਤਿ ਅਨੁਸਾਰ ਯਥਾਰਥ ਨਿਰਣਾ

ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਜੀ ਨੂੰ ਅਨੇਕਾਂ ਖੰਡੇ-ਖੜਗੇਸ਼ੀ, ਤੇਜ ਪ੍ਰਤਾਪੀ, ਤੇਜੱਸਵੀ ਨਾਵਾਂ ਨਾਲ ਸੰਕੇਤ ਕੀਤਾ ਹੈ। ਜੈਸਾ ਕਿ :–

ਅਸਿ ਧੁਜ ਜੀ, ਸ੍ਰੀ ਕਾਲ ਜੀ, ਖੜਗ ਕੇਤ ਜੀ, ਅਸਿਪਾਨ ਜੀ, ਖੜਗੇਸ਼ ਜੀ, ਮਹਾਂ ਕਾਲ ਜੀ ਆਦਿਕ ਅਨੇਕਾਂ ਨਾਮ ਸ੍ਰੀ ਦਸਮੇਸ਼ ਮੁਖਵਾਕ ਬਾਣੀ ਵਚਿੱਤ੍ਰ ਨਾਟਕ ਵਿਖੇ ਆਉਂਦੇ ਹਨ ਅਤੇ ਕਿਤੇ ਵੀ ਦੇਵੀ ਦੇ ਅਰਥਾਂ ਵਿਚ 'ਭਗਉਤੀ' ਪਦ ਨੂੰ ਨਹੀਂ ਵਰਤਿਆ। ਸ੍ਰੀ ਅਕਾਲ ਪੁਰਖ ਜੀ ਖੜਗਕੇਤ ਪਾਸੋਂ, ਖੰਡੇ-ਖੜਗੇਸ਼ੀ ਨਾਮ ਦੀ ਦੀਖਿਆ ਲੈ ਕੇ ਜਦੋਂ ਦੁਰਗਾ ਨੇ ਹੱਥ ਵਿਚ ਭਗਉਤੀ (ਸ੍ਰੀ ਸਾਹਿਬ) ਫੜੀ ਤਾਂ ਸਰਬੱਤ੍ਰ ਦੈਂਤਾਂ ਰਾਖਸ਼ਾਂ ਦਾ ਦਾਹ (ਨਾਸ਼) ਹੋਇਆ। ਜੈਸਾ ਕਿ :–

ਤੈ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸੁ ਕਰਾਇਆ ॥੨॥

ਚੰਡੀ ਦੀ ਵਾਰ, ਪਾ: ੧੦

ਰੂਪੀ ਸ੍ਰੀ ਗੁਰੂ ਦਸਮੇਸ਼ ਮੁਖਵਾਕ ਵਿਖੇ ਵਰਨਣ ਹੈ। ਅਕਾਲ ਪੁਰਖ ਜਿਸ ਨੂੰ ਬਲ-ਬਖਸ਼ੇ ਤੇ ਆਪਣਾ ਤੇਜੱਸਵੀ ਬਲ ਪ੍ਰਦਾਨ ਕਰੇ, ਓਸੇ ਤੋਂ ਹੀ ਦੁਸ਼ਟਾਂ ਦੈਂਤਾਂ ਦੇ ਵਿਨਾਸ਼ ਕਰਨ ਦੀ ਸੇਵਾ ਲੈ ਸਕਦਾ ਹੈ। ਐਥੋਂ ਤਾਈਂ ਕਿ :–

ਨੀਕੀ ਕੀਰੀ ਮਹਿ ਕਲ ਰਾਖੈ ॥
ਭਸਮ ਕਰੈ ਲਸਕਰ ਕੋਟਿ ਲਾਖੈ ॥੫॥(੧੭)

ਗਉੜੀ ਸੁਖਮਨੀ ਮ: ੫, ਪੰਨਾ ੨੮੫

ਗੁਰਵਾਕ ਦੇ ਭਾਵ ਅਨੁਸਾਰ ਕਲਾਧਾਰੀ ਅਕਾਲ ਪੁਰਖ ਜੇ ਨਿੱਕੀ ਜਿਹੀ ਕੀੜੀ ਨੂੰ ਬਲ ਪ੍ਰਦਾਨ ਕਰੇ ਤਾਂ ਉਸ ਕੀੜੀ ਵਿਚ ਕਲਾ-ਕ੍ਰਿਸ਼ਮੀ ਤੇਜੱਸਵੀ ਬਲ ਪਾ ਕੇ, ਉਸੇ ਕੀੜੀ ਪਾਸੋਂ ਲੱਖਾਂ ਕਰੋੜਾਂ ਦੂਤੀ ਲਸ਼ਕਰਾਂ ਨੂੰ ਛਨਾਹ ਤੇ ਭਸਮ ਕਰਾ ਸਕਦਾ ਹੈ।

ਦੁਰਗਾ ਨੂੰ ਮਹਿਜ਼ ਇਕ ਤ੍ਰੀਮਤ ਮਤ ਖ਼ਿਆਲ ਕਰੋ, ਦੇਵੀ ਮਤ ਖ਼ਿਆਲ ਕਰੋ, ਉਸ ਅੰਦਰ ਅਕਾਲ ਪੁਰਖ ਨੇ ਕਲਾ-ਕ੍ਰਿਸ਼ਮੀ ਤੇ ਆਕ੍ਰਖਣੀ ਬਲ ਪਾਇਆ ਤਾਂ ਅਨੇਕਾਂ ਸਮੂਹ ਦੈਂਤਾਂ ਦਾ ਨਾਸ਼ ਕਰਾਇਆ। ਇਸ ਕਲਾ-ਕ੍ਰਿਸ਼ਮੀ ਬਲ ਬਿਹੂਣ ਤੇ ਖੜਗ-ਪ੍ਰਤਾਪੀ-ਦੀਖਿਆ ਹੀਣ ਭਾਵੇਂ ਲੱਖ ਕੋਟਿ ਖੂਹਣੀਆਂ ਦੇ ਲਸ਼ਕਰਾਂ ਦੇ ਲਸ਼ਕਰ ਹੋਣ, ਉਹਨਾਂ ਤੋਂ ਕੁਝ ਵੀ ਨਹੀਂ ਸਰ ਸਕਦਾ। ਭਾਵੇਂ ਅਜਿਹੇ ਨਿਗੁਰੇ, ਗੁਰ-ਦੀਖਿਆ-


www.sikhbookclub.com

ਹੀਣ ਛਸ਼ਕਰਾਂ ਦੇ ਅਮੱਗਰ ਨਿਪੁੰਸਕ ਅਖੌਤੀ ਜੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਕਿਉਂ ਨਾ ਫੜਾਈਆਂ ਜਾਣ। ਇਹੋ ਕਾਰਨ ਹੈ ਕਿ ਸ਼ਸਤਰ ਰੂਪੀ ਸ੍ਰੀ ਸਾਹਿਬ (ਭਗਉਤੀ) ਤੋਂ ਸ੍ਰੀ ਦਸਮੇਸ਼ ਜੀ ਦੇ ਸਾਜੇ ਨਿਵਾਜੇ ਖਾਲਸਾ ਜੀ ਹੀ ਵਰੋਸਾਏ ਗਏ ਅਤੇ ਹੁਣ ਵੀ ਵਰੋਸਾਏ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ ਤੇ ਛਕਿਆ ਹੋਇਆ ਹੁੰਦਾ ਹੈ। ਬਿਨਾਂ ਤਿਸ ਖੰਡੇਧਾਰ ਪਾਹੁਲ ਛਕੇ ਦੇ, ਖੰਡੇ ਖੜਗੇਸੀ ਗੁਰ-ਦੀਖਿਆ ਲਏ ਦੇ, ਇਹ ਸ੍ਰੀ ਸਾਹਿਬ ਰੂਪੀ ਤਲਵਾਰ ਯੁੱਧ ਵਿਖੇ ਕਿਸੇ ਦੇ ਕੰਮ ਨਹੀਂ ਆ ਸਕਦੀ। ਜਿਨ੍ਹਾਂ ਨੂੰ ਖੰਡੇ ਪ੍ਰਤਾਪੀ ਸ੍ਰੀ ਸਾਹਿਬ ਦਾ ਸਨਮਾਨ ਤੇ ਗੁਰਮਤਿ ਸਤਿਕਾਰ ਹੈ, ਉਨ੍ਹਾਂ ਦੇ ਹੱਥਾਂ ਵਿਚ ਆਇਆਂ ਹੀ ਸ੍ਰੀ ਸਾਹਿਬ ਸੱਚਾ ਸ਼ੋਭਨੀਕ ਖੰਡੇਧਾਰ ਵਾਹ ਦਾਹ ਦਾ ਕੰਮ ਲੈ ਸਕਦੀ ਹੈ। ਸ੍ਰੀ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤੇ ਹਨ :—

ਅਸਿ ਕ੍ਰਿਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥੩॥

ਸ਼ਸਤ੍ਰਨਾਮਾ, ਦਸਮ ਗ੍ਰੰਥ

ਸੋ ਸ੍ਰੀ ਦਸਮੇਸ਼ ਜੀ ਨੇ ਸਮੂਹ ਸ਼ਸਤਰਾਂ ਦਾ ਯਥਾ ਜੋਗ ਸਨਮਾਨ ਸਤਿਕਾਰ ਐਥੋਂ ਤਕ ਕੀਤਾ ਹੈ ਕਿ ਸ਼ਸਤਰਾਂ ਨੂੰ ਪੀਰ ਕਰਕੇ ਪੂਜਣ ਦੀ ਸਿੱਖਿਆ ਦਿੱਤੀ ਹੈ। ਪਰ ਇਸ ਦਾ ਅਰਥ ਇਹ ਹਰਗਿਜ਼ ਨਹੀਂ, ਜੈਸੇ ਕਿ ਅੱਜ ਕਲ੍ਹ ਦੇ ਧੁਰ ਤੋਂ ਬਿਗੜੇ ਹੋਏ ਹਿੰਦੂ ਖ਼ਿਆਲਾਂ ਵਾਲੇ ਲਹੂ ਦਾ ਤਿਲਕ ਸ਼ਸਤਰਾਂ ਨੂੰ ਲਾ ਕੇ ਪੂਜਦੇ ਹਨ। ਇਹ ਉਨ੍ਹਾਂ ਦੀ ਨਿਰੀ ਮਨਮਤਿ ਹੈ।

ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਤੇਜ ਪ੍ਰਤਾਪੀ ਸ਼ਸਤਰ ਸਨਮਾਨਕ ਖੜਗਧਾਰੀ ਸਿੰਘਾਂ ਦੇ ਹੱਥਾਂ ਵਿਚ ਆਈ ਤਲਵਾਰ ਹੀ ਸੱਚੀ ਭਗਉਤੀ (ਸ੍ਰੀ ਸਾਹਿਬ) ਦਾ ਕੰਮ ਦੇ ਸਕਦੀ ਹੈ। ਸ੍ਰੀ ਅਕਾਲ ਪੁਰਖ ਖੜਗਕੇਤ ਦੀ ਬਖਸ਼ੀ ਹੋਈ ਖੰਡਾ-ਖੜਗੇਸ਼ੀ-ਕਲਾ ਦਾ ਨਾਮ ਹੀ ਭਗਉਤੀ ਹੈ। ਭਗਉਤੀ ਦੇ ਅਰਥ ਦੇਵੀ ਦੇ ਕਰਨੇ ਨਿਰੇ ਮਨਮਤੀ ਅਗਿਆਨੀ ਪੁਰਸ਼ਾਂ ਦਾ ਕੰਮ ਹੈ। "ਲਈ ਭਗਉਤੀ ਦੁਰਗਸ਼ਾਹ"* ਦੇ ਅਰਥ ਹਰਗਿਜ਼ ਇਹ ਨਹੀਂ ਹੋ ਸਕਦੇ ਕਿ ਦੁਰਗਾ ਰੂਪੀ ਦੇਵੀ ਨੇ ਹੱਥ ਵਿਚ ਦੇਵੀ ਫੜੀ। ਤਾਂਤੇ ਇਹ ਸਿੱਧ ਹੋਇਆ ਕਿ ਸ੍ਰੀ ਦਸਮੇਸ਼ ਜੀ ਨੇ ਕਿਤੇ ਵੀ ਭਗਉਤੀ ਦੇ ਅਰਥ ਦੇਵੀ ਦੇ ਨਹੀਂ ਕੀਤੇ। ਇਹ ਨਿਰੇ ਮਨਮਤੀ ਅਗਿਆਨੀਆਂ ਦੀ ਕਾਢ ਹੈ।

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥

ਕ੍ਰਿਸ਼ਨਾ ਅਵਤਾਰ, ਅੰਕ ੨੪੯੨

ਵਾਲੇ ਕਲਾਧਾਰੀ ਖਾਲਸਾ ਜੀ ਦੇ ਹੱਥਾਂ ਵਿਚ ਹੀ ਇਹ ਭਗਉਤੀ ਸ੍ਰੀ ਸਾਹਿਬ ਹੋ ਕੇ

---

* ਚੰਡੀ ਦੀ ਵਾਰ, ਪਉੜੀ ੫੩

ਸੋਂਹਦੀ ਹੈ। ਸਿਰਾਂ ਧੜਾਂ ਦੀ ਬਾਜ਼ੀ ਲਾਉਣ ਵਾਲੇ ਸ੍ਰੀ ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤ-ਪਾਨੀ-ਸਿੰਘ ਹੀ ਭਗਉਤੀ ਪਦ ਦੇ ਇਨ੍ਹਾਂ ਕ੍ਰਿਸ਼ਮਕ ਅਰਥਾਂ ਨੂੰ ਜਾਣ ਸਕਦੇ ਹਨ। ਹੋਰਨਾਂ ਨੂੰ ਕੀ ਸੂਝ ਹੈ।

ਮੂੜ੍ਹ ਅਗਿਆਨੀ, ਜੋ ਗੁਰਮਤਿ ਬਾਣੀ ਦੇ ਤੱਤ ਅਰਥਾਂ ਤੋਂ ਅਗਿਆਤ ਹਨ, ਉਹ ਤਾਂ ਸ੍ਰੀ ਦਸਮੇਸ਼ ਜੀ ਦੇ ਇਸ ਮੁਖਵਾਕ "ਮਹਾਂ ਕਾਲ ਕਾਲਕਾ ਅਰਾਧੀ"* ਦੇ ਅਰਥ ਵੀ ਇਸ ਪ੍ਰਕਾਰ ਅਰਥਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ "ਮਹਾ ਕਾਲ" ਤੇ "ਕਾਲਕਾ ਦੇਵੀ" ਦਾ ਅਰਾਧਨ ਕੀਤਾ। ਹਾਲਾਂਕਿ ਤੱਤ ਗੁਰਮਤਿ ਅਰਥ ਇਹ ਹਨ ਕਿ ਸ੍ਰੀ ਦਸਮੇਸ਼ ਜੀ ਨੇ ਮਹਾਂ ਕਾਲ ਰੂਪੀ ਕਾਲਕਾ ਨੂੰ ਅਰਾਧਨ ਕੀਤਾ। ਮਹਾਂ ਕਾਲ (ਅਕਾਲ ਪੁਰਖ) ਹੀ ਸ੍ਰੀ ਦਸਮੇਸ਼ ਜੀ ਦੇ ਨਿਕਟ ਸਭ ਕੁਛ ਸੀ। ਕਾਲਕਾ ਭੀ ਮਹਾਂ ਕਾਲ (ਅਕਾਲ ਪੁਰਖ) ਸੀ। ਇਸੇ ਤਰ੍ਹਾਂ "ਮਹਾਂ ਕਾਲ ਰਖਵਾਰ ਹਮਾਰੋ"† ਵਿਚ ਵੀ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਹੀ ਹੈ।

ਇਸੇ ਪ੍ਰਕਾਰ ਸ੍ਰੀ ਦਸਮੇਸ਼ ਜੀ ਦੇ ਅਰਥਾਂ ਵਿਚ 'ਭਗਉਤੀ' ਪਦ ਮਹਾਂ ਕਾਲ (ਅਕਾਲ ਪੁਰਖ) ਦੇ ਅਰਥਾਂ ਵਿਚ ਘਟਦਾ ਹੈ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ 'ਕਾਲਕਾ' ਪਦ ਨੂੰ 'ਮਹਾਕਾਲ' ਪਦ ਤੋਂ ਵਖਰਾ ਅਰਥਾਇਆ ਜਾਵੇ ਅਤੇ ਇਉਂ ਅਰਥ ਕੀਤੇ ਜਾਣ ਕਿ ਮਹਾਂ ਕਾਲ ਤੇ ਕਾਲਕਾ ਦੋਹਾਂ ਦਾ ਸ੍ਰੀ ਗੁਰੂ ਦਸਮੇਸ਼ ਜੀ ਨੇ ਅਰਾਧਨ ਕੀਤਾ ਤਾਂ ਸ੍ਰੀ ਗੁਰੂ ਦਸਮੇਸ਼ ਜੀ ਦਾ ਨਾਲ ਲਗਦਾ ਹੀ ਅਗਲਾ ਸ੍ਰੀ ਮੁਖਵਾਕ ਪਦ ਪੰਗਤਾ ਇਨ੍ਹਾਂ ਮਹਾਂ ਅਗਿਆਨੀਆਂ ਦੇ ਮੂੰਹ ਉੱਤੇ ਬੜੀ ਕਸਵੀਂ ਚਪੇੜ ਲਾਉਂਦਾ ਹੈ। ਉਹ ਅਗਲਾ ਪੰਗਤਾ ਇਉਂ ਹੈ :—

ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥੩॥

ਬਚਿਤ੍ਰ ਨਾਟਕ, ਅਧਿਆਇ ੬

ਭਾਵ-ਅਰਥ ਇਹ ਕਿ ਸ੍ਰੀ ਗੁਰੂ ਦਸਮੇਸ਼ ਜੀ ਉਚਾਰਦੇ ਹਨ ਕਿ ਅਸੀਂ ਅਕਾਲ ਪੁਰਖ ਦੀ ਐਸੀ ਅਰਾਧਨਾ ਕੀਤੀ ਕਿ ਮੈਂ ਤੇ ਅਕਾਲ ਪੁਰਖ ਦੋਇ ਰੂਪਾਂ ਤੋਂ ਇਕ ਰੂਪ ਵਿਚ ਹੋ ਗਏ। ਅਰਥਾਤ ਅਸੀਂ ਅਕਾਲ ਪੁਰਖ ਦੇ ਰੂਪ ਵਿਚ ਹੀ ਸਮੱਾ ਕੇ ਇਕ ਰੂਪ ਹੀ ਹੋ ਗਏ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥ ਹੀ ਠੀਕ ਸਮਝੇ ਜਾਣ ਤਾਂ ਇਹ ਅਗਲਾ ਪੰਗਤਾ "ਦ੍ਵੈ ਤੇ ਏਕ ਰੂਪ" ਦੇ ਥਾਉਂ "ਤ੍ਰੈ ਤੇ ਏਕ ਰੂਪ ਹ੍ਵੈ ਗਇਉ" ਚਾਹੀਦਾ ਸੀ, ਕਿਉਂਕਿ ਅਗਿਆਨੀਆਂ ਦੇ ਭਾਵ ਅਨੁਸਾਰ 'ਮਹਾ ਕਾਲ' ਦੇ ਨਾਲ 'ਕਾਲਕਾ' ਵੀ ਅਰਾਧਨੀ ਸਿੱਧ ਹੁੰਦੀ ਹੈ। 'ਮਹਾਕਾਲ' ਤੇ 'ਕਾਲਕਾ' ਦੋ ਸਰੂਪ ਇਹ ਹੋਏ ਵੱਖੋ ਵੱਖ, ਤੀਜਾ ਸਰੂਪ ਅਰਾਧਨਹਾਰੇ ਦਾ ਹੋਇਆ। ਤਾਂ ਫੇ

---

* ਬਚਿਤ੍ਰ ਨਾਟਕ, ਅਧਿਆਇ ੬, ਅੰਕ ੨

† ਕ੍ਰਿਸ਼ਨਾ ਅਵਤਾਰ, ਅੰਕ ੪੩੫

"ਤ੍ਰੈ ਤੇ ਏਕ ਰੂਪ ਹ੍ਵੈ ਗਇਓ" ਪੰਗਤਾ ਹੀ ਉਨ੍ਹਾਂ ਅਗਿਆਨੀਆਂ ਦੇ ਅਰਥਾਂ ਅਨੁਸਾ
ਅਰੋਪਿਆ ਸਿੱਧ ਹੁੰਦਾ। ਪ੍ਰੰਤੂ ਉਥੇ ਸ੍ਰੀ ਮੁਖਵਾਕ ਅੰਦਰ ਸਪੱਸ਼ਟ ਤੌਰ ਤੇ "ਦ੍ਵੈ ਤੇ
ਏਕ ਰੂਪ ਹ੍ਵੈ ਗਯੋ" ਹੀ ਸ਼ੁੱਧ ਪੰਗਤਾ ਹੈ । ਇਸੇ ਤਰ੍ਹਾਂ ਇਨ੍ਹਾਂ ਮਹਾਂ ਅਗਿਆਨੀਆ
ਦੀ ਕੁਬੁਧਿ ਅਤੇ ਕੁਸਮਝ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਉਚਾਰਨ ਕੀਤੀ ਵਾਰ ਵਿ
'ਭਗਉਤੀ' ਪਦ ਦੇ ਅਰਥਾਂ ਦਾ ਮੁਗ਼ਾਲਤਾ ਹੈ । ਸਾਰੀ ਗੁਰਬਾਣੀ ਤਾਂ ਇੱਕੋ ਅਕਾਲ
ਪੁਰਖ ਦੀ ਉਪਾਸ਼ਨਾ ਹੀ ਦ੍ਰਿੜ੍ਹਾਉਂਦੀ ਹੈ। ਯਥਾ ਗੁਰਵਾਕ :—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥
(੪॥੨੪॥੩੧) ਮਾਝ ਮ: ੫, ਪੰਨਾ ੧੦੩

ਭਾਵ ਅਕਾਲ ਪੁਰਖ (ਵਾਹਿਗੁਰੂ) ਹੀ ਸਾਡਾ ਪਿਤਾ ਮਾਤਾ ਹੈ। ਉਹ ਹ
ਅਸਾਡਾ ਬੰਧਪ ਭਾਈ ਹੈ। ਅਕਾਲ ਪੁਰਖ ਹੀ ਸਾਡਾ ਸਭ ਥਾਈਂ ਰਾਖਾ ਹੈ । ਤਾਂ
ਕਿਸੇ ਪ੍ਰਕਾਰ ਦਾ ਭੈ ਜਾਂ ਡਰ ਸਾਨੂੰ ਨਹੀਂ ਹੈ।

ਜੇ ਕੋਈ ਮਹਾਂ ਅਗਿਆਨੀ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਦ
ਅਰਥ ਇਉਂ ਅਰਥਾਵੇ ਕਿ ਅਕਾਲ ਪੁਰਖ ਸਾਡਾ ਪਿਤਾ ਹੈ ਤੇ ਕਾਲਕਾ ਸਾਡ
ਮਾਤਾ ਹੈ, ਇਹ ਉਸ ਦੀ ਬਿਲਕੁਲ ਮੂੜ੍ਹ ਮਤਿ ਹੋਵੇਗੀ । ਇਸੇ ਪ੍ਰਕਾਰ ਹੀ ਅਜਿ
ਮੂੜ੍ਹ ਅਗਿਆਨੀ "ਸ੍ਰੀ ਬਾਵਨ ਅਖਰੀ" ਬਾਣੀ ਦੇ ਆਦਿ ਅੰਤ ਵਿਚ ਆਏ ਇ
ਸਲੋਕ ਦਾ ਵੀ ਕੋਝੀ ਮਨਮਤਿ ਭਰਿਆ ਅਰਥ ਕਰ ਲੈਂਦੇ ਹਨ। ਯਥਾ :—

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

ਉਨ੍ਹਾਂ ਦੇ ਕੋਝੇ ਭਾਵ ਅੰਦਰ ਮਾਤਾ ਨੂੰ ਵੀ ਉਹ ਗੁਰਦੇਵ ਕਰਕੇ ਅਰਥਾਉਂਦੇ
ਹਨ ਅਤੇ ਪਿਤਾ ਨੂੰ ਵੀ ਗੁਰਦੇਵ ਹੀ ਦਸਦੇ ਹਨ । ਹਾਲਾਂਕਿ ਗੁਰਮਤਿ ਦੇ ਤੱਤ ਭਾ
ਅਨੁਸਾਰ ਅਸਲ ਅਰਥ ਇਹ ਹਨ ਕਿ ਗੁਰਦੇਵ (ਵਾਹਿਗੁਰੂ) ਹੀ ਸਾਡਾ ਮਾਤਾ
ਪਿਤਾ ਹੈ। ਗੁਰਮਤਿ ਅਨੁਸਾਰ ਸਪੱਸ਼ਟ ਤੌਰ ਤੇ 'ਸਭਿ ਨਾਦ ਬੇਦ ਗੁਰਬਾਣੀ ॥ ਮ
ਰਾਤਾ ਸਾਰਿਗਪਾਣੀ"* ਸੁਤੇ ਸਿੱਧ ਅਰਥਾਂ ਵਿੱਚ ਐਨ ਓਵੇਂ ਹੀ ਵਿੱਦਤਾਇਆ ਗਿਅ
ਹੈ ਜਿਸ ਪ੍ਰਕਾਰ ਕਿ "ਸ੍ਰੀ ਜਪੁਜੀ ਸਾਹਿਬ" ਦੀ ਬਾਣੀ ਅੰਦਰ:—

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜਪੁਜੀ, ਪਉੜੀ ੫

ਦਪੱਸ਼ਟ ਅਰਥਾਂ ਵਿੱਚ ਇਹ ਭਾਵ ਰੱਖਦਾ ਹੈ ਕਿ ਗੁਰਮੁਖ (ਵਾਹਿਗੁਰੂ) ਹੀ ਸੋਝ

*ਰਾਮਕਲੀ ਮ: ੧, ॥੩॥(੪॥੧੦), ਪੰਨਾਂ ੮੭੯

 www.sikhbookclub.com

ਨਾਦ ਹੈ, ਗੁਰਮੁਖ ਹੀ ਸਾਡਾ ਵੇਦ ਹੈ। ਗੁਰਮੁਖ (ਵਾਹਿਗੁਰੂ) ਹੀ ਸਾਰੇ ਸਮਾ ਰਿਹਾ ਹੈ। ਗੁਰਮੁਖ (ਵਾਹਿਗੁਰੂ) ਹੀ ਸਾਡਾ ਗੁਰਸਿੱਖਾਂ ਦਾ ਵਿਸ਼ਨੂੰ ਦੇਵਤਾ ਹੈ। ਵਾਹਿਗੁਰੂ ਹੀ ਸਾਡਾ ਗੁਰਸਿੱਖਾਂ ਦੇ ਨਜ਼ਦੀਕ ਈਸ਼ਰ ਹੈ, ਬਰਮਾ ਹੈ। ਗੁਰੂ (ਵਾਹਿਗੁਰੂ) ਹੀ ਗੁਰਸਿੱਖਾਂ ਦੇ ਭਾ ਦੀ ਮਾਤਾ ਲੱਛਮੀ ਹੈ। ਭਾਵ ਵਾਹਿਗੁਰੂ ਤੋਂ ਬਿਨਾਂ ਗੁਰਸਿੱਖਾਂ ਦੇ ਨਜ਼ਦੀਕ ਕੋਈ ਹੋਰ ਮਾਤਾ ਨਹੀਂ ਅਤੇ ਹੋਰ ਕੋਈ ਗੋਰਖ ਨਹੀਂ, ਬਰਮਾ ਨਹੀਂ, ਨਾ ਹੀ ਕੋਈ ਈਸ਼ਰ ਹੈ। ਗੁਰਸਿੱਖ ਤਾਂ ਕੇਵਲ ਵਾਹਿਗੁਰੂ ਦੇ ਹੀ ਅਨਿੰਨ ਉਪਾਸ਼ਕ ਹਨ। ਜੇ ਕੋਈ ਮੂੜ੍ਹ ਅਗਿਆਨੀ ਇਸ ਗੁਰਵਾਕ ਵਿੱਚੋਂ ਇਹ ਕੋਝੇ ਅਰਥ ਕੱਢ ਲਵੇ ਕਿ ਪਾਰਬਤੀ (ਲੱਛਮੀ) ਸਾਡੀ ਮਾਤਾ ਹੈ ਤੇ ਇਸ ਮਾਤਾ ਦੀ ਉਪਾਸ਼ਨਾ ਦਾ ਵਿਧਾਨ ਗੁਰਮਤਿ ਅੰਦਰ ਦਰਸਾਇਆ ਗਿਆ ਹੈ ਤਾਂ ਐਸੀ ਵਿਚਾਰ ਵਿਚਾਰਨੀ ਉਸ ਮੂਰਖ ਮੂੜ੍ਹ ਅਗਿਆਨੀ ਦੀ ਮਹਾਂ ਦੁਰਮਤਿ ਅਗਿਆਨ ਭਰੀ ਵਿਚਾਰ ਸਿੱਧ ਹੋਵੇਗੀ।

ਤ੍ਰੈ ਗੁਣੀ ਮਾਇਆ ਦਾ ਸੰਕੇਤਕ ਨਾਮ ਗੁਰਮਤਿ ਅਨੁਸਾਰ "ਸਕਤਿ" ਹੈ। ਇਸ ਦੇ ਮੁਕਾਬਲੇ ਵਿਚ ਤੁਰੀਆ ਗੁਣੀ ਅਕਾਲ ਪੁਰਖ ਦੀ ਜੋਤਿ ਪ੍ਰਚੰਡ ਚੇਤੰਨ ਕਲਾ ਦਾ ਸੰਕੇਤਕ ਨਾਮ 'ਸ਼ਿਵ' ਹੈ। ਸ੍ਰੀ ਦਸਮੇਸ਼ ਜੀ ਨੇ ਜਿੱਥੇ ਸ੍ਰੀ ਮੁਖਵਾਕ ਸਵੱਈਆਂ ਵਿਚ "ਦੇਹ ਸ਼ਿਵਾ ਬਰ ਮੋਹਿ ਇਹੈ"* ਅੰਕਤ ਕੀਤਾ ਹੈ, ਇਸ ਪੰਗਤੀ ਵਿਚ ਆਏ 'ਸ਼ਿਵਾ' ਪਦ ਤੋਂ ਭਾਵ ਅਕਾਲ ਪੁਰਖ ਦੀ ਜੋਤਿ ਪ੍ਰਚੰਡਨੀ ਚੇਤੰਨ ਕਲਾ ਤੋਂ ਹੈ। ਸ੍ਰੀ ਗੁਰੂ ਦਸਮੇਸ਼ ਜੀ ਮਹਾਰਾਜ ਫੁਰਮਾਉਂਦੇ ਹਨ :—"ਹੇ ਜੋਤਿ ਪ੍ਰਚੰਡ ਕਲਾ ਵਾਲੇ, ਚੇਤੰਨ ਕਲਾ ਸੰਪੰਨ ਵਾਹਿਗੁਰੂ, ਮੈਨੂੰ ਇਹ ਬਰ ਦੇਹ! ਇਸ 'ਸ਼ਿਵਾ' ਪਦ ਤੋਂ ਮੂੜ੍ਹ-ਮਤੀਏ ਅਗਿਆਨੀ ਪੁਰਸ਼ ਮਹਾਂਦੇਵ ਦਾ ਅਰਥ ਲਾਉਂਦੇ ਹਨ। ਜੈਸਾ ਕਿ ਰਹਿਰਾਸ ਸਾਹਿਬ ਦੀ ਚੌਪਈ ਅੰਦਰ ਸ੍ਰੀ ਦਸਮੇਸ਼ ਮੁਖਵਾਕ ਆਉਂਦਾ ਹੈ :—

ਮਹਾਂ ਦੇਵ ਕੋ ਕਹਿਤ ਸਦਾ ਸਿਵ ॥

ਕਬਿਯੋ ਬਾਚ ਬੇਨਤੀ ਚੌਪਈ, ਅੰਕ ੧੬

ਇਹ ਪਦ ਭਾਵ-ਖੰਡਨੀ ਆਉਂਦਾ ਹੈ। ਪ੍ਰੰਤੂ ਸ੍ਰੀ ਦਸਮੇਸ਼ ਸਾਹਿਬ ਜੀ ਦਾ ਇਹ ਭਾਵ ਹਰਗਿਜ਼ ਨਹੀਂ। ਮਹਾਂਦੇਵ ਦੇ ਅਰਥਾਂ ਵਾਲੇ 'ਸ਼ਿਵ' ਪ੍ਰਥਾਇ ਤਾਂ ਇਸੇ ਚੌਪਈ ਅੰਦਰ ਇਉਂ ਅੰਕਤ ਕੀਤਾ ਸ੍ਰੀ ਦਸਮੇਸ਼ ਵਾਕ ਆਉਂਦਾ ਹੈ :—

ਕਾਲ ਪਾਇ ਸ਼ਿਵਜੂ ਅਵਤਰਾ ॥

ਕਬਿਯੋ ਬਾਚ ਬੇਨਤੀ ਚੌਪਈ, ਅੰਕ ੭

ਬਿਸ਼ਨੂ, ਬ੍ਰਹਮਾ, ਮਹੇਸ਼ ਸਭ ਕਾਲ ਦੇ ਚੱਕਰ ਅੰਦਰ ਸੱਚੇ ਪਾਤਸ਼ਾਹ ਨੇ

* ਕ੍ਰਿਸ਼ਨਾ ਅਵਤਾਰ, ਅੰਕ ੧੯੦੦

 www.sikhbookclub.com

ਦਸੇ ਹਨ। ਪ੍ਰੰਤੂ "ਦੇਹ ਸ਼ਿਵਾ ਬਰ ਮੋਹਿ ਇਹੈ"* ਵਾਲੀ ਪੰਗਤੀ ਅੰਦਰ ਸ੍ਰੀ ਗੁਰੂ ਸਾਹਿਬ ਜੀ ਦਾ ਭਾਵ 'ਸ਼ਿਵਾ' ਪਦ ਤੋਂ ਚੇਤੰਨ ਸਰੂਪ ਜੋਤਿ ਪ੍ਰਚੰਡ ਅਕਾਲ ਪੁਰਖ ਵਾਹਿਗੁਰੂ ਤੋਂ ਹੈ। ਸ਼ਿਵਾ' ਪਦ ਦੇ ਅੱਗੇ ਜੋ ਕੰਨਾ ਹੈ, ਉਹ 'ਹੇ' ਵਾਲਾ ਅਰਥ ਦਰਸਾਉਂਦਾ ਹੈ। 'ਸ਼ਿਵਾ' ਪਦ ਤੋਂ ਭਾਵ 'ਹੇ ਵਾਹਿਗੁਰੂ' ਹੈ। ਕਈ ਮੂੜ੍ਹ-ਮੱਤੀਏ ਅਗਿਆਨੀ ਇਸ 'ਸ਼ਿਵਾ' ਪਦ ਦਾ ਭੀ ਦੇਵੀ ਦਾ ਅਰਥ ਸਮਝਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਇੱਥੇ ਵੀ ਦੇਵੀ ਧਿਆਈ ਹੈ, ਦੇਵੀ ਤੋਂ ਵਰ ਮੰਗਿਆ ਹੈ। ਇਸ ਦੀ ਪ੍ਰੋੜ੍ਹਤਾ ਵਿਚ ਇਸੇ ਸਵੱਈਏ ਦੀ ਚੌਥੀ ਸਤਰ ਵਿਚ ਆਈ ਇਸ ਪੰਗਤੀ ਦੀ ਓਟ ਲੈਂਦੇ ਹਨ "ਸੰਤ ਸਹਾਇ ਸਦਾ ਜਗ ਮਾਇ... ..."‡ ਭਾਵ 'ਜਗ ਮਾਇ' ਪਦ ਤੋਂ ਜਗਤ ਮਾਤਾ ਦੇਵੀ ਦਾ ਹੀ ਕੱਢਦੇ ਹਨ। ਹਾਲਾਂਕਿ ਸ੍ਰੀ ਦਸਮੇਸ਼ ਜੀ ਦਾ ਇਹ ਹਰਗਿਜ਼ ਭਾਵ ਨਹੀਂ। "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਵਾਲੀ ਪੰਗਤੀ ਵਿਚ ਆਏ "ਤੂੰ ਹੈ ਮੇਰਾ ਮਾਤਾ" ਵਾਲੇ ਪਦ ਵਾਲਾ ਭਾਵ ਹੀ 'ਜਗ ਮਾਇ' ਪਦ ਤੋਂ ਹੈ। ਭਾਵ ਵਾਹਿਗੁਰੂ ਹੀ ਮੇਰਾ ਪਿਤਾ ਹੈ, ਵਾਹਿਗੁਰੂ ਹੀ ਮੇਰਾ ਮਾਤਾ ਹੈ। ਮੂੜ੍ਹ-ਮਤੀਆਂ ਦਾ ਨਿਰਾ ਮੁਗ਼ਾਲਤਾ ਹੈ ਕਿ ਉਹ 'ਜਗ ਮਾਇ' ਅਤੇ 'ਸ਼ਿਵਾ' ਪਦਾਂ ਤੋਂ ਦੇਵੀ ਦਾ ਅਰਥ ਲੈਣ। ਗੁਰਮਤਿ ਕੋਸ਼ਾਂ ਅੰਦਰ ਭੀ ਸ਼ਿਵਾ ਦੇ ਅਰਥਾਂ ਵਿੱਚੋਂ ਇਕ ਅਰਥ 'ਸ਼ਿਵ' ਪਦ ਦਾ ਕਲਿਆਣ ਸਰੂਪ ਪਰਮਾਤਮਾ ਹੈ।

ਸ੍ਰੀ ਗੁਰੂ ਦਸਮੇਸ਼ ਜੀ ਨੇ ਅਕਾਲ ਪੁਰਖ ਪ੍ਰਥਾਇ ਉਚਰੇ ਪਦਾਂ ਦੀ ਬੜੀ ਹੀ ਬਚਿੱਤਰ ਸੰਕੇਤਕ ਲੀਲ੍ਹਾ ਉਚਾਰਨ ਕੀਤੀ ਹੈ। ਜਿੱਥੇ ਸ੍ਰੀ ਗੁਰੂ ਦਸਮੇਸ਼ ਨੇ ਆਪਣੇ ਇੱਕ ਹੋਰ ਸ੍ਰੀ ਮੁਖਵਾਕ ਸਵੱਈਏ ਅੰਦਰ ਇਸ ਪ੍ਰਕਾਰ ਉਚਾਰਨ ਕੀਤਾ ਹੈ—'ਹੇ ਰਵਿ ਹੇ ਸਸਿ ਹੇ ਕਰੁਣਾ ਨਿਧਿ',‡ ਉਥੇ ਭੀ ਸ੍ਰੀ ਗੁਰੂ ਦਸਮੇਸ਼ ਜੀ ਨੇ 'ਰਵਿ' ਅਤੇ 'ਸਸਿ' ਪਦਾਂ ਤੋਂ ਭਾਵ ਕਰੁਣਾਨਿਧਿ ਅਕਾਲ ਪੁਰਖ ਦਾ ਹੀ ਲਿਆ ਹੈ। ਸ੍ਰੀ ਜਾਪੁ ਸਾਹਿਬ ਜੀ ਦੀ ਬਾਣੀ ਅੰਦਰ ਵੀ ਜਿੱਥੇ "ਨਮੋ ਸੂਰਜ ਸੂਰਜੇ॥ ਨਮੋ ਚੰਦ੍ਰ ਚੰਦ੍ਰੇ" ਤੁਕਾਂ ਆਉਂਦੀਆਂ ਹਨ, ਤਿਨ੍ਹਾਂ ਤੁਕਾਂ ਦਾ ਭਾਵ ਭੀ ਸਪੱਸ਼ਟ ਅਕਾਲ ਪੁਰਖ ਤੋਂ ਲਿਆ ਗਿਆ ਹੈ। ਹੇ ਸੂਰਜਾਂ ਦੇ ਸੂਰਜ ਸੱਚੇ ਸੂਰਜ ਸ੍ਰੀ ਅਕਾਲ ਪੁਰਖ ਜੀ, ਤੇ ਚੰਦ੍ਰਮਾਵਾਂ ਤੋਂ ਸੱਚੇ ਸੁੱਚੇ ਚੰਦ੍ਰਮਾ ਵਾਹਿਗੁਰੂ ਅਕਾਲ ਪੁਰਖ ਜੀ, ਤੈਨੂੰ ਸਾਡੀ ਨਮਸਕਾਰ ਹੈ, ਸੋਈ ਭਾਵ 'ਹੇ ਰਵਿ ਹੇ ਸਸਿ' ਵਾਲੇ ਪਦਾਂ ਤੋਂ ਵੀ ਨਿਕਲਦਾ ਹੈ—ਹੇ ਅਕਾਲ ਪੁਰਖ ਰੂਪੀ ਸੱਚੇ ਸੂਰਜ (ਰਵਿ), ਹੇ ਅਕਾਲ ਪੁਰਖ ਰੂਪੀ ਸੱਚੇ ਚੰਦ੍ਰਮਾ (ਸਸਿ) ਇਹੋ ਕਹਿ ਕੇ (ਸੰਕੇਤ ਕੇ) ਸ੍ਰੀ ਦਸਮੇਸ਼ ਸੱਚੇ ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਅੱਗੇ ਹੀ ਬੇਨਤੀ ਉਚਾਰਨ ਕੀਤੀ ਹੈ। ਹੋਰ ਕੋਈ ਸੂਰਜ ਚੰਦ

---

* ਕ੍ਰਿਸ਼ਨਾ ਅਵਤਾਰ, ਅੰਕ ੨੩੧

‡ ਕ੍ਰਿਸ਼ਨਾ ਅਵਤਾਰ, ਅੰਕ ੧੯੦੦

 www.sikhbookclub.com

ਅਗੇ ਬੇਨਤੀ ਨਹੀਂ ਕੀਤੀ। ਅਕਾਲ ਪੁਰਖ ਪ੍ਰਥਾਇ ਉਚਰੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਸੰਕੇਤਕ ਪਦਾਂ ਦੀ ਬੜੀ ਹੀ ਬਚਿੱਤ੍ਰ ਲੀਲ੍ਹਾ ਹੈ।

ਇਸੇ ਪ੍ਰਕਾਰ ਹੀ 'ਭਗਉਤੀ' ਪਦ ਰੂਪੀ ਸੰਕੇਤਕ ਪਦ ਅਰਦਾਸੇ ਅੰਦਰ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਨੇ ਵਾਹਿਗੁਰੂ ਦੀ ਜੋਤਿ ਪ੍ਰਚੰਡਕ ਅਕਲ ਕਲਾ ਪ੍ਰਥਾਇ ਹੀ ਉਚਾਰਨ ਕੀਤਾ ਹੈ, ਦੇਵੀ ਦਾ ਭਾਵ ਹਰਗਿਜ਼ ਨਹੀਂ। ਦੇਵੀ ਵਾਲਾ ਭਾਵ ਅਗਿਆਨੀ ਮੂੜ੍ਹ-ਮਤੀਆਂ ਦੀ ਹੀ ਕਾਢ ਹੈ। ਅਕਾਲ ਪੁਰਖ ਦੀ ਖੜਗ-ਕੇਤ, ਜੋਤਿ-ਪ੍ਰਚੰਡਨੀ-ਅਕਲ-ਕਲਾ ਦਾ ਨਾਉਂ ਹੀ 'ਭਗਉਤੀ' ਸੰਕੇਤਿਆ ਗਿਆ ਹੈ।